ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

ਸਾਲ : 21 ਪੁ : ਲੜੀ : 87 ਜੁਲਾਈ-ਸਤੰਬਰ, 2019

*ਮੁੱਖ ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726 e mail: harjeetatwal@yahoo.co.uk

**ਪ੍ਰੇਮ ਮਾਨ**

365 South End Avenue, Apt 3H, New York, NY 10280, America

Ph. 001-860-983-5002 Email:premmann@yahoo.com

**ਸੁਰਿੰਦਰ ਸੀਹਰਾ**

61-Alers Road, Bexleyhealth,Kent, U.K. DA6 8HR

Ph. 0044-79565-71507 Email:surindersehra@hotmail.com

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239 Email : Chahals57@Yahoo.com

*ਸੰਪਾਦਕ*

**ਜਿੰਦਰ**

984, Rajput Nagar, Model House,
Near Surinder Welding Works, Jalandhar-144003
Mobile : 98148 03254
Email : jinder340@gmail.com Website : www.shabadsaar.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ*** : 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ*** : ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

## ਤਤਕਰਾ

**ਲੇਖ**
ਦੀਖਿਆ-ਪੁਰਬ/ਗਗਨ ਗਿੱਲ /6
**ਕਹਾਣੀਆਂ**
ਰੰਗਮੰਚ 'ਚ ਨੱਚੀ ਰਾਧਾ /ਨਿਲਾਕਸ਼ੀ ਸਿੰਘ -22
ਬੇਤਾਲ ਦਾ ਜੀਵਨ ਕਿੰਨਾ 'ਕੱਲਾ ....../ਪੰਕਜ ਸੁਧੀਰ-35
ਪਹੁ-ਫੁਟਾਲਾ / ਹਰਮਹਿੰਦਰ ਚਹਿਲ-84
ਨਿਸ਼ਾਨ /ਸਿਮਰਨ ਧਾਲੀਵਾਲ-98
**ਕਵਿਤਾਵਾਂ**
ਅਧੂਰੇ/ਜਸਵਿੰਦਰ ਮਾਨ-104
ਉਦੈ ਪ੍ਰਕਾਸ਼ ਦੀਆਂ ਦੋ ਕਵਿਤਾਵਾਂ -34, 53
**ਸੁਪਨੇ**
ਸੁਫ਼ਨਿਆਂ ਦਾ ਰਹੱਸਮਈ ਸੰਸਾਰ
-ਬਲਦੇਵ ਸਿੰਘ 'ਸੜਕਨਾਮਾ'-106
ਯੇ ਮੇਰੇ ਸਪਨੇ ਯਹੀ ਤੋ ਹੈਂ ਅਪਨੇ/ ਜਗਦੀਪ ਸਿੱਧੂ -110
**ਯਾਤਰਾ**
ਇੰਸਬਰੁੱਕ/ਅਨੁਰਾਧਾ ਬੇਨੀਵਾਲ
ਪੇਸ਼ਕਸ਼ ਸ਼ੈਲੀ-114
**ਇੱਧਰੋਂ-ਉੱਧਰੋਂ**
ਮਨੋਹਰ ਸ਼ਿਆਮ ਜੋਸ਼ੀ, ਪ੍ਰਿਯਵੰਦ, ਜਿੰਦਰ, ਨਾਸਿਰਾ ਸ਼ਰਮਾ, ਕਮਲਾ ਦਾਸ, ਮਣੀਪਾਲ ਪਾਂਡੇ-54
**ਆਪ ਬੀਤੀ**
ਸੁਪਨਿਆਂ ਦੀ ਰਾਖ ਹੋਈ ਫਸਲ-ਗੁਰਮੀਤ ਕੜਿਆਲਵੀ-66
**ਰੇਖਾ-ਚਿੱਤਰ**
ਹੁਸਨ ਦਾ ਵਿਰੋਧੀ ਸ਼ਬਦ : ਉਲਫ਼ਤ ਬਾਜਵਾ/ਸੁਰਿੰਦਰ ਸੋਹਲ-76
**ਨਵੀਆਂ ਪੁਸਤਕਾਂ**
ਜਿਉਣਾ ਸੱਚ ਬਾਕੀ ਝੂਠ / ਜਤਿੰਦਰ ਹਾਂਸ —ਡਾ. ਜਸਵਿੰਦਰ ਕੌਰ ਬਿੰਦਰਾ-125

## ਮੇਰਾ ਪੰਨਾ

ਅੱਜ ਕੱਲ੍ਹ ਆਮ ਸੁਣਨ ਨੂੰ ਮਿਲਦਾ ਹੈ ਕਿ ਸਾਹਿਤ ਹਾਸ਼ੀਏ 'ਤੇ ਆ ਗਿਆ ਹੈ। ਪੁਸਤਕ ਦੇ ਪਾਠਕ ਬਹੁਤ ਘੱਟ ਗਏ ਹਨ। ਮੈਗਜ਼ੀਨਾਂ ਦੇ ਪਾਠਕ ਵੀ ਅੱਧੇ ਹੀ ਰਹਿ ਗਏ ਹਨ। ਇਸ ਸੰਬੰਧੀ ਮੇਰੀ ਗੱਲ ਹਿੰਦੀ ਦੇ ਅਤਿ ਚਰਚਿਤ ਕਥਾਕਾਰ ਤੇ 'ਆਕਾਰ' ਦੇ ਸੰਪਾਦਕ ਪ੍ਰਿਯਵਦ ਨਾਲ ਹੋਈ। ਉਸ ਦਾ ਕਹਿਣਾ ਸੀ ਕਿ ਹਿੰਦੀ 'ਚ ਵੀ ਕਵਿਤਾ ਦੀ ਕਿਤਾਬ 150-200 ਤੇ ਨਾਵਲ, ਕਹਾਣੀ ਦੀ ਕਿਤਾਬ ਦੀ ਛਪਣ ਗਿਣਤੀ 300-400 ਰਹਿ ਗਈ ਹੈ। ਉਸ ਦਾ ਇਹ ਵੀ ਕਹਿਣਾ ਹੈ ਕਿ ਸਾਹਿਤ ਧੀਰਜ, ਚਿੰਤਨ ਤੇ ਸਮਾਂ ਮੰਗਦਾ ਹੈ। ਤੁਸੀਂ ਜੋ ਕੁਝ ਲਿਖਿਆ ਹੈ ਉਸਨੂੰ ਕੱਲ੍ਹ ਕੋਈ ਪੜ੍ਹੇਗਾ ਵੀ ਕਿ ਨਹੀਂ, ਇਹ ਜ਼ਰੂਰੀ ਨਹੀਂ। ਪੜ੍ਹ ਕੇ ਉਸ 'ਤੇ ਕੁਝ ਅਮਲ ਕਰੇਗਾ ਇਹ ਵੀ ਪਤਾ ਨਹੀਂ। ਜਦੋਂ ਕਿ ਰਾਜ ਨੇ ਅੱਜ ਕੋਈ ਫੈਸਲਾ ਕੀਤਾ ਤੇ ਉਸੇ ਦਿਨ ਤੋਂ ਇਹ ਲਾਗੂ ਕਰਨ 'ਚ ਕਾਮਯਾਬ ਹੈ। ਧਰਮ ਤਤਕਾਲ ਚੀਜ਼ਾਂ ਨੂੰ ਬਦਲਣ ਦੀ ਤਾਕਤ ਰੱਖਦਾ ਹੈ। 'ਤਦਭਵ' ਦੇ ਸੰਪਾਦਕ ਤੇ ਕਹਾਣੀਕਾਰ ਅਖਿਲੇਸ਼ ਦੇ ਵੀ ਇਹੋ ਵਿਚਾਰ ਸਨ। ਮੇਰੀ ਇਸੇ ਸੰਦਰਭ 'ਚ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, ਵਾਲੀਆ ਨਿਊਜ਼ ਏਜੰਸੀ, ਬਰਨਾਲਾ, ਹਰੀਸ਼ ਜੈਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਸੰਗਮ ਪਬਲੀਕੇਸ਼ਨ ਵਾਲੇ ਅਸ਼ੋਕ ਕੁਮਾਰ, ਪ੍ਰਿਤਪਾਲ ਸਿੰਘ, ਨਿਊਜ਼ ਏਜੰਟ, ਮੋਗਾ ਤੇ ਸਿੰਘ ਬ੍ਰਦਰਜ਼ ਦੇ ਗੁਰਸਾਗਰ ਸਿੰਘ ਨਾਲ ਵੀ ਗੱਲਬਾਤ ਹੋਈ। ਗੁਰਸਾਗਰ ਸਿੰਘ ਨੇ ਦੱਸਿਆ ਕਿ ਪਾਠਕ ਘੱਟੇ ਨਹੀਂ, ਸਗੋਂ ਵੱਧੇ ਹਨ। ਹੁਣ ਦਾ ਪਾਠਕ ਵਧੇਰੇ ਚੇਤੰਨ ਹੋਇਆ ਹੈ। ਉਹ ਆਨਲਾਈਨ ਤੇ ਫੇਸਬੁਕ 'ਤੇ ਪੀਡੀਐਫ ਦੇ ਰੂਪ 'ਚ ਪੜ੍ਹ ਰਿਹਾ ਹੈ।

ਅਸੀਂ ਇਸ ਅੰਕ 'ਚ ਹਿੰਦੀ ਦੇ ਕਹਾਣੀਕਾਰ ਤੇ 'ਬਯਾ' ਦੇ ਸੰਪਾਦਕ ਗੌਰੀ ਨਾਥ ਦੀ ਸੰਪਾਦਕੀ ਨੂੰ ਆਪਣੀ ਸਹਾਇਕ ਸੰਪਾਦਕੀ ਦੇ ਰੂਪ 'ਚ ਵਰਤ ਰਹੇ ਹਾਂ।

ਪੜ੍ਹਨ ਅਤੇ ਦੇਖਣ ਦੀ ਪ੍ਰਵਿਰਤੀ ਲਗਾਤਾਰ ਵਧੀ ਅਤੇ ਵਿਕਸਿਤ ਹੋਈ ਹੈ। ਦਾਦੀਆਂ-ਨਾਨੀਆਂ ਦੀਆਂ ਕਥਾਵਾਂ ਵਾਲੀ ਸਾਡੀ ਪੁਰਾਣੀ ਜ਼ਮੀਨ ਹੌਲ਼ੀ-ਹੌਲ਼ੀ ਜ਼ਿਆਦਾ ਉਪਜਾਊ ਹੋ ਰਹੀ ਹੈ। ਕਿੱਸਾ-ਕਹਾਣੀ ਸੁਣਨ-ਸੁਣਾਉਣ ਜਾਂ ਲੋਕ ਕਥਾਵਾਂ, ਲੋਕ ਨਾਟਕਾਂ, ਲੋਕ ਨਾਚਾਂ-ਗੀਤਾਂ ਦੇ ਰੂਪ 'ਚ ਮਨੋਰੰਜਨ ਦੇ ਜਿੰਨੇ ਸਾਧਨ ਸਾਡੇ ਕੋਲ ਸਨ, ਉਹ ਸਾਰੇ ਸੁਣਨ-ਸੁਣਾਉਣ ਜਾਂ ਦੇਖਣ-ਦਿਖਾਉਣ ਦੇ ਹੀ ਸਨ। ਇਹ ਲੋਕ ਵਿਹਾਰ ਵਾਲਾ ਰੂਪ ਜ਼ਰੂਰ ਸੀ ਪਰ ਬਹੁਤ ਆਸਾਨ ਅਤੇ ਇਕਾਂਤ ਦੇ ਪਲ 'ਚ ਆਪਣੇ ਮਨ ਚਾਹੇ ਉਪਯੋਗ ਲਈ ਸਹਿਜ ਨਹੀਂ ਸੀ। ਛਾਪੇਖਾਨੇ ਦੀ ਖੋਜ ਤੋਂ ਬਾਅਦ ਲਿਖਣ-ਪੜ੍ਹਨ ਦਾ ਜੋ ਸੱਭਿਆਚਾਰ ਵਿਕਸਿਤ ਹੋਇਆ ਉਹ ਅਨੇਕਾਂ ਸਹੂਲਤਾਂ ਨਾਲ ਭਰਪੂਰ ਸੀ, ਇਸ ਲਈ ਸਾਰੀ ਦੁਨੀਆ 'ਚ ਇਹ ਕ੍ਰਾਂਤੀਕਾਰੀ ਸਾਬਤ ਹੋਈ। ਕਿਤਾਬ ਪੜ੍ਹਨਾ ਮਨੋਰੰਜਨ ਦਾ ਸਭ ਤੋਂ ਆਨੰਦਦਾਇਕ ਮਾਧਿਅਮ ਸਿੱਧ ਹੋਇਆ। ਜਦੋਂ ਤਕ ਉਸ ਤੋਂ ਅਗਲੀ ਖਿੜਕੀ ਨਹੀਂ ਖੁੱਲ੍ਹੀ ਸੀ ਉਸਦੀ ਸੱਤਾ ਰਹੀ। ਉਸ ਕਾਲ 'ਚ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਘੱਟ ਹੋਣ ਦੇ ਬਾਵਜੂਦ ਕਿਤਾਬਾਂ ਵੱਡੀ ਗਿਣਤੀ 'ਚ ਵਿਕਦੀਆਂ ਸਨ। ਤਦ ਔਸਤ ਸਾਹਿਤਕਾਰਾਂ ਦਾ ਵੀ ਜਲਵਾ ਸੀ। ਨਾਵਲਕਾਰ ਹੀਰੋ ਹੁੰਦੇ ਸਨ। ਸਹੁਰੇ ਘਰ ਨੂੰ ਜਾਂਦੀਆਂ ਦੁਲਹਨਾਂ ਆਪਣੇ ਨਾਲ ਲੁਕੋ ਕੇ ਕਿਤਾਬਾਂ ਲੈ ਜਾਂਦੀਆਂ ਸਨ। ਹੁਣ ਅਜਿਹੇ ਸਾਹਿਤਕਾਰਾਂ ਨੂੰ ਭਿਆਨਕ ਠੇਸ ਪਹੁੰਚੀ! ਸਭ ਤੋਂ ਪਹਿਲਾਂ ਸਿਨੇਮਾ, ਫਿਰ ਟੀਵੀ ਦੇ ਆਉਣ ਨਾਲ ਸਾਹਿਤਕ ਕਿਤਾਬ-ਰਸਾਲਿਆਂ ਦੀ ਸੱਤਾ ਹਿੱਲ ਗਈ। ਅਤੇ ਇੰਟਰਨੈਟ ਨੇ ਤਾਂ ਇੱਕ ਤਰ੍ਹਾਂ ਨਾਲ ਇਨ੍ਹਾਂ ਨੂੰ ਹਾਸ਼ੀਏ 'ਤੇ ਹੀ ਪਹੁੰਚਾ ਦਿੱਤਾ ਹੈ। ਸਾਡੇ ਬੀਤੇ ਸਮੇਂ ਦੇ ਹੀਰੋ ਟਾਈਪ ਸਾਹਿਤਕਾਰ ਜ਼ੀਰੋ 'ਤੇ ਆ ਗਏ ਹਨ ਅਤੇ ਇਨ੍ਹਾਂ ਦਾ ਸੁਨਹਿਰੀ ਯੁੱਗ



ਰੁਦਨਕਾਲ 'ਚ ਬਦਲ ਗਿਆ। ਪਰ ਇਸਦਾ ਕਦੇ ਵੀ ਇਹ ਅਰਥ ਨਹੀਂ ਕਿ ਦੇਖਣ-ਸੁਣਨ ਅਤੇ ਪੜ੍ਹਨ-ਲਿਖਣ ਦਾ ਸੱਭਿਆਚਾਰ ਖਤਮ ਹੋ ਗਿਆ। ਮੈਨੂੰ ਲੱਗਦਾ ਹੈ ਕਿ ਦੇਖਣ-ਸੁਣਨ ਅਤੇ ਲਿਖਣ-ਪੜ੍ਹਨ ਦਾ ਸੱਭਿਆਚਾਰ ਹੁਣ ਜ਼ਿਆਦਾ ਲੋਕਤੰਤਰਿਕ, ਜ਼ਿਆਦਾ ਵਿਕਸਿਤ ਅਤੇ ਜ਼ਿਆਦਾ ਸਹਿਜ-ਸੁਵਿਧਾਜਨਕ ਹੋਇਆ ਹੈ।

ਜੋ ਲੋਕ ਪਾਠਕ ਸੱਭਿਆਚਾਰ 'ਤੇ ਸਵਾਲ ਕਰ ਰਹੇ ਹਨ, ਉਹ ਕਿਤੇ ਆਪਣੀਆਂ ਖਾਮੀਆਂ 'ਤੇ ਪਰਦਾ ਪਾਉਣ ਦਾ ਯਤਨ ਤਾਂ ਨਹੀਂ ਕਰ ਰਹੇ ਹਨ? ਸਾਹਿਤ-ਸੱਤਾ ਦੀ ਆਤਮਮੁਗਧਤਾ ਕਿਸੇ ਤੋਂ ਲੁਕੀ ਨਹੀਂ! ਲੇਖਕ ਬਣਿਆ ਰਹਿਣਾ ਅੱਜ ਆਸਾਨ ਹੈ। ....ਕਿਸੇ ਪ੍ਰਕਾਸ਼ਨ ਕੋਲੋਂ ਸੌ-ਪੰਜਾਹ ਕਾਪੀਆਂ ਛਪਵਾ ਕੇ ਰੀਲੀਜ਼ ਅਤੇ ਗੋਸ਼ਟੀ ਦਾ ਪ੍ਰੋਗਰਾਮ ਕਰਦੇ ਹਨ। ਦੋ-ਚਾਰ ਆਲੋਚਕ-ਸੰਪਾਦਕਾਂ ਨੂੰ ਪੱਟ ਕੇ ਕੁਝ ਰਸਾਲਿਆਂ 'ਚ ਆਪਣੀ ਪ੍ਰਸੰਸਾ ਵਾਲੇ ਲੇਖ ਛਪਵਾਉਂਦੇ ਹਨ, ਤਿੰਨ ਪੁਰਸਕਾਰਾਂ ਦਾ ਜੁਗਾੜ ਨਾਲ ਲੈ ਕੇ ਖ਼ੁਦ ਨੂੰ ਮਹਾਨ ਐਲਾਨ ਕੇ ਆਕੜ ਨਾਲ ਚੱਲਦੇ ਹਨ ਅਤੇ ਵੱਡੇ-ਵੱਡੇ ਬਿਆਨ ਦਿੰਦੇ ਹਨ ਕਿ ਟੀਵੀ-ਇੰਟਰਨੈਟ ਨੇ ਪੜ੍ਹਨ ਦਾ ਸੱਭਿਆਚਾਰ ਹੀ ਮੁਕਾ ਦਿੱਤਾ ਹੈ।...ਜਦੋਂ ਕਿ ਇਸੇ ਸਮੇਂ 'ਚ ਬਿਨਾਂ ਕਿਸੇ ਨੂੰਹ-ਠੱਪ ਦੇ ਇੱਕ ਅਜਨਬੀ ਜਿਹੀ ਔਰਤ ਆਪਣੀ ਅਜੇ ਤੱਕ ਨਹੀਂ ਕਹੀ ਗਈ ਕਥਾ ਇੱਕ ਸਾਈਟ 'ਤੇ ਪਾਉਂਦੀ ਹੈ ਅਤੇ ਉਸਨੂੰ ਲੱਖਾਂ ਪਾਠਕ ਮਿਲ ਜਾਂਦੇ ਹਨ। ਤਮਾਮ ਭਾਸ਼ਾਵਾਂ 'ਚ ਕਿੰਨੇ ਲੇਖਕ ਹਾਸ਼ੀਏ 'ਤੇ ਆ ਰਹੇ ਹਨ, ਕਿਸੇ ਸੰਪਾਦਕ ਕੋਲੋਂ ਗੇਟਪਾਸ ਲਏ ਬਗ਼ੈਰ, ਕਿਸੇ ਆਲੋਚਕ ਦੇ ਸਰਟੀਫਿਕੇਟ ਦੀ ਪ੍ਰਵਾਹ ਕੀਤੇ ਬਿਨਾਂ। ਲੱਖਾਂ ਪਾਠਕ ਉਸਦੀ ਲਿਖਤ ਦੀ ਅਗਲੀ ਕਿਸ਼ਤ ਦੀ ਉਡੀਕ ਕਰਦੇ ਹਨ। ਬਸ ਸਾਡੇ 'ਮਹਾਨ' ਲੋਕਾਂ ਦੀ ਕਿਤਾਬ ਅਤੇ ਪਰਚੇ ਨਹੀਂ ਵਿਕਦੇ ਹਨ ਅਤੇ ਉਹ ਇਸਦੇ ਕਾਰਨਾਂ 'ਚ ਨਾ ਜਾ ਕੇ, ਪੜ੍ਹਨ ਦੇ ਸੱਭਿਆਚਾਰ ਦਾ ਰੋਣਾ ਰੋ ਰਹੇ ਹਨ।....ਇਹ ਸਭ ਕਿਤੇ ਵਿਅਕਤੀਗਤ ਚਿੰਤਾਵਾਂ ਕਾਰਨ ਪਨਪੀ ਹਾਹਾਕਾਰ ਤਾਂ ਨਹੀਂ? ਸਾਡੇ ਕਵੀਆਂ, ਕਹਾਣੀਕਾਰਾਂ, ਆਲੋਚਕਾਂ ਅਤੇ ਸੰਪਾਦਕਾਂ 'ਚੋਂ ਜ਼ਿਆਦਾ ਆਪਣੀ ਨਿੱਜੀ ਪ੍ਰਸੰਗਤਾ ਅਤੇ ਮਾਨ-ਸਨਮਾਨ ਨੂੰ ਲੈ ਕੇ ਇੰਨੇ ਬੇਚੈਨ ਅਤੇ ਪ੍ਰੇਸ਼ਾਨ ਹਨ ਕਿ ਉਨ੍ਹਾਂ ਨੂੰ ਬਦਲ ਰਹੇ ਸਮੇਂ-ਸਮਾਜ ਅਤੇ ਅੱਜ ਦੇ ਪਾਠਕਾਂ ਦੀ ਪਛਾਣ ਅਤੇ ਪ੍ਰਵਾਹ ਸ਼ਾਇਦ ਨਹੀਂ ਹੈ।

ਇਹ ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਅਸੀਂ ਤਕਨੀਕ ਨੂੰ ਅਣਦੇਖਿਆ ਕਰ ਕੇ ਖ਼ੁਦ ਨੂੰ ਅੱਪਡੇਟ ਨਹੀਂ ਰੱਖ ਸਕਦੇ। ਗੂਗਲ, ਯੂ-ਟਿਊਬ, ਨੇਟਫਲਿਕਸ ਵਗ਼ੈਰਾ ਨੇ ਆਪਣੀ ਪਹੁੰਚ ਉੱਥੋਂ ਤੱਕ ਬਣਾ ਲਈ ਹੈ ਕਿ ਟੈਲੀਵਿਜ਼ਨ ਚੈਨਲਾਂ ਦੀ ਹੋਂਦ ਖ਼ਤਰੇ 'ਚ ਨਜ਼ਰ ਪੈਂਦੀ ਹੈ। ਕਿਤਾਬਾਂ ਦਾ ਕਿੰਡਲ ਰੂਪ ਹੁਣ ਲਾਇਬ੍ਰੇਰੀਆਂ ਨੂੰ ਵੀ ਭਾਉਣ ਲੱਗਾ ਹੈ। ਅੱਜ ਦਾ ਨੌਜਵਾਨ ਸਾਡੀ ਪੀੜ੍ਹੀ ਦੇ ਨੌਜਵਾਨਾਂ ਨਾਲੋਂ ਜ਼ਿਆਦਾ ਸਮਝਦਾਰ, ਜ਼ਿਆਦਾ ਅੱਪਡੇਟ ਹੈ ਅਤੇ ਬਹੁਤ ਹੀ ਜ਼ਿਆਦਾ ਕੰਮ ਕਰ ਰਿਹਾ ਹੈ। ਉਹ ਨਾ ਕੇਵਲ ਜ਼ਿਆਦਾ ਪੜ੍ਹ ਰਿਹਾ ਹੈ, ਗਿਆਨ ਦੇ ਨਵੇਂ-ਨਵੇਂ ਸੋਮਿਆਂ ਵੱਲ ਵੀ ਵੱਧ ਰਿਹਾ ਹੈ। ਬੁਰਾ ਨਾ ਮੰਨਣਾ, ਮੈਂ ਆਪਣੀ ਪੀੜ੍ਹੀ ਦੇ ਸਾਥੀਆਂ ਅਤੇ ਪੁਰਾਣੇ ਬਜ਼ੁਰਗਾਂ ਦੀ ਤੁਲਨਾ 'ਚ ਅੱਜ ਦੇ ਨੌਜਵਾਨਾਂ ਦੇ ਗਿਆਨ 'ਤੇ ਜ਼ਿਆਦਾ ਵਿਸ਼ਵਾਸ ਕਰਨਾ ਚਾਹਾਂਗਾ।

ਪ੍ਰਕਾਸ਼ਿਤ ਦੂਜੀਆਂ ਸਾਰੀਆਂ ਵਿਧਾਵਾਂ, ਵੱਖ-ਵੱਖ ਵਿਸ਼ਿਆਂ ਅਤੇ ਅਨੇਕਾਂ ਰੂਪਾਂ 'ਚ ਮੌਜੂਦ ਗਿਆਨ ਅਤੇ ਮਨੋਰੰਜਨ ਦੇ ਸ਼ਬਦਾਂ ਦੇ ਪਾਠਕ ਅਤੇ ਲੇਖਕ 'ਤੇ ਨਜ਼ਰ ਮਾਰੀਏ ਤਾਂ ਸਥਿਤੀ ਬੇਹੱਤਰ ਹੈ, ਭਵਿੱਖ ਉਜਵਲ ਹੈ। ਹਾਂ, ਇੱਥੇ ਰੁਕ ਕੇ ਸੋਚਣ ਦੀ ਗੁੰਜਾਇਸ਼, ਵਿਚਾਰ ਕਰਨ ਵਾਲੇ

ਹਠੀ ਸੁਝਾਵਾਂ ਅਤੇ ਪਾਠਕੀ ਗੁਣਵੱਤਾ ਦੀ ਕਸਵੱਟੀ ਵਗ਼ੈਰਾ ਨੂੰ ਲੈ ਕੇ ਸਵਾਲ ਕੀਤਾ ਜਾ ਸਕਦਾ ਹੈ, ਕੀਤਾ ਜਾਣਾ ਚਾਹੀਦਾ। .....ਬਹਿਸ ਦੀ ਗੁੰਜ਼ਾਇਸ਼ ਹੈ, ਅੰਨ੍ਹੇ ਸਵਾਲਾਂ ਦੀ ਜ਼ਰੂਰਤ ਨਹੀਂ। ਇਹ ਵੀ ਧਿਆਨ ਦੇਣਾ ਕਿ ਅੱਜ ਲਿਖਣ ਵਾਲੇ ਜ਼ਿਆਦਾ ਹਨ ਅਤੇ ਉਨ੍ਹਾਂ ਦੀ ਮੌਜੂਦਗੀ ਵੀ ਅਸਾਨ ਹੈ, ਚੋਣ ਕਰਨ ਦੀ ਕਾਫ਼ੀ ਆਜ਼ਾਦੀ ਹੈ। ਤੁਹਾਡੇ ਉਛਾਲੇ ਹੋਏ ਨੂੰ ਹੀ ਪੜ੍ਹਨ ਦੀ ਮਜਬੂਰੀ ਨਹੀਂ। ਤੁਸੀਂ ਦੁੱਖੀ ਹੋ ਰਹੇ ਹੋਂ ਪਾਠਕਾਂ ਦੀ ਆਜ਼ਾਦੀ ਤੋਂ, ਤੁਸੀਂ ਦੁੱਖੀ ਹੋ ਰਹੇ ਹੋਂ ਆਪਣੀ ਸੱਤਾ ਦੇ ਖੋਹ ਜਾਣ ਦੇ ਡਰ ਨਾਲ। ਤੁਸੀਂ ਦੁੱਖੀ ਹੋਂ ਕਿ ਨਵੇਂ ਰਚਨਾਕਾਰ ਬਿਨਾਂ ਤੁਹਾਨੂੰ ਪੁੱਛੇ ਤੁਹਾਡੇ ਤੋਂ ਅੱਗੇ ਵੱਧ ਰਹੇ ਹਨ। ਤੁਸੀਂ ਦੁੱਖੀ ਹੋਂ ਕਿ ਸੰਪਾਦਕਾਂ ਦੇ ਕੈਬਿਨ 'ਚ ਹੁਣ ਜ਼ਿਆਦਾ ਭੀੜ ਨਹੀਂ, ਆਲੋਚਕ ਇਕੱਲਾ ਹੀ ਮੱਖੀਆਂ ਮਾਰ ਰਿਹਾ ਹੈ!....ਇਸ ਖੋਲ 'ਚੋਂ ਬਾਹਰ ਨਿਕਲ ਕੇ ਦੇਖੋ, ਪੜ੍ਹਨ ਵਾਲਿਆਂ ਦਾ ਮਨਾਮੂੰਹੀ ਵਿਸਥਾਰ ਹੋਇਆ ਹੈ।

* * * *

ਇੱਕ ਗੱਲ ਹੋਰ ਦੇਖਣ 'ਚ ਆਈ ਹੈ ਕਿ ਪੰਜਾਬੀ 'ਚ ਸੰਵਾਦ ਦੀ ਪਰੰਪਰਾ ਖਤਮ ਵਰਗੀ ਸਥਿਤੀ 'ਚ ਹੈ। ਕੋਈ ਖੁੱਲ੍ਹ ਕੇ ਬੋਲ ਨਹੀਂ ਰਿਹਾ। ਹੁਣ ਅਵਾਰਡਾਂ ਬਾਰੇ ਗੱਲ ਕਰਨੀ ਫਜ਼ੂਲ ਜਿਹੀ ਲੱਗਦੀ ਹੈ। ਜੇ ਅਜਿਹੇ ਮਾਹੌਲ 'ਚ ਵੀ ਕਿਤਾਬਾਂ ਦੀ ਗਿਣਤੀ ਬਹੁਤੀ ਨਹੀਂ ਘੱਟਦੀ, ਜਿੱਦਾਂ ਕਿ ਪੁਸਤਕ ਮੇਲਿਆਂ ਖਾਸ ਕਰਕੇ ਮਾਲਵੇ 'ਚ, ਤਾਂ ਇਹ ਸਥਿਤੀ ਨੂੰ ਸੰਤੋਖਜਨਕ ਕਿਹਾ ਜਾ ਸਕਦੀ ਹੈ। ਪਰ ਖਤਰੇ ਦੀ ਘੰਟੀ ਦੀ ਆਵਾਜ਼ ਪਹਿਲਾਂ ਨਾਲੋਂ ਉੱਚੀ ਹੋਈ ਹੈ। ਇਸ ਬਾਰੇ ਵਿਚਾਰ ਕਰਨੀ ਬਣਦੀ ਹੈ।

ਇਸ ਅੰਕ 'ਚ ਅਸੀਂ ਇਕ ਨਵਾਂ ਕਲਮ 'ਇੱਧਰੋਂ-ਉਧਰੋਂ' ਸ਼ੁਰੂ ਕਰ ਰਹੇ ਹਾਂ। ਇਸ ਕਾਲਮ 'ਚ ਅਸੀਂ ਪੰਜਾਬੀ ਦੇ ਨਾਲ-ਨਾਲ ਭਾਰਤ ਤੇ ਦੁਨੀਆਂ ਦੀਆਂ ਦੂਜੀਆਂ ਭਾਸ਼ਾਵਾਂ ਦੇ ਲੇਖਕਾਂ, ਕਲਾਕਾਰਾਂ ਤੇ ਬੁੱਧੀਜੀਵੀਆਂ ਦੀਆਂ ਲੰਬੀਆਂ ਇੰਟਰਵਿਊ ਦੇ ਟੁਕੜੇ/ਵਿਚਾਰ ਛਾਪਿਆ ਕਰਾਂਗੇ। ਸਾਡੀ ਹਮੇਸ਼ਾ ਇਹੀ ਕੋਸ਼ਿਸ਼ ਰਹੀ ਹੈ ਕਿ ਦੁਨੀਆਂ ਭਾਸ਼ਾਵਾਂ ਦੇ ਸਰਵੋਤਮ ਸਾਹਿਤ ਨੂੰ ਛਾਪਿਆ ਜਾਵੇ। ਇਸ ਦੀ ਵੰਨਗੀ ਤੁਸੀਂ ਨਿਲਾਕਸ਼ੀ ਸਿੰਘ ਤੇ ਪੰਕਜ ਸੁਧੀਰ ਦੀਆਂ ਕਹਾਣੀਆਂ 'ਚ ਦੇਖੋਗੇ। ਗਗਨ ਗਿੱਲ ਨੂੰ ਅਸੀਂ ਦੂਜੀ ਵਾਰ ਛਾਪ ਰਹੇ ਹਾਂ। ਉਸ ਦੀ ਗਲਪ ਰਚਨਾ ਸਾਨੂੰ ਹਿਲਾ ਕੇ ਰੱਖ ਦਿੰਦੀ ਹੈ। ਅਜਿਹੀ ਕਲਮ ਨੂੰ ਸਲਾਮ ਕਹਿਣਾ ਬਣਦਾ ਹੈ।

* * * *

-ਜਿੰਦਰ



# ਦੀਖਿਆ-ਪੂਰਬ/ਗਗਨ ਗਿੱਲ

1

ਮੈਂ ਉਹਨਾਂ ਤੋਂ ਨਾ ਸਿੱਖਿਆ ਲਈ, ਨਾ ਹੀ ਦੀਖਿਆ ਲਈ। ਉਹ ਮੇਰੇ ਨਾਲ ਚੱਲਦੇ ਆਉਂਦੇ ਹਨ, ਮੈਂ ਉਹਨਾਂ ਦੇ। ਉਹ ਮੇਰਾ ਭੇਤ ਹਨ, ਰਹੱਸ ਹਨ, ਮੇਰੇ ਅੰਤਰਮਨ ਵਿਚਲੀ ਅਰੁਕ ਹਲਚੱਲ।

ਮੈਂ ਜੋ ਵੀ ਕਹਿਣਾ ਚਾਹੁੰਦੀ ਪਿਤਾ ਟਾਲ਼ ਦਿੰਦੇ। ਉਸ ਛੋਟੇ ਜਿਹੇ ਦਿਲ ਉੱਪਰ ਪਤਾ ਨਹੀਂ ਕੀ ਕੁਝ ਗੁਜ਼ਰਦਾ।

ਰਵਾਲਸਰ। 1976 । ਮਨਾਲੀ ਜਾਂਦੇ ਹੋਏ ਅਸੀਂ ਰੁਕਦੇ ਹਾਂ। ਗੁਰਦੁਆਰੇ ਵਿੱਚ ਗੁਰੂ ਗੋਬਿੰਦ ਸਿੰਘ ਦੇ ਸ਼ਾਸਤਰ, ਜੁੱਤੀ, ਪਲੰਘ ਦੇਖ ਕੇ ਮੁੜੇ ਹਾਂ। ਸਵੇਰ-ਸਾਰ ਹੈ। ਇਕ ਗੋਂਪਾ (ਬੁੱਧ ਮੱਠ) ਦੇ ਬਾਹਰ ਬੈਠੇ ਹਾਂ। ਪਤਾ ਨਹੀਂ ਕਿਉਂ?

ਇਹ ਮੇਰੇ ਜੀਵਨ ਦਾ ਪਹਿਲਾ ਗੋਂਪਾ ਹੈ- ਸੰਭਾਵਿਤ ਗੁਰੂ-ਪਦਮ ਦਾ ਸਿਮਰਤੀ ਸਥਾਨ।

ਜਿਥੇ ਅਸੀਂ ਬੈਠੇ ਹਾਂ ਇਥੋਂ ਅੰਦਰਲਾ ਸਾਰਾ ਨਜ਼ਾਰਾ ਦਿੱਸ ਰਿਹਾ ਹੈ। ਵੱਡੇ-ਵੱਡੇ ਬਿਗਲ, ਘੰਟੇ, ਨਗਾਰੇ। ਰਹੱਸਮਈ ਲਾਮਾ ਲੋਕ। ਅਜੀਬ ਜਿਹੀਆਂ ਆਵਾਜ਼ਾਂ, ਸੰਗੀਤ। ਸਭ ਕੁਝ ਭੈਅਭੀਤ ਕਰਨ ਵਾਲਾ। ਖੂਹ ਦੇ ਤਲ ਤੋਂ ਉੱਪਰ ਆਉਂਦੀ ਇਕ ਪੁਕਾਰ। ਦਬੋਚਦੀ ਹੋਈ, ਹੇਠਾਂ ਨੂੰ ਖਿੱਚਦੀ ਹੋਈ।

ਖੂਹ ਧਰਤੀ ਵਿੱਚ ਨਹੀਂ, ਦਿਲ ਦੇ ਅੰਦਰ ਸੀ। ਇਕ ਦਿਨ ਇਸ ਦਾ ਪਤਾ ਚੱਲੇਗਾ।

-ਦਾਰ ਜੀ, ਮੈਂ ਬੋਧੀ ਬਣਨਾ ਚਾਹੁੰਦੀ ਹਾਂ।

ਪਿਤਾ ਜੀ ਨੂੰ ਆਖਦੀ ਹਾਂ। ਸਤਾਰਾਂ ਸਾਲਾਂ ਦੀ ਹਾਂ। ਨਾ ਬੱਚੀ, ਨਾ ਮੁਟਿਆਰ। ਉਮਰ ਤਾਂ ਜਿਵੇਂ ਬਚਪਨ ਤੇ ਜਵਾਨੀ ਦੇ ਖਾਨੇ ਵਿੱਚ ਟਿਕਣ ਦੀ ਬਜਾਏ ਕਹਾਣੀਆਂ ਵਿੱਚ ਭਟਕਦੀ ਰਹਿੰਦੀ ਹੈ। ਸਹੇਲੀਆਂ ਦੀ ਥਾਵੇਂ ਕਿਰਦਾਰਾਂ ਨਾਲ ਗੱਲਾਂ ਕਰਦੀ ਤੇ ਘੁੰਮਦੀ ਰਹਿੰਦੀ ਹਾਂ।

ਜ਼ਿਆਦਾਤਰ ਭੀਸ਼ਮ ਪਿਤਾਮਾ ਕੋਲ ਬੈਠੀ ਰਹਿੰਦੀ ਹਾਂ। ਉਹ ਤੀਰਾਂ ਦੇ ਬਿਸਤਰ ਉੱਪਰ ਲੇਟੇ ਹਨ। ਯੁੱਧ ਕਦੋਂ ਦਾ ਖਤਮ ਹੋ ਗਿਆ। ਸਭ ਆਪਣੇ ਘਰਾਂ ਨੂੰ ਮੁੜ ਗਏ। ਸਿਰਫ ਭੀਸ਼ਮ ਪਿਤਾਮਾ ਹੀ ਮੈਦਾਨ ਵਿੱਚ ਇਕ ਪਾਸੇ ਪਏ ਹਨ। ਦੱਖਣ ਦੀ ਹਵਾ ਚੱਲਣ ਦੇ ਮਹੀਨੇ, ਸਖਤ ਸਰਦੀ ਦੇ ਮੌਸਮ, ਨਵੰਬਰ-ਦਸੰਬਰ ਦੀ ਠੰਢੀ। ਉਹਨਾਂ ਦੇ ਸਰੀਰ ਵਿੱਚ ਤੀਰ ਤੇ ਜ਼ਖ਼ਮ ਇਕ-ਮੁੱਕ ਹੋ ਚੁੱਕੇ ਹਨ।

ਜਿਹਨਾਂ ਦੀ ਭੀਸ਼ਮ-ਪ੍ਰਤਿਗਿਆ ਸੁਣ ਕੇ ਕਦੇ ਆਕਾਸ਼ ਵਿੱਚੋਂ ਫੁੱਲ ਵਰਸੇ ਸਨ, ਅੰਤਲੇ ਦਿਨਾਂ ਵਿੱਚ ਉਹਨਾਂ ਲਈ ਕੋਈ ਛੱਤ-ਛੱਪਰ ਵੀ ਨਹੀਂ, ਜ਼ਖ਼ਮਾਂ ਲਈ ਕੋਈ ਲੇਪ ਨਹੀਂ, ਸੇਕ ਨਹੀਂ।

ਇਹ ਕਿਹੋ ਜਿਹੀ ਇੱਛਤ ਮੌਤ ਦਾ ਵਰਦਾਨ ਹੈ ਕਿ ਉਹ ਅੰਤਾਂ ਦੇ ਦੁੱਖ ਨੂੰ ਚੁਣ ਕੇ ਪਏ ਹਨ?

ਪਿੰਡ ਦਾਨ ਦਿੰਦੇ ਹਾਂ ਤਾਂ ਪੁਰਖਿਆਂ, ਜਨਮੇ-ਅਜਨਮਿਆਂ ਤੋਂ ਬਾਅਦ ਭੀਸ਼ਮ ਪਿਤਾਮਾ ਨੂੰ। ਉਹਨਾਂ ਨੂੰ ਚੇਤੇ ਕੀਤੇ ਬਿਨਾਂ ਪੂਜਾ ਪੂਰੀ ਨਹੀਂ ਹੁੰਦੀ, ਇਹ ਸਭ ਜਾਣਾਂਗੀ, ਸਾਲਾਂ ਬਾਅਦ ਪਿੰਡ ਦਾਨ ਕਰਨ ਵੇਲੇ।

ਤੇ ਦਾਨਵੀਰ ਕਰਣ, ਜਿਹਨੇ ਹੁਣੇ-ਹੁਣੇ ਆਪਣਾ ਸੋਨੇ ਦਾ ਦੰਦ ਪੱਥਰ ਨਾਲ ਤੋੜ ਕੇ ਭਿਖਾਰੀ ਦੇ ਰੂਪ ਵਿੱਚ ਆਏ ਕ੍ਰਿਸ਼ਨ ਨੂੰ ਦੇ ਦਿੱਤਾ ਹੈ। ਮਰਨ ਹਾਰ ਹੋਇਆ, ਲਹੂ-ਹੀਣ ਉਹਨਾਂ ਦਾ ਚਿਹਰਾ। ਉਸੇ ਚਿਹਰੇ ਨਾਲ ਵਰਦਾਨ ਮੰਗਣਗੇ, ਕਹਿਣਗੇ, ਮੈਨੂੰ ਉਸ ਜਗ੍ਹਾ ਜਲ਼ਾਇਆ ਜਾਵੇ ਜਿਥੇ ਪਹਿਲਾਂ ਕਿਸੇ ਲਾਸ਼ ਨੂੰ ਜਲਾਇਆ ਨਾ ਹੋਵੇ। ਤੇ ਭਗਵਾਨ ਕ੍ਰਿਸ਼ਨ ਆਪਣੀ ਹਥੇਲੀ ਨੂੰ ਵੱਡਿਆਂ ਕਰਦੇ ਫੈਲਾਉਣਗੇ, ਉਸੇ ਉੱਪਰ ਚਿਤਾ ਬਣਾਉਣਗੇ, ਕਰਣ ਦਾ ਦਾਹ ਕਰਨਗੇ।

ਸ੍ਰੀ ਕ੍ਰਿਸ਼ਨ ਦੀ ਉਸਤਤ ਕਰਦਿਆਂ ਦਰੋਪਤੀ ਦੇ ਚੀਰ-ਹਰਨ ਨੂੰ ਬਚਾਉਣ ਦੀ ਚਰਚਾ ਹੋਵੇਗੀ ਪਰ ਉਹਨਾਂ ਦੀ ਫੈਲਾਈ ਹਥੇਲੀ ਉੱਪਰ ਕਰਨ ਦੀ ਚਿਤਾ ਦੀ ਨਹੀਂ। ਪਤਾ ਨਹੀਂ ਕਿਉਂ ?

ਤੇ ਰਾਜਕੁਮਾਰ ਸਿਧਾਰਥ, ਅੱਧੀ ਰਾਤ ਨੂੰ ਮਹਿਲਾਂ ਵਿੱਚੋਂ ਨਿਕਲਦੇ ਹੋਏ ਨਹੀਂ, ਭਿੱਖਿਆ-ਪਾਤਰ ਕੋਲ ਬੈਠੇ ਦਿੱਸਦੇ ਹਨ। ਭਿੱਖਿਆ ਵਿੱਚ ਮਿਲਿਆ ਇਹ ਭੋਜਨ ਹੈ ਕੋਟੋਰੇ ਵਿੱਚ, ਜਿਸ ਨੂੰ ਦੇਖ ਕੇ ਉਹਨਾਂ ਨੂੰ ਕਾਣਤ ਆ ਰਹੀ ਹੈ। ਨਾ ਕਿਤੇ ਰਾਜਮਹੱਲ, ਨਾ ਗਿਆਨ। ਮਹਿਲਾਂ ਨੂੰ ਵਾਪਸ ਚਲੇ ਜਾਣਗੇ ਜਾਂ ਜੰਗਲਾਂ ਨੂੰ ? ਇਹ ਘਟੀਆ ਜਿਹਾ ਭੋਜਨ ਉਹਨਾਂ ਦੇ ਗਲ਼ੇ ਤੋਂ ਹੇਠਾਂ ਉਤਰੇਗਾ ? ਇਸ ਸੜੇ ਜਿਹੇ ਖਾਣੇ ਨੂੰ ਸਵੀਕਾਰ ਕਰਦਿਆਂ ਗਿਆਨ-ਮਾਰਗ 'ਤੇ ਪਹਿਲਾ ਕਦਮ ਰੱਖਣਗੇ ?

ਪਹਿਲੀ ਸਫਲਤਾ ਉਹ ਨਹੀਂ ਜੋ ਛੇ ਸਾਲ ਬਾਅਦ ਉਹਨਾਂ ਦੇ ਜੀਵਨ ਵਿੱਚ ਆਏਗੀ। ਇਹ ਹੈ-ਸਵਾਦ ਉਪਰ ਜਿੱਤ ਦਾ ਪਹਿਲਾ ਛਿਣ।

ਬੁੱਧ-ਕਥਾ ਦੇ ਇਸ ਪ੍ਰਸੰਗ 'ਤੇ ਮੈਂ ਘਬਰਾਉਂਦੀ ਨਹੀਂ, ਮੈਂ ਰਾਤ ਭਰ ਉਥੇ ਖੜੀ ਰਹਿੰਦੀ ਹਾਂ, ਸਿਧਾਰਥ ਦੀ ਦੁਬਿਧਾ ਕੋਲ। ਉਸ ਨਾਪਸੰਦ ਖਾਣੇ ਕੋਲ, ਉਹ ਇਹਨੂੰ ਖਾਣਗੇ ? ਮੈਨੂੰ ਯਕੀਨ ਨਹੀਂ ਹੋ ਰਿਹਾ।

ਰਾਤ-ਦਿਨ ਇਹ ਛੁਪਾ-ਛੁਪਾਈ ਚਲਦੀ ਰਹਿੰਦੀ ਹੈ। ਭੀਸ਼ਮ ਪਿਤਾਮਾ, ਕਰਣ, ਕੰਧਾਂ ਵਿੱਚ ਚਿਣੇ ਜਾ ਰਹੇ ਸਾਹਿਬਜ਼ਾਦੇ, ਬੁੱਧ।

***

ਪਿਛਲੇ ਦਿਨਾਂ ਵਿੱਚ ਘੋਸ਼ਣਾ ਪੜ੍ਹੀ ਸੀ। ਕਾਲਜ ਜਾਂਦਿਆਂ ਰਾਹ ਵਿੱਚ ਕੰਧਾਂ 'ਤੇ। ਬੁੱਧ-ਪੁੰਨਿਆ ਵੇਲੇ ਹਜ਼ਾਰਾਂ ਲੋਕਾਂ ਨੂੰ ਦੀਖਿਆ ਦਿੱਤੀ ਜਾਵੇਗੀ।

ਸਾਲਾਂ ਦੀ ਮੇਰੀ ਦੱਬੀ ਖਾਹਿਸ਼ ਉਪਰ ਆ ਗਈ।

-ਦਾਰ ਜੀ, ਮੈਂ ਬੋਧੀ ਬਣਨਾ ਚਾਹੁੰਦੀ ਹਾਂ।

ਮੈਂ ਫਿਰ ਆਖਦੀ ਹਾਂ। ਨਾ ਬੱਚੀ, ਨਾ ਬਾਲਿਗ। ਮਨਜ਼ੂਰੀ ਲੈਣ ਲਈ ਨਹੀਂ ਕਹਿ ਰਹੀ, ਜਿਵੇਂ ਸੁਫਨੇ ਵਿੱਚੋਂ ਬੋਲ ਰਹੀ ਹੋਵਾਂ। ਹਾਲੇ ਰਾਹ ਬਹੁਤ ਲੰਮਾ ਹੈ। ਇਸ ਵਿੱਚ ਬਹੁਤ ਸਾਰੇ ਵਿਯੋਗ ਹਨ, ਬਹੁਤ ਸਾਰੇ ਮਰਨੇ ਹਨ। ਅਫਸੋਸ ਵਿੱਚ ਡੁੱਬੀ, ਗ਼ਮਜ਼ਦਾ ਉਸ ਮਾਂ ਤੱਕ ਪੁੱਜਣ ਵਿੱਚ ਹਾਲੇ ਕਈ ਸਾਲ ਹਨ, ਜਿਹਨੂੰ ਬੁੱਧ ਨੇ ਕਿਹਾ ਸੀ - ਜਾਓ, ਉਸ ਘਰੋਂ ਸਰ੍ਹੋਂ ਦਾ ਇਕ ਦਾਣਾ ਲੈ ਆਓ, ਜਿਥੇ ਪਹਿਲਾਂ ਕੋਈ ਮਰਿਆ ਨਾ ਹੋਵੇ।

ਮੈਂ ਕਦੋਂ ਕਹਾਂਗੀ, -ਮੈਂ ਤੁਹਾਡੀ ਸ਼ਰਣ ਵਿੱਚ ਆਉਂਦੀ ਹਾਂ ਬੁੱਧ।

-ਅਸੀਂ ਤੇਰੇ ਤੋਂ ਕੋਈ ਵੀ ਆਸ ਰੱਖ ਸਕਦੇ ਹਾਂ। ਪਿਤਾ ਕਹਿੰਦੇ ਹਨ।

ਜਦੋਂ ਤੋਂ ਸਕੂਲ ਦੀ ਆਪਣੀ ਟੀਚਰ ਦੇ ਨਾਲ ਇਕੋ ਟਿਫ਼ਨ ਵਿੱਚੋਂ ਮੈਂ ਖਾਣਾ ਸ਼ੁਰੂ ਕੀਤਾ, ਉਹਨਾਂ ਨੇ ਮੈਨੂੰ ਆਪਣੀ ਥਾਲੀ ਦੇ ਨੇੜੇ ਨਹੀਂ ਬੈਠਣ ਦਿੱਤਾ। ਸ਼ਾਇਦ ਉਹ ਮੇਰੇ ਤੋਂ ਸ਼ੁੱਧ-ਆਚਰਣ ਦੀ ਉਮੀਦ ਰੱਖਦੇ ਸਨ। ਸਿੱਖ-ਆਚਰਣ ? ਪਿਓ-ਦਾਦੇ ਦਾ ਜਾਂਬਾਜ਼ ਧਰਮ। ਸੰਘਣੇ ਜੰਗਲਾਂ ਵਿੱਚ ਛੁਪੇ ਬੈਠੇ ਛਾਪਾਮਾਰ, ਹਰ ਸਾਹ ਨਾਲ ਧਰਮ ਦੀ ਰੱਖਿਆ ਕਰਦੇ ਹੋਏ।



ਮੈਂ ਹਾਂ ਕਿ ਸਭ ਗੜਬੜ। ਦਾਦੀ ਦੀਆਂ ਕਹਾਣੀਆਂ ਵਿਚਲਾ ਗਣੇਸ਼ ਉਹਨਾਂ ਨੂੰ ਆਟੇ ਨਾਲ ਬਣਾ ਕੇ ਦਿਖਾਉਂਦੀ ਹਾਂ। ਏਦਾਂ ਹੀ ਬਣਾਇਆ ਸੀ ਨਾ ਉਹਨਾਂ ਨੂੰ ਗੌਰਾ ਨੇ ?

ਜਿਵੇਂ ਇਹ ਕਥਾਵਾਂ ਹੀ ਧਰਮ ਹੋਣ। ਕਦੇ ਹਿੰਦੂ, ਕਦੇ ਸਿੱਖ, ਕਦੇ ਬੋਧੀ।

ਜਿਉਂਦੀ ਸਭਿਅਤਾ ਦਾ ਅੰਗ ਹੋਣ ਦਾ ਸੰਕੇਤ ਹੈ ਇਹ ?

ਬਜ਼ੁਰਗਾਂ ਦਾ ਦੱਸਿਆ ਰਾਹ ਜਦ ਇਕ ਕਿਤਾਬ ਤੱਕ ਸੀਮਤ ਨਹੀਂ ਰਹਿੰਦਾ ? ਅਸੀਂ ਇਕ ਪੁਸਤਕ ਵਿੱਚੋਂ ਨਿਕਲ ਕੇ ਦੂਜੀ ਵਿੱਚ ਜਾਂਦੇ ਰਹਿੰਦੇ ਹਾਂ। ਕਦੇ ਕੁਝ ਵੀ ਐਸਾ-ਵੈਸਾ ਨਹੀਂ ਵਾਪਰਦਾ ? ਦੇਸ-ਕਾਲ ਦੀ ਕੋਈ ਵੀ ਸੀਮਾ ਹੋ ਸਕਦੀ ਹੈ, ਕਲਪਨਾ ਵਿੱਚ ਵੀ ਨਹੀਂ ਆਉਂਦਾ।

-ਤੁਹਾਡੀ ਸ਼ਰਣ ਵਿੱਚ ਆਉਂਦੀ ਹਾਂ। ਮੈਂ ਬੁੜਬੁੜਾਉਂਦੀ ਹਾਂ।

-ਕਿਸਦੀ ਸ਼ਰਣ ਵਿੱਚ ?

2

ਮੈਂ ਉਸ ਰਿਸ਼ੀ-ਕੰਨਿਆਂ ਦਾ ਚਿਹਰਾ ਦੇਖਣਾ ਚਾਹੁੰਦੀ ਹਾਂ। ਰਾਜਾ ਦੁਸ਼ਿਅੰਤ ਦੀ ਭਰੀ ਸਭਾ ਵਿੱਚੋਂ ਕੱਢੀ ਗਈ ਤੇਜਸਵਨੀ ਸ਼ੰਕੁਤਲਾ ਦਾ। ਸਾਡੀ ਭਾਰਤ ਜਾਤੀ ਦੀ ਮਾਤਾ ਦਾ ਚਿਹਰਾ।

ਉਹ ਕਿਹੋ ਜਿਹਾ ਆਦਮੀ ਸੀ ਜੋ ਆਪਣਾ ਦਿੱਤਾ ਬੱਚਨ ਸੱਤ-ਅੱਠ ਮਹੀਨੇ ਵਿੱਚ ਹੀ ਭੁੱਲ ਗਿਆ। ਕਿਹੋ ਜਿਹੇ ਹੋਣਗੇ ਉਸ ਦੇ ਰੋਜ਼-ਮਰਹਾ ਦੀ ਜ਼ਿੰਦਗੀ ਵਿੱਚ ਵਿਅਸਤ ਹੱਥ, ਜਿਹਨਾਂ ਨੂੰ ਇਹ ਨਹੀਂ ਪਤਾ ਕਿ ਉਹ ਕਿਸ-ਕਿਸ ਦੇਹ ਦੀ ਛੋਹ ਵਿੱਚੋਂ ਦੀ ਗੁਜ਼ਰਦੇ ਹਨ। ਉਹ ਪ੍ਰੇਮ ਕਰਦਾ ਸੀ, ਬਚਨ ਦਿੰਦਾ ਸੀ, ਤੇ ਭੁੱਲ ਜਾਂਦਾ ਸੀ।

ਜਿਸ ਪਿਤਾ ਨੂੰ ਆਪਣਾ ਬੀਜ ਬੀਜਣਾ ਨਾ ਯਾਦ ਰਹੇ, ਉਸ ਦੀ ਔਲਾਦ ਨੂੰ, ਉਸ ਦੇ ਸਮਾਜ ਨੂੰ ਉਸ ਨਾਲ ਕਿਵੇਂ ਵਰਤਣਾ ਚਾਹੀਦਾ ਹੈ ?

***

ਸ਼ਕੁੰਤਲਾ ਆਪਣੇ ਸੱਚ ਨਾਲ ਇਕੱਲੀ ਮੁੜਦੀ ਹੈ। ਆਪਣੇ ਬੱਚੇ ਨੂੰ ਗਰਭ ਵਿੱਚ ਲਈ।

ਗਰਭਵਤੀ ਸੀਤਾ ਜੰਗਲ ਵਿੱਚ ਦਰਖਤ ਹੇਠਾਂ ਸੌਂਦੇ ਸਮੇਂ ਤਿਆਗ ਦਿੱਤੀ ਜਾਂਦੀ ਹੈ। ਪਤੀ ਦੇ ਹੁਕਮ ਨਾਲ।

ਪ੍ਰਸੂਤ ਅਵਸਥਾ ਵਿਚ ਯਸ਼ੋਧਰਾ ਨੂੰ ਨਹੀਂ ਪਤਾ, ਉਸ ਦਾ ਰਾਜਕੁਮਾਰ ਰਾਹ ਵਿੱਚ ਦੇਖੇ ਮਹਾਨ ਦ੍ਰਿਸ਼ਾਂ ਕਾਰਨ ਨਹੀਂ, ਰੰਗ ਮਹਿਲ ਵਿੱਚ ਸੁੱਤੀਆਂ ਨਾਚੀਆਂ ਦੇ ਨਸ਼ੀਲੇ-ਖ਼ੂਬਸੂਰਤ ਚਿਹਰਿਆਂ ਨੂੰ ਦੇਖ ਕੇ ਘਰ ਛੱਡ ਗਿਆ ਹੈ।

ਬੁੱਧ-ਕਥਾ ਵਿੱਚ ਤਿੰਨ ਦ੍ਰਿਸ਼ਾਂ ਦੀ ਕਹਾਣੀ ਹੀ ਕੇਂਦਰ ਵਿੱਚ ਰਹਿੰਦੀ ਹੈ ਪਰ ਸਿਧਾਰਥ ਦੀ ਆਪਣੀ ਰੰਗੀਨ ਜੀਵਨ-ਸ਼ੈਲੀ ਦਾ ਜ਼ਿਕਰ ਤਕ ਨਹੀਂ ਹੁੰਦਾ। ਜਿਵੇਂ ਮਹਾਤਮ-ਕਥਾ ਨੂੰ ਇਹ ਵਿਸ਼ੇਸ਼ ਕਹਾਣੀਆਂ ਘਟਾ ਕੇ ਪੇਸ਼ ਕਰਦੀਆਂ ਹੋਣ। ਕਥਾ ਚਿਤਰ ਵਿੱਚ ਸਿਧਾਰਥ ਦੀਆਂ ਅਕਾਂਖਿਆਵਾਂ ਨੂੰ ਛੱਡ ਦਿੰਦੇ ਹਨ, ਜਿਵੇਂ ਉਹਨਾਂ ਵਿੱਚ ਉਹ ਡੁੱਬੇ ਹੀ ਨਾ ਹੋਣ।

ਜਦ ਡੁੱਬੇ ਹੀ ਨਹੀਂ ਤਾਂ ਛੱਡਿਆ ਕੀ ?

***

ਸ਼ੰਕੁਤਲਾ, ਸੀਤਾ, ਯਸ਼ੋਧਰਾ- ਸਾਡੇ ਸਮਾਜ ਦੀਆਂ ਆਦਰਯੋਗ ਔਰਤਾਂ। ਮਹਾਨ ਰੂਹਾਂ।

ਸ਼ੰਕੁਤਲਾ ਅਸਵੀਕਾਰ ਨਹੀਂ ਕਰਦੀ ਜਿਵੇਂ ਸੀਤਾ ਕਰਦੀ ਹੈ। ਸ਼ੰਕੁਤਲਾ ਸਵਾਲ ਵੀ ਨਹੀਂ ਪੁੱਛਦੀ/ਪੁਛਵਾਉਂਦੀ ਜਿਵੇਂ ਯਸ਼ੋਧਰਾ ਪੁੱਛਦੀ ਹੈ ਆਪਣੇ ਪੁੱਤਰ ਰਾਹੀਂ।

ਇਸ ਲਈ ਸ਼ੰਕੁਤਲਾ ਸਾਧਾਰਣ ਲੋਕਾਂ ਵਿੱਚ ਕਦੇ ਵੀ ਤੇਜੱਸਵਨੀ ਕੰਨਿਆ ਤੋਂ ਉੱਪਰ, ਅਲੱਗ ਨਹੀਂ ਦਿੱਸਦੀ। ਉਸ ਦੀ ਨੀਅਤ ਵਿੱਚ ਮਾਰੂਥਲ ਤਾਂ ਹੈ, ਹਨੇਰਾ ਨਹੀਂ। ਉਸ ਦੇ ਆਤਮ ਵਿੱਚ ਮੰਥਨ ਨਹੀਂ ਜਿਸ ਦੇ ਅਮੁੱਕ ਸਵਾਲਾਂ ਵਿੱਚੋਂ ਯੁਗ-ਯੁਗਾਂਤਰ ਚਿੰਨਹਿਤ ਹੁੰਦੇ ਹਨ।

ਸੀਤਾ ਦਾ ਕਠਿਨ ਇਮਤਿਹਾਨ ਦੇਖ ਕੇ ਅਸੀਂ ਹਾਹਾਕਾਰ ਕਰਦੇ ਹਾਂ। ਯਸ਼ੋਧਰਾ ਨੂੰ ਦੇਖ ਕੇ ਅਸੀਂ ਰੋਣ ਲੱਗਦੇ ਹਾਂ। ਸ਼ੰਕੁਤਲਾ ਨੂੰ ਦੇਖ ਕੇ ਸਿਰਫ ਹਲਕੀ ਜਿਹੀ ਪੀੜ ਹੁੰਦੀ ਹੈ।

ਕੀ ਇਹ ਇਸ ਲਈ ਕਿ ਸ਼ੰਕੁਤਲਾ ਖੁਦ ਆਪਣੇ ਦੁੱਖ ਨੂੰ, ਨੀਅਤ ਨੂੰ ਸ਼ਬਦ ਤੋਂ ਮੁਕਤ ਰੱਖਦੀ ਹੈ? ਅਸੀਂ ਕਦੇ ਨਹੀਂ ਜਾਣ ਸਕਦੇ, ਰਾਜਾ ਦੁਸ਼ਿਅੰਤ ਦੇ ਦਰਬਾਰ ਵਿੱਚ ਨਾ ਪਛਾਣੇ ਜਾਣ ਕਰਕੇ, ਨਾ ਸਵੀਕਾਰ ਕੀਤੇ ਜਾਣ ਕਰਕੇ ਕਿਹੋ ਜਿਹਾ ਸੰਤਾਪ ਉਭਰਿਆ?

ਰਾਮ ਨੂੰ ਅਸਵੀਕਾਰ ਕਰਦੇ ਹੋਏ ਸੀਤਾ ਆਪਣਾ ਰੋਹ ਦਰਜ ਕਰਾਉਂਦੀ ਹੈ, ਧਰਤੀ ਨੂੰ ਜਗ੍ਹਾ ਦੇਣ ਲਈ ਆਖਦੀ ਹੈ। ਉਸ ਦਾ ਦੁੱਖ ਏਨਾ ਵੱਡਾ ਹੈ ਕਿ ਧਰਤੀ ਫਟ ਜਾਂਦੀ ਹੈ। ਉਸ ਦਾ ਦੁੱਖ ਏਨਾ ਵੱਡਾ ਹੈ ਕਿ ਸਦੀਆਂ ਤੱਕ ਚਲਦੀ ਆਈ ਉਸ ਦੀ ਕਹਾਣੀ, ਵੱਖ-ਵੱਖ ਤਰੀਕਿਆਂ ਨਾਲ ਦਰਸਾਉਂਦਿਆਂ ਕਦੇ ਏਦਾਂ ਨਹੀਂ ਹੋਇਆ ਕਿ ਧਰਤੀ ਨਾ ਫਟੇ, ਸੀਤਾ ਦਾ ਦੁੱਖ ਉਸ ਦੇ ਪਾਠਕਾਂ ਲਈ ਕੁਝ ਘੱਟ ਜਾਵੇ।

ਬੁੱਧ ਬਣ ਕੇ ਮੁੜੇ ਪਤੀ ਨੂੰ ਮਿਲਣ ਲਈ ਯਸ਼ੋਧਰਾ ਨਹੀਂ ਜਾਂਦੀ। ਕਹਿਲਵਾ ਦਿੰਦੀ ਹੈ, ਜਿਹੜੇ ਮੈਨੂੰ ਅੱਧੀ ਰਾਤ ਨੂੰ ਛੱਡ ਗਏ ਸਨ, ਉਹਨਾਂ ਦੀ ਇੱਛਾ ਹੈ ਤਾਂ ਮੈਨੂੰ ਇੱਥੇ ਆ ਕੇ ਮਿਲੇ। ਬੁੱਧ ਜਾਂਦੇ ਹਨ, ਸਾਥੀਆਂ ਨੂੰ ਕਹਿੰਦੇ ਹਨ, ਇਹ ਮੈਨੂੰ ਦੇਖ ਕੇ ਮੈਨੂੰ ਛੋਹੇਗੀ, ਰੋਏਗੀ, ਬੁਰਾ-ਭਲਾ ਆਖੇਗੀ – ਤੁਸੀਂ ਕੁਝ ਨਾ ਕਹਿਣਾ।

ਯਸ਼ੋਧਰਾ ਦਾ ਦੁੱਖ ਕਾਗਜ਼ 'ਤੇ ਫੈਲਣ ਦਾ ਮੌਕਾ ਪਾਉਂਦਾ ਹੈ। ਅਸੀਂ ਉਸ ਦੀ ਮਿੱਟੀ ਗੁੰਨਣਾ, ਚਾਕ 'ਤੇ ਚੜ੍ਹਾਉਣਾ, ਆਵੇ ਵਿੱਚ ਤਪਾਉਣਾ ਦੇਖਦੇ ਹਾਂ। ਤਦ ਤੱਕ, ਜਦ ਤੱਕ ਕਿ ਕਈ ਸਾਲਾਂ ਦੀ ਨਾਂਹ-ਨੁਕਰ ਬਾਅਦ, ਬੁੱਧ ਔਰਤਾਂ ਨੂੰ ਆਪਣੇ ਸੰਘ ਵਿੱਚ ਜਗ੍ਹਾ ਨਹੀਂ ਦਿੰਦੇ। ਪਹਿਲਾਂ ਮਾਂ ਪ੍ਰਜਾਗੌਤਮੀ ਭਿਕਸ਼ਣੀ ਬਣਦੀ ਹੈ ਫਿਰ ਯਸ਼ੋਧਰਾ। ਭਿਕਸ਼ਣੀਆਂ ਬਣਦੀਆਂ ਹੋਈਆਂ ਵੀ ਆਪਣੀ ਹੋਂਦ ਕਾਇਮ ਰੱਖਦੀਆਂ ਹਨ।

ਹੁਣ ਸੰਘ ਪੰਜ ਸੌ ਸਾਲ ਜੀਵਤ ਨਹੀਂ ਰਹਿ ਸਕੇਗਾ – ਬੁੱਧ ਬਚਨ ਕਰਦੇ ਹਨ।

ਕੀ ਇਹ ਮਨਜ਼ੂਰੀ ਹੈ ਉਸ ਅਦਿੱਖ ਤਾਰ ਦੀ ਜਿਸ ਰਾਹੀਂ ਉਹ ਆਪਣੀ ਔਰਤ ਨਾਲ ਹਾਲੇ ਤੱਕ ਬੱਝੇ ਹੋਏ ਹਨ?

ਬੁੱਧ ਔਰਤਾਂ ਲਈ ਜਗ੍ਹਾ ਛੱਡਦੇ ਹਨ। ਔਰਤਾਂ ਆਪਣੀ ਸਾਰੀ ਆਭਾ ਲਈ ਸੰਘ ਵਿੱਚ ਪ੍ਰਵੇਸ਼ ਕਰਦੀਆਂ ਹਨ।

***

ਸ਼ੰਕੁਤਲਾ ਦੇ ਸੰਤਾਪ ਵਿੱਚ ਕੀ ਕੁਝ ਆਕਾਰ ਲੈਂਦਾ ਹੈ?

ਰਿਸ਼ੀ-ਕੰਨਿਆਂ ਦੀ ਉੱਜਲ ਪ੍ਰਕ੍ਰਿਤੀ ਵਿੱਚ ਸੰਤਾਪ ਦੀ ਜਗ੍ਹਾ ਏਨੀ ਘੱਟ ਹੈ ਕਿ ਉਸ ਦਾ ਦੁੱਖ ਅਣ-ਉਪਜਾਊ ਰਹਿ ਜਾਂਦਾ ਹੈ। ਬੰਜਰ। ਤਿਆਗੇ ਹੋਏ, ਅਸਵੀਕਾਰ ਕੀਤੇ ਜਾਣ 'ਤੇ ਵੀ ਉਸ ਉੱਪਰ ਅਸਮਾਨ ਨਹੀਂ ਡਿਗਦਾ। ਰਿਸ਼ੀ ਪਿਤਾ ਦੇ ਆਸ਼ਰਮ ਵਿੱਚ ਵਾਪਸ ਆ ਕੇ ਉਹ ਪਹਿਲਾਂ ਵਾਂਗ ਮਾਣਮੱਤੀ ਰਹਿਣ ਲੱਗਦੀ ਹੈ।



ਕੀ ਉਹ ਰਾਜੇ ਨੂੰ ਚੇਤੇ ਕਰਦੀ ਹੈ? ਕੀ ਉਸ ਨੂੰ ਭੁੱਲ ਚੁੱਕੀ ਹੈ? ਉਸ ਦੇ ਦਿਲ ਦੇ ਰਹੱਸ ਬਾਰੇ ਸਾਨੂੰ ਕੁਝ ਨਹੀਂ ਪਤਾ।

ਸ਼ੰਕੁਤਲਾ ਦੀ ਨੀਅਤ ਵਿੱਚ ਅਤਿ-ਮਾਨਵੀ ਬਣਨ ਦੇ ਬੀਜ ਸਨ ਪਰ ਆਤਮ-ਮੰਥਨ ਦੀ ਘਾਟ ਕਾਰਨ ਉਹ ਮਹਾਨਤਾ ਦਾ ਆਪਣਾ ਸੰਯੋਗ ਗਵਾ ਬਹਿੰਦੀ ਹੈ। ਕੁਝ ਇਵੇਂ ਕਿ ਅਸੀਂ ਭੁੱਲ ਹੀ ਜਾਂਦੇ ਹਾਂ ਕਿ ਕਿਸਮਤ ਨੇ ਸ਼ੰਕੁਤਲਾ ਨੂੰ ਧੁੱਪ ਵਿੱਚ ਖੜੀ ਕਰ ਦਿੱਤਾ ਸੀ।

ਵਰਦਾਨ ਤੇ ਸਰਾਪ ਦੇ ਉਜਾਲੇ-ਹਨੇਰੇ ਵਿੱਚ ਚਲਦਾ ਉਹਨਾਂ ਦਾ ਜੀਵਨ ਭੁਲੇਵੇਂ ਤਾਂ ਪਾਉਂਦਾ ਹੈ ਪਰ ਕਲੇਸ਼ ਖੜੇ ਨਹੀਂ ਕਰਦਾ। ਕਥਾ ਵਿੱਚ ਜਦ ਤਕ ਉਸ ਦਾ ਆਪਣੇ ਰਾਜ-ਕਾਰਜ ਵਿੱਚ ਡੁੱਬਿਆ ਪਤੀ ਭੁਲੇਵੇਂ ਦੇ ਸਰਾਪ ਤੋਂ ਬਾਹਰ ਆਉਂਦਾ ਹੈ ਤਾਂ ਉਹਨਾਂ ਦਾ ਜੀਵਨ ਸੁੰਦਰ, ਨਿਰਕਲੰਕ ਸ਼ੁਰੂ ਹੋ ਜਾਂਦਾ ਹੈ ਤਦ ਤੱਕ ਉਹਨਾਂ ਦਾ ਪੁੱਤਰ ਭਰਤ, ਸਾਡਾ ਆਦਿ ਪਿਤਾ, ਸ਼ੇਰ ਦੇ ਦੰਦ ਗਿਣਨ ਦੀ ਹਿੰਮਤ ਦਿਖਾਉਂਦਾ ਹੈ, ਅਸੀਂ ਉਹਨਾਂ ਵਿੱਚ ਦਿਲਚਸਪੀ ਖੋ ਦਿੰਦੇ ਹਾਂ।

ਉਹ ਏਨੇ ਸਾਧਾਰਣ ਹੋ ਜਾਂਦੇ ਹਨ ਕਿ ਸਾਡੀਆਂ ਯਾਦਾਂ ਵਿੱਚ ਨਹੀਂ ਟਿਕਦੇ। ਸਾਡੀ ਦੇਵ-ਸ਼ਰਧਾ ਵਿੱਚ ਵੀ ਨਹੀਂ।

ਕੀ ਇਹ ਕਥਾ ਸੰਕੇਤਕ ਹੈ?

ਸਿੰਧ ਨਦੀ ਕੰਢੇ ਵੱਸਣ ਵਾਲੇ ਸਾਡੇ ਲੋਕਾਂ ਵਿੱਚ ਆਪਣੇ ਪੂਰਵਜ਼ਾਂ ਦੇ ਪ੍ਰਕਿਤਕ-ਸੁਭਾਅ, ਸਵੱਛਤਾ, ਨਿਰਮਲਤਾ, ਉਹਨਾਂ ਦੀ ਬਹਾਦਰੀ, ਹੌਂਸਲੇ, ਸਹਿਜਤਾ ਆਦਿ ਅਨੇਕ ਗੁਣ ਹਨ।

ਤੇ ਨੀਅਤ ਵਿੱਚ ਆਪਣੀ ਸਾਹਮਣਾ ਕਰਨ ਦੀ ਸਮਰੱਥਾ ਨੂੰ ਚੁੱਪ, ਬੰਜਰ ਰਹਿਣ ਦੇਣ ਦੀ ਆਲਸ ਵੀ।

3

ਮੈਨੂੰ ਚੀਜ਼ਾਂ ਦਿੱਸਦੀਆਂ ਹਨ – ਕਿਸੇ ਨੂੰ ਦੱਸਣਾ ਚਾਹੁੰਦੀ ਹਾਂ।

ਕਿਸ ਨੂੰ ਕਹਾਂ? ਆਸ-ਪਾਸ ਕੋਈ ਵੀ ਤਾਂ ਨਹੀਂ ਹੈ।

ਜਿਹਨੂੰ ਸਭ ਕਹਿ ਸਕਦੀ ਸੀ, ਉਹ ਹੁਣ ਹੈ ਨਹੀਂ।

ਜ਼ਿਆਦਾ ਨਹੀਂ ਤਾਂ ਫਿਰ ਵੀ ਚੀਜ਼ਾਂ ਦਿੱਸ ਜਾਂਦੀਆਂ ਸਨ, ਏਨੀਆਂ ਕਿ ਬੇਭਰੋਸਗੀ ਹੋਣ ਲੱਗੀ।

ਤਾਰਾ ਮੈਨੂੰ ਚੰਗੀ ਲੱਗਦੀ ਸੀ। ਬਹੁਤ ਚੰਗੀ। ਬੋਧੀ ਦੇਵੀ ਤਾਰਾ। ਉਸ ਨਾਲ ਭੇਂਟ ਇਕ ਧਰਮਸ਼ਾਲਾ ਵਿੱਚ ਹੋਈ ਸੀ। ਜਿਵੇਂ ਟੂਰਿਸਟਾਂ ਦੀ ਹੋ ਹੀ ਜਾਇਆ ਕਰਦੀ ਹੈ। ਤਿੱਬਤੀ ਦੁਕਾਨਦਾਰ ਨੇ ਕਿਹਾ, ਇਵੇਂ ਨਹੀਂ, ਇੱਥੇ ਏਨੀਆਂ ਦੇਵੀਆਂ ਨੇ, ਇਹਨਾਂ ਨੂੰ ਧਿਆਨ ਨਾਲ ਦੇਖੋ, ਜੋ ਤੁਹਾਨੂੰ ਆਪਣੇ ਵੱਲ ਬੁਲਾਵੇ, ਜਿਸ ਨੂੰ ਦੇਖ ਕੇ ਤੁਹਾਨੂੰ ਲੱਗੇ, ਉਹ ਤੁਹਾਨੂੰ ਦੇਖ ਰਹੀ ਹੈ, ਉਸੇ ਨੂੰ ਚੁਣ ਲਵੋ, ਉਹੀ ਤੁਹਾਡੀ ਕਿਸਮਤ ਦੀ ਤਾਰਾ ਹੈ। ਮੈਂ ਆਪਣੀ ਤਾਰਾ ਨੂੰ ਤੁਰੰਤ ਪਛਾਣ ਲਿਆ। ਉਹ ਵੀ ਮੇਰੇ ਵੱਲ ਦੇਖ ਰਹੀ ਸੀ।

ਮੈਂ ਉਸ ਨੂੰ ਘਰ ਲੈ ਆਈ। ਮੇਰੀ ਕੰਧ 'ਤੇ ਟੰਗੀ-ਟੰਗੀ ਮੈਨੂੰ ਦੇਖਦੀ। ਉਸ ਦੀ ਪੂਜਾ ਕਰਾਂ, ਇਹ ਧਿਆਨ ਹੀ ਨਹੀਂ ਆਇਆ। ਕਿਤੇ ਭੁੱਲੇ-ਭਟਕੇ ਅਗਰਬੱਤੀ ਜਗਾ ਦਿੱਤੀ ਤਾਂ ਜਗਾ ਵੀ ਦਿੱਤੀ।

–ਤਾਰਾ ਮੈਨੂੰ ਚੰਗੀ ਲੱਗਦੀ ਹੈ।

ਰੇਲ ਯਾਤਰਾ ਦੌਰਾਨ ਮਿਲੇ ਇਕ ਲਾਮੇ ਨੂੰ ਮੈਂ ਕਿਹਾ। ਸ਼ਾਇਦ ਸੰਨ 2000 ਸੀ। ਉਹਨੇ ਰੇਲ ਵਿੱਚ ਹੀ ਮੈਨੂੰ ਤਾਰਾ-ਮੰਤਰ ਦੀ ਇਕ ਕਿਤਾਬ ਦਿੱਤੀ ਸੀ। ਬੋਲਿਆ ਸੀ -ਛੋਟਾ ਜਿਹਾ ਮੰਤਰ ਹੈ, ਕਦੇ ਕਦੇ ਪੜ੍ਹ ਲਿਆ ਕਰ ਪਰ ਜਦ ਪੜ੍ਹੇਂ, ਘੱਟੋ-ਘੱਟ ਇੱਕੀ ਵਾਰ। ਇੱਕੀ ਤਾਰਾਂ ਲਈ।

ਮੇਰੀਆਂ ਦੇਵੀਆਂ। ਅਵਲੋਕਿਤੇਸ਼ਵਰ ਦੇ ਹੰਝੂਆਂ ਵਿੱਚੋਂ ਨਿਕਲੀ ਤਾਰਾ। ਸਾਰੀਆਂ ਤਾਰਾਂ।

ਜਾਣੇ ਮੈਂ ਕੀ ਕਰਦੀ ਫਿਰਦੀ ਸੀ। ਉਹ ਮੈਨੂੰ ਦੇਖਦੀ ਹੋਏਗੀ, ਕਿ ਇਹਦੇ ਕੋਲ ਏਨਾ ਵੀ ਵਕਤ ਨਹੀਂ...

***

ਸਮਾਂ ਸੱਚਮੁੱਚ ਨਹੀਂ ਸੀ। ਜੀਵਨ ਜਿਵੇਂ ਜੀਅ ਨਹੀਂ, ਨਿਗਲਦਾ ਜਾ ਰਿਹਾ ਸੀ।

ਹੁਣ ਜਦ ਸਮਾਂ ਹੈ ਤਾਂ ਪੂਜਾ ਕਰਨੀ ਵੱਸ ਦੀ ਗੱਲ ਨਹੀਂ। ਹਾਂ, ਜਪ ਕਿਤੇ ਵੀ ਹੋ ਸਕਦਾ ਹੈ, ਤੁਰੇ-ਫਿਰਦੇ, ਸੈਰ ਕਰਦੇ, ਗੱਡੀ ਚਲਾਉਂਦੇ, ਬਗੀਚੇ ਵਿੱਚ ਕੁਰਸੀ 'ਤੇ ਪੈਰ ਫੈਲਾ ਕੇ ਬੈਠਿਆਂ ਵੀ।

ਪਰ ਵਿਚਕਾਰਲੇ ਵਰ੍ਹਿਆਂ ਵਿੱਚ ਕੁਝ ਅਜਿਹਾ ਹੋਇਆ, ਦੇਵੀ ਕੁਝ ਅਜਿਹੀ ਭਿਆਨਕ ਦਿੱਸਣ ਲਗੀ, ਖਾਸਕਰ ਜਪ ਕਰਦੇ ਸਮੇਂ ਕਿ ਡਰ ਦੇ ਮਾਰੇ ਮਾਲ਼ਾ ਛੱਡ ਦਿੱਤੀ। ਚੀਜ਼ਾਂ ਮੈਨੂੰ ਪਹਿਲਾਂ ਵੀ ਦਿੱਸਦੀਆਂ ਸਨ ਪਰ ਅਜਿਹਾ ਕਦੇ ਨਹੀਂ ਸੀ ਹੋਇਆ, ਉਹ ਵੀ ਜਪ ਕਰਦੇ ਸਮੇਂ।

ਕਿਸ ਨੂੰ ਕਹਾਂ?

ਇਕ ਰਾਤ ਮੈਂ ਕਹਿ ਹੀ ਦਿੱਤਾ, ਹਨੇਰੇ ਵਿੱਚ, ਕਿਨੌਰ ਦੇ ਨਾਕੋ ਪਿੰਡ ਬਾਹਰ, ਇੱਕਦਮ ਅਣਜਾਣ ਆਪਣੀ ਟੈਂਟ ਤੇ ਸੈਮੀਨਾਰ ਸਾਥਣ ਆਂਦਰੀਆ ਲੋਸਰੀਜ਼ ਨੂੰ। ਸ਼ਾਂਤੀ ਨਿਕੇਤਨ ਵਿੱਚ ਉਹ ਬੋਧੀ ਧਰਮ ਦੀ ਪ੍ਰੋਫੈਸਰ ਹੈੱਡ। ਤੰਤਰ ਸਾਧਨਾ ਲਈ ਉਹ ਸਮਸ਼ਾਨ ਜਾਂਦੀ ਸੀ, ਇਹ ਬਾਅਦ ਵਿੱਚ ਦੱਸਿਆ।

-ਆਂਦਰੀਆ, ਇਹ ਸਭ ਪਤਾ ਨਹੀਂ ਕਿਥੋਂ ਮੇਰੇ ਅੰਦਰ ਆ ਗਿਆ, ਇਕ ਦੇਵੀ ਨੂੰ ਏਦਾਂ ਸੋਚਣਾ, ਏਨਾ ਅੰਤਰੰਗ ਮਹਿਸੂਸ ਕਰਨਾ..., ਪਤਾ ਨਹੀਂ ਮੈਂ ਤਾਰਾ ਦੇ ਅੰਦਰ ਜਾਂਦੀ ਹਾਂ ਜਾਂ ਉਹ ਮੇਰੇ ਅੰਦਰ।

ਕਾਫੀ ਦੇਰ ਤਕ ਹਨੇਰੇ ਵਿੱਚ ਕੋਈ ਆਵਾਜ਼ ਨਹੀਂ, ਜਵਾਬ ਨਹੀਂ, ਆਂਦਰੀਆ ਰੋ ਰਹੀ ਹੈ।

-ਤੈਨੂੰ ਕੀ ਬੁਰਾ ਲੱਗਿਆ? ਮੈਂ ਤੈਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਬਹੁਤ ਅਜੀਬ ਗੱਲ ਦੱਸਣਾ ਚਾਹੁੰਦੀ ਹਾਂ।

-ਕਮਲ਼ੀਏ, ਮੈਂ ਤਾਂ ਖੁਸ਼ੀ ਵਿੱਚ ਤੇਰੇ ਲਈ ਰੋ ਰਹੀ ਹਾਂ। ਤੈਨੂੰ ਕਿਸੇ ਕਿਤਾਬ ਦੀ ਲੋੜ ਨਹੀਂ ਧਰਮ ਨੂੰ ਜਾਨਣ ਲਈ। ਤੂੰ ਦਰਵਾਜ਼ੇ ਤੱਕ ਪੁੱਜ ਗਈ ਹੈਂ।

ਦਰਵਾਜ਼ਾ! ਕਿਹੜਾ ਦਰਵਾਜ਼ਾ?

***

-ਤੁਸੀਂ ਗਾਇਤਰੀ ਦਾ ਜਪ ਕਰਿਆ ਕਰੋ। ਤੁਹਾਡਾ ਭਲਾ ਹੋਏਗਾ। ਆਕਾਰ-ਧਿਆਨ ਕਰਨਾ ਹੈ ਤਾਂ ਦੇਵੀ-ਰੂਪ, ਨਿਰਾਕਾਰ-ਧਿਆਨ ਕਰਨਾ ਹੈ ਤਾਂ ਅੰਤਰਿਕਸ਼ ਵਿੱਚ ਫੈਲਿਆ ਪ੍ਰਕਾਸ਼।

ਸ਼ਾਂਤੀਕੁੰਜ ਵਾਲਿਆਂ ਨੇ ਕਿਹਾ, ਵੈਸਾ ਸੰਤਾਪ ਦੇਖ। ਪਿੰਡਦਾਨ ਕਰਾਉਂਦੇ ਵੇਲੇ।



ਮੈਨੂੰ ਅੰਤਰਿਕਸ਼ ਧਿਆਨ ਚੰਗਾ ਲੱਗਿਆ।

ਜਹਾਜ਼ ਵਿੱਚੋਂ ਦੇਖੋ ਤਾਂ ਜਿਵੇਂ ਆਸਮਾਨ ਤੁਹਾਨੂੰ ਆਪਣੇ ਵੱਲ ਖਿੱਚਦਾ ਹੈ। ਕੋਈ ਅਦ੍ਰਿਸ਼ ਤੁਹਾਨੂੰ ਓਟੇ ਦੇ ਓਹਲਿਓਂ ਦੇਖ ਰਿਹਾ ਹੁੰਦਾ ਹੈ, ਕਿੰਨਾ ਸੱਚਾ ਲੱਗਦਾ ਹੈ।

ਤੇ ਤਾਰਾ? ਜੋ ਮੇਰੀ ਆਵਾਜ਼ ਸੁਣ ਕੇ ਦੌੜੀ ਚਲੀ ਆਉਂਦੀ ਸੀ? ਦੂਰ ਕਿਧਰੇ ਦੇਖਦੀ ਉਸ ਦੀਆਂ ਖੁੱਲ੍ਹੀਆਂ ਅਝਮਕ ਅੱਖਾਂ?

-ਤੁਸੀਂ ਤਾਰਾ-ਅਭਿਸ਼ੇਕ ਲੈ ਲਓ। ਪਰਮ-ਪਾਵਨ ਸਾਰਨਾਥ ਆ ਰਹੇ ਨੇ। ਤੁਸੀਂ ਵੀ ਆ ਜਾਓ ਉਸ ਵੇਲੇ।

ਕਈ ਸਾਲਾਂ ਬਾਅਦ ਪ੍ਰੋਫੈਸਰ ਸਾਮਤੇਨ ਕਹਿੰਦੇ ਹਨ, ਮੇਰਾ ਤਾਰਾ-ਵਿਯੋਗ ਸੁਣ ਕੇ।

4

ਸ਼ਰ ਕੋ ਦੋਸ਼ ਦੂੰ, ਕਿ ਦੂੰ ਇਸ ਸ਼ਰੀਰ ਕੋ
ਘਾਵ ਯਹ ਮੇਰਾ ਮੁਝੇ ਕਿਸ ਨੇ ਦੀਆ ਹੈ।

ਪੜ੍ਹਦੇ-ਪੜ੍ਹਦੇ ਉਹਨਾਂ ਦੀ ਆਵਾਜ਼ ਭਰ ਆਉਂਦੀ ਹੈ। ਬੋਧੀ ਧਰਮ ਗ੍ਰੰਥ (ਬੁਧਿਚਾਰਾਯਵਤਾਰ) ਵਿੱਚੋਂ ਦਲਾਈ-ਲਾਮਾ ਉਪਦੇਸ਼ ਦੇ ਰਹੇ ਹਨ। ਬੋਧੀ ਧਰਮ ਦਾ ਮੂਲ ਗਰੰਥ। ਚਾਲੀ ਹਜ਼ਾਰ ਲੋਕ ਬੈਠੇ ਹਨ। ਜਾਣੇ ਕਿੰਨੀ ਵਾਰ ਇਸ ਗ੍ਰੰਥ ਵਿੱਚੋਂ ਇਹ ਉਪਦੇਸ਼ ਦੇ ਚੁੱਕੇ ਹਨ, ਦੇਸ਼-ਵਿਦੇਸ਼ ਵਿੱਚ। ਫਿਰ ਵੀ ਪਿਘਲ ਜਾਂਦੇ ਹਨ।

ਆਵਾਜ਼ ਤੇ ਚਿਹਰਾ ਅਜਿਹਾ ਪਾਰਦਰਸ਼ੀ ਕਿ ਦੂਰ ਤੱਕ ਸਭ ਦਿੱਸਦਾ ਹੈ। ਉਹਨਾਂ ਦੇ ਅੰਦਰਲਾ ਦ੍ਰਿਸ਼। ਜਿਵੇਂ ਮਾਇਆਦੇਵੀ ਦਾ ਪੇਟ ਹੋਵੇ ਜਦ ਸਿਧਾਰਥ ਉਹਨਾਂ ਦੇ ਪੇਟ ਵਿੱਚ ਸੀ।

ਇਸ ਆਦਮੀ ਨੇ ਆਪਣੇ ਅੰਦਰਲੇ ਚਿੱਕੜ ਨੂੰ ਜੰਮ੍ਹਣ ਨਹੀਂ ਹੋਣ ਦਿੱਤਾ, ਹਰ ਕੋਈ ਦੇਖ ਸਕਦਾ ਹੈ।

ਭਲਾ ਹੋਵੇ ਪ੍ਰੋਫੈਸਰ ਸਾਮਤੇਨ ਦਾ, ਜਿਹਨੇ ਇਥੇ ਸਾਰਨਾਥ ਆਉਣ ਦੀ ਪ੍ਰੇਰਨਾ ਦਿੱਤੀ। ਕਿਹਾ, ਤੁਹਾਨੂੰ ਇਹ ਮੌਕਾ ਗਵਾਉਣਾ ਨਹੀਂ ਚਾਹੀਦਾ। ਉਹਨਾਂ ਨੇ ਸਾਰੇ ਇੰਤਜ਼ਾਮ ਕਰਵਾ ਦਿੱਤੇ, ਚੁੱਪਕੇ, ਬਿਨਾਂ ਦੱਸੇ।

ਤੇ ਮੈਂ? ਜਿਵੇਂ ਕੋਈ ਸੁਫਨੇ ਵਿੱਚ ਪਾਣੀ 'ਤੇ ਤੁਰ ਪਵੇ ਤੇ ਅੱਖ ਖੁੱਲ੍ਹਣ 'ਤੇ ਦੇਖੇ ਕਿ ਉਹ ਉਸ ਪਾਰ ਪੁੱਜ ਚੁੱਕਾ ਹੈ।

'ਉਸ ਪਾਰ' ਜਾਣੀ ਪਰਮ-ਪਾਵਨ ਦੇ ਮੰਚ ਦੇ ਠੀਕ ਪਿੱਛੇ। ਕੱਚ ਦੀ ਦੀਵਾਰ ਵਾਲੇ ਪੂਜਾ ਘਰ ਵਿੱਚ।

ÇÔÕ êÅÃ¶ÁÃÆË¶Ôí ÕÂÆçÃ- êçð»ñÕÍ ìÅÔð íÆ- íóØ¶å°Áñ¼, êðî -êÅé ç¶ì ç»ç¶ÇØçî Õñ Í ÷ðÕÅÃÆ¶ÅÚ³×ÅÕðî ÇÅð¶åØñËÅÇÁÅÔË

îËÔÆù òË, îËÔÆçòÅ

êðÚÅðÕí ÆËù, ìÆÅð ÇÂÃ Çôò ÕÅ

Ãí Õ¶ÅòÃæÔé¶åØ

-ÇÂÃ êÅá ç¶ÕÞÁ³ð ìÔå ÁÃð Õðé òÅñ¶é¶ÔÆ ÀÔÕÇç¶Ôéí

ìçìçÅÔà îÅÂÆ À¼ð òÆÃË ÃäÅÂÆç³çÆÔË ÁÅêäÆÁÅòÅ- ç¶

ÁÃðå°Áä Ç¼ÀÔÁ¼¶ÁÅÜ»ç¶Ôéí ÁÅêäÆçÁÅðÆÇåÅ ç¶êÅá ÇÚÍ

ਜਿਨਹੇਂ ਤਾਲਾਸ਼ ਹੋ ਕਿਸੀ ਦੀਪ ਕੀ, ਦੀਪ ਬਨੂੰ ਉਨਕਾ ਮੈਂ
ਜਿਨਹੇਂ ਤਾਲਾਸ਼ ਹੋ ਪ੍ਰਕਾਸ਼ ਕੀ, ਬਨੂੰ ਉਨਕਾ ਦੀਪ
ਜਿਨਹੇਂ ਚਾਹੀਏ ਹੋ ਵਿਸ਼ਰਾਮ, ਵਿਛੌਨਾ ਬਨੂੰ ਉਨਕਾ ਮੈਂ
ਦਾਸ ਕੀ ਚਾਹ ਹੋ, ਬਨੂੰ ਉਨਕਾ ਦਾਸ

ਅਦਭੁੱਤ ਹਨ ਇਹ ਪਲ। ਆਪਣੇ ਜਲੌਅ ਨੂੰ ਇਵੇਂ ਦੇਖਣਾ। ਪੁਸਤਕ ਦੀ ਇਕੱਲ ਤੇ ਸ਼ਰਧਾਲੂਆਂ ਦੀ ਭੀੜ ਵਿੱਚ, ਇਕੋ ਸਮੇਂ। ਪੁਸਤਕ ਵਿੱਚ ਡੁੱਬੇ ਹੋਏ, ਭੀੜ ਤੋਂ ਅਣਭਿੱਜੇ।

ਕਹਾਂ ਮਿਲੇਗਾ ਮੁਝੇ ਇਤਨਾ ਚਰਮ
ਕਿ ਢੱਕ ਸਕੂੰ ਸਾਰੀ ਪ੍ਰਿਥਵੀ ਕੋ ?
ਢੱਕ ਲੂੰ ਮਗਰ ਤਲਵੇ ਅਗਰ
ਸਾਰੀ ਪ੍ਰਿਥਵੀ ਢਕਨੇ ਕੇ ਬਰਾਬਰ ਹੈ

ਦੂਰ-ਦੂਰ ਤੋਂ ਲੋਕ ਉਹਨਾਂ ਨੂੰ ਸੁਣਨ ਆਏ ਹਨ। ਬਰਫੀਲੇ ਪਹਾੜਾਂ ਨੂੰ ਪਾਰ ਕਰਕੇ, ਸੀਮਾ-ਪੁਲੀਸ ਦੀਆਂ ਗੋਲ਼ੀਆਂ ਤੋਂ ਲੁਕਦੇ-ਛਿਪਦੇ। ਹਰ ਸਾਲ ਰਸਤਾ ਬਦਲਦੇ ਤਾਂ ਕਿ ਫੜੇ ਨਾ ਜਾਣ। ਤਿੱਬਤ ਤੋਂ, ਦੂਰ ਮੰਗੋਲੀਆ, ਰਸ਼ੀਆ, ਯੋਰਪ, ਅਮਰੀਕਾ ਤੋਂ। ਭਾਰਤ ਤੋਂ ਵੀ।

ਕੁਝ ਬੋਧੀ, ਕੁਝ ਜਗਿਆਸੂ।

-ਜਗਿਆਸਾ ਚੰਗੀ ਚੀਜ਼ ਹੈ। ਕਿਸੇ ਧਰਮ ਦੇ ਬਾਰੇ ਜਾਨਣਾ ਚਾਹੁੰਦੇ ਹੋ, ਜ਼ਰੂਰ ਜਾਣੋ। ਪਰ ਧਰਮ ਨੂੰ ਅਪਣਾਉਣਾ ? ਇਹ ਇਕ ਨਾਜ਼ੁਕ ਵਿਸ਼ਾ ਹੈ। ਇਹਦੇ ਨਾਲ ਜੀਵਨ ਵਿੱਚ ਘਨਘੋਰ ਉੱਥਲ-ਪੁੱਥਲ ਹੋ ਸਕਦੀ ਹੈ। ਕਿਸੇ ਧਰਮ ਨੂੰ ਅਪਣਾਉਣ ਨਾਲ ਲਾਭ ਦੀ ਥਾਂ ਹਾਨੀ ਜ਼ਿਆਦਾ ਹੋ ਸਕਦੀ ਹੈ। ਜਿਥੇ ਤੱਕ ਹੋ ਸਕੇ ਇਵੇਂ ਨਹੀਂ ਕਰਨਾ ਚਾਹੀਦਾ। ਹਰ ਧਰਮ ਵਿੱਚ ਚੰਗੀਆਂ ਗੱਲਾਂ ਹਨ। ਇੱਥੇ ਆਉਣ ਦਾ ਫਲ ਇਹ ਹੋਣਾ ਚਾਹੀਦਾ ਹੈ ਕਿ ਤੁਸੀਂ ਵਾਪਸ ਜਾ ਕੇ ਆਪਣੀ ਪਰੰਪਰਾ ਦਾ ਡੂੰਘਾ ਅਧਿਅਨ ਕਰੋ, ਸੋਚ ਵਿਚਾਰ ਕਰੋ।

ਬਾਰ-ਬਾਰ ਚੇਤਾ ਕਰਾ ਰਹੇ ਹਨ ਦਲਾਈ ਲਾਮਾ। ਫਿਰ ਵਾਪਸ ਮੁੜ ਜਾਂਦੇ ਹਨ, ਪੁਸਤਕ ਦੇ ਪਾਠ ਵੱਲ।

ਕਿਆ ਲਾਭ ਇਸ ਦੇਹ ਕਾ
ਖਾਨੇ ਲਾਇਕ ਨਹੀਂ ਜਿਸਕਾ ਗੰਦਾ ਭੀਤਰ
ਪੀਨੇ ਲਾਇਕ ਨਹੀਂ ਜਿਸਕਾ ਰਕਤ
ਚੂਸਨੇ ਲਾਇਕ ਨਹੀਂ ਜਿਸਕੀ ਅੰਤੜੀਆਂ ?

ਕੀ ਅਰਥ ਹਨ ਉਹਨਾਂ ਦੇ ਹੋਣ ਦੇ ? ਪੰਜਾਹ ਸਾਲ ਪਹਿਲਾਂ ਹੋਈ ਉਹਨਾਂ ਦੀ ਹਿਜ਼ਰਤ ਦੇ ? ਭਾਰਤ ਵਿੱਚ ਸ਼ਰਣ ਲੈਣ ਦੇ ?

ਕੀ ਮਾਇਨੇ ਹਨ ਮੇਰੇ ਲਈ ਉਹਨਾਂ ਨੂੰ ਦੇਖ ਸਕਣ ਦੇ ?

ਤਿੱਬਤ ਵਿੱਚ ਰਹੇ ਹੁੰਦੇ ਉਹ, ਤਾਂ ਏਨੀ ਨੇੜਤਾ ਤੋਂ ਉਹਨਾਂ ਨੂੰ ਦੇਖਣ-ਸੁਣਨ ਦਾ ਸੋਚ ਵੀ ਨਹੀਂ ਸਕਦੇ ਸੀ।

ਨਿਪਟ ਅਕੇਲੇ ਹੀ ਯਦਿ ਜਾਨਾ ਥਾ ਮੁਝੇ ਕਹੀਂ ਔਰ
ਕਿਆ ਫਲ ਮਿਲਾ ਇਤਨੇ ਮਿੱਤਰ-ਸ਼ਤਰੂ ਬਨਾ ਕਰ ?

ਨਾ ਆਏ ਹੁੰਦੇ ਉਹ ਭਾਰਤ ਤਾਂ ਸਾਨੂੰ ਸੱਚੇ ਤੇ ਝੂਠੇ ਸੰਤ ਦਾ ਫ਼ਰਕ ਪਤਾ ਨਾ ਚਲਦਾ।



ਸੰਤ ਦਾ ਹਲਕਾਪਨ ਕੀ ਹੁੰਦਾ ਹੈ, ਕਿਵੇਂ ਉਹ ਚੱਲ ਲੈਂਦਾ ਹੈ ਸੰਸਾਰ ਦੀ ਅੱਗ ਤੇ ਪਾਣੀ 'ਤੇ, ਇਹਦਾ ਅੰਦਾਜ਼ਾ ਨਾ ਲੱਗਦਾ। ਸਦੀਆਂ ਪੁਰਾਣੇ ਉਪਦੇਸ਼ਾਂ ਨੂੰ ਸਰਾਹਣੇ ਰੱਖ ਕਿਵੇਂ ਜੀ ਲੈਂਦੇ ਹਾਂ, ਇਸ ਦਾ ਪਤਾ ਨਾ ਚਲਦਾ।

ਇਵੇਂ ਨਹੀਂ ਕਿ ਉਹਨਾਂ ਤੋਂ ਪਹਿਲਾਂ ਸਾਡੇ ਇੱਥੇ ਵੱਡੇ ਸੰਤ ਨਹੀਂ ਸਨ। ਪਰ ਜੋ ਸਨ ਦੁਨੀਆਂ ਦੇ ਸਾਹਮਣੇ ਨਹੀਂ ਸਨ ਆਉਂਦੇ। ਤੇ ਜਿਹੜੇ ਸਾਹਮਣੇ ਆਉਂਦੇ, ਦੇਰ-ਸਵੇਰੇ ਉਹਨਾਂ ਦੀ ਕੋਈ ਖੋਟ ਉਜਾਗਰ ਹੋ ਜਾਂਦੀ।

ਕਿਆ ਕਰਨਾ ਦੁੱਖ ਉਸ ਕੇ ਲੀਏ
ਜਿਸਕਾ ਕੋਈ ਉਪਾਏ ਹੈ
ਕਿਆ ਕਰਨਾ ਉਸਕਾ ਦੁੱਖ
ਜਿਸਕਾ ਕੋਈ ਉਪਾਏ ਨਹੀਂ

ਚਾਲੀ ਹਜ਼ਾਰ ਲੋਕ ਝੁਕੇ ਹੋਏ ਹਨ ਪੁਸਤਕ ਉਪਰ।

ਸੰਘ ਵਿੱਚ ਇਵੇਂ ਵਿਚਾਰਾਂ ਕਰਦੇ ਰਹਿਣਗੇ ? ਬਿਨਾਂ ਜੀਏ ਇਸੇ ਤਰ੍ਹਾਂ ਛੱਡਦੇ ਹੋਣਗੇ ?

ਚਕਰਵਿਊ ਉੱਥੇ ਹੈ, ਜਿਥੇ ਵਿਅਕਤੀ ਖੁਦ ਇਕ ਵਾਰ ਜੀ ਕੇ, ਭੋਗ ਕੇ ਪੜਤਾਲ ਕਰਨਾ ਚਾਹੁੰਦਾ ਹੈ।

ਰਾਤ-ਰਾਤ ਭਰ ਲੋਕ ਬੈਠੇ ਰਹਿੰਦੇ ਹਨ, ਠੰਢ ਵਿੱਚ, ਟੈਂਟਾਂ ਵਿੱਚ, ਆਪਣੀ ਬੈਠਣ-ਜਗ੍ਹਾ ਦੀ ਰੱਖਿਆ ਕਰਦੇ ਹੋਏ। ਕੀ ਦੇਖਣ ਆਉਂਦੇ ਹਨ ਉਹਨਾਂ ਵਿੱਚ ?

ਢਾਈ ਸਾਲ ਪਹਿਲਾਂ ਲਹਾਸਾ ਗਈ ਸਾਂ ਤਾਂ ਹਰ ਕੋਈ ਪੁੱਛਦਾ ਸੀ ਉੱਥੇ, ਭਾਰਤੋਂ ਆਈ ਹੈਂ, ਤੁਸੀਂ ਉਹਨਾਂ ਨੂੰ ਦੇਖਿਆ ਹੈ ? ਉਹਨਾਂ ਨੂੰ ਦੇਖਿਆ ਹੈ ! ਜਿਵੇਂ ਸ਼ਰਣ ਲੈਣ ਤੋਂ ਬਾਅਦ ਮੇਰੇ ਪਿੰਡ ਰਹਿੰਦੇ ਹੋਣ ਉਹਨਾਂ ਦੇ ਦਲਾਈ ਲਾਮਾ।

ਹਰ ਸਾਲ ਇਕ ਹੋਰ ਸਾਲ ਵੱਡੇ ਹੁੰਦੇ ਜਾਂਦੇ ਹਨ ਉਹ। ਤਿੱਬਤੀਆਂ ਦਾ ਦਿਲ ਥੋੜ੍ਹਾ ਹੋਰ ਡੁੱਬ ਜਾਂਦਾ ਹੈ। ਵਾਪਸ ਮੁੜ ਸਕਣਗੇ ਆਪਣੇ ਦੇਸ਼-ਘਰ, ਜਿਥੋਂ ਕੀਤਾ ਸੀ ਸ਼ੁਰੂ ? ਕੀ ਹੋਏਗਾ ਉਹਨਾਂ ਦੇ ਬਾਅਦ ?

ਰਾਮ ਦੇ ਪਿੱਛੇ ਚਲਦੇ-ਚਲਦੇ ਅਯੁਧਿਆ ਵਾਸੀ ਸਭ ਡੁੱਬ ਮਰੇ ਸਨ ਸਰਯੂ ਨਦੀ ਵਿੱਚ, ਕਿਤੇ ਉਹੋ ਜਿਹਾ ਹੀ ਤਾਂ ਨਹੀਂ ਹੋਏਗਾ ?

ਭਯਬੀਤ ਹੋਨੇ ਕੋ
ਕੁਛ ਵੀ ਨਹੀਂ ਕਹੀਂ ਭੀ
ਸਿਵਾਏ ਮੇਰੇ ਮਨ ਕੇ

ਜਿਵੇਂ-ਜਿਵੇਂ ਪਾਰ ਅੱਗੇ ਵਧਦਾ ਹੈ, ਦਲਾਈ ਲਾਮਾ ਦੇ ਉਪਦੇਸ਼ ਵਿੱਚ ਸਮਾਜਿਕ ਦਖਲ ਦੇਖਣ ਨੂੰ ਮਿਲਣ ਲਗਦਾ ਹੈ। ਤਿੱਬਤੀ ਸਮਾਜ ਦੀਆਂ ਕੁਰੀਤੀਆਂ ਉੱਪਰ ਉਹ ਖੁੱਲ੍ਹ ਕੇ ਬੋਲਦੇ ਹਨ, ਕੀ ਨਹੀਂ ਕਰਨਾ, ਕਿਵੇਂ ਨਹੀਂ ਜੀਣਾ, ਸ਼ਰਨਾਰਥੀ ਦੀ ਭੂਮਿਕਾ ਕਿਵੇਂ ਨਿਭਾਉਣੀ ਹੈ, ਸਭ ਦੱਸਦੇ ਹਨ। ਆਪਣੇ ਕੰਠ ਵਿੱਚੋਂ ਨਹੀਂ, ਆਪਣੇ ਦਿਲ ਦੀਆਂ ਗਹਿਰਾਈਆਂ ਵਿੱਚੋਂ ਬੋਲਦੇ ਹਨ।

ਧਰਮਗੁਰੂ ਦੇ ਉੱਚੇ ਰੁਤਬੇ ਨਾਲ ਨਹੀਂ, ਪਰਿਵਾਰ ਦੇ ਵੱਡੇ-ਵਡੇਰੇ ਵਾਲੇ ਰੁਤਬੇ ਨਾਲ।

5

ਰਾਤ ਪੜ੍ਹ ਰਹੀ ਹਾਂ ਬੋਧਿਚਯਰਾਤਵਤਾਰ, ਆਪਣੇ ਹੋਟਲ ਦੇ ਕਮਰੇ ਵਿੱਚ। ਦੋਹਰਾ ਰਹੀ ਹਾਂ ਉਹ ਪਾਠ ਜਿਹੜਾ ਅੱਜ ਸਵੇਰੇ ਪੜ੍ਹਾਇਆ ਸੀ। ਕੱਲ੍ਹ ਜਿਹੜਾ ਪੜ੍ਹਾਇਆ ਜਾਣਾ ਹੈ ਉਹਨੂੰ ਵੀ ਦੇਖ ਲਵਾਂ।

ôð Õ¯ç ô ç±Ç Õ ç±ÇÂÃ ôðÆÕ¯

ØÅ ï Ôî ¶Åî Þ¶ÇÃé¶ç ÆÅÔË

òÅ-òÅ ÇÂÃ Áô Ú¶ÁÅÕ¶ÇÀºÁÅë¾Ü»ç ÆÔ»?

ÕÅÕñ¶ÜÅÇ³éä òÅñ¶Çî Ôé ô»åÆ¶ çÆÕÇåÅÇÚÍ Çî

ÇÔñ ÀÀ ç ÅÔËÇ ÀÔ×ñ¼Ü¯ÀÃ ç¶ÃÔÅ¶ÕÔÆÜÅðÔÆÔË

ÇÕæ¯ÁÀ ç ÅÔËÇî ÕÇåÅÇÚ? ÕñêéÅÇÚ¼ºå» Çñ Õñ éÔÆ ÁÃÇÔÇÜÔÅÜ¯Ø³ çÅÔÃ¶Å Õ ÅÇ- Çðç¶Ç¶ÁÅñ¶ÇÚ¼, ÀÃ¶ÇÚ¼êØçÅÔÃ¶Å Çî ? ÇÜò¶ëàÕóÆÁ¼ ÇÚ¼Üñ Åí å»åÃòÆÇÜÔÆ äé ñ¾çÆË

çÆÅ ÀÆ¼ð ÀÆ½ð ÁÀ¶Ôé êðî-êÅ éÍ ÇÜò¶Çéî ¶ç¶êðç¶À êðÍ

à¯êÆêÀÀ¶ÔÃÀ¶ÔËé Æ¶ð³× çÅ×ÀÅ±éÍ ÇÕÃ¶ ¼Ãî ÅÕÔòÅñÅêÇÕðÅ Á î ½Æ¶êÅñ

ÛÔÅÕ¶ÇÔñ ÕÅÇÜÔÅÔ¾ÇÔñ ÀÅ ç¶ÇÔéÍ ÔË¯, ÕÇÇç¶éÔÆÕðç¶ÇÔéÍ

î ËÃðÃðÆÇÜÔ¶ç¶Çç ÆÔ»å¶ÁåÕò¼òÅÃî ð Ü»çÆÔÍ ô»åÆ¶ é¶ êÆåð» ÕÆ ðÇÁÅÔËÇÃÃ ò¶¶

çÃ Ç³å ìÀç Çêð Àð¶ÇÔÆÕ³ê ÀÆ¾ð ÀÆ½ðç¶Çé, ÔÀÇÔñ ÀÀ ç¶Çé, è³ç ñ¶Ç¯Ü»ç¶ÇéÍ

ç±ÜÆ Å ÷î ËÇå Å ðÙÇ³ç ÆÔÍ ÕÆÕÇÔÅÔËÇÃÃ Õî ð¶ÇÚ¼? ÇÂÃ Õ³Ú¶ Ç¶ ÇÂæ¶Ç¯ÃÆÃÆÃÆÃæ òÆÔÆÕî ¶ÅÃðÅÃÇÁé ÇÕåÅ ÇÚ¼ÃÆÆî ËÀÔé»î ÅÂ¶ ÃÜ òÆÔÆÃÆÃÕÆÕçÕçÆÔé ç ç¶Çé ÇÂæ¶ ¶¶Çî ð¶ÇÚ¼?

àÇÔñ ðÔÆÔ» ÇÂ¾ð úèðÍ Õî ð¶ÇÚ¼ÔÆÕÔå¶Ôå¶ÇÂÔî ËÕÆÇ¶ÇÜÁÅ?

ÁÀ¶Ôä×¶ì ¾òÆÇÂò¶ÇÔÆÜ»ç¶ÇÃé ÁÅä¶ ×å»Õñ Íð Å ù Ã½å°

êÇÔñ»Í ÁÅä¶ÆÇ¼ò-é÷ð éÅñ ç¶Ç¶ÇÃí ùÍ ÕÆåÅêðî-ÇåÅò ÆÅ ÇÜÔÅÔÆ

ÕÞ Õðç¶ÇÔäÍ

î ËêË× ÂÆÔ»ÜÅÕ¶Ã½ ÂÆÔÍ ÕÃÆÔñÚ¼é ÔÆÇ³ñ ÇÂÕç î »åÍ

***

Ãò¶¶Á¼òÜ¶çÅ×Ë-Çå¼åÆ»ù òÕå Ç¼ÅÇ× ÁÅçðôé ç¶ çÅ

ÀÊç¶å ¹êÇÔñ» ÁÅ¶ØÃ¶çÅÒ¼å Õå åÕðÆé Çå¼ Ã¼Çç¶ÆÆ× ÆÇ¶Ç¼Üî »

ÔéÍ çñÀÀÆñÅ ÅÇåð Ú¶¶ÕðÅðÔ¶éÍ èðî ×ÇÂä ÕðéÅÇÂÕ éÅ-Õ ÇåôÅÔË

ñÅ çÆà»ÇÂÃ Ç¼Úî é ù éÕÃÆé Ôä çÆ Ãò Åé Åòè¶¶ÔËÕÃÆÆÆñ ÅÕðé å°

êÇÔñ»åÃÇÂÃ ÀÇ¼ð ÃÅ èÅ ÆÆñ ÇÚÀÅ ÕðÍ

í Æå°çð, Ãí å°Çê¼¶Ãí å°çð ÜóÆÔ»î Ë ç¶ÔÆÔ»Ãí À³¯ÔÆ

êåÅÔËÇÕÃ¶µ ÕÞ, Õ¼·ðÅ ÕÆÇÂÁÅî ¶Çî ðç¶ÆÔ Ú¶



ਸੁੰਦਰ, ਖ਼ੁਸ਼ਨੁਮਾ ਸਵੇਰ ਹੈ ਇਹ। ਕਿਵੇਂ ਤਾਜ਼ਾ ਫੁੱਲ ਖਿੜੇ ਹੋਣ ਚਾਰੇ ਪਾਸੇ ਤਿੱਬਤੀ ਸੰਸਥਾਨ ਵਿੱਚ।

ਮੈਂ ਨਹੀਂ ਦੇਖ ਰਹੀ ਉਹਨਾਂ ਨੂੰ, ਸਿਰਫ ਸੁਣ ਰਹੀ ਹਾਂ। ਮਾਈਕ ਤੋਂ ਆਉਂਦੀ ਉਹਨਾਂ ਦੀ ਆਵਾਜ਼ ਨੂੰ। ਦੇਖ ਫੁੱਲਾਂ ਨੂੰ ਰਹੀ ਹਾਂ, ਸੜਕ ਨੂੰ, ਪੁਰਾਣੇ ਰੁੱਖਾਂ ਨੂੰ।

ਟੱਪ! ਅਚਾਨਕ ਟੱਪ ਕਰਕੇ ਇਕ ਗੋਲਾ, ਡਿਗਦਾ ਹੈ, ਉੱਛਲਦਾ ਹੈ। ਅਦਿੱਸ। ਫਿਰ ਦੂਜੀ ਵਾਰ। ਦੂਜੀ ਵਾਰ ਮੈਂ ਧਿਆਨ ਨਾਲ ਦੇਖਦੀ ਹਾਂ। ਕਿੱਥੋਂ ਆਇਆ ਇਹ ਗੋਲ਼ਾ?

ਦਿਲ ਹੈ ਕਿ ਗੇਂਦ ਹੈ, ਲਹੂ-ਮਾਸ ਦੀ? ਸੀਨੇ ਤੋਂ ਬਾਹਰ ਇਕ ਟੱਪਾ ਘਾਹ 'ਤੇ। ਦੂਜਾ ਟੱਪਾ ਨਹੀਂ। ਗੇਂਦ ਵਾਪਸ ਫਿਰ ਸੀਨੇ ਵਿੱਚ ਅੰਦਰ। ਹੱਡੀਆਂ ਦੇ ਹੇਠ।

ਕੀ ਹੋ ਰਿਹਾ ਹੈ ਇਹ? ਬਹੁਤ ਦੂਰ ਖੜੇ ਹਨ ਉਹ। ਸਭਾ ਸਮਾਪਤ ਕਰ ਰਹੇ ਹਨ। ਉਹਨਾਂ ਦੇ ਕਾਰਨ ਹੀ ਟੱਪ ਰਿਹਾ ਸੀ ਦਿਲ ਦਾ ਗੋਲ਼ਾ?

ਵਕਤ ਹੋ ਗਿਆ। ਚੱਲਾਂ ਉਪਦੇਸ਼ ਲਈ। ਭੀੜ ਹੋ ਜਾਏਗੀ।

***

-ਕਈ ਦਿਨਾਂ ਤੋਂ ਤੁਹਾਨੂੰ ਦੂਰੋਂ-ਦੂਰੋਂ ਦੇਖ ਰਿਹਾਂ। ਵਾਕਫ਼ੀ ਨਹੀਂ ਹੈ ਤੁਹਾਡੇ ਨਾਲ।

ਬੌਬ ਥਰਮਨ ਮੰਦਰ ਦੀਆਂ ਪੌੜੀਆਂ 'ਤੇ ਮਿਲ ਗਏ ਹਨ।

-ਜੀ, ਮੈਂ ਪਰ ਤੁਹਾਡੇ ਬਾਰੇ ਜਾਣਦੀ ਹਾਂ। ਫਿਰ ਮੈਂ ਆਪਣਾ ਨਾਂ ਦੱਸਦੀ ਹਾਂ।

ਸੁਣ ਕੇ ਕਹਿੰਦੇ ਹਨ, -ਵੱਟ ਏ ਨੇਮ! ਇਕ ਦਮ ਬੋਧੀ। ਕਿਹਨੇ ਰੱਖਿਆ?

-ਮੇਰੇ ਪਿਤਾ ਨੇ। ਰੱਖਿਆ ਤਾਂ ਗਗਨੰਤਰ ਸੀ, ਮੈਂ ਛੋਟਾ ਕਰ ਦਿੱਤਾ, ਸਕੂਲ ਵਿੱਚ ਮੈਡਮ ਤੋਂ ਲੈ ਨਹੀਂ ਸੀ ਹੁੰਦਾ।

-ਉਹ ਤਾਂ ਹੋਰ ਵੀ ਬੋਧੀ ਹੈ, ਗਗਨੰਤਰ! ਕੁਝ ਸੋਚ ਕੇ ਅੱਖਾਂ ਚਮਕਣ ਲੱਗਦੀਆਂ ਹਨ ਉਹਨਾਂ ਦੀਆਂ। -ਪਤੈ, ਇਹ ਆਕਾਸ਼ ਵਿੱਚ ਰਹਿਣ ਵਾਲੀਆਂ ਦੇਵੀਆਂ ਨੂੰ ਕਹਿੰਦੇ ਹਨ? ਡਾਕਿਨੀਆਂ। ਜਿਵੇਂ ਪਰਾਗਿਯਾਪਾਰਮਿਤਾ ਆਕਾਸ਼ ਵਿੱਚ ਰਹਿੰਦੀਆਂ ਹਨ।

-ਮੇਰੇ ਪਿਤਾ ਗਗਨ ਨਾਮ ਤੋਂ ਬਹੁਤ ਨਾਖੁਸ਼ ਸਨ। ਕਹਿੰਦੇ ਸਨ, ਇਹ ਵੀ ਕੋਈ ਨਾਂ ਹੈ? ਗਗਨ ਜਾਣੀ ਸ਼ੂਨਯ। ਸਾਰੀ ਉਮਰ ਇਕੱਲੀ ਰਹੇਂਗੀ।

-ਹਾਂ ਸ਼ੂਨਯ, ਪਰ ਹਰ ਬੋਧੀ ਜਿਹਨੂੰ ਚਰਮ ਉਪਲੱਭਧੀ ਮੰਨਦਾ ਹੈ। ਕੀ ਕਰਦੇ ਸਨ ਤੁਹਾਡੇ ਪਿਤਾ?

-ਵੇਦਾਂ ਦੇ ਵਿਦਵਾਨ ਸਨ।

-ਕਿਸਮਤ ਵਾਲੇ ਹੋ ਤੁਸੀਂ।

ਪੌੜੀਆਂ ਚੜ੍ਹਦੇ-ਚੜ੍ਹਦੇ ਕੱਲ੍ਹ ਰਾਤ ਦੇ ਬਾਰੇ ਦੱਸਦੀ ਹਾਂ। ਜਿਵੇਂ ਉਹੀ ਹਨ ਜੋ ਸੁਣ ਸਕਦੇ ਹਨ ਉਹੋ ਜਿਹਾ ਭੇਤ, ਰਹੱਸ।

ਕੰਧ ਦੇ ਬਾਰੇ ਵਿੱਚ। ਦਲਾਈ ਲਾਮਾ ਦੇ ਹਿਲਦੇ ਹੱਥ ਬਾਰੇ ਵਿੱਚ।

-ਤੁਹਾਡੇ ਨਾਲ ਹੋਇਆ ਕਦੇ ਅਜਿਹਾ?

-ਨਹੀਂ, ਕਦੇ ਨਹੀਂ।

ਦੇਖਦੇ ਹਨ ਮੇਰੇ ਵੱਲ ਹੈਰਾਨ ਹੋ ਕੇ।

-ਏਨੇ ਸਾਲਾਂ ਤੋਂ ਪਰਮ-ਪਾਵਨ ਦੇ ਨਾਲ ਹਾਂ, ਕਦੇ ਨਹੀਂ ਹੋਇਆ ਇਵੇਂ। ਅਸ਼ੀਰਵਾਦ ਹੈ ਇਹ ਗਗਨ, ਬਹੁਤ ਘੱਟ ਹੁੰਦਾ ਹੈ ਅਜਿਹਾ। ਵੈਰੀ ਰੇਅਰ।

ਮੈਨੂੰ ਆਪਣੇ ਨਾਲ ਲਾ ਲੈਂਦੇ ਹਨ। ਉੱਥੇ ਹੀ ਮੰਦਰ ਵਿੱਚ।

-ਥੋੜ੍ਹੀਆਂ ਜਿਹੀਆਂ ਤੇਰੀਆਂ ਬਲੈੱਸਿੰਗਜ਼ ਮੈਂ ਵੀ ਲੈ ਲਵਾਂ ?

***

ਪੱਕ ਗਿਆ ਹੈ ਫਲ। ਮਿਟ ਗਿਆ ਹੈ ਜ਼ਖ਼ਮ। ਠੀਕ ਹੋ ਰਿਹਾ ਹੈ ਟਾਂਕਾ।

-ਤੁਸੀਂ ਵੀ ਕੀ ਬੋਧੀ ਹੋ ?

ਡਾਈਨਿੰਗ ਹਾਲ ਵਿੱਚ ਮੇਰੇ ਨਾਲ ਬੈਠੀ ਵਿਦੇਸ਼ ਔਰਤ ਪੁੱਛਦੀ ਹੈ। ਇਸਟੋਨੀਆ ਤੋਂ ਆਈ ਹੈ। ਦਰਮਿਆਨਾ, ਸਿੱਧਾ ਜੁੱਸਾ। ਉੱਥੇ ਸਰਕਾਰ ਵਿੱਚ ਮੰਤਰੀ ਵਗੈਰਾ ਕੁਝ ਹੈ। ਜਿਥੇ ਵੀ ਪਰਮ-ਪਾਵਨ ਕਹਿੰਦੇ ਹਨ, ਉਹ ਜਾਂਦੀ ਹੈ।

ਘਬਰਾ ਜਿਹਾ ਗਈ ਹਾਂ ਉਸ ਦੇ ਸਵਾਲ ਤੋਂ।

ਕੌਣ ਹਾਂ ਮੈਂ ? ਹਿੰਦੂ ? ਸਿੱਖ ? ਬੋਧੀ ?

ਪਿਤਾ ਹੁੰਦੇ ਤਾਂ ਜ਼ਰੂਰ ਪੁੱਛਦੀ, ਕੌਣ ਹਾਂ ਮੈਂ ?

ਚੰਗੀ ਤਰ੍ਹਾਂ ਜਾਂਚ ਕਰਕੇ ਸਹੀ-ਸਹੀ ਦੱਸ ਦਿੰਦੇ- ਮੇਰੇ ਵਿਚਾਰ ਨਾਲ ਆਹ ਹੈ ਤੂੰ।

ਕੌਣ ਹਾਂ ਮੈਂ ?

ਸੁੰਨ ਹੋ ਕੇ ਬਹਿ ਗਈ ਹਾਂ। ਸਾਧਾਰਨ ਜਿਹੇ ਸਵਾਲ ਦਾ ਜਵਾਬ ਨਹੀਂ ਹੈ ਮੇਰੇ ਕੋਲ ?

ਗਲ਼ਾ ਭਰ ਗਿਆ ਹੈ। ਸਿਰਫ ਕੰਧ ਦਿੱਸ ਰਹੀ ਹੈ ਸਾਹਮਣੇ। ਕੱਲ੍ਹ ਰਾਤ ਵਾਲੀ ਕੰਧ। ਤੇ ਇਕ ਹੱਥ ਹਿਲਦਾ ਹੋਇਆ।

ਏਨੇ ਦਿਨਾਂ ਤੋਂ ਇਥੇ ਉਪਦੇਸ਼ ਸੁਣ ਰਹੀ ਹਾਂ। ਚਾਲੀ ਹਜ਼ਾਰ ਲੋਕਾਂ ਦੇ ਵਿਚਕਾਰ ਬੈਠੀ ਅਤੇ ਇਹ ਵੀ ਨਹੀਂ ਪਤਾ, ਕੌਣ ਹਾਂ ਮੈਂ ?

ਰੋਣ ਲੱਗ ਗਈ ਹਾਂ। ਖਾਣਾ ਛੱਡ ਸਭ ਦੇਖ ਰਹੇ ਹਨ ਮੈਨੂੰ।

ਗੁੰਮ ਗਈ ਹਾਂ ਮੇਲੇ ਵਿੱਚ। ਮੈਨੂੰ ਪਤਾ ਨਹੀਂ, ਕੌਣ ਹਾਂ ਮੈਂ। ਬੱਚੀ ਹੀ ਤਾਂ ਹਾਂ, ਦਾਰ ਜੀ...

ਪੁਕਾਰਦੀ ਹਾਂ, ਪੂਰੇ ਹੋ ਚੁੱਕੇ ਪਿਤਾ ਨੂੰ, ਕਿੱਥੇ ਚਲੇ ਗਏ ਸਭ ?

ਇਕ ਔਰਤ ਮੇਰਾ ਹੱਥ ਛੂੰਹਦੀ ਹੈ, ਹਲਕੇ ਜਿਹੇ। ਜਿਵੇਂ ਕਹਿੰਦੀ ਹੋਵੇ- ਪਿਤਾ ਦਾ ਨਾਂ ਪਤਾ ਨਹੀਂ ? ਕੋਈ ਗੱਲ ਨਹੀਂ, ਅਸੀਂ ਤੈਨੂੰ ਘਰ ਪਹੁੰਚਾ ਦੇਵਾਂਗੇ। ਡਰੋ ਨਹੀਂ।

ਹਿਚਕੀਆਂ ਬੰਦ ਹੁੰਦੀਆਂ ਹਨ ਤਾਂ ਸੁਣਦੀ ਹਾਂ, ਖ਼ੁਦ ਨੂੰ ਕਹਿੰਦੇ ਹੋਏ- ਮੈਨੂੰ ਲੱਗਦਾ ਹੈ ਕਿ ਕੱਲ੍ਹ ਰਾਤ ਮੈਂ ਬੋਧੀ ਹੋ ਗਈ ਹਾਂ।

6

ਨਾਲੰਦਾ ਵਿੱਚ ਰਚਿਆ ਗਿਆ ਸੀ ਬੋਧਿਚਾਰਾਯਵਤਾਰ। ਅੱਠਵੀਂ ਸਦੀ ਵਿੱਚ।

ਉਸ ਦੇ ਰਚੇਤਾ ਸ਼ਾਂਤੀਦੇਵ, ਕਹਿੰਦੇ ਹਨ, ਬਹੁਤ ਆਲਸੀ, ਚੁੱਪ ਜਿਹੇ ਭਿਕਸ਼ੂ ਸਨ। ਆਪਣੀ ਕੋਠੜੀ ਵਿੱਚ ਉਹ ਕੀ ਕਰਦੇ ਸਨ, ਸਾਧਨਾ ਵਗੈਰਾ ਵਿੱਚ ਕੋਈ ਗਤੀ-ਪ੍ਰਗਤੀ ਹੋਈ ਕਿ ਨਹੀਂ, ਇਸੇ ਜਗਿਆਸਾ ਵਿੱਚ ਕੁਝ ਚੰਚਲ ਭਿਕਸ਼ੂ-ਵਿਦਿਆਰਥੀਆਂ ਨੇ ਇਕ ਦਿਨ ਉਹਨਾਂ ਨੂੰ ਜ਼ਬਰਨ ਮੰਚ ਉੱਪਰ ਬੈਠਾ ਦਿੱਤਾ, ਮੁੱਖ ਸਭਾ ਵਿੱਚ, ਕਿ ਉਹ ਕੁਝ ਕਹਿਣ।

ਵਿਦਿਆਲੇ ਵਿੱਚ ਇਮਤਿਹਾਨ ਦਾ ਦਿਨ ਸੀ। ਨਿਕੰਮਿਆਂ ਦੀ ਛਾਂਟੀ ਹੋਣੀ ਸੀ।

ਏਕ ਜਾਗਾ ਸੁਪਨ ਸੇ, ਸੌ ਵਰਸ਼ ਸੁੱਖ ਭੋਗਨੇ ਕੇ ਬਾਦ



ਦੂਸਰਾ ਜਾਗਾ ਸੁਪਨ ਸੇ, ਛਿਣ ਭਰ ਸੁੱਖ ਭੋਗ ਕਰ

ਲੌਟਾ ਨਹੀਂ ਕਭੀ ਉਨਕਾ ਸੁੱਖ

ਜਾਗ ਗਏ ਦੋਨੋ ਜਬ

ਨੌਂ ਸੌ ਛੰਦ, ਸੰਸਕ੍ਰਿਤ ਵਿੱਚ ਆਸ਼ੂ ਰਚਿਤ, ਬੋਧਿਚਾਰਾਯਵਤਾਰ ਦੇ ਦਸ ਅਧਿਆਵਾਂ ਵਿੱਚ ਲਿਖੇ, ਉਸ ਦਿਨ ਸ਼ਾਂਤੀਦੇਵ ਨੇ ਸੁਣਾਏ। ਭਰੀ ਸਭਾ ਵਿੱਚ। ਜਜ਼ਬਾਤੀ ਕਰ ਦੇਣ ਵਾਲੀ ਆਪਣੀ ਕਾਬਲੀਅਤ ਦਾ ਪਰੀਚੈ ਦਿੰਦੇ ਹੋਏ।

ਆਪਣੇ ਜੀਵਨ ਵਿੱਚ ਉਹਨਾਂ ਨੇ ਕੋਈ ਤਿੰਨ ਦ੍ਰਿਸ਼ ਨਹੀਂ ਸਨ ਦੇਖੇ। ਕਿਸੇ ਐਸੀ ਵੈਸੀ ਗੱਲ ਕਰ ਕੇ ਘਰ ਨਹੀਂ ਸੀ ਛੱਡਿਆ। ਜਗਿਆਸਾ ਵਿੱਚ ਸੌਰਾਸ਼ਟਰ ਤੋਂ ਚੱਲ ਕੇ ਨਾਲੰਦਾ ਆਏ ਸਨ, ਅਧਿਅਨ ਕਰਨ ਲਈ। ਜਿਵੇ ਉਹਨਾਂ ਦਿਨਾਂ ਵਿੱਚ ਹਜ਼ਾਰਾਂ ਮੁਨੀ ਵਿਸ਼ਵ ਦੇ ਦੂਰ-ਦੂਰ ਕੋਨਿਆਂ ਤੋਂ ਆਇਆ ਕਰਦੇ ਸਨ। ਇਕ ਵੇਲੇ ਦਸ ਹਜ਼ਾਰ ਭਿਕਸ਼ੂ ਪੜ੍ਹਦੇ ਸਨ ਨਾਲੰਦਾ ਵਿੱਚ। ਆਪਣੇ ਵੇਲੇ ਦਾ ਸਭ ਤੋਂ ਵੱਡਾ ਵਿਸ਼ਵਵਿਦਿਆਲਾ, ਔਕਸਫੌਰਡ-ਹਾਵਰਡ ਤੋਂ ਕਈ ਗੁਣਾ ਵੱਡਾ।

ਜੈਸੇ ਹਾਥ ਬੜ ਜਾਤਾ ਹੈ ਤੁਰੰਤ ਪਾਇਲ ਪਾਂਵ ਕੋ ਸਹਿਲਾਨੇ

ਬਿਨਾਂ ਚੋਟਿਲ ਹੋਤੇ ਭੀ

ਵੈਸੇ ਮੈਂ ਬੜੂੰ ਆਗੇ

ਜਿਨਹੇਂ ਚਾਹੀਏ ਹੋ ਸਾਂਤਵਨਾ।

ਆਪਣੀ ਭਿਕਸ਼ੂ-ਕੋਠੜੀ ਵਿੱਚ ਬੈਠੇ-ਬੈਠੇ ਆਪਣੇ ਅੰਦਰਲੇ ਕਾਲੇਪਨ ਦਾ ਸਾਹਮਣਾ ਕਰਦੇ ਹੋਣਗੇ ਸ਼ਾਂਤੀਦੇਵ।

ਜੈਸੇ ਅੰਧਕਾਰ ਮੇਂ ਚਮਕ ਜਾਏ ਬਿਜਲੀ

ਪਾ ਲੀਆ ਏਕ ਦਿਨ ਮੈਂ ਨੇ ਬੁੱਧ ਕੋ

ਕਹਿੰਦੇ ਹਨ, ਉਸ ਦਿਨ ਜਿਵੇਂ-ਜਿਵੇਂ ਬਿਰਤਾਂਤ ਵਿੱਚ ਅੱਗੇ ਵਧਦੇ ਗਏ, ਨੌਂਵੇਂ ਅਧਿਆਏ ਤੱਕ ਪਹੁੰਚੇ ਸਨ, ਕਿ ਉਹਨਾਂ ਦਾ ਸਰੀਰ ਧਰਤੀ ਤੋਂ ਉੱਪਰ ਉੱਠਣ ਲੱਗਾ। ਦਸਵੇਂ ਅਧਿਆਏ ਦੇ ਅੰਤ ਤੱਕ ਆਉਂਦੇ-ਆਉਂਦੇ ਉਹ ਆਕਾਸ਼ ਵਿੱਚ ਅੰਤਰਧਿਆਨ ਹੋ ਗਏ। ਕੁਝ ਕਹਿੰਦੇ ਹਨ, ਬਾਅਦ ਵਿੱਚ ਉਥੇ ਹੀ ਕਿਤੇ ਗੁਪਤ-ਧਿਆਨੀ ਵਿੱਚ ਰਹਿੰਦੇ ਰਹੇ।

ਹੁਣ ਉਹੀ ਵਿਸ਼ੇਸ਼ ਬਿਰਤਾਂਤ ਪੜ੍ਹ ਰਹੇ ਹਾਂ ਅਸੀਂ।

ਬਾਰ੍ਹਾਂ ਸੌ ਸਾਲ ਪਹਿਲਾਂ ਜੋ ਕਿਹਾ ਸੀ, ਇਕ ਬੁੱਧੀਮਾਨ-ਭਿਕਸ਼ੂ ਨੇ, ਨਾਲੰਦਾ ਦੀ ਮਹਾਂ ਸਭਾ ਵਿੱਚ ਉਸ ਦਿਨ।

***

ਕਿਸੇ ਹੋਰ ਦੇ ਦੇਖੇ ਤਿੰਨ ਦ੍ਰਿਸ਼ਾਂ ਦੀ ਕਹਾਣੀ ਦੁਨੀਆਂ ਤੋਂ ਛੁੱਟਦੀ ਨਹੀਂ।

ਆਪਣੀਆਂ ਅੱਖਾਂ ਨਾਲ ਖ਼ੁਦ ਦੇਖੇ ਦ੍ਰਿਸ਼ਾਂ ਕਾਰਨ ਹੀ ਮੁਕਤੀ ਮਿਲਦੀ ਹੈ। ਤਿੰਨ ਹੋਣ ਜਾਂ ਤੀਹ। ਪਾਲਕੀ ਵਿੱਚੋਂ ਦਿੱਸਣ ਜਾਂ ਆਪਣੇ ਅੰਦਰਲੀ ਕੋਠੜੀ ਵਿੱਚੋਂ।

ਕਿੰਨੀ ਵੀ ਘੁੱਟ ਕੇ ਮੀਟੀ ਹੋਵੇ, ਹੌਲੀ-ਹੌਲੀ ਮੁੱਠੀ ਖੁੱਲ੍ਹ ਹੀ ਜਾਂਦੀ ਹੈ। ਆਸਥਾ ਹਿੰਦੂ ਦੀ ਹੋਵੇ ਜਾਂ ਕਿਸੇ ਹੋਰ ਦੀ।

***

ਕੱਲ੍ਹ ਆਖਰੀ ਦਿਨ ਹੈ। ਤਾਰਾ-ਅਭਿਸ਼ੇਕ ਹੋਵੇਗਾ।

ਅਭਿਸ਼ੇਕ ਜਾਣੀ ਸ਼ੁਰੂ ਤੋਂ ਵਿਧੀ ਅਨੁਸਾਰ ਮੰਤਰ ਮਿਲੇਗਾ। ਉਹਨਾਂ ਦੇ ਕੰਠ ਤੋਂ ਸਾਡੇ ਕੰਠ ਤੱਕ। ਪਹਿਲਾਂ ਉਹ ਉਚਾਰਣ ਕਰਨਗੇ, ਫਿਰ ਅਸੀਂ। ਚਿੜੀ ਦੀ ਚੁੰਝ ਵਿੱਚੋਂ ਜਿਵੇਂ ਬੋਟ ਦੀ ਚੁੰਝ ਵਿੱਚ ਜਾਂਦਾ ਹੈ ਅੰਨ। ਮੰਤਰ ਸਾਡੇ ਅੰਦਰ ਆ ਜਾਵੇਗਾ। ਆਪਣੇ ਗੁਰੂ ਨਾਲ ਸਦਾ ਬੱਝ ਜਾਵਾਂਗੇ ਅਸੀਂ। ਫਿਰ ਜਦ ਵੀ ਕਰਾਂਗੇ ਜਪ, ਗੁਰੂ ਦੀ ਬ੍ਰਹਿਮੰਡੀ ਸ਼ਕਤੀ ਨਾਲ ਸਿੱਧੇ ਜੁੜ ਜਾਵਾਂਗੇ। ਇਹੀ ਤੰਤਰ ਹੈ, ਮੰਤਰ ਵੀ ਇਹੀ।

ਪਰ ਮਿਲੇਗਾ ਉਹਨਾਂ ਨੂੰ ਜੋ ਬੋਧੀ ਹਨ। ਸ਼ਰਣ ਵਿੱਚ ਜਾਣ ਲਈ ਤਿਆਰ ਹੋ?

ਕੋਈ ਦੁਬਿਧਾ ਨਹੀਂ। ਇਥੇ ਹੀ ਆਉਣਾ ਸੀ ਮੈਨੂੰ। ਬੱਤੀ ਸਾਲ ਤੋਂ ਇਸੇ ਲਈ ਤਾਂ ਨਿਕਲੀ ਹੋਈ ਸਾਂ।

***

-ਜੋ ਲੋਕ ਦੀਖਿਆ ਲੈ ਰਹੇ ਨੇ ਉਹ ਇਕ ਵਾਰ ਫਿਰ ਧਿਆਨ ਨਾਲ ਸੋਚ ਲੈਣ। ਇਹ ਜੀਵਨ ਬਦਲ ਦੇਣ ਵਾਲਾ ਕਦਮ ਏ। ਸਹੀ ਨਾ ਬੈਠਿਆ ਤਾਂ ਬਹੁਤ ਦੁੱਖ ਦੇ ਸਕਦਾ ਏ। ਇਕ ਜ਼ਬਰਦਸਤ ਉਥਲ-ਪੁਥਲ ਮਚਾ ਸਕਦਾ ਏ।

ਕਿਹੋ ਜਿਹੀ ਸੁੰਦਰ ਉੱਜਲੀ ਸਵੇਰ ਹੈ ਅੱਜ। ਪੰਦਰਾਂ ਜਨਵਰੀ 2011 ਦਾ ਦਿਨ।

-ਸਭ ਤੋਂ ਪਹਿਲਾਂ ਤੁਹਾਨੂੰ ਪੰਜ ਪ੍ਰਤਿੱਗਿਆਵਾਂ ਕਰਨਗੀਆਂ ਹੋਣਗੀਆਂ। ਝੂਠ ਨਹੀਂ ਬੋਲਾਂਗਾ, ਚੋਰੀ ਨਹੀਂ ਕਰਾਂਗਾ, ਵਿਭਚਾਰ ਨਹੀਂ ਕਰਾਂਗਾ, ਨਸ਼ਾ ਨਹੀਂ ਕਰਾਂਗਾ, ਜੀਵ ਹੱਤਿਆ ਨਹੀਂ ਕਰਾਂਗਾ।

-ਕਿਰਪਾ ਕਰਕੇ ਇਸ ਵੇਲੇ ਆਪਣੇ ਮਨ ਉੱਪਰ ਧਿਆਨ ਦਿਓ। ਚੰਗੀ ਤਰ੍ਹਾਂ ਸਮਝ ਲਓ, ਕੀ ਕਰਨ ਜਾ ਰਹੇ ਹੋ। ਪ੍ਰਤਿੱਗਿਆ ਉਹੀ ਕਰੋ ਜੋ ਤੁਸੀਂ ਜੀਵਨ-ਭਰ ਨਿਭਾ ਸਕਦੇ ਹੋਵੋ। ਜ਼ਰੂਰੀ ਨਹੀਂ ਕਿ ਤੁਸੀਂ ਪੰਜ ਪ੍ਰਣ ਲਵੋ। ਜੋ ਨਹੀਂ ਨਿਭਾ ਸਕਦੇ, ਉਸ ਨੂੰ ਛੱਡ ਦਿਓ, ਪਰ ਧਿਆਨ ਰਹੇ, ਇਕ ਵਾਰ ਜੋ ਪ੍ਰਣ ਲੈ ਲਿਆ, ਉਸ ਨੂੰ ਤੁਸੀਂ ਪ੍ਰਾਣਾਂ ਨਾਲ ਨਿਭਾਉਣਾ ਏ। ਮੈਂ ਤੁਹਾਨੂੰ ਇੱਕ-ਇੱਕ ਨੂੰ ਨਹੀਂ ਪੁੱਛਾਂਗਾ। ਆਪਣੇ ਮਨ ਵਿੱਚ ਫੈਸਲਾ ਕਰੋ, ਤੁਸੀਂ ਕੀ ਨਿਭਾ ਸਕਦੇ ਹੋ। ਚੇਤੇ ਰਹੇ, ਇਕ ਬਹੁਤ ਹੀ ਵੱਡੇ ਫੈਸਲੇ ਦੀ ਘੜੀ ਏ, ਤੁਹਾਡੇ ਜੀਵਨ ਦੀ।

ਦਲਾਈ ਲਾਮਾ ਕਹਿ ਰਹੇ ਹਨ।

ਨਿਭ ਜਾਏਗੀ ਪ੍ਰਤਿੱਗਿਆ ਮੇਰੇ ਤੋਂ?

ਤੁਰ ਪਈ ਹਾਂ ਪੁੱਲ ਉੱਪਰ। ਜਾ ਰਹੀ ਹਾਂ ਦੂਜੇ ਪਾਸੇ।

-ਹੁਣ ਅਸੀਂ ਪ੍ਰਣ ਲਵਾਂਗੇ, ਅੱਧੀ ਲੱਤ ਉੱਪਰ ਖੜੇ ਹੋ ਕੇ।

-ਤੇਰੀ ਸ਼ਰਣ ਵਿੱਚ ਆਉਂਦੀ ਹਾਂ, ਬੁੱਧ।

-ਤੇਰੀ ਸ਼ਰਣ ਵਿੱਚ ਆਉਂਦੀ ਹਾਂ, ਸੰਘ।

-ਤੇਰੀ ਸ਼ਰਣ ਵਿੱਚ ਆਉਂਦੀ ਹਾਂ, ਧਰਮ।

-ਅੱਜ ਤੋਂ ਬਾਅਦ ਤੁਸੀਂ ਕਿੱਧਰੇ ਹੋਰ ਸਿਰ ਨਹੀਂ ਝੁਕਾਵੋਂਗੇ। ਹੁਣ ਬੁੱਧ ਦੀ ਸ਼ਰਣ ਵਿੱਚ ਆ ਗਏ ਹੋ ਤੁਸੀਂ।

7

ਇਹ ਕੀ ਕਹਿ ਦਿੱਤਾ ਪਰਮ-ਪਾਵਨ ਨੇ? ਅੱਜ ਤੋਂ ਬਾਅਦ ਤੁਸੀਂ ਕਿਤੇ ਹੋਰ ਸਿਰ ਨਹੀਂ ਝੁਕਾਵੋਂਗੇ?



ਸੌਖੀਆਂ-ਸੌਖੀਆਂ ਸ਼ਰਤਾਂ ਦੱਸੀਆਂ, ਇਹ ਸਭ ਤੋਂ ਮੁਸ਼ਕਿਲ ਸ਼ਰਤ ਮੌਕੇ ਸਿਰ ਨਹੀਂ ਦੱਸੀ।

ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਹੈ।

-ਕੀ ਮੈਂ ਧੋਖਾ ਦਿੱਤਾ, ਆਪਣੇ ਪੁਰਖਿਆਂ ਨੂੰ ਧੋਖਾ ਦਿੱਤਾ?

-ਕਿਤੇ ਹੋਰ ਸਿਰ ਨਹੀਂ ਝੁਕਾਵਾਂਗੇ?

ਦੂਰ ਚਲੇ ਗਏ ਹਨ ਸਭ। ਮੇਰੇ ਦੇਵ, ਮੇਰੇ ਦੇਵਤਾ, ਕੁਲ-ਦੇਵਤਾ। ਇਕ ਵੀ ਨਹੀਂ ਮੇਰੇ ਕੋਲ। ਜਿਹਨਾਂ ਦੀ ਸ਼ਰਣ ਵਿੱਚ ਗਈ ਸੀ, ਉਹ ਵੀ ਨਹੀਂ।

ਕੋਈ ਵੀ ਨਹੀਂ ਹੁਣ ਮੈਂ? ਕੋਈ ਵੀ ਨਹੀਂ, ਕੋਈ ਵੀ ਨਹੀਂ।

ਨਾ ਹਿੰਦੂ? ਨਾ ਸਿੱਖ? ਨਾ ਬੋਧੀ?

ਸਿਰਫ ਕੁੱਤਾ ਹਾਂ ਇਕ, ਅਨਾਮ ਅਦ੍ਰਿਸ਼ ਕਿਸੇ ਤਾਕਤ ਦਾ?

***

ਬਿਮਾਰ ਹੋ ਕੇ ਮੁੜੀ ਹਾਂ, ਇਕੱਲੀ ਘਰ ਨੂੰ। ਇਕ ਸੌ ਤਿੰਨ ਬੁਖਾਰ।

ਕੀ ਹੋਣ ਗਈ ਸੀ, ਕੀ ਹੋ ਕੇ ਗਈ ਹਾਂ।

ਕੋਈ ਪੁਕਾਰ ਇਸ ਗਲ਼ੇ ਵਿੱਚੋਂ ਨਹੀਂ ਨਿਕਲਦੀ। ਸਭ ਦੂਰ ਖੜੇ ਦੇਖ ਰਹੇ ਹਨ ਮੈਨੂੰ। ਕਮਰੇ ਦੇ ਆਸਮਾਨ ਵਿੱਚ ਘਮਸਾਨ ਚੱਲ ਰਿਹਾ ਹੈ। ਮੈਨੂੰ ਲੈ ਕੇ ਖਿੱਚੋ-ਤਾਣ ਹੋ ਰਹੀ ਹੈ?

ਕਿਸ ਦੀ ਗੋਦੀ ਵਿੱਚ ਜਾਵਾਂ? ਕਿਹਦੀ ਹਾਂ ਮੈਂ? ਤਾਰਾ ਦੀ? ਸ਼ਿਵ ਦੀ? ਗਾਇਤਰੀ ਦੀ?

ਹੁਣ ਨਹੀਂ ਕਹਾਂਗੀ, ਮੈਨੂੰ ਚੀਜ਼ਾਂ ਦਿੱਸਦੀਆਂ ਹਨ। ਮੁਕਾਓ ਇਹ ਝਗੜਾ, ਪ੍ਰਭੂ।

ਕਿਹੜਾ ਪ੍ਰਭੂ? ਹਿੰਦੂ? ਕਿ ਸਿੱਖ? ਕਿ ਬੁੱਧ?

ਮੈਂ ਧੋਖਾ ਦਿੱਤਾ ਹੈ। ਸਭ ਨੂੰ ਧੋਖਾ ਦਿੱਤਾ। ਹੁਣ ਕੋਈ ਨਹੀਂ ਹੈ ਮੇਰੇ ਕੋਲ।

ਕੁੱਤੇ ਖਾਣਗੇ ਮੇਰੀ ਲਾਸ਼। ਦਰਵਾਜ਼ਾ ਤੋੜ ਕੇ ਕੱਢਣਗੇ ਮੈਨੂੰ।

***

ਤਾਪ ਨਾਲ ਤੱਪਦੀ ਪੁੱਜ ਗਈ ਹਾਂ ਡਾ. ਗੋਵਿੰਦ ਪਾਂਡੇ ਕੋਲ। ਹੁਣ ਉਹੀ ਹੈ ਜਿਹਦੇ ਕੋਲ ਜਾ ਸਕਦੀ ਹਾਂ ਇਸ ਸੰਕਟ ਵਿੱਚ।

ਹਾਲੇ ਵੀਹ ਘੰਟੇ ਹੋਏ ਹਨ ਕੇਵਲ, ਦਿੱਲੀ ਮੁੜੀ ਨੂੰ।

ਸਭ ਕਹਿੰਦੀ ਹਾਂ ਉਹਨਾਂ ਨੂੰ। ਸ਼ੁਰੂ ਤੋਂ ਅਖੀਰ ਤੱਕ। ਸੱਚੋ-ਸੱਚ। ਬਿਨਾਂ ਸੰਕੋਚ।

ਕਿਵੇਂ ਤਾਰਾ ਦਿੱਸਦੀ ਸੀ ਤੇ ਮੈਂ ਡਰਦੀ ਸੀ। ਕੀ-ਕੀ ਦੇਖਦੀ ਸੀ। ਕਿਵੇਂ ਇਕ ਰਾਤ ਸਾਰਨਾਥ ਵਿੱਚ ਮੇਰੇ ਕਮਰੇ ਦੀ ਕੰਧ ਉੱਪਰ ਪਰਮ-ਪਾਵਾਨ ਆਏ ਤੇ ਅਗਲੇ ਦਿਨ ਲੱਗਾ ਕਿ ਮੈਂ ਬੋਧੀ ਹੋ ਗਈ ਹਾਂ। ਉਦੋਂ ਮੈਨੂੰ ਪਤਾ ਹੀ ਨਹੀਂ ਸੀ ਕਿ ਤਾਰਾ-ਮੰਤਰ ਲੈਣ ਲਈ ਸੱਚਮੁੱਚ ਪਹਿਲਾਂ ਮੈਨੂੰ ਦੀਖਿਆ ਲੈਣੀ ਹੋਵੇਗੀ। ਮੈਂ ਦੀਖਿਆ ਤੋਂ ਪਹਿਲਾਂ ਹੀ ਬੋਧੀ ਹੋ ਗਈ ਸੀ...

ਰੋਈ ਜਾ ਰਹੀ ਹਾਂ।

-ਏਨਾ ਰੋਣਾ ਮੇਰੇ ਅੰਦਰ ਹੈ, ਮੈਨੂੰ ਇਹਦਾ ਅਨੁਮਾਨ ਨਹੀਂ ਸੀ ਪਾਂਡੇ ਜੀ।

-ਉਹ ਤੁਹਾਨੂੰ ਲੈਣ ਆਏ ਸਨ?

ਹੌਲੀ ਆਵਾਜ਼ ਵਿੱਚ ਕਹਿੰਦੇ ਹਨ ਪਾਂਡੇ ਜੀ। ਦਲਾਈ ਲਾਮਾ ਲਈ।

–ਪਰ ਮੈਂ ਉਹਨਾਂ ਬਾਰੇ ਸੋਚ ਵੀ ਨਹੀਂ ਰਹੀ ਸੀ। ਅੱਛੇ ਲੱਗਦੇ ਸਨ ਮੈਨੂੰ, ਪਰ 'ਮੇਰੇ' ਹੈਨ, ਅਜਿਹਾ ਕਦੇ ਨਹੀਂ ਲੱਗਾ ਸੀ।

–ਤਾਰਾ ਨਾਲ ਜੁੜਾਵ ਹੈ ਨਾ ਤੁਹਾਡਾ ? ਇਸ ਕਰਕੇ ਉਹ ਆਏ ਸਨ।

–ਏਨਾ ਦੁੱਖ ਹੋ ਸਕਦਾ ਹੈ ਦੀਖਿਆ ਵਿੱਚ ? ਮੈਂ ਸੋਚਦੀ ਸੀ, ਸ਼ਰਣ ਲਵਾਂਗੀ ਤੇ ਇਕ ਉੱਜਲੀ ਥਾਵੇਂ ਪੁੱਜ ਜਾਵਾਂਗੀ।

–ਦੀਖਿਆ ਤੁਹਾਡੀ ਠੀਕ ਹੋਈ ਏ। ਇਹ ਜਿਸ ਦੁੱਖ, ਜਿਸ ਹੜ੍ਹ ਵਿੱਚ ਲੰਘ ਰਹੇ ਓ ਤੁਸੀਂ, ਇਹੀ ਦੱਸਦਾ ਏ ਕਿ ਦੀਖਿਆ ਤੁਹਾਡੀ ਸਹੀ ਹੋਈ ਏ।

–ਪਰ ਇਹ ਜੋ ਉਹਨਾਂ ਨੇ ਕਿਹਾ, ਅੱਜ ਤੋਂ ਬਾਅਦ ਕਿਤੇ ਹੋਰ ਸਿਰ ਨਹੀਂ ਝੁਕਾਉਂਗੇ ?

–ਸਿਰ ਨਾ ਝੁਕਾਉਣ ਭਾਵ ਆਪਣੀ ਪ੍ਰਤਿੱਗਿਆ ਦੀ ਸ਼ਰਣ ਵਿੱਚ ਰਹਿਣ। ਤੁਸੀਂ ਬੁੱਧ ਦੀ ਸ਼ਰਣ ਵਿੱਚ ਗਏ ਹੋ। ਕਰਮ–ਕਾਰਣ ਪ੍ਰਗਿਆ ਨੂੰ ਮੰਨਦੇ ਹਨ ਬੋਧੀ, ਈਸ਼ਵਰ ਨੂੰ ਨਹੀਂ। ਇਸੇ ਕਰਕੇ ਉਹਨਾਂ ਨੇ ਕਿਹਾ।

–ਤੇ ਮੇਰਾ ਜਪ ? ਮੇਰੇ ਦੇਵ ?

–ਥੋੜ੍ਹਾ–ਬਹੁਤ ਜਪ ਕਰ ਸਕਦੇ ਹੋ ਸ਼ਿਵ ਤੇ ਗਾਇਤਰੀ ਪਰ ਹੁਣ ਬੁੱਧ ਤੁਹਾਡੇ ਪਰਮ–ਦੇਵ ਹੋਏ। ਇਹ ਤੁਹਾਡੇ ਪਿਛਲੇ ਜਨਮ ਦਾ ਫਲ਼ ਏ। ਇਹਨੂੰ ਸਵੀਕਾਰ ਕਰੋ। ਬਿਨਾਂ ਦੁਬਿਧਾ ਦੇ।

ਚੁੱਪ ਹੋ ਗਏ ਹਨ। ਕੁਝ ਸੋਚ ਰਹੇ ਹਨ, ਫਰੋਲ ਰਹੇ ਹਨ।

–ਏਨੀ ਲੰਮੀ ਸਾਧਨਾ ਮੈਂ ਕੀਤੀ, ਜੀਵਨ ਭਰ, ਇਕ ਵਾਰ ਵੀ ਏਦਾਂ ਦਾ ਕੁਝ ਨਹੀਂ ਹੋਇਆ ਜੋ ਤੁਹਾਡੇ ਨਾਲ ਹੋਇਆ ਏ...

ਆਵਾਜ਼ ਧੀਮੀ ਹੋ ਆਈ ਹੈ।

–ਇਹ ਪ੍ਰਸ਼ਾਦ ਏ, ਜਾਣੇ ਕਿੰਨੇ ਜਨਮਾਂ ਬਾਅਦ ਪੱਕਦਾ ਏ। ਇਹਨੂੰ ਗ੍ਰਹਿਣ ਕਰੋ। ਹੁਣ ਤੁਸੀਂ ਬੁੱਧ ਦੇ ਹੋ ਗਏ ਹੋ।

ਵਾਪਸ ਆਉਂਦੀ ਹਾਂ ਮੈਂ। ਕਈ ਹਫ਼ਤੇ ਚੁੱਪ ਬੈਠੀ ਰਹਿੰਦੀ ਹਾਂ। ਭੁੱਲ ਗਈ ਹਾਂ ਸਾਰੇ ਜਪ। ਕਿਹੜਾ ਦੇਵ ਮੇਰੀ ਸੁੱਧ ਲੈਂਦਾ ਹੈ।

ਧੁਰ ਖੂਹ ਵਿੱਚੋਂ ਉੱਠਦੀ ਸੀ ਇਕ ਪੁਕਾਰ।

ਉਸ ਦੇ ਪਿੱਛੇ–ਪਿੱਛੇ ਜਾਂਦੀ ਸੀ ਮੈਂ। ਮੇਰੇ ਮਗਰ–ਮਗਰ ਚਲੇ ਆਏ ਮੇਰੇ ਟੋਏ। ਖਾਈਆਂ। ਕੱਚ।

ਹੁਣ ?

ਤੁਰ ਲਾਵਾਂਗੀ ਮੈਂ ?

ਅੱਗ ਤੇ ਪਾਣੀ ਉੱਪਰ ਨਾਲ–ਨਾਲ ?

---

## ਸੁਪਨੇ ਦਾ ਪਰਛਾਵੇਂ (ਨਾਵਲ)

### ਬਲਬੀਰ ਪਰਵਾਨਾ

### ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ



# ਦੋ ਵਿਸ਼ੇਸ਼ ਕਹਾਣੀਆਂ

## ਹਿੰਦੀ ਕਹਾਣੀ:
## ਰੰਗਮੰਚ 'ਚ ਨੱਚੀ ਰਾਧਾ/ਨਿਲਾਕਸ਼ੀ ਸਿੰਘ

**ਅਨੁਵਾਦ: ਅਨੇਮਨ ਸਿੰਘ**

ਤੇ ਉਹ ਇੱਕ ਸੁਖੀ ਪਰਿਵਾਰ ਸੀ। ਸਭ ਕਾਸੇ ਤੋਂ ਸੁਖੀ। ਸੁਦਾਮਾ ਪ੍ਰਸਾਦ ਐਮ. ਏ. ਬੀ. ਐਲ.। ਆਪਣੇ ਵੇਲੇ ਦਾ ਬੜਬੋਲਾ ਵਕੀਲ। ਇਸ ਜ਼ਮਾਨੇ ਤੱਕ ਜ਼ੁਬਾਨ ਸਹੀ ਸਲਾਮਤ ਸੀ। ਹਾਲਾਂਕਿ ਪਹਿਲਾਂ ਵਾਲੀ ਚਮਕ ਹੁਣ ਕੁਮਲਾ ਚੱਲੀ ਸੀ...ਸਮੇਂ ਦੀ ਮਾਰ। ਬਹਰਹਾਲ ਉਹ ਬਾਹਠ ਸਾਲਾਂ ਦੀ ਉਮਰ 'ਚ ਵੀ ਹੱਟਾ–ਕੱਟਾ ਸੀ। ਪੰਜਾ ਲੜਾਉਣ 'ਚ ਅੱਜ ਦੀ ਤਾਰੀਕ 'ਚ, ਉਹ ਇੱਕ ਪਾਸੇ....ਤੇ ਦੋਵੇਂ ਪੁੱਤਰ ਅਤੇ ਤਿੰਨ ਪੋਤੇ ਇੱਕ ਪਾਸੇ ਹੋ ਜਾਣ, ਤਦ ਵੀ ਉਸ ਦਾ ਹੀ ਪੰਜਾ ਉੱਪਰ ਰਹੇ, ਅਜਿਹਾ ਹੌਂਸਲਾ। ਉਂਝ ਇਹ ਕੋਈ ਖ਼ਾਸ ਹੈਰਾਨ ਕਰਨ ਵਾਲੀ ਗੱਲ ਨਾ ਹੋਈ। ਅੱਜਕੱਲ੍ਹ ਦੇ ਪੁੱਤਰਾਂ–ਪੋਤਿਆਂ 'ਚ ਤਾਕਤ ਹੁੰਦੀ ਹੀ ਕਿੰਨੀ ਹੈ। ਨਵੇਂ ਸਮੇਂ 'ਚ ਤਾਕਤ ਦਾ ਕੇਂਦਰ ਸਰੀਰ ਦੀ ਥਾਂ ਦਿਮਾਗ਼ ਹੁੰਦਾ ਹੈ। ਦਿਮਾਗ ਚੁਸਤ ਅਤੇ ਸਰੀਰ ਪਿਲਪਿਲਾ। ਸੁਦਾਮਾ ਪ੍ਰਸਾਦ ਆਪਣੇ ਔਰੀਜਿਨਲ ਦੰਦਾਂ ਨਾਲ਼ ਗੰਨੇ ਦੀ ਮੋਟੀ ਪੋਰੀ ਨੂੰ ਛਿੱਲਦਾ ਅਤੇ ਪੋਤਿਆਂ ਨੂੰ ਨਿੱਕੀਆਂ–ਨਿੱਕੀਆਂ ਗਨੇਰੀਆਂ ਬਣਾ ਕੇ ਦਿੰਦਾ, ਤਾਂ ਕਿ ਰਸ ਚੂਸਣ 'ਚ ਸਹੂਲਤ ਹੋਵੇ। ਉਸ ਦੀ ਇਸ ਜਵਾਨੀ ਨੂੰ ਦੇਖ ਪੋਤੇ ਕਿਲਕਾਰੀਆਂ ਮਾਰਦੇ ਅਤੇ ਪੁੱਤਰਾਂ ਦੇ ਮਸੂੜਿਆਂ 'ਚ ਚੀਸ ਉੱਠਦੀ। ਠਹਾਕੇ ਵਗੈਰਾ ਲਾਉਣ ਤੋਂ ਵੀ ਪਰਹੇਜ਼ ਨਾ ਕਰਦਾ ਅਤੇ ਜਿੰਨੀ ਦਿਲਚਸਪੀ ਨਾਲ ਕ੍ਰਿਕਟ ਮੈਚ ਦੇਖਿਆ ਕਰਦੇ, ਦੂਰਦਰਸ਼ਨ ਦੇ ਸੀਰੀਅਲਾਂ ਦੇ ਨਾਲ ਵੀ ਉਹੋ ਸਲੂਕ ਹੁੰਦਾ। ਸ਼ਹਿਰ 'ਚ ਜਦੋਂ ਕੇਬਲ ਦੇ ਕੁਨੈਕਸ਼ਨ ਦਾ ਫ਼ੈਸ਼ਨ ਸ਼ੁਰੂਆਤੀ ਅਵੱਸਥਾ 'ਚ ਸੀ ਅਤੇ 'ਸਟਾਰ ਪਲੱਸ' ਉਸ ਦਾ ਪਸੰਦੀਦਾ ਚੈਨਲ ਸੀ। ਸਾਰਅੰਸ਼ ਉਹ ਤੰਦਰੁਸਤ ਸੀ, ਮਸਤ ਸੀ ਅਤੇ ਜੀਵਨ ਨੂੰ ਚੁਸਕੀਆਂ ਨਾਲ ਪੀਂਦਾ ਹੋਇਆ ਖੂਬ ਮਜ਼ੇ ਲੈ ਕੇ ਜਿਉਂ ਰਿਹਾ ਸੀ।

ਦੀਵਾਨਬਾਈ ਕਿੱਸੇ ਵਾਂਗ ਚੰਚਲ ਸੀ। ਸੁਪਾਰੀ ਦੀ ਸ਼ੌਂਕੀਨ। ਉਸਦੇ ਬੁੱਲ੍ਹਾਂ ਦੇ ਪੋਰ ਤੇਜ਼ ਪਾਨ ਦੀ ਲਾਲੀ ਨਾਲ ਗੜੁੱਚ ਰਹਿੰਦੇ ਦਿਖਦੇ ਅਤੇ ਅੱਖਾਂ ਦੇ ਥੱਲੇ– ਉੱਤੇ ਕੱਜਲ ਹੁੰਦਾ ਸੀ। ਅੱਡੀਆਂ 'ਚ ਆਲਤੇ ਦੀ ਲਾਲੀ ਅਤੇ ਸਾੜ੍ਹੀ ਦੇ ਪੱਲੇ 'ਤੇ ਚਾਬੀਆਂ ਦਾ ਕਲਪਿਤ ਗੁੱਛਾ। ਦੀਵਾਨਬਾਈ ਦੇ ਹੱਥਾਂ 'ਚ ਅੱਜ ਵੀ ਘਰ ਦੀ ਦੀਵਾਨਗੀ ਮੌਜੂਦ ਸੀ।

ਦੀਵਾਨਬਾਈ ਕਹਾਣੀ ਵਾਂਗ ਗੰਭੀਰ ਸੀ। ਉਸਦੇ ਭਰਵੱਟਿਆਂ ਦੇ ਵਿਚ–ਵਿਚਾਲੇ ਚਵਾਨੀ ਜਿੱਡੀ ਲਾਲ ਸੰਦੂਰ ਦੀ ਬਿੰਦੀ ਲੱਗੀ ਰਹਿੰਦੀ ਸੀ ਜੋ ਦਿਨ ਦੇ ਢਲਦੇ–ਢਲਦੇ ਥੋੜ੍ਹਾ ਉਤਾਂਹ ਵੱਲ ਟੇਢੀ ਲਿਫ਼ ਜਾਇਆ ਕਰਦੀ ਸੀ। ਆਪਣੇ ਭਰਵੱਟਿਆਂ ਨੂੰ ਮਟਕਾਉਣ ਵਾਂਗ ਉਹ ਘਰ ਦੇ ਫਟੇ–ਪੁਰਾਣੇ ਅਤੇ ਮਖਮਲੀ ਕੱਪੜੇ ਪਾ ਕੇ ਗੁਜ਼ਾਰੇ ਹੋਏ ਦੋਵੇਂ ਤਰ੍ਹਾਂ ਦੇ ਦਿਨਾਂ ਦੀ ਗਵਾਹ ਸੀ। ਸੁਦਾਮਾ ਪ੍ਰਸਾਦ ਦੇ ਨਾਲ ਜਦੋਂ ਉਸਦਾ ਵਿਆਹ ਹੋਇਆ ਤਦ ਦੀਵਾਨਬਾਈ ਮਸ੍ਹਾਂ ਸਤਾਰਾਂ–ਅਠਾਰਾਂ ਸਾਲਾਂ ਦੀ ਹੀ ਹੋਵੇਗੀ। ਹਾਲਾਂਕਿ ਉਸ ਜ਼ਮਾਨੇ 'ਚ ਲਾੜਾ ਜਾਂ ਲਾੜੀ ਦੀ ਰਜ਼ਾ ਜਾਂ ਨਾਮਰਜ਼ੀ ਜਿਹੇ ਸਵਾਲਾਂ ਦਾ ਕੋਈ ਰਿਵਾਜ਼ ਨਹੀਂ ਹੋਇਆ ਕਰਦਾ ਸੀ। ਫਿਰ ਵੀ ਦੇਖੀਏ ਤਾਂ ਦੀਵਾਨਬਾਈ ਦੀ ਨਾਮਰਜ਼ੀ ਦੀ ਘੋਰ ਉਮੀਦ ਕਾਰਨ ਉਸਦਾ ਕੰਨਿਆਦਾਨ ਕੀਤਾ ਗਿਆ ਸੀ ਅਤੇ ਇੱਧਰ ਸੁਦਾਮਾ ਪ੍ਰਸਾਦ ਕਾਨੂੰਨ ਦੇ ਦਾਅ–ਪੇਚ ਨਾਲ ਕਾਫ਼ੀ ਮਹਿੰਗੀ ਪੜ੍ਹਾਈ ਕਰ ਰਿਹਾ ਸੀ

ਅਤੇ ਉਸ ਦੇ ਸਵਰਗੀ ਪਿਤਾ ਦੀ ਛੱਡੀ ਸੰਪੱਤੀ ਨਾਲ ਉਸ ਦੀ ਪੜ੍ਹਾਈ ਦਾ ਖ਼ਰਚ ਚੱਲ ਰਿਹਾ ਸੀ-ਲੋਕ ਅਜਿਹਾ ਜਾਣਦੇ ਸਨ। ਪਰੰਤੂ ਅਸਲੀਅਤ ਕੁਝ ਹੋਰ ਵੀ ਸੀ। ਸੁਦਾਮਾ ਪ੍ਰਸਾਦ ਆਪਣੇ ਮਾਂ-ਬਾਪ ਦੇ ਬੁਢਾਪੇ ਦੀ ਇਕਲੌਤੀ ਸੰਤਾਨ ਸੀ। ਉਸਦਾ ਪਿਤਾ ਮਰਿਆ ਸੀ ਬਿਨਾਂ ਕੁਝ ਛੱਡਿਆਂ। ਉਸ ਜ਼ਮਾਨੇ 'ਚ ਸ਼ਰੀਫ਼ ਜਾਤੀ ਦੀਆਂ ਔਰਤਾਂ ਦਿਨ ਢਲੇ ਕੰਮ ਕਰਿਆ ਕਰਦੀਆਂ ਸਨ। ਤਾਂ ਉਸ ਦੀ ਉਮਰਦਰਾਜ ਅਮੀਰ ਘਰ ਦੀ ਖਾਨਦਾਨੀ ਮਾਂ ਰਾਤ ਦੇ ਹਨੇਰੇ 'ਚ ਮੂੰਹ ਢੱਕ ਕੇ ਰੇਲਗੱਡੀਆਂ 'ਚ ਮੂੰਗਫ਼ਲੀ, ਮਰੂੰਡੇ, ਗੱਚਕ ਆਦਿ ਵਗੈਰਾ ਵੇਚਿਆ ਕਰਦੀ ਸੀ ਅਤੇ ਦਿਨ ਦੇ ਉਜਾਲੇ 'ਚ ਬਚੇ-ਖੁਚੇ ਗਹਿਣਿਆਂ ਅਤੇ ਕੰਮ ਚਲਾਊ ਭਾਂਡਿਆਂ ਅਤੇ ਇਨ੍ਹਾਂ ਥੋੜ੍ਹੇ-ਮੋਟੇ ਪੈਸਿਆਂ ਨਾਲ ਉਸਦੀ ਗ੍ਰਹਿਸਥੀ ਦੀ ਗੱਡੀ ਤੁਰਦੀ ਸੀ। ਨਿਮਨ ਵਰਗ ਦੀਆਂ ਹਕੀਕਤਾਂ ਕਦੇ-ਕਦੇ ਬੜ੍ਹੀਆਂ ਹੈਰਾਨ ਕਰਨ ਵਾਲੀਆਂ ਹੁੰਦੀਆਂ ਹਨ। ਦੀਵਾਨਬਾਈ ਵਿਆਹ ਤੋਂ ਬਾਅਦ ਜਦੋਂ ਇਸ ਹਕੀਕਤ ਨਾਲ ਰੂਬਰੂ ਹੋਈ ਤਾਂ ਉਸਦੀ ਚੇਤਨਾ ਸੁੰਨ ਹੋ ਕੇ ਰਹਿ ਗਈ। ਪਰ ਛੇਤੀ ਹੀ ਉਹ ਇਸ ਸਦਮੇ 'ਚੋਂ ਉੱਭਰ ਗਈ ਕਿਉਂਕਿ ਇਸ ਨਾਲੋਂ ਵੱਡਾ ਸਦਮਾ ਸਾਹਮਣੇ ਸੀ। ਇੱਕ ਰਾਤ, ਇਸੇ ਤਰ੍ਹਾਂ ਗੱਡੀਆਂ 'ਚ ਉਤਰਨ-ਚੜ੍ਹਨ ਵਾਲੀ ਖੇਡ 'ਚ ਟਰੇਨ ਤੋਂ ਉਤਰਦੇ ਸਮੇਂ ਸੁਦਾਮਾ ਪ੍ਰਸਾਦ ਦੀ ਮਾਂ ਦੇ ਸੁਨੱਖੇ ਪੈਰ ਗੱਡੀ 'ਚ ਉਲਝ ਗਏ ਅਤੇ ਗੱਡੀ ਸਿਸਕੀਆਂ ਲੈਂਦੀ ਖਚ....ਖਚ....ਖਚਾਕ..ਕਰਕੇ ਰੁਕੀ ਅਤੇ ਦੋ ਮਿੰਟਾਂ ਬਾਅਦ ਫਿਰ ਚੱਲ ਪਈ। ਬਿਨਾਂ ਵਿਕੀ ਮੂੰਗਫਲੀ ਅਤੇ ਗੱਚਕ-ਮਰੂੰਡੇ, ਜੋ ਪਲੇਟਫਾਰਮ ਅਤੇ ਲੀਹਾਂ 'ਤੇ ਖਿੰਡ ਗਈ ਸੀ, ਉਸ ਨਾਲ ਉਸ ਰਾਤ ਕੁੱਤਿਆਂ ਨੂੰ ਚੰਗਾ ਭੋਜਨ ਹੋਇਆ ਪਰ ਤੇਰ੍ਹਾਂ ਦਿਨ ਬਾਅਦ ਸਕੇ ਸਬੰਧੀਆਂ ਅਤੇ ਬ੍ਰਾਹਮਣਾਂ ਨੂੰ ਅੰਤਿਮ ਕ੍ਰਿਆ ਵਾਸਤੇ ਇੱਕ ਥੋੜ੍ਹੇ ਕੁ ਭੋਜਨ ਦਾ ਪ੍ਰਬੰਧ ਚੰਗਾ ਨਾ ਹੋ ਸਕਿਆ। ਮਾਂ ਦੀ ਦੁਆ, ਸਮੇਂ ਦਾ ਫੇਰ, ਦੀਵਾਨਬਾਈ ਦੀ ਕਿਸਮਤ...ਜੋ ਕਹੋ,...ਘਟਨਾ ਦੇ ਤੁਰੰਤ ਬਾਅਦ ਸੁਦਾਮਾ ਪ੍ਰਸਾਦ ਨੂੰ ਇੱਕ ਕਿਰਿਆਨੇ ਦੀ ਦੁਕਾਨ 'ਤੇ ਛੋਟੀ ਜਿਹੀ ਨੌਕਰੀ ਮਿਲ ਗਈ। ਦੀਵਾਨਬਾਈ ਨੇ ਖੁਸ਼ਹਾਲ ਬਚਪਨ ਅਤੇ ਸੁਸਤ ਜਵਾਨੀ ਦੇ ਕੁਆਰੇਪਣ ਵਾਲੇ ਦਿਨਾਂ ਦੇ ਆਪਣੇ ਸਿੱਖੇ ਹੁਨਰਾਂ ਨੂੰ ਹੋਰ ਚਮਕਾਉਂਦੇ ਹੋਏ ਕੁਝ ਸਾਫ਼ ਬਿਨਾਂ ਕਢਾਈ ਵਾਲੇ ਕੱਪੜੇ ਉਸ ਦੇ ਘਰ ਆਉਣ ਲੱਗੇ ਅਤੇ ਉਸ ਘਰ 'ਚੋਂ ਵਾਪਸ ਪਰਤਨ ਤੱਕ ਉਨ੍ਹਾਂ ਕੱਪੜਿਆਂ 'ਤੇ ਅੱਡ-ਅੱਡ ਰੰਗਾਂ ਦੇ ਫੁੱਲ ਬੂਟੀਆਂ ਆਦਿ ਕੱਢੇ ਹੁੰਦੇ। ਕਸ਼ੀਦੇ ਦੇ ਪੈਸੇ ਨਾਲ ਦਾਲ-ਲੂਣ ਦਾ ਜੁਗਾੜ ਅਤੇ ਕਿਰਿਆਨੇ ਵਾਲੇ ਬਾਣੀਏ ਤੋਂ ਮਿਲੇ ਪੈਸਿਆਂ ਨਾਲ ਪੜ੍ਹਾਈ ਪੂਰੀ ਹੋਈ। ਫਿਰ ਸ਼ੁਰੂ ਹੋਈ ਵਕਾਲਤ ਨਾਲ ਦਿਨ ਪਲਟ ਗਏ।

ਹੁਣ ਤੱਕ ਦੀ ਕਹਾਣੀ 'ਚੋਂ ਇੱਕ ਸਵਾਲ ਉੱਠਦਾ ਹੈ। ਵਿਆਹ ਕਰਨ 'ਚ ਦੀਵਾਨਬਾਈ ਦੀ ਮਰਜ਼ੀ ਨਹੀਂ ਚੱਲੀ ਸੀ, ਅਜਿਹਾ ਕਿਉਂ ? ਇਸਦੇ ਬਾਰੇ 'ਚ ਥੋੜ੍ਹਾ ਰੁਕ ਕੇ। ਅਜੇ ਸੁਦਾਮਾ ਪ੍ਰਸਾਦ ਅਤੇ ਦੀਵਾਨਬਾਈ ਦੇ ਕੁਲ 'ਚੋਂ ਜੰਮੇ ਦੋਵੇਂ ਪੁੱਤਰਾਂ ਦੀ ਗੱਲ। ਮੂੰਗਫਲੀ ਵਾਲੀ ਬੁੱਢੀ ਦੀ ਤਰਜ਼ 'ਤੇ ਹੀ ਦੀਵਾਨਬਾਈ ਨੂੰ ਵੀ ਉਮੀਦ ਨਾਲੋਂ ਜ਼ਿਆਦਾ ਵੱਡੀ ਉਮਰ 'ਚ ਸੰਤਾਨ ਸੁੱਖ ਮਿਲਿਆ। ਹਾਲਾਂਕਿ ਇਨ੍ਹਾਂ ਦੋ ਔਰਤਾਂ ਦੇ ਇਸ ਸੰਯੋਗ ਦੀ ਪਿੱਠਭੂਮੀ ਬਿਲਕੁਲ ਹੀ ਅਲੱਗ ਸੀ। ਪਹਿਲੀ ਜਿੱਥੇ ਇੱਛਾ, ਜ਼ਰੂਰਤ ਅਤੇ ਯਤਨ ,ਦੋਵਾਂ ਦੀ ਮੌਜੂਦਗੀ ਹੀ ਉਮਰ ਢਲਣ 'ਤੇ ਉਹ ਮਾਂ ਬਣ ਸਕੀ ਸੀ, ਉਥੇ ਹੀ ਦੀਵਾਨਬਾਈ ਦੇ ਮਾਮਲੇ 'ਚ ਇੱਛਾ ਤੱਤ ਦੀ ਘੋਰ ਕਮੀ ਸੀ। ਫਿਰ ਵੀ ਉਹ ਸੱਸ ਜਿੰਨੀ ਦੇਰ ਦਾ ਸ਼ਿਕਾਰ ਹੋਣ ਤੋਂ ਬਚ ਗਈ ਅਤੇ ਵਿਆਹ ਦੇ ਦਸ ਸਾਲ ਬਾਅਦ ਉਸਦੀ ਗੋਦ 'ਚ ਪਹਿਲਾ ਪੁੱਤਰ ਆਇਆ। ਫਿਰ ਦੂਜਾ। ਦੋਵੇਂ ਪੁੱਤਰ ਜ਼ਮਾਨੇ ਦੇ ਲਿਹਾਜ ਨਾਲੋਂ ਆਸ ਨਾਲੋਂ ਵੱਧ ਸਪੁੱਤਰ ਨਿਕਲੇ। ਘਰ ਵਾਲੀਆਂ ਦੇ ਸੁਭਾਅ 'ਚ ਚੰਚਲਤਾ, ਆਜ਼ਾਦੀ ਅਤੇ ਕਰੂਰਤਾ ਦੀ



ਹਲਕੀ ਮਿਲਾਵਟ ਜ਼ਰੂਰ ਸੀ ਪਰ ਘਰ ਇਸ ਤਰ੍ਹਾਂ ਸੁਦਾਮਾ ਪ੍ਰਸਾਦ ਅਤੇ ਦੀਵਾਨਬਾਈ ਦੇ ਸ਼ਿਕੰਜੇ 'ਚ ਜਕੜਿਆ ਸੀ ਕਿ ਉਨ੍ਹਾਂ ਨੇ ਆਪਣੀਆਂ ਇਨ੍ਹਾਂ ਭਾਵਨਾਵਾਂ ਨੂੰ ਫਿਲਹਾਲ ਸੁਸਤੀ 'ਚ ਰਹਿਣ ਦੇਣਾ ਹੀ ਬੇਹਤਰ ਮੰਨ ਲਿਆ ਸੀ। ਵੱਡੇ ਪੁੱਤਰ ਦੇ ਇੱਕ ਮੁੰਡਾ ਸੀ ਅਤੇ ਛੋਟੇ ਦੇ ਦੋ। ਸੁਦਾਮਾ ਪ੍ਰਸ਼ਾਦ ਇਸ ਬੇਦਾਗ ਪੁੱਤਰਾਂ ਦੇ ਹੋਣਹਾਰ ਨਿਕਲਣ ਕਾਰਨ ਬਾਗੋਬਾਗ ਸਨ ਅਤੇ ਸੰਤੁਸ਼ਟੀ ਸੀ ਕਿ ਆਪਣੇ ਖਾਨਦਾਨ ਨੂੰ ਕੁੜੀ ਦੇ ਗ੍ਰਹਿਣ ਨਾਲ ਅਜੇ ਤੱਕ ਸਾਬਤ ਬਚਾ ਲਿਆਏ ਸਨ ਉਹ। ਪੁੱਤਰ ਪੜ੍ਹਨ-ਲਿਖਣ 'ਚ ਕੋਈ ਖਾਸ ਕਰਿਸ਼ਮਾ ਕਰਦੇ ਨਜ਼ਰ ਨਹੀਂ ਆਏ ਸਨ ਤਾਂ ਉਨ੍ਹਾਂ ਆਪਣੇ ਸ਼ੁਰੂਆਤੀ ਧੰਦੇ ਵੱਲ ਰੁਖ ਕਰ ਲਿਆ। ਹੁਣ ਵੱਡੇ ਪੁੱਤਰ ਦਾ ਇਕ ਕੰਮ ਚਲਾਊ ਜਨਰਲ ਸਟੋਰ ਸੀ ਅਤੇ ਛੋਟੇ ਦਾ ਐਸ. ਟੀ. ਡੀ. ਬੂਥ-ਕਮ ਫੈਕਸ ਜੀਰਾਕਸ ਸੈਂਟਰ। ਪੋਤਰੇ ਅਜੇ ਦੁੱਧ ਦੇ ਦੰਦਾਂ ਵਾਲੀ ਉਮਰ 'ਚ ਸਨ।

ਸਮਾਂ ਆਪਣੀ ਸਮਾਨ ਗਤੀ ਨਾਲ ਚੱਲ ਰਿਹਾ ਸੀ, ਜਦੋਂ ਅਚਾਨਕ ਇਹ ਘਟਨਾ ਵਾਪਰੀ ਸੀ। ਇਸ ਘਟਨਾ ਦੇ ਪ੍ਰਭਾਵ ਦੇ ਸੂਤਰਾਂ ਨੂੰ ਸਮਝਣ ਵਾਸਤੇ ਵਿਚਾਲੇ ਛੁੱਟ ਗਏ ਇਸ ਸਵਾਲ ਦਾ ਉੱਤਰ ਜ਼ਰੂਰੀ ਹੈ। ਸੰਨ ਉੱਨੀ ਸੌ ਤ੍ਰੇਹਟ-ਬਾਹਟ। ਉਹ ਜ਼ਮਾਨਾ, ਜਦੋਂ ਦੀਵਾਨਬਾਈ ਉਲਟਾ ਪੁੱਠੀ ਸਾੜ੍ਹੀ ਪਾਈ ਅਤੇ ਰਿਬਨ ਨਾਲ ਕੱਸ ਕੇ ਬੰਨ੍ਹੀਆਂ ਦੋ ਮੁੜੀਆਂ-ਮੁੜੀਆਂ ਗੁੱਤਾਂ ਨੂੰ ਕੰਨਾਂ 'ਤੇ ਲਟਕਾਉਂਦੀ, ਸ਼ਹਿਰ ਦੇ ਇੱਕਲੌਤੇ ਵੂਮੈਨ ਕਾਲਜ 'ਚ ਪੜ੍ਹਨ ਜਾਇਆ ਕਰਦੀ ਸੀ। ਤਿੰਨ ਮਕਾਨ ਛੱਡ ਕੇ ਚੌਥੇ ਮਕਾਨ ਦੇ ਲਗਭਗ ਹਮਉਮਰ ਅਤੇ ਮਾਣ-ਸਤਿਕਾਰ ਵਾਲੇ ਹੋਰ ਜਾਤ ਦੇ ਮੁੰਡੇ ਨਾਲ ਉਸਦਾ ਪ੍ਰੇਮ ਹੋਇਆ। ਉਸ ਵੇਲੇ ਦੇ ਅਰਥਾਂ ਵਾਲਾ ਪ੍ਰੇਮ।...ਤੇ ਪਿਆਰ ਹੋਣ ਦੀ ਸਥਿਤੀ ਅਤੇ ਉਸ ਨੂੰ ਕਰਨ ਦਾ ਢੰਗ ਵੀ ਉਹੋ, ਜੋ ਉਸ ਜ਼ਮਾਨੇ 'ਚ ਖ਼ੂਬ ਚੱਲਿਆ ਹੋਇਆ ਸੀ। ਪਹਿਲਾਂ ਛੱਤ 'ਤੇ ਦੇਖਾ-ਦੇਖੀ, ਫਿਰ ਗਲੀ 'ਚ ਕਦੇ-ਕਦੇ ਆਉਂਦੇ ਅਤੇ ਕਦੇ ਕਦੇ ਜਾਂਦੇ ਨਜ਼ਰਾਂ ਦਾ ਟਕਰਾਉਣਾ, ਜਾਂ ਫਿਰ ਮੇਲੇ ਵਿਚ, ਜਾਂ ਫਿਰ ਕਾਲਜ ਦੇ ਬਾਹਰ....ਆਦਿ..ਆਦਿ.।

ਬੋਲਚਾਲ ਦੀ ਅਦਾਇਗੀ ਦੇ ਨਾਮ 'ਤੇ ਇੱਕ ਦਿਨ ਕਾਲਜ ਦੇ ਬਾਹਰ ਬੱਸ ਨਾਮ ਵਗੈਰਾ ਦਾ ਅਦਾਨ-ਪ੍ਰਦਾਨ ਹੋਇਆ। ਬਾਕੀ ਸਮਾਂ ਬਸ ਮੂਕ ਸੁਨੇਹਿਆਂ ਦਾ ਹੀ ਇਸ਼ਾਰਾ ਸੀ। ਪਰ ਐਨ ਉਸੇ ਸਮੇਂ ਦੀਵਾਨਬਾਈ ਦਾ ਪਿਤਾ ਖਲਨਾਇਕ ਦੇ ਰੂਪ 'ਚ ਮੰਚ 'ਤੇ ਆ ਪ੍ਰਗਟ ਹੋਇਆ। ਉਹ ਪੇਸ਼ੇ ਤੋਂ ਵਕੀਲ ਸੀ, ਲਿਹਾਜ਼ਾ ਲਾ ਕਾਲਜ 'ਚ ਵੀ ਪੜ੍ਹਾਉਂਦਾ ਸੀ। ਤੇ ਉਥੋਂ ਹੀ ਉਨ੍ਹਾਂ ਨੇ ਇੱਕ ਜ਼ਹੀਨ ਤੇ ਆਰਥਿਕ ਮੋਰਚੇ 'ਤੇ ਨਪੀੜਿਆ ਜਵਾਈ ਲੱਭਿਆ। ਆਪਣੇ ਵਾਸਤੇ। ਲਾਭ ਦੋਹਰਾ। ਵਰ ਦੇ ਚੰਗੇ ਨਿਕਲਣ ਦੀ ਗਾਰੰਟੀ ਸੀ ਅਤੇ ਕਮਜ਼ੋਰ ਆਰਥਿਕਤਾ ਦੇ ਖਾਨਦਾਨੀ ਵਰ ਨੂੰ ਆਪਣੀ ਹੈਸੀਅਤ ਦੀ ਧਾਕ ਦਿਖਾ ਕੇ ਮੁਫ਼ਤ 'ਚ ਕੰਨਿਆਦਾਨ ਨਬੇੜੇ ਜਾ ਸਕਣ ਦਾ ਮੌਕਾ ਵੀ ਸੀ। ਦੀਵਾਨਬਾਈ ਕੋਲੋਂ ਨਾ ਉਸ ਦੀ ਮਰਜ਼ੀ ਪੁੱਛੀ ਤੇ ਨਾ ਹੀ ਉਸਨੂੰ ਦੱਸਿਆ। ਬਸ, ਆਪਣੀ ਜ਼ਿੱਦ ਪੁਗਾਈ ਤੇ ਦੀਵਾਨਬਾਈ ਨੇ ਬੇਬੱਸੀ 'ਚ ਆਪਣੀ ਧੌਣ ਜੈਮਾਲਾ ਪੁਆਉਣ ਲਈ ਅੱਗੇ ਵਧਾ ਦਿੱਤੀ। ਲਾੜਾ ਖੁਸ਼। ਪ੍ਰੇਮੀ ਹੈਰਾਨ!

ਦੀਵਾਨਬਾਈ ਅੱਗਨੀ ਦੇ ਫੇਰੇ ਲੈਣ ਤੋਂ ਬਾਅਦ ਜੰਮ ਗਈ। ਠੰਢੀ ਚੱਟਾਨ ਉੱਤੇ ਗ੍ਰਹਿਸਥੀ ਦੀ ਸ਼ੁਰੂਆਤ ਹੋਈ। ਸ਼ੁਰੂਆਤੀ ਦਿਨ ਤਾਂ ਨਵੇਕਲੇ ਬਹੂਪਣ ਨੂੰ ਸੰਭਾਲਣ 'ਚ ਹੀ ਲੰਘ ਗਏ ਅਤੇ ਟਰੇਨ ਵਾਲੇ ਹਾਦਸੇ 'ਚ ਸੁਦਾਮਾ ਪ੍ਰਸਾਦ ਦੀ ਮਾਂ ਦੇ ਗੁਜ਼ਰਦੇ ਹੀ ਦੀਵਾਨਬਾਈ ਨਾਲ ਇੱਕਦਮ ਭੁਰਭੁਰਾ ਗਈ। ਉਹ ਸਾਰਾ ਦਿਨ ਸਖ਼ਤ ਮਿਹਨਤ ਕਰਨ ਲੱਗੀ ਅਤੇ ਆਪਣੇ ਆਪ ਨੂੰ ਕੰਮ ਦੇ ਰੁਝੇਵੇਂ 'ਚ ਲਾਈ ਰੱਖਦੀ। ਪਰ ਕਿਸ ਵਾਸਤੇ ? ਕਿਸੇ ਹੋਰ ਲਈ ਨਹੀਂ। ਸ਼ਾਇਦ ਖੁਦ ਲਈ।

ਤਾਂ ਕਿ ਯਾਦਾਂ 'ਚ ਅਤੇ ਉਨ੍ਹਾਂ ਹਨੇਰੇ ਸੁਪਨਿਆਂ ਤੋਂ ਖਹਿੜਾ ਛੁਡਾਇਆ ਜਾ ਸਕੇ। ਪਰ ਜੇ ਅਜਿਹਾ ਸੰਭਵ ਹੋਇਆ ਹੁੰਦਾ ਤਾਂ ਦੁਨੀਆਂ ਦੀ ਸ਼ਾਇਦ ਹਰ ਪ੍ਰੇਮ ਕਹਾਣੀ ਅਧੂਰੀ ਰਹਿ ਜਾਂਦੀ। ਕਸ਼ੀਦੇ ਕੱਢਦੇ-ਕੱਢਦੇ ਉਸ ਦੀਆਂ ਉਂਗਲਾਂ 'ਚ ਸੂਈ ਖੁੱਭ ਜਾਂਦੀ ਕਦੇ, ਤਾਂ ਆਹ ਉਸ ਤਿੰਨ ਘਰਾਂ ਨੂੰ ਛੱਡ ਕੇ ਚੌਥੇ ਘਰ ਵਾਲੇ ਦੇ ਨਾਮ ਦੀ ਹੀ ਨਿਕਲਦੀ ਸੀ। ਜਦੋਂ ਕੱਪੜੇ ਦੇਣ ਵਾਲੇ, ਵਾਪਸ ਉਨ੍ਹਾਂ ਨੂੰ ਲੈ ਜਾਣ ਲੱਗਦੇ ਅਤੇ ਦੀਵਾਨਬਾਈ ਦੀ ਮੁੱਠੀ ਸਿੱਕੇ ਅਤੇ ਰੁਪਇਆਂ ਨਾਲ ਭਰੀ ਹੁੰਦੀ, ਤਦ ਬਿਨਾਂ ਕੋਈ ਯਤਨ ਕੀਤੇ ਉਸਦਾ ਦਿਲ ਚਹਿਕਦਾ-ਇਨ੍ਹਾਂ ਪੈਸਿਆਂ ਨਾਲ ਉਸ ਮੂਰਤ, ਉਸ ਸਾਂਵਲੀ ਸੂਰਤ ਲਈ ਕੀ ਖਰੀਦਿਆ ਜਾਏ ਪਰ ਉਸੇ ਤੇਜ਼ੀ ਨਾਲ ਉਸਦਾ ਦਿਲ ਬੈਠ ਵੀ ਜਾਂਦਾ ਅਤੇ ਉਸਦੇ ਬੁੱਲ੍ਹ ਸੁੱਕ ਜਾਂਦੇ ਵਰਤਮਾਨ ਦੇ ਤਾਪ ਨਾਲ। ਲੋਕਾਂ ਨੇ ਕਿਹਾ ਕਿ ਦੀਵਾਨਬਾਈ ਦੀ ਮਿਹਨਤ ਰੰਗ ਲਿਆਈ...ਉਸਦਾ ਪਤੀ ਵਕੀਲ ਬਣ ਗਿਆ। ਦੀਵਾਨਬਾਈ ਨੇ ਸੁਣਿਆ, ਉਸਦਾ ਪ੍ਰੇਮੀ ਦਿਨ-ਰਾਤ ਮਿਹਨਤ ਕਰ ਰਿਹਾ ਹੈ...ਪਿਉ ਦੇ ਬਾਅਦ ਉਸਦਾ ਕਾਰੋਬਾਰ ਬਾਖੂਬੀ ਸੰਭਾਲ ਲਿਆ ਹੈ ਉਸਨੇ। ਤਾਂ ਦੋਵੇਂ ਆਪਣੇ ਪਿਆਰ ਦੀ ਚਮਕ ਨੂੰ ਲੁਕਾਉਣ ਲਈ ਅਤੇ ਕਿਸਮਤ ਦੀ ਮਾਰ ਨੂੰ ਭੁਲਾਉਣ ਲਈ ਤਾਬੜਤੋੜ ਮਿਹਨਤ ਕਰੀ ਜਾ ਰਹੇ ਸਨ। ਦੀਵਾਨਬਾਈ ਜਦੋਂ ਪੰਦਰਾਂ ਵੀਹ ਮਿੰਟ ਰਿਕਸ਼ੇ ਦੀ ਸਵਾਰੀ ਕਰ ਕੇ ਆਪਣੇ ਪੇਕੇ ਪਹੁੰਚੀ ਤਾਂ ਸ਼ਾਮ ਦੇ ਘੁੱਸਮੁਸੇ 'ਚ ਉਸ ਦੀਆਂ ਨਜ਼ਰਾਂ ਤਿੰਨ ਘਰ ਛੱਡ ਕੇ ਪਰਲੇ ਪਾਰ ਵਾਲੀ ਛੱਤ ਨਾਲ ਜਾ ਟਕਰਾਉਂਦੀਆਂ। ਉਥੇ... ਕੁਝ... ਦਿਖਾਈ.... ਦੇਵੇ..। ...ਨਾ ਸ਼ਕਲ ਦਿੱਸੀ।...ਕੋਈ ਚਿਹਰਾ ਹੀ ਦਿੱਸ ਜਾਏ।

ਇੱਕ ਵਾਰ ਦੀਵਾਨਬਾਈ ਦਾ ਬੜਾ ਟੁੱਟ-ਫੁੱਟ ਕੇ ਅੰਮਾਂ-ਪਾਪਾ-ਮਾਮਾ ਬੋਲਣ ਵਾਲਾ ਡੇਢ ਸਾਲ ਦਾ ਪੋਤਾ ਜਦੋਂ ਉਸ ਘਰ 'ਚੋਂ ਦਿਨ-ਦਿਹਾੜੇ ਕੁਝ ਫੁੱਲ ਚੋਰੀ ਕਰ ਲੈ ਆਇਆ। ...ਤਦ ਦੀਵਾਨਬਾਈ ਨੇ ਉਸਨੂੰ ਖੂਬ ਮਾਰਿਆ ਸੀ। ਫੁੱਲ ਚੋਰੀ ਕਰਨ ਲਈ ਨਹੀਂ....ਬਲਕਿ ਇਸ ਲਈ ਕਿ ਦੀਵਾਨਬਾਈ ਦੇ ਲੱਖ ਮੰਗਣ 'ਤੇ ਵੀ ਬੱਚਾ ਉਸਨੂੰ ਉਹ ਫੁੱਲ ਦੇਣ ਲਈ ਤਿਆਰ ਨਹੀਂ ਸੀ। ਬੱਚੇ ਨੇ ਕੁੱਟ ਖਾ ਲਈ ਪਰ ਮੁੱਠੀ ਨਾ ਖੋਲ੍ਹੀ। ਉਸਦੇ ਸੌਂ ਜਾਣ 'ਤੇ ਦੀਵਾਨਬਾਈ ਨੇ ਢਿੱਲੀ ਪੈ ਚੁੱਕੀ ਮੁੱਠੀ ਦੀਆਂ ਉਂਗਲਾਂ ਖੋਲ੍ਹੀਆਂ ਅਤੇ ਪਸੀਨੇ ਨਾਲ ਭਿੱਜੀ ਬੇਲੀ ਦੀਆਂ ਤਿੰਨ ਕਲੀਆਂ ਨੂੰ ਉਸ 'ਚ ਕੱਢਿਆ। ਉਨ੍ਹਾਂ ਤਿੰਨ ਮੁਰਝਾਈਆਂ ਕਲੀਆਂ ਨੂੰ ਆਪਣੀ ਹਥੇਲੀ 'ਤੇ ਧਰਿਆ, ਹੰਝੂਆਂ ਨਾਲ ਧੋ ਕੇ। ਦੀਵਾਨਬਾਈ ਜਦੋਂ ਉਨ੍ਹਾਂ ਕਲੀਆਂ ਨੂੰ ਭਰਪੂਰ ਪਿਆਰ ਕਰ ਚੁੱਕਣ ਤੋਂ ਬਾਅਦ ਆਪਣੀ ਚੁੰਨੀ 'ਚ ਬੰਨ੍ਹ, ਸੇਜ ਲੈਣ ਚੱਲੀ, ਤਦ ਬੇਲੀ ਦੀ ਕੋਮਲ ਨਿੱਕੀ ਪੰਖੜੀ ਉਸਦੇ ਬੁੱਲ੍ਹ ਦੇ ਪੋਰ ਨਾਲ ਚਿਪਕੀ ਰਹਿ ਗਈ। ਦੀਵਾਨਬਾਈ ਦੀਆਂ ਜਵਾਨ ਅੱਖਾਂ ਦੇ ਸਾਹਮਣੇ ਉਸਦੇ ਪ੍ਰੇਮੀ ਦਾ ਘਰ ਵੱਸਿਆ। ਉਸਦੀ ਕਬੀਲਦਾਰੀ ਕਾਰਨ ਬੋਝਲ ਹੋਈਆਂ ਅੱਖਾਂ ਦੇ ਸਾਹਮਣੇ ਉਸਦੇ ਪ੍ਰੇਮੀ ਦੇ ਘਰ ਕਿਲਕਾਰੀਆਂ ਗੂੰਜੀਆਂ। ਉਸਦੀ ਚੱਲਨੀ ਦੇ ਉਸ ਪਾਰ ਤੋਂ ਚੰਨ ਅਤੇ ਸੁਦਾਮਾ ਪ੍ਰਸਾਦ ਨੂੰ ਵਾਰੀ-ਵਾਰੀ ਦੇਖਦੀਆਂ ਅੱਖਾਂ ਦੇ ਸਾਹਮਣੇ ਉਸਦਾ ਪ੍ਰੇਮੀ ਰੰਡੇਪਾ ਕੱਟ ਰਿਹਾ ਪ੍ਰਗਟ ਹੋਇਆ। ਉਸਦੇ ਦੂਰ ਦੀਆਂ ਚੀਜ਼ਾਂ ਧੁੰਦਲੀਆਂ ਦਿਖਾਈ ਦੇਣ ਵਾਲੀਆਂ ਅੱਖਾਂ ਦੇ ਸਾਹਮਣੇ ਦੇ ਸਾਹਮਣੇ ਉਸਦੇ ਪ੍ਰੇਮੀ ਦੇ ਵਾਲ ਚਿੱਟੇ ਹੋਏ ਅਤੇ ਹੁਣ....ਥੋੜ੍ਹਾ ਜਿਹਾ ਵੀ ਜ਼ੋਰ ਦੇ ਕੇ ਜਾਂ ਲਾ ਕੇ ਕੁਝ ਦੇਖਣ 'ਤੇ ਜਾਣ ਵਾਲੀਆਂ ਅੱਖਾਂ ਦੇ ਅੱਗੇ ਉਸਦੇ ਪ੍ਰੇਮੀ ਦੇ ਦੋਵੇਂ ਬੱਚੇ ਆਪਣੇ ਪਰਿਵਾਰ ਸਣੇ, ਕਾਰ ਦੁਰਘਟਨਾ 'ਚ ਮਾਰੇ ਗਏ।

ਛੋਟਾ ਸ਼ਹਿਰ ਸੀ। ਕਸਬਾ ਹੀ ਕਹਿ ਲਉ। ਗੱਲ ਰਿੱਝਦੇ ਮਾਸ ਦੀ ਖੁਸ਼ਬੂ ਵਾਂਗ ਫੈਲਦੀ ਸੀ। ਸ਼ਹਿਰ ਦਾ ਇੱਕ ਇੱਜ਼ਤਦਾਰ ਭਲਾ ਪੁਰਸ਼ ਅਤੇ ਅਜਿਹੀ ਬਿਪਤਾ। ਸ਼ਿਆਮ! ਸ਼ਿਆਮ!!



ਔਰਤਾਂ ਦੀਆਂ ਅੱਖਾਂ ਭਰ ਆਈਆਂ ਸਨ। ਤੇ ਪੁਰਸ਼ਾਂ ਨੇ ਲੰਬੇ ਸਾਹ ਭਰੇ ਸਨ। ਸੁਦਾਮਾ ਪ੍ਰਸਾਦ ਸ਼ਾਮ ਦੀ ਸੈਰ ਕਰ ਘਰ ਪਰਤਿਆ ਤਾਂ ਉਸਦੇ ਫੜਕਦੇ ਬੁੱਲ੍ਹਾਂ 'ਤੇ ਇਹ ਖ਼ਬਰ ਸੀ। ਘਰ 'ਚ ਟੀ. ਵੀ. 'ਤੇ ਅੰਤਕਾਸ਼ਰੀ ਦੇਖਣ ਦੀ ਤਿਆਰੀ 'ਚ ਸਨ। ਸਾਰੇ ਆਪਣਾ-ਆਪਣਾ ਆਸਣ ਗ੍ਰਹਿਣ ਕਰ ਚੁੱਕੇ ਸਨ। ਬਸ ਉਸ ਦੀ ਹੀ ਉਡੀਕ ਸੀ। ਦੀਵਾਨਬਾਈ ਐਨਕ ਚੜ੍ਹਾ ਕੇ ਕਾਹਲੀ-ਕਾਹਲੀ ਸਵੇਰ ਵਾਸਤੇ ਚੌਲ ਚੁਗ ਰਹੀ ਸੀ। ਇਹੋ ਦ੍ਰਿਸ਼ ਸੀ ਜਦੋਂ ਮੰਚ 'ਤੇ ਸੁਦਾਮਾ ਪ੍ਰਸਾਦ ਨੇ ਹੌਂਕਾ ਲੈਂਦੇ ਹੋਏ ਇਹ ਖ਼ਬਰ ਸੁਣਾਈ ਸੀ। ਦੀਵਾਨਬਾਈ ਦੇ ਬੁੱਲ੍ਹ ਥੋੜ੍ਹੇ-ਥੋੜ੍ਹੇ, ਹੱਕੇ-ਬੱਕੇ ਰਹਿ ਗਏ ਸਨ। ਪਰ ਡੂੰਘਾ ਜ਼ਖ਼ਮ ਦੀਵਾਨਬਾਈ ਦੇ ਚਿਹਰੇ 'ਤੇ ਉੱਭਰਿਆ। ਬਾਰੀਕ ਨਜ਼ਰਾਂ ਨਾਲ ਜਾਇਜ਼ਾ ਲਿਆ ਜਾਵੇ ਤਾਂ ਉਸਦੇ ਚਿਹਰੇ 'ਤੇ ਰੇਸ਼ਮੀ ਡੋਰੇ ਜਿਹੀਆਂ ਮਹੀਨ ਕਿੰਨੀਆਂ ਨਿੱਕੀਆਂ ਨਿੱਕੀਆਂ ਰੇਖਾਵਾਂ ਉੱਭਰੀਆਂ ਸਨ। ਦੀਵਾਨਬਾਈ ਦੇ ਮੂਹਰੇ ਪਏ ਸਾਰੇ ਕੋਕਰੂ ਅਤੇ ਚੌਲ ਇੱਕ ਰੰਗ ਦੇ ਹੀ ਹੋ ਗਏ। ਇਹ ਤਾਂ ਭੇਤ ਮਿਟਾਉਣ ਦੀ ਸ਼ੁਰੂਆਤ ਸੀ। ਇਸਦੇ ਅੱਗੇ ਆਪਣਾ-ਪਰਾਇਆ, ਜਾਇਜ਼-ਨਜਾਇਜ਼, ਉਚਿੱਤ-ਅਨਉਚਿੱਤ, ਸਹੀ-ਗਲ਼ਤ....ਸਭ ਦੇ ਭੇਤ ਇੱਕ-ਇੱਕ ਕਰ ਮਿਟਣ ਲੱਗੇ ਉਸਦੇ ਸਾਹਮਣੇ ਸਨ। ਉਹ ਚੁੱਪਚਾਪ ਉੱਠ ਕੇ ਆਪਣੇ ਬਿਸਤਰੇ ਤੱਕ ਗਈ। ਛਪੰਜਾ ਸਾਲ ਦੀ ਉਮਰ 'ਚ ਦੋ ਜਵਾਨ ਪੁੱਤਰਾਂ ਦੀ ਮਾਂ ਦੀਵਾਨਬਾਈ ਚਿੱਤ ਲੇਟੀ ਪਈ ਸੀ। ਉਸਦੀਆਂ ਪਲਕਾਂ ਪੱਥਰਾਈਆਂ ਹੋਈਆਂ ਹਨੇਰੇ 'ਚ ਲਟਕੀਆਂ ਸਨ। ਉਨ੍ਹਾਂ 'ਤੇ ਇੱਕ ਨਵਜਾਤ ਮਾਂ ਦੇ ਤੁਤਲੇ ਦੁੱਧ ਦੀਆਂ ਬੂੰਦਾਂ ਫੈਲ ਰਹੀਆਂ ਸਨ। ਇਹ ਉਹ ਬੂੰਦਾਂ ਸਨ, ਜਿਨ੍ਹਾਂ ਨੂੰ ਉਸਦੀ ਜੋਬਨ ਅਵਸਥਾ ਨੇ ਸੰਭਾਲ ਕੇ ਰੱਖਿਆ ਸੀ। ਆਪਣੇ ਪਹਿਲੇ ਪ੍ਰੇਮੀ ਤੋਂ ਪੈਦਾ ਹੋਈਆਂ ਸੰਤਾਨਾਂ ਦੇ ਸਵਾਗਤ ਵਾਸਤੇ ਅਤੇ ਜਿਨ੍ਹਾਂ ਨੂੰ ਉਹ ਬੁਢਾਪੇ ਦੀ ਬਰੂਹ 'ਚ ਲੁਟਾ ਰਹੀ ਸੀ ਉਨ੍ਹਾਂ ਔਲਾਦਾਂ ਨੂੰ ਆਖਰੀ ਵਿਦਾਈ ਦੇਣ ਵਾਸਤੇ। ਉਸਦੇ ਗਲੇ ਨਾਲ ਇੱਕ ਬੇਸੁੱਧ ਚੀਕ ਨਿੱਕਲੀ ਅਤੇ ਹਿਚਕੀ ਅਤੇ ਹੰਝੂ ਰਲਗੱਡ ਹੋ ਗਏ ਸਨ। ਪਰਿਵਾਰ ਉਸਦਾ, ਇਸ ਖ਼ਬਰ ਦੇ ਬਾਅਦ ਮੱਧਮ ਆਵਾਜ਼ 'ਚ ਟੀ. ਵੀ. ਦੇਖ ਰਿਹਾ ਸੀ। ਲਿਹਾਜ਼ਾ ਦੀਵਾਨਬਾਈ ਦਾ ਵਿਰਲਾਪ ਉਨ੍ਹਾਂ ਨੂੰ ਕਮਰੇ ਤੱਕ ਖਿੱਚ ਲਿਆਇਆ ਸੀ। ਵੱਡੇ ਪੁੱਤਰ ਨੇ ਦੀਵਾਨਬਾਈ ਨੂੰ ਕੱਸ ਕੇ ਫੜ੍ਹਿਆ...ਦੀਵਾਨਬਾਈ ਤਾਂ ਭੇਤ ਮਿਟਾਉਣ ਦੀ ਮੁਹਿੰਮ 'ਤੇ ਸੀ....ਉਚਿੱਤ-ਅਨੁਉਚਿੱਤ, ਸਹੀ-ਗਲ਼ਤ। ਅਜਿਹਾ ਰੋਈ ..ਅਜਿਹਾ ਚੀਕੀ.. । ..ਕੌਣ ਕਹੇਗਾ ਕਿ ਜੋ ਬੱਚੇ ਮਰੇ, ਉਹ ਬਿਨਾਂ ਮਾਂ ਦੇ ਸਨ। ਦੀਵਾਨਬਾਈ ਦੇ ਮੱਥੇ 'ਤੇ ਨੂੰਹਾਂ ਨੇ ਠੰਢਾ ਤੇਲ ਝੱਸਿਆ। ਪੈਰਾਂ ਦੇ ਤਲਿਆਂ ਦੀ ਮਾਲਸ਼ ਕੀਤੀ। ਪਾਣੀ ਪਿਆਇਆ ਅਤੇ ਉਸ ਨੂੰ ਚੰਗੀ ਤਰ੍ਹਾਂ ਢੱਕ-ਘੁੱਟ ਕੇ ਸੁਆਇਆ ....ਦੀਵਾਨਬਾਈ ਅਰਧਚੇਤਨਾ 'ਚ ਸਾਰੀ ਰਾਤ ਤ੍ਰਭਕਦੀ ਰਹੀ।

ਸੂਰਜ ਚੌਂਕਸ ਕਰ ਗਿਆ। ਅੱਗੇ ਰਾਤ ਦੀ ਅੱਧੀ-ਅਧੂਰੀ ਕੜੀਆਂ ਵਾਲੀ ਕਹਾਣੀ ਸੀ। ਰਲਗੱਡ ਜਿਹੀਆਂ ਸਿਮਰਤੀਆਂ ਸਨ। ਉਸਨੇ ਚਉਕ ਕੇ ਆਪਣੀ ਸਾੜ੍ਹੀ ਦਾ ਅਗਲਾ ਹਿੱਸਾ ਟਟੋਲਿਆ....ਕਾਲਜੇ ਕੋਲੋਂ...। ਅੰਦਰ ਦੇ ਕੱਪੜਿਆਂ ਦਾ ਸੁੱਕਾਪਣ ਪਰਖਿਆ। ਉਥੇ ਬੂੰਦਾਂ ਦੀ ਸਿੰਮ-ਸਿੰਮ-ਯਾਦ ਪੱਸਰੀ ਸੀ। ਮਤਲਬ ? ਸਾਰੀ ਰਾਤ।

ਘਰ ਗੰਭੀਰ ਸੀ। ਪਰਿਵਾਰਕ ਮੈਂਬਰ ਹੈਰਾਨ ਜਿਹੇ ਸਨ ਅਤੇ ਤਿੰਨੇ ਆਦਮੀ ਹੈਰਾਨ-ਪ੍ਰੇਸ਼ਾਨ ਸਨ।...ਦੀਵਾਨਬਾਈ ਕਾਰਨ। ਉਸਨੇ ਦਰਵਾਜ਼ੇ ਦੀ ਓਟ ਨਾਲ ਆਪਣੇ ਕਮਰੇ 'ਚ ਝਾਕਦੇ ਸਭ ਤੋਂ ਛੋਟੇ ਪੋਤੇ ਨੂੰ ਇਸ਼ਾਰੇ ਨਾਲ ਆਪਣੇ ਕੋਲ ਬੁਲਾਇਆ ਅਤੇ ਗੋਦ 'ਚ ਲੁਕੋ ਲਿਆ। ਬੱਚੇ ਨੇ ਆਪਣੀ ਨਿੱਕੀ ਉਂਗਲੀ ਉਸਦੀ ਧੁੰਨੀ 'ਚ ਤੁੰਨ ਦਿੱਤੀ ਅਤੇ ਦੀਵਾਨਬਾਈ ਨੇ ਅੱਖਾਂ ਬੰਦ ਕਰ ਲਈਆਂ। ਉਸ ਦੀਆਂ ਅੱਖਾਂ 'ਚੋਂ ਫਿਰ ਹਾਹਾਕਾਰ ਕਰਦੇ ਹੰਝੂ ਟੱਪਕੇ ਸਨ। ਉਸਨੇ ਬੱਚੇ ਨੂੰ ਆਪਣੇ

ਨਾਲ ਕੱਸ ਕੇ ਘੁੱਟਿਆ ਅਤੇ ਹੰਝੂ ਪੂੰਝ ਕੇ ਖੁਦ ਨੂੰ ਮਜਬੂਤ ਬਣਾਇਆ ਅਤੇ ਵਾਪਸ ਆਪਣੇ ਦਿਨ ਭਰ ਦੇ ਕੰਮਾਂ 'ਚ ਡੁੱਬਣ ਦੀ ਕੋਸ਼ਿਸ਼ ਕੀਤੀ।

ਰਾਤ ਹੋਈ। ਸਾਰੇ ਸੌਂ ਚੁੱਕੇ ਸਨ। ਦੀਵਾਨਬਾਈ ਅੱਖਾਂ ਖੋਲ੍ਹ ਕੇ ਪਈ ਹੋਈ ਸੀ। ਸੁਦਾਮਾ ਪ੍ਰਸਾਦ ਨੇ ਉਸਦੇ ਵੱਲ ਪਾਸਾ ਕੀਤਾ ਤਾਂ ਨਾਈਟ ਬਲਬ ਦੀ ਸ਼ਾਂਤ ਨੀਲੀ ਰੋਸ਼ਨੀ ਤੋਂ ਉਸ ਨੂੰ ਜਾਗਦਾ ਦੇਖ ਕੇ ਹੜਬੜਾ ਗਏ। ਉਹ ਹੜਬੜੀ 'ਚ ਉੱਠੇ ਅਤੇ ਦੀਵਾਨਬਾਈ ਦੇ ਠੰਢੇ ਮੱਥੇ 'ਤੇ ਹਥੇਲੀ ਰੱਖੀ। ਦੀਵਾਨਬਾਈ ਨੇ ਆਪਣੀਆਂ ਪੁਤਲੀਆਂ ਉਸ ਵੱਲ ਘੁਮਾਈਆਂ। ਉਸਨੇ ਨੀਲੇ ਧੁੰਦਲਕੇ 'ਚ ਉਸ ਇਨਸਾਨ ਨੂੰ ਦੇਖਣ ਦੀ ਕੋਸ਼ਿਸ਼ ਕੀਤੀ ਜੋ ਉਸਦਾ ਸਾਰਾ ਕੁਝ ਸੀ....ਜੋ ਉਸਦਾ ਕੁਝ ਨਹੀਂ ਸੀ। ਕਿੱਥੇ ਕਮੀ ਰਹਿ ਗਈ ਸੀ, ਇਸ ਰਿਸ਼ਤੇ 'ਚ ?....ਉਸੇ ਜਗ੍ਹਾ ਤੋਂ ਪਹਿਲੇ ਸਵਾਲ ਦੇ ਜਵਾਬ ਵਿਚ ਦੂਜਾ ਸਵਾਲ ਉੱਠਿਆ। ਸੁਦਾਮਾ ਪ੍ਰਸਾਦ ਨੇ ਉਸ ਨੂੰ ਖਿੱਚ ਕੇ ਆਪਣੀਆਂ ਬਾਹਾਂ 'ਚ ਕੱਸ ਲਿਆ। ਦੀਵਾਨਬਾਈ ਦੇ ਉੱਤੇ ਇੱਕ ਠੰਢੀ ਪਰਤ ਚੜ੍ਹ ਗਈ ਅਤੇ ਠੀਕ ਉਸੇ ਵੇਲੇ ਉਸਨੇ ਮਹਿਸੂਸ ਕੀਤਾ ਕਿ ਉਸਦੇ ਅੰਦਰ ਅੱਲ੍ਹੜ ਉਮਰ ਵਾਲੀ ਉਹੋ ਤਪਸ਼ ਅਜੇ ਬਾਕੀ ਸੀ, ਜਿਸ ਨੂੰ ਪੇਕੇ ਦੀ ਬਰੂਹ 'ਤੇ ਚਿਣਵਾ ਆਈ ਸੀ ਉਹ ਕਈ ਸਾਲ ਪਹਿਲਾਂ...ਕਦੇ।

ਪਰ ਦੀਵਾਨਬਾਈ ਅਤੇ ਸੁਦਾਮਾ ਪ੍ਰਸਾਦ ਦੀ ਗ੍ਰਹਿਸਥੀ ਦੀ ਨੀਂਹ ਅਜਿਹੀ ਕੱਚੀ ਥੋੜ੍ਹੀ ਸੀ। ਮੰਨਿਆ ਕਿ ਆਧਾਰ ਉਨ੍ਹਾਂ ਦੇ ਸਬੰਧਾਂ ਦਾ ਸਿੱਲੀ ਹੋਈ ਜ਼ਮੀਨ 'ਤੇ ਰੱਖਿਆ ਗਿਆ ਸੀ ਪਰ ਜ਼ਮੀਨ ਸਿੱਲੀ ਜ਼ਰੂਰ ਸੀ, ਪਰ ਦਰਾੜਾਂ ਵਾਲੀ ਤਾਂ ਨਹੀਂ। ਦੀਵਾਨਬਾਈ ਫਿਰ ਘਰ-ਸੰਸਾਰ ਦੇ ਨਿੱਕੇ-ਮੋਟੇ ਕੰਮਾਂ 'ਚ ਉਲਝ ਗਈ ਸੀ। ਸੁਦਾਮਾ ਪ੍ਰਸਾਦ ਅਤੇ ਪੁੱਤਰਾਂ ਨੂੰ **ਚਾਂਕ** ਤੋਂ ਨਿੰਮ ਦਾ ਉਬਾਲਿਆ ਪਾਣੀ ਪਿਆਉਣਾ, ਪੋਤਿਆਂ ਦੀਆਂ ਉਂਗਲਾਂ ਫੜ ਕੇ ਸੜਕ ਪਾਰ ਕਰਵਾਉਣਾ, ਨੂੰਹਾਂ ਵਾਸਤੇ ਫੇਰੀਵਾਲੇ ਕੋਲੋਂ ਮੁੱਲ ਬਣਾ ਕੇ ਚੂੜੀਆਂ ਖਰੀਦਣਾ, ਮਸਾਲਾ ਕੂੰਡੇ ਸੋਟੇ 'ਚ ਰਗੜਨਾ, ਚੌਲਾਂ 'ਚੋਂ ਕੰਕਰ ਚੁਗਣੇ....ਦੀਵਾਨਬਾਈ ਵਕਤ ਦੀ ਰਫ਼ਤਾਰ ਨਾਲ ਕਦਮ ਮਿਲਾ ਕੇ ਤੁਰਨਾ ਚਾਹੁੰਦੀ ਸੀ ਪਰ ਆਪਣੇ ਨਾਲ ਛਲ ਕਰਨ ਦੇ ਜਨੂੰਨ 'ਚ ਕਦੇ ਸਮੇਂ ਦੇ ਅੱਗੇ ਵੀ ਨਿਕਲ ਜਾਂਦੀ। ਕਦੇ ਸਮਾਂ ਉਸ ਨੂੰ ਪਿੱਛੇ ਛੱਡ ਦਿੰਦਾ।

...ਤੇ ਇਕ ਵਾਰ ਵਕਤ ਉਸਦੇ ਨਾਲ ਧੋਖਾ ਕਰ ਗਿਆ....ਘਟਨਾ ਦੇ ਕਰੀਬ ਮਹੀਨੇ ਬਾਅਦ ਦੀਵਾਨਬਾਈ ਨਿੱਕੇ ਪੋਤੇ ਦੇ ਨਾਲ ਪੇਕੇ ਗਈ। ਪੇਕੇ 'ਚ ਸੁੱਖ-ਦੁੱਖ, ਬਿਮਾਰੀ-ਠਿਮਾਰੀ, ਹਰ ਤਰ੍ਹਾਂ ਦੇ ਕਿੱਸਿਆਂ ਦੀਆਂ ਗੰਢਾਂ ਖੁੱਲ੍ਹ ਗਈਆਂ। ਗੱਲਬਾਤਾਂ ਦਾ ਦੌਰ ਜਦੋਂ ਮਹੀਨ ਅਤੇ ਤਰਾਸ਼ਿਆ ਹੋਇਆ ਡੂੰਘਾ ਉਤਰਨ ਲੱਗਾ ਤਾਂ ਉਦੋਂ ਹੀ ਕਿਸੇ ਦਾ ਖਿਆਲ ਉੱਛਲਿਆ। ਤੇ ਉਸ 'ਕਿਸੇ' ਨੂੰ ਖਿਆਲ ਆਇਆ ਕਿ ਛੋਟਾ ਬੱਚਾ ਗਾਇਬ ਹੈ। ਪਲ 'ਚ ਹੀ ਗੱਲਬਾਤ ਖਿੰਡ ਗਈ ਅਤੇ ਭਾਲ ਸ਼ੁਰੂ ਹੋ ਗਈ। ਹੁਣ ਇਸਨੂੰ ਦਗਾ ਕਹੀਏ ਕਿ ਦੀਵਾਨਬਾਈ ਦੇ ਵਿਹੜੇ 'ਚ ਬੇਲੀ ਦੀਆਂ ਕਲੀਆਂ ਦੀਆਂ ਤਿੰਨ ਆਤਮਾਵਾਂ ਸੁਗੰਧਿਤ ਹੋਈਆਂ ਅਤੇ ਉਸ ਦੀਆਂ ਨਾਸਾਂ ਤਾਜ਼ੀ ਖੁਸ਼ਬੂ ਨਾਲ ਭਰ ਗਈਆਂ। ਹੋਸ਼ੋ-ਹਵਾਸ਼ ਗੁਆਈ, ਉਹ ਪੋਤੇ ਦੀ ਤਾਲਾਸ਼ 'ਚ ਸਿੱਧੀ ਉੱਥੇ ਹੀ ਜਾ ਖੜ੍ਹੀ ਹੋ ਗਈ, ਜਿੱਥੇ ਪੋਤਾ ਮੌਜੂਦ ਸੀ। ਇਸ ਵਾਰ ਬੂਟੇ ਬੇਲੀ ਦੇ ਨਹੀਂ ਸਨ...ਹਰਸ਼ਿੰਗਾਰ ਦੀ ਛਤਨਾਰ ਛਾਂ ਸੀ।ਅਲਸੁਬਾਹ ਦੇ ਚੋਅ ਗਏ ਹਰਸ਼ਿੰਗਾਰ ਦੇ ਫੁੱਲ ਸਨ ਜ਼ਮੀਨ 'ਤੇ ਪਏ ਹੋਏ, ਜਿਨ੍ਹਾਂ ਨੂੰ ਛੋਟਾ ਦੇਵਦੂਤ ਮਸਤੀ 'ਚ ਬੈਠਾ ਚੁਗੀ ਜਾ ਰਿਹਾ ਸੀ। ਤੇ ਉਸ ਨੂੰ ਦੇਖਦੀਆਂ ਦੋ ਮੁਗਧ ਅੱਖਾਂ ਸਨ....ਜਿੱਥੇ ਕਿਤੇ ਬੇਦਰਦੀ ਨਾਲ ਚਿੱਟੇ ਹੋ ਚੁੱਕੇ ਵਾਲ ਸਨ, ਇੱਕ ਕਮਜ਼ੋਰ ਜਿਹੀ ਕਾਇਆ ਸੀ, ਲਹਿਰਾਉਂਦੀ ਸਾਫ਼-ਸੁੱਥਰੀ ਧੋਤੀ। ਬੇਦਾਗ਼ ਚਿੱਟਾ ਕੁੜਤਾ ਸੀ...ਤੇ ਸੋਹਣੀ ਕੋਲਾਪੁਰੀ ਚੱਪਲ । ਦੀਵਾਨਬਾਈ



ਦੀਆਂ ਧੜਕਣਾਂ ਦਾ ਹਿਸਾਬ ਨਹੀਂ ਸੀ। ਉਸਦਾ ਜੂੜਾ ਢਿਲਕ ਚੁੱਕਾ ਅਤੇ ਦੁਪੱਟਾ ਬਿਖਰਿਆ ਪਿਆ ਸੀ। ਛਾਤੀ ਸਾਹਾਂ ਨਾਲ ਉੱਪਰ-ਹੇਠਾਂ ਹੋਈ ਜਾਂਦੀ ਅਤੇ ਫਿਰ ਖੁਦ ਨੂੰ ਸਮੇਟ ਲੈਂਦੀ ਸੀ। ਉਸਦੀਆਂ ਖੁੱਲ੍ਹੀਆਂ ਅਤੇ ਪੱਥਰਾਈਆਂ ਅੱਖਾਂ ਨੇ ਮਹਿਸੂਸ ਕੀਤਾ, ਕਿਸੇ ਦੇ ਆਪਣੇ ਵੱਲ ਮਗਨਤਾ ਨਾਲ ਦੇਖ ਕੇ ਵੱਧ ਰਹੇ ਕਦਮਾਂ ਦੀ ਆਹਟ ਨੂੰ। ਇੰਨੇ ਨਜਦੀਕ ਸਨ ਕਿ ਜੇ ਸਾਹਮਣੇ ਵਾਲੇ ਨੂੰ ਅੱਖਾਂ 'ਚੋਂ ਕੋਈ ਹੰਝੂ ਸਿੰਮਦਾ ਤਾਂ ਦੀਵਾਨਬਾਈ ਝਟਕੇ ਨਾਲ ਚਿਹਰਾ ਅੱਗੇ ਵਧਾ ਕੇ ਉਸ ਨੂੰ ਆਪਣੀ ਜੀਭ 'ਤੇ ਲਿਆ ਸਕਦੀ ਸੀ। ਉਸ ਦੀਆਂ ਅੱਖਾਂ 'ਚ ਕੋਈ ਕੁਝ ਭਾਲ ਰਿਹਾ ਸੀ। ਕਿਸੇ ਨੇ ਤਾਂ ਨਹੀਂ ਕੀਤਾ ਸੀ ਅੱਜ ਤੱਕ ਅਜਿਹਾ। ਬਾਹਰੀ ਤੌਰ 'ਤੇ ਜਿੰਨਾ ਵੀ ਕਿਸੇ ਨੂੰ ਮਿਲਿਆ ਲੋਕ ਉਨੇ ਨਾਲ ਹੀ ਤਾਂ ਮਤਲਬ ਰੱਖਦੇ ਆਏ ਸਨ ਅੱਜ ਤੱਕ। ਇੰਝ ਅੰਦਰ ਜਾ ਕੇ ਕੁਝ ਖੋਜ ਲੈਣਾ। ਉਸਦੀ ਇੱਛਾ ਹੋਈ ਕਿ ਸਾਹਮਣੇ ਵਾਲੇ ਦੀਆਂ ਅੱਖਾਂ ਨੂੰ ਜਿਸ ਚੀਜ਼ ਦੀ ਤਲਾਸ਼ ਸੀ ਉਨ੍ਹਾਂ 'ਚ, ਉਹ ਉਸਨੂੰ ਹੋਰ ਅੰਦਰ ਲੁਕਾ ਲਵੇ ਆਪਣੇ ਅੰਦਰ। ਤਾਂ ਕਿ ਉਸ ਚੀਜ਼ ਦੀ ਖੋਜ 'ਚ ਉਹ ਅੱਖਾਂ ਉਸਦੇ ਅੰਦਰ ਤੱਕ ਉਤਰ ਸਕਣ। ਅੱਖਾਂ ਤੋਂ ਵੀ ਅੰਦਰ ਹੋਰ ਅੰਦਰ...ਪਰ ਤਦੇ....ਵਿਚਕਾਰੋਂ ਹੀ ਸਾਹਮਣੇ ਵਾਲਾ ਚਿਹਰਾ ਪਿੱਛੇ ਮੁੜ ਗਿਆ ਅਤੇ ਹੌਲੀ-ਹੌਲੀ ਉਸ ਕੋਲੋਂ ਦੂਰ ਹੁੰਦਾ ਗਿਆ। ਉਹ ਮੰਤਰਮੁਗਧ ਜਿਹੀ ਕਿਸੇ ਧਾਗੇ ਨਾਲ ਬੰਨ੍ਹੀ ਹੋਈ ਉਸਦੇ ਪਿੱਛੇ ਵੱਧਣ ਲੱਗੀ। ਘਰ ਦੇ ਚਬੂਤਰੇ ਤੱਕ ਜਾ ਕੇ ਅੱਗੇ ਜਾਣ ਵਾਲੇ ਦੇ ਕਦਮ ਰੁਕ ਗਏ ਅਤੇ ਉਸਨੇ ਪਿੱਛੇ ਮੁੜ ਕੇ ਦੀਵਾਨਬਾਈ ਨੂੰ ਬੈਠਣ ਦਾ ਇਸ਼ਾਰਾ ਕੀਤਾ। ਦੀਵਾਨਬਾਈ ਬੈਠ ਚੁੱਕੀ ਸੀ। ਉਸਦੇ ਬਗਲ ਵਾਲੀ ਥਾਂ ਵੀ ਭਰੀ ਗਈ। ਉਨ੍ਹਾਂ ਦੇ ਬਿਲਕੁਲ ਸਾਹਮਣੇ ਹਰਸ਼ਿੰਗਾਰ ਦੀ ਉਹ ਛਾਂ ਸੀ, ਜਿਸਦੇ ਹੇਠਾਂ ਦੋ ਨਿੱਕੀਆਂ ਹਥੇਲੀਆਂ ਲਗਾਤਾਰ ਫੁੱਲ ਚੁਗ ਰਹੀਆਂ ਸਨ। ਬੱਚਾ ਦੀਵਾਨਬਾਈ ਦੀ ਮੌਜੂਦਗੀ ਤੋਂ ਬੇਖ਼ਬਰ ਸੀ। ਦੀਵਾਨਬਾਈ ਖੁਦ ਦੀ ਮੌਜੂਦਗੀ ਤੋਂ ਬੇਖ਼ਬਰ ਸੀ। ਸੁੱਖ ਨਾਲ ਭਰੇ ਕੁਝ ਪਲ। ਬਰਾਂਡੇ 'ਤੇ ਬੈਠੇ ਦੋ ਜਣਿਆਂ ਦੇ ਗੋਡਿਆਂ ਵਿਚਕਾਰ ਵਿੱਥ ਭਰ ਤੋਂ ਵੀ ਘੱਟ ਦਾ ਫਾਸਲਾ ਸੀ। ਦੋਵੇਂ ਨਜ਼ਰਾਂ ਉਸ ਫਾਸਲੇ 'ਤੇ ਹੀ ਟਿਕੀਆਂ ਸਨ। ਤਦੇ ਬੱਚਾ ਉੱਠਿਆ। ਉਸ ਨੂੰ ਸਾਹਮਣੇ ਦੀਵਾਨਬਾਈ ਦਿੱਸ ਗਈ। ਉਸ ਦੀਆਂ ਫੁੱਲਾਂ ਨਾਲ ਭਰੀਆਂ ਦੋਵੇਂ ਮੁੱਠੀਆਂ ਖੁੱਲ੍ਹ ਗਈਆਂ ਅਤੇ ਹਰਸ਼ਿੰਗਾਰ ਝੜ ਕੇ ਹੇਠਾਂ ਖਿੱਲਰ ਗਿਆ। ਦੀਵਾਨਬਾਈ ਦੇ ਬਗਲ 'ਚੋਂ ਕੋਈ ਤੇਜ਼ੀ ਨਾਲ ਉੱਠਿਆ ਅਤੇ ਪਲਕ ਝਬਕਦੇ ਹੀ ਉਹ ਲੰਬਾ ਜਿਹਾ ਪਰਛਾਵਾਂ ਬੱਚੇ ਕੋਲ ਸੀ। ਬੱਚਾ ਹਥੇਲੀ ਖੋਲ੍ਹੀ ਹੈਰਾਨ-ਪ੍ਰੇਸ਼ਾਨ ਖੜਾ ਸੀ। ਪਰਛਾਵਾਂ ਝੁਕ ਦੇ ਵਾਪਸ ਉਨ੍ਹਾਂ ਫੁੱਲਾਂ ਨੂੰ ਚੁਗਣ ਲੱਗਾ। ਜੋ ਕੰਮ ਬੱਚਾ ਇੰਨੀ ਮਿਹਨਤ ਤੇ ਸਹਿਜਤਾ ਨਾਲ ਕਾਫ਼ੀ ਸਮੇਂ 'ਚ ਕਰ ਪਾਇਆ ਸੀ, ਉਹੋ ਕੰਮ ਇੱਥੇ ਪਲਾਂ 'ਚ ਹੀ ਇਕੱਠਾ ਕਰ ਦਿੱਤਾ ਗਿਆ ਸੀ। ਬੱਚੇ ਦੀਆਂ ਹਥੇਲੀਆਂ ਦੁਬਾਰਾ ਫੁੱਲਾਂ ਨਾਲ ਭਰ ਗਈਆਂ। ਬੱਚਾ ਖੁਸ਼ ਘੱਟ, ਹੈਰਾਨ ਵੱਧ ਸੀ। ਬੱਚੇ ਦੇ ਕੋਲ ਜੋ ਪਰਛਾਵਾਂ ਆਇਆ ਸੀ, ਉਹ ਪੁੱਠੇ ਪੈਰੀਂ ਪਰਤ ਗਿਆ। ਇਸ ਵਾਰ ਆਹਿਸਤਾ ਕਦਮ। ਅਤੇ ਜਦੋਂ ਉਹੋ ਪਰਛਾਵਾਂ ਦੀਵਾਨਬਾਈ 'ਤੇ ਪੈਂਦਾ ਸੀ। ਦੀਵਾਨਬਾਈ ਨੇ ਧੌਣ ਚੁੱਕ ਕੇ ਨਜ਼ਰਾਂ ਮਿਲਾਈਆਂ ਅਤੇ ਉਹ ਉੱਠਣ ਦਾ ਯਤਨ ਕਰਨ ਲੱਗੀ। ਪਰ ਗੋਡੇ ਆਕੜੇ ਪਏ ਸਨ। ਉਹ ਉੱਠ ਨਾ ਸਕੀ। ਉਸਨੇ ਕੋਲ ਦੀ ਕੰਧ ਦਾ ਸਹਾਰਾ ਲੈਣਾ ਚਾਹਿਆ ਕਿ ਤਦੇ ਇੱਕ ਖੁੱਲ੍ਹੀ ਹਥੇਲੀ ਉਸਦੇ ਅੱਗੇ ਵਧੀ, ਜਿਸ 'ਤੇ ਹਰਸ਼ਿੰਗਾਰ ਦਾ ਇੱਕ ਸੁੱਕਾ ਫੁੱਲ ਚਿਪਕਿਆ ਸੀ। ਦੀਵਾਨਬਾਈ ਦੇ ਹੱਥ ਬਿਨਾਂ ਸੋਚੇ-ਸਮਝੇ ਸੁਭਾਵਕ ਰੂਪ ਨਾਲ ਅੱਗੇ ਵੱਧ ਗਏ, ਉਸ ਹਥੇਲੀ 'ਚ ਆਪਣਾ ਭਾਰ ਸੌਂਪ ਦੇਣ ਵਾਸਤੇ। ਦੀਵਾਨਬਾਈ ਖੜ੍ਹੀ ਹੋਈ। ਉਸਨੇ ਆਪਣੀ ਅਤੇ ਸਾਹਮਣੇ ਵਾਲੇ ਦੀਆਂ ਹਥੇਲੀਆਂ ਦੇ ਵਿਚ ਹਰਸ਼ਿੰਗਾਰ ਦੀ ਮੌਜੂਦਗੀ ਅਨੁਭਵ ਕੀਤੀ। ਤੇ ਤੀਜੇ ਕਿਸੇ ਦੀ

ਮੌਜੂਦਗੀ ਨਾਲ ਉਸਨੂੰ ਸ਼ਰਮਿੰਦਗੀ ਹੋਈ, ਉਸਨੇ ਆਪਣੀ ਹਥੇਲੀ ਵਾਪਸ ਖਿੱਚ ਲਈ। ਇੱਕ ਹਥੇਲੀ ਸਾਹਮਣੇ ਵਧੀ ਹੀ ਰਹਿ ਗਈ ਜਿਸ 'ਤੇ ਹਰਸ਼ਿੰਗਾਰ.....ਦੀਵਾਨਬਾਈ ਦਾ ਕਾਲਜੇ ਨੂੰ ਚੀਸ ਪੈਣ ਲੱਗੀ। ਉਹ ਹੜਬੜਾ ਕੇ ਬੱਚੇ ਕੋਲ ਆਈ ਅਤੇ ਉਸ ਨੂੰ ਮੋਢੇ ਤੋਂ ਫੜ੍ਹ ਕੇ ਖਿੱਚਦੀ ਹੋਈ ਬਾਹਰ ਲੈ ਜਾਣ ਲੱਗੀ। ਬੱਚਾ ਮੁੜ ਕੇ ਪਿੱਛੇ ਦੇਖਦਾ ਰਿਹਾ ਆਪਣੇ ਸ਼ੁਭਚਿੰਤਕ ਨੂੰ, ਪਰ ਉਸ ਦਿਨ ਦੀਵਾਨਬਾਈ-ਮੁੜੀ ਨਹੀਂ ਸੀ ਵਾਪਸ।

ਦੀਵਾਨਬਾਈ ਨੇ ਸ਼ੀਸ਼ੇ 'ਚ ਸਭ ਕੋਲੋਂ ਲੁਕਾ-ਲੁਕਾ ਕੇ ਆਪਣੇ-ਆਪ ਨੂੰ ਦੇਖਿਆ। ਹੈਰਾਨੀ, ਗੁੱਸਾ। ਮਾਂਗ ਕੋਲ ਚਿੱਟੇ ਹੋ ਗਏ ਵਾਲ, ਅੱਖਾਂ ਦੇ ਹੇਠਾਂ....ਵਿਚ ਗੱਲ੍ਹ 'ਤੇ ਕਾਲੀਆਂ ਛਾਈਆਂ, ਪਸੀਨਾ, ਚਿਪਚਿਪਾਹਟ, ਚਿਹਰੇ 'ਤੇ ਸੋਜ। ਇੰਨੇ ਦਿਨਾਂ ਬਾਅਦ ਦਿੱਸੀ ਵੀ ਤਾਂ ਅਜਿਹਾ ਰੂਪ ਲੈ ਕੇ। ਇਸ ਖਿਆਲ ਨਾਲ ਘ੍ਰਿਣਾ ਜਿਹੀ ਆ ਗਈ ਉਸਨੂੰ ਆਪਣੇ 'ਤੇ। ਅਜਿਹੇ ਸਮੇਂ 'ਚ ਜਦ ਉਹ ਸ਼ਖ਼ਸ ਆਪਣੇ ਬੱਚਿਆਂ ਦੀ ਮੌਤ ਦਾ ਦਰਦ ਝੱਲ ਰਿਹਾ ਸੀ, ਕੀ ਉਸਦਾ ਧਿਆਨ ਦੀਵਾਨਬਾਈ ਦੀ ਸ਼ਕਲ, ਰੰਗ-ਢੰਗ 'ਤੇ ਗਿਆ ਹੋਵੇਗਾ। ਪਤਾ ਨਹੀਂ ਉਸਨੇ ਉਸ ਵਿਚ ਕੀ ਦੇਖਿਆ ਹੋਵੇਗਾ ਜਾਂ ਉਸਦੇ ਮਨ ਦੀ ਦਸ਼ਾ ਅਜਿਹੀ ਹੋਵੇਗੀ ਕਿ ਉਸਨੂੰ ਉਸ ਵਿਚ ਆਮ ਜਿਹੀ ਔਰਤ ਨਜ਼ਰ ਆਈ ਹੋਵੇਗੀ। ਕੋਈ ਵੀ ਹੋ ਸਕਣ ਵਾਲੀ ਔਰਤ ਜਾਣੀ-ਪਹਿਚਾਣੀ ਜਾਂ ਬੇਪਛਾਣੀ। ਕਿਵੇਂ ਦੀ ਵੀ। ਨੰਨ੍ਹੇ ਹਰਸ਼ਿੰਗਾਰ ਚੁਗਦੇ ਬੱਚੇ ਨੂੰ ਨਿਹਾਰਦੀ ਉਸ ਦੀ ਸਨੇਹ ਭਰੀ ਦ੍ਰਿਸ਼ਟੀ ਕਿਸੇ ਨੂੰ ਲੱਭ ਰਹੀ ਹੋਵੇਗੀ ? ਇਹ ਸੋਚਦੇ ਦੀਵਾਨਬਾਈ ਦਾ ਸੀਨਾ ਭਰ ਗਿਆ। ਉਸਦੇ ਮਨ 'ਚ ਆਪਣੇ ਪ੍ਰੇਮੀ ਵਾਸਤੇ ਪਹਿਲੀ ਵਾਰ ਸਨੇਹ ਜਾਗਿਆ....

ਦੀਵਾਨਬਾਈ ਪੇਕਿਓਂ ਆਪਣੇ ਪੁਰਾਣੇ ਦਿਨਾਂ ਦੇ ਸੁਪਨੇ ਵਾਪਸ ਲਿਆਈ ਸੀ। ਹੁਣ ਉਸਦਾ ਚਿੱਤ ਉਸ ਨੂੰ ਧਿੰਗੋਜ਼ੋਰੀ ਸ਼ੀਸ਼ੇ ਦੇ ਅੱਗਿਓਂ ਵੱਖ ਕਰਦਾ। ਹਲਕਾ ਰੰਗ ਹੁਣ ਆਪਣੀ ਉਮਰ ਦੇ ਮੁਤਾਬਕ ਨਹੀਂ ਲੱਗ ਰਿਹਾ ਸੀ....ਚਮਕੀਲੇ ਰੰਗਾਂ ਦੀ ਜੀਵਨ 'ਚ ਵਾਪਸੀ ਸੀ। ਚਿਹਰਾ ਖ਼ੂਬਸੂਰਤੀ ਦੇ ਸਾਰੇ ਘਰੇਲੂ ਨੁਸਖਿਆਂ ਦੀ ਪਿੱਠਭੂਮੀ ਬਣਿਆ ਪਿਆ ਸੀ ਅਤੇ ਮਨ। ਮਨ ਤਾਂ ਮੱਖਣ ਦਾ ਪੇੜਾ ਬਣ ਪਾਣੀ ਦੇ ਉੱਪਰ ਉੱਪਰ ਤੈਰ ਰਿਹਾ ਸੀ। ਅੱਡੀਆਂ ਨੂੰ ਝਾਂਵੇਂ ਨਾਲ ਰਗੜਦੇ-ਰਗੜਦੇ ਦੀਵਾਨਬਾਈ ਸੋਚਦੀ...ਹੁਣ ਤੱਕ, ਖੁਦ ਨੂੰ ਸਾਫ਼-ਸੁਥਰਾ ਰੱਖਣ ਦਾ ....ਸੰਵਰਨ ਦਾ ਖਿਆਲ਼ ਕੀਤੇ ਬਿਨਾਂ ਜ਼ਿੰਦਗੀ ਕਿਵੇਂ ਗੁਜ਼ਰ ਗਈ ? ਤੇ ਹੁਣ ਵੀ ਜਦੋਂ ਉਸ 'ਚ ਸਾਹਮਣੇ ਵਾਲੇ ਨੂੰ ਇੱਕ ਸਾਧਾਰਨ ਔਰਤ ਹੀ ਦਿਖਾਈ ਦਿੱਤੀ ਸੀ, ਤਦ ਇਹ ਸਾਰਾ ਕੁਝ ਕਿਸ ਦੇ ਲਈ ? ਨਹੀਂ...ਉਸਦਾ ਦੀਵਾਨਬਾਈ ਨੂੰ ਦੇਖ ਕੇ ਤ੍ਰਭਕਣਾ, ਮੋਨ ਹੋ ਜਾਣਾ, ਬਿਲਕੁਲ ਸ਼ਾਂਤ ਟਿਕਟਿਕੀ ਲਾਈ ਦੇਖਦੇ ਰਹਿਣਾ। ਉਹ ਸਾਰਾ ਕੁਝ ਉਸੇ ਦੇ ਲਈ ਹੀ ਸੀ.....ਕੇਵਲ ਉਸੇ ਦੇ ਲਈ। ਦੀਵਾਨਬਾਈ ਦੇ ਲਈ।

ਆਪਣੇ ਪੋਤੇ ਦੇ ਮਗਰ ਥਾਲੀ ਲੈ ਕੇ...ਬੁਰਕੀ ਬਣਾ ਕੇ ਘੁੰਮਦੇ ਹੋਏ...ਉਸ ਨਾਲ ਖਾ ਲੈਣ ਦਾ ਤਰਲਾ ਕਰਦੇ ਹੋਏ, ਉਸਦਾ ਮੂੰਹ ਆਪਣੇ ਦੁਪੱਟੇ ਨਾਲ ਪੂੰਝਦੇ ਹੋਏ...ਅਕਸਰ ਉਹ ਭਟਕਣ ਲੱਗੀ। ਅੱਗੇ-ਅੱਗੇ ਭੱਜ ਕੇ ਉਸਨੂੰ ਤੰਗ ਕਰਦਾ ਬੱਚਾ ਕਦੋਂ ਪੁੜਪੁੜੀ 'ਤੇ ਚਿੱਟੇ ਵਾਲਾਂ ਵਾਲਾ ਰੂਪ ਧਾਰਨ ਕਰ ਲੈਂਦਾ, ਕੁਝ ਹੋਸ਼ ਹੀ ਨਾ ਰਹਿ ਪਾ ਰਿਹਾ ਸੀ। ਕੌਣ ਰੱਖਦਾ ਹੋਵੇਗਾ ਉਸਦੇ ਖਾਣ-ਪੀਣ ਦਾ ਧਿਆਨ। ਰਾਤ ਨੂੰ ਸੁੱਤੇ ਪਿਆਂ ਅਚਾਨਕ ਖੰਘ ਛਿੜਦੀ ਹੋਵੇਗੀ ਤਾਂ ਕੌਣ ਉਸ ਨੂੰ ਇੱਕ ਗਲਾਸ ਪਾਣੀ ਲਿਆ ਕੇ ਦਿੰਦਾ ਹੋਵੇਗਾ। ਕੁੜਤੇ ਮੈਲੇ ਹੋ ਰਹੇ ਹਨ, ਜਾਂ ਚੱਪਲ ਘੱਸ ਰਹੀ ਹੈ ਜਾਂ ਭਾਰ ਘੱਟ ਹੋ ਰਿਹਾ ਹੈ...ਕੌਣ ਦਿਵਾਉਂਦਾ ਹੋਵੇਗਾ ਇਸਦਾ ਧਿਆਨ।



ਦੀਵਾਨਬਾਈ ਟਿਕੀਆਂ ਰਾਤਾਂ ਨੂੰ ਉਂਗਲਾਂ ਨਾਲ ਟਟੋਲ-ਟਟੋਲ ਕੇ ਕੁਝ ਲੱਭਦੀ। ਉਸਦਾ ਪ੍ਰੇਮੀ ਇੱਕ ਨਵਜੰਮੇ ਬਾਲ 'ਚ ਸਿਮਟ ਆਉਂਦਾ...ਪੂਰੀ ਤਰ੍ਹਾਂ ਨਾਲ ਬਸ ਉਸ ਦੇ ਹੀ ਸਹਾਰੇ 'ਚ। ਉਸਦਾ ਖਾਣਾ-ਪੀਣਾ, ਸੌਣਾ, ਨਹਾਉਣਾ ਸਭ ਦੀਵਾਨਬਾਈ 'ਤੇ ਹੀ ਨਿਰਭਰ। ਉਹ ਭੁੱਖਾ ਹੁੰਦਾ ਤਾਂ ਉਸਦੇ ਬੁੱਲ੍ਹ ਦੀਵਾਨਬਾਈ ਨੂੰ ਤਲਾਸ਼ਦੇ...ਉਸ ਨੂੰ ਨੀਂਦ ਆ ਰਹੀ ਹੁੰਦੀ ਤਾਂ ਉਸ ਦੀਆਂ ਅੱਖਾਂ ਦੀਵਾਨਬਾਈ ਨੂੰ ਲੱਭਦੀਆਂ...ਦੀਵਾਨਬਾਈ ਆਪਣੇ ਸੀਨੇ ਨੂੰ ਦੋਵਾਂ ਬਾਂਹਾਂ ਦੀ ਜਕੜ 'ਚ ਘੁੱਟ ਲਿਆ...ਇਹ ਕਿਹੋ ਜਿਹਾ ਪਿਆਰ ਸੀ ਜੋ ਮਾਂ ਵਰਗੇ ਪਿਆਰ 'ਚ, ਸਨੇਹ-ਮਿਲ਼ਣ 'ਚ ਘੁਲ-ਮਿਲ ਜਾਂਦਾ ਸੀ !....ਕੀ ਔਰਤ ਇੱਕ ਉਮਰ ਦੇ ਬਾਅਦ ਕੇਵਲ ਅਤੇ ਕੇਵਲ ਮਾਂ ਰਹਿ ਜਾਂਦੀ ਹੈ ? ਕੀ ਔਰਤ ਹਰ ਉਮਰ 'ਚ ਕੇਵਲ ਅਤੇ ਕੇਵਲ ਮਾਂ ਹੁੰਦੀ ਹੈ ? ਨਹੀਂ !

ਰੰਗਮਹਿਲ ਤੋਂ ਚਿੱਟੀ ਜ਼ਰੀ ਦੇ ਕਸ਼ੀਦੇ ਵਾਲਾ ਹਲਕਾ ਨੀਲਾ ਪਰਦਾ ਉੱਠਿਆ। ਰੰਗਮਹਿਲ ਦੀਆਂ ਕੰਧਾਂ ਸੰਗਮਰਮਰੀ ਸਨ। ਛੋਟੇ-ਵੱਡੇ, ਚਿੱਟੇ ਨੀਲੇ, ਚਿਤਕਬਰੇ ਸੰਗਮਰਮਰੀ ਸੰਖ ਵਰਗੀਆਂ। ਕਮਰੇ ਦੇ ਖੱਬੇ ਪਾਸੇ ਹਾਥੀ ਦੰਦ ਦਾ ਬਣਿਆ ਇੱਕ ਨੱਕਾਸ਼ੀਦਾਰ ਖੰਬਾ ਸੀ। ਉਸ ਨਾਲ ਲਿਪਟੀ ਸੋਨਜੂਹੀ ਦੇ ਫੁੱਲ ਦੀਆਂ ਲਗਰਾਂ ਦਾ ਇੱਕ ਜੋੜਾ ਆਪਣੇ 'ਚ ਗੁੰਮਿਆ ਹੋਇਆ ਸਾਹ ਲੈ ਰਿਹਾ ਸੀ। ਦੂਜੇ ਪਾਸੇ ਚੰਦਨ ਦੀਆਂ ਪਤਲੀਆਂ ਲੱਕੜਾਂ ਨਾਲ ਬਣਿਆ ਇੱਕ ਪਿੰਜਰ ਸੀ, ਜਿਸ 'ਚ ਚਟਕ ਉਨਾਬੀ ਖੰਭਾਂ ਵਾਲੇ ਪੰਛੀਆਂ ਦਾ ਇੱਕ ਜੋੜਾ ਸ਼ੋਰ ਭਰੇ ਉਤਸਵ 'ਚ ਮਗਨ ਸੀ। ਰੰਗਮਹਿਲ ਸ਼ਮਾਦਾਨਾਂ ਦੀ ਲੋਅ ਨਾਲ ਰੋਸ਼ਨ ਸੀ। ਹਵਾ ਦੇ ਨਰਮ ਬੁੱਲ੍ਹੇ ਨਾਲ ਪਰਦੇ ਇਕ ਖੂੰਝੇ ਤੋਂ ਦੂਜੇ ਕੋਨੇ ਤੱਕ ਲਹਿਰਾਉਂਦੇ ਸਨ। ਗਲੀਚੇ ਦੀ ਰੰਗੋਲੀ ਨਾਲ ਸਜੇ ਫਰਸ਼ 'ਤੇ ਰਾਧਾ ਦੇ ਇੱਕ ਜੋੜੇ ਤਲਿਆਂ ਦੀ ਪਰਛਾਵਾਂ ਪਿਆ ਅਤੇ ਕਮਰੇ ਦੇ ਸ਼ਮਾਦਾਨਾਂ ਦੀ ਸ਼ਮਾ ਫੱਕ ਕਰ ਕੇ ਬੁੱਝ ਗਈ। ਹੁਣ ਉੱਥੇ ਬਾਕੀ ਰਹਿ ਗਈ .....ਕਮਰੇ ਦੇ ਵਿਚੋਂ-ਵਿਚ ਛੱਤ ਨਾਲ ਲਮਕਦੀ ਲਾਲਟੈਣ ਦੀ ਮੱਧਮ ਰੋਸ਼ਨੀ। ਰਾਧਾ ਦੇ ਸੱਜੇ ਤਲੇ ਨਾਲ ਫ਼ਰਸ਼ 'ਤੇ ਇੱਕ ਥਾਪ ਪਈ ਅਤੇ ਰੰਗੋਲੀ ਦੇ ਗੁਲਾਲ ਦਾ ਧੂੰਆਂ ਕਮਰੇ 'ਚ ਤੈਰਨ ਲੱਗਾ। ਪੰਛੀਆਂ ਦਾ ਕਲੋਲ ਕਰਨਾ ਸ਼ਾਂਤ ਹੋ ਗਿਆ ਅਤੇ ਮਿਰਦੰਗ ਦੀ ਥਾਪ ਕਮਰੇ 'ਚ ਗੂੰਜ਼ ਉੱਠੀ। ਮਿਰਦੰਗ ਦੀ ਥਾਪ ਅਤੇ ਪੱਬ ਅੱਡੀ ਦੀ ਲੈਅ....ਰੰਗਮਹਿਲ ਗੁਲਾਲ ਨਾਲ ਭਰ ਉੱਠਿਆ ਅਤੇ ਇੱਕ-ਇੱਕ ਕਰ ਕੰਧਾਂ ਦੇ ਸਾਰੇ ਸੰਗਮਰਮਰ ਗੁਲਾਬੀ ਹੋਣ ਲੱਗੇ। ਰਾਧਾ ਦਾ ਪਹਿਨਿਆ ਬਾਰੀਕ ਪਾਰਦਰਸ਼ੀ ਕੱਪੜੇ ਵਾਲਾ ਲਹਿੰਗਾ ਗੁਲਾਬੀ ਭਾਹ ਮਾਰਨ ਲੱਗਾ। ਗੁਲਾਲ ਦੇ ਸਪਰਸ਼ ਨਾਲ ਇੱਕ-ਇੱਕ ਕਰ ਸ਼ਮਾਦਾਨ ਦੀ ਲੋਅ ਫਿਰ ਰੋਸ਼ਨ ਹੋਣ ਲੱਗੀ। ਕਮਰੇ ਦੀਆਂ ਕੰਧਾਂ 'ਤੇ ਲਹਿਰਾ ਰਹੇ ਪਰਦੇ ਕਿਸੇ ਨੱਚਦੇ ਜਿਸਮ ਦਾ ਰੂਪ ਧਾਰਨ ਕਰਨ ਲੱਗੇ ਅਤੇ ਰੰਗਮਹਿਲ 'ਚ ਕੁਝ ਵੀ ਨਾ ਬਚਿਆ....ਸਿਵਾਏ ਪ੍ਰੇਤ ਅਤੇ ਆਨੰਦ ਦੇ ਇੱਕ ਗੁਲਾਬੀ ਪਰਦੇ ਦੇ....

ਦੀਵਾਨਬਾਈ ਨੇ ਅੱਖਾਂ ਖੋਲ੍ਹ ਕੇ ਉਨ੍ਹਾਂ ਨੂੰ ਦੇਖਿਆ। ਉਸਦੇ ਸਾਹ ਤੇਜ਼-ਤੇਜ਼ ਚੱਲ ਰਹੇ ਸਨ। ਜੂੜਾ ਖਿੰਡ ਚੁੱਕਾ ਸੀ ਅਤੇ ਦੁਪੱਟਾ ਵੀ ਆਪਣੀ ਜਗ੍ਹਾ ਤੋਂ ਸਰਕ ਗਿਆ ਸੀ।

"ਅਵਿਨਾਸ਼ ਦੀ ਮਾਂ" -ਇਸ ਆਵਾਜ਼ ਨੇ ਮਿਰਦੰਗ ਥਾਪ 'ਤੇ ਜਿੱਤ ਪਾ ਲਈ ਸੀ।

"ਸੁਪਨਾ ਦੇਖ ਰਹੀ ਏਂ ?"-ਸੁਦਾਮਾ ਪ੍ਰਸਾਦ ਨੇ ਪੁੱਛਿਆ।

ਦੀਵਾਨਬਾਈ ਕੋਈ ਜਵਾਬ ਨਾ ਦੇ ਸਕੀ। ਉਹ ਬਸ ਦੇਖਦੀ ਰਹੀ ਆਪਣੇ ਪਤੀ ਦੀਆਂ ਅੱਖਾਂ ਵਿਚ। ਫਿਰ ਉਸਨੇ ਅਚਾਨਕ ਸੁਦਾਮਾ ਪ੍ਰਸਾਦ ਨੂੰ ਆਪਣੇ-ਆਪ 'ਚ ਜਕੜ ਲਿਆ। ਬਾਂਹਾਂ ਕੱਸ ਕੇ ਦੁਆਲੇ ਵਲ ਲਈਆਂ। ਉਮਰ ਦੇ ਇਸ ਮੋੜ 'ਤੇ ਇਹ ਕਿਹੋ ਜਿਹਾ ਭਟਕਾਅ ਸੀ। ਜਦੋਂ ਉਮਰ ਸੀ, ਇੱਛਾਵਾਂ ਸਨ, ਭੁੱਖ ਸੀ, ਤਦ ਜੋ ਸਭ ਨਾ ਕਰ ਸਕੀ, ਉਨ੍ਹਾਂ ਚੀਜ਼ਾਂ ਦੀ .....ਤੇ

ਹੁਣ...ਇੰਨੇ ਸਾਲਾਂ ਬਾਅਦ! ਇਹ ਤਾਂ ਜੀਵਨ ਦਾ ਅੰਤ ਨੇੜੇ ਆ ਰਿਹਾ ਸੀ। ਹੁਣ ਫਿਰ ਤੋਂ ਇੱਕ ਨਵਾਂ ਜੀਵਨ ਜਿਊਣ ਦੀ ਚਾਹ! ਉਹ ਵੀ ਇੰਨੇ ਫਰਜ਼ਾਂ 'ਚ ਨਪੀੜੇ ਹੋਣ 'ਤੇ....ਸਮਾਜ, ਘਰ, ਪਰਿਵਾਰ, ਰਿਸ਼ਤੇਦਾਰ....ਇੱਕ ਔਰਤ ਹੋਣ ਦੇ ਬਾਵਜੂਦ! ਨਹੀਂ। ਉਸ ਨੂੰ ਆਪਣੀ ਪੁਰਾਣੀ ਦੁਨੀਆਂ 'ਚ ਹੀ ਰਹਿਣਾ ਹੋਵੇਗਾ। ਉਸੇ 'ਚ ਰਮਾ ਦੇਣਾ ਹੋਵੇਗਾ ਆਪਣੇ-ਆਪ ਨੂੰ। ਉਸਨੇ ਸੁਦਾਮਾ ਪ੍ਰਸਾਦ ਦੀ ਪਿੱਠ ਨੂੰ ਸਹਿਲਾਇਆ ਆਪਣੀ ਤਰਜਨੀ ਨਾਲ। ਉਸ ਨੂੰ ਪਤਾ ਸੀ ਕਿ ਉਸਦੇ ਥੋੜ੍ਹੇ ਸਪਰਸ਼ ਨਾਲ ਸੁਦਾਮਾ ਪ੍ਰਸਾਦ ਦੇ ਮਨ 'ਚ ਹਸਰਤਾਂ ਜਾਗ ਉੱਠਣਗੀਆਂ ਅਤੇ ਫਿਰ....ਉਹ ਹਮੇਸ਼ਾ ਵਾਸਤੇ ਖੁਦ ਨੂੰ ਆਪਣੀ ਗ੍ਰਹਿਸਥੀ 'ਚ ਡੁਬੋ ਦੇਵੇਗੀ। ਪਰ ਇਹ ਕੀ ? ਕੋਈ ਹਰਕਤ ਨਹੀਂ ਹੋਈ, ਸੁਦਾਮਾ ਪ੍ਰਸਾਦ 'ਚ। ਉਸਨੇ ਆਪਣੀਆਂ ਬਾਂਹਾਂ ਦੀ ਜਕੜ ਹੌਲ਼ੀ-ਹੌਲ਼ੀ ਢਿੱਲੀ ਕਰ ਲਈ। ਉਸਦੇ ਕੰਨਾਂ 'ਚ ਸੁਦਾਮਾ ਪ੍ਰਸਾਦ ਦੇ ਘੁਰਾੜੇ ਦੀ ਹਲਕੀ ਜਿਹੀ ਆਵਾਜ਼ ਆਈ। ਉਸਨੇ ਸਾਵਧਾਨੀ ਨਾਲ ਪੂਰੀ ਤਰ੍ਹਾਂ ਖੁਦ ਨੂੰ ਸੁਦਾਮਾ ਪ੍ਰਸਾਦ ਨਾਲੋਂ ਵੱਖ ਕਰ ਲਿਆ। ਦੀਵਾਨਬਾਈ ਨੇ ਨੀਲੇ ਬੱਲਬ ਦੀ ਰੋਸ਼ਨੀ 'ਚ ਗਹੁ ਨਾਲ ਆਪਣੇ ਪਤੀ ਦਾ ਚਿਹਰਾ ਪੜ੍ਹਿਆ। ਉਸ 'ਤੇ ਸਾਫ਼-ਸਾਫ਼ ਲਿਖਿਆ ਸੀ ਕਿ ਸੁਦਾਮਾ ਪ੍ਰਸਾਦ ਇਹ ਬਾਜੀ ਹਮੇਸ਼ਾ ਲਈ ਹਾਰ ਚੁੱਕੇ ਸਨ। ਦੀਵਾਨਬਾਈ ਨੇ ਪਾਸਾ ਫੇਰ ਲਿਆ ਅਤੇ ਸਿਰਹਾਣੇ 'ਚ ਆਪਣਾ ਮੂੰਹ ਤੁੰਨ ਲਿਆ। ਹਰ ਔਰਤ ਦੇ ਮਨ ਦੇ ਕਿਸੇ ਖੂੰਝੇ 'ਚ ਕੋਈ ਰੰਗਮਹਿਲ ਹੁੰਦਾ ਹੈ ਅਤੇ ਹਰ ਔਰਤ ਦੇ ਮਨ 'ਚ ਇੱਕ ਰਾਧਾ ਹੁੰਦੀ ਹੈ। ਦੀਵਾਨਬਾਈ ਨੇ ਅੱਖਾਂ ਘੁੱਟ ਕੇ ਮੀਚ ਲਈਆਂ।

ਦੀਵਾਨਬਾਈ ਨੇ ਖੁਦ ਨੂੰ ਸਜਾਇਆ ਅਤੇ ਆਪਣੇ ਪ੍ਰੇਮੀ ਦੇ ਬੂਹੇ ਦੀ ਟੱਲੀ ਖੜਕਾ ਦਿੱਤੀ। ਦਰਵਾਜ਼ਾ ਖੁੱਲ੍ਹਿਆ। ਉਸਦਾ ਕਮਜ਼ੋਰ ਅਤੇ ਥੱਕਿਆ ਹੋਇਆ ਮੇਜ਼ਬਾਨ ਚੌਂਕ ਗਿਆ। ਦੀਵਾਨਬਾਈ ਨੇ ਉਸਦੇ ਕੁਝ ਕਹਿਣ ਦੀ ਉਡੀਕ ਨਾ ਕੀਤੀ ਅਤੇ ਅੰਦਰ ਘੁੱਸ ਕੇ ਅੰਦਰ ਤੱਕ ਚੱਲ ਕੇ ਸੋਫ਼ੇ 'ਤੇ ਬੈਠ ਗਈ। ਮਹਿਮਾਨ ਦੇ ਪਿੱਛੇ ਉਸਦਾ ਮੇਜ਼ਬਾਨ। ਦੀਵਾਨਬਾਈ ਨੇ ਉਸਦੇ ਚਿਹਰੇ 'ਤੇ ਨਜ਼ਰਾਂ ਗੱਡ ਦਿੱਤੀਆਂ। ਉਹ ਸਿਰ ਨਿਵਾ ਕੇ ਬੈਠਾ ਸੀ। ਪਲ ਭਰ ਪਹਿਲਾਂ ਦੀ ਹੈਰਾਨਗੀ ਖਤਮ ਹੋ ਚੁੱਕੀ ਸੀ ਅਤੇ ਹੁਣ ਸ਼ਾਂਤੀ ਉੱਥੇ ਨਿੱਖਰ ਕੇ ਪੱਸਰੀ ਸੀ।

"ਤੁਸੀਂ ਆਪਣਾ ਖਿਆਲ਼ ਨਹੀਂ ਰੱਖਦੇ ਨਾ..।" ਦੀਵਾਨਬਾਈ ਨੇ ਸਵਾਲ ਕਰਨਾ ਚਾਹਿਆ ਸੀ। ਪਰ ਵਾਕ ਦੇ ਪੂਰਾ ਹੁੰਦੇ-ਹੁੰਦੇ ਉਸ ਵਿਚੋਂ ਸਵਾਲੀਆ ਸਥਾਨ ਮਿਟ ਚੁੱਕਾ ਸੀ ਅਤੇ ਉਹ ਇੱਕ ਸਾਧਾਰਨ, ਸਰਵਮਾਨਤਾ ਵਾਲੀ ਖਾਮੀ ਦੇ ਵਾਂਗ ਸਾਹਮਣੇ ਸੀ। ਦੀਵਾਨਬਾਈ ਨੇ ਬਿਨਾਂ ਲਾਗ ਲਪੇਟ ਦੇ ਫਿਰ ਕਿਹਾ-"ਜੇ ਮੈਂ ਤੁਹਾਡਾ...ਧਿਆਨ ਰੱਖਾਂ ਤਾਂ ?" ਸਾਹਮਣੇ ਵਾਲੇ ਨੂੰ ਜਿਵੇਂ ਕੁਝ ਸੁਣਿਆ ਹੀ ਨਹੀਂ। ਉਹ ਚੁੱਪਚਾਪ ਉਵੇਂ ਹੀ ਬੈਠਾ ਰਿਹਾ, ਕੁਝ ਪਲ ਲੰਘ ਗਏ!

" ਚੱਲਦੀ ਹਾਂ"- ਦੀਵਾਨਬਾਈ ਉੱਠ ਖੜੀ ਹੋਈ।

ਘਰ 'ਚ ਦੁਬਾਰਾ ਫਿਰ ਪੁਰਾਣੇ ਢੰਗ ਨਾਲ ਸ਼ਾਮ ਢਲੀ ਸੀ। ਬੱਚੇ ਸਕੂਲੋਂ ਆਉਣ ਤੋਂ ਬਾਅਦ ਭੱਜ-ਦੌੜ, ਫੜਨ-ਫੜਾਈ 'ਚ ਮਸਤ ਸਨ। ਨੂੰਹਾਂ ਕਾਹਲੀ-ਕਾਹਲੀ ਨਾਲ ਭੋਜਨ ਤਿਆਰ ਕਰ ਰਹੀਆਂ ਸਨ। ਪੁੱਤਰ ਆਪੋ- ਆਪਣੀਆਂ ਦੁਕਾਨਾਂ 'ਤੇ ਸਨ। ਸੁਦਾਮਾ ਪ੍ਰਸਾਦ ਸ਼ਾਮ ਦੀ ਸੈਰ ਦੀ ਤਿਆਰੀ ਕਰ ਰਹੇ ਸਨ। ਦੀਵਾਨਬਾਈ ਨੇ ਸੰਧਿਆ ਬਾਲੀ ਅਤੇ ਪ੍ਰਸ਼ਾਦ ਦੇਣ ਵਾਸਤੇ ਪੋਤੀ ਨੂੰ ਆਵਾਜ਼ ਮਾਰੀ। ਬੱਚੇ ਉਸ ਨੂੰ ਘੇਰ ਕੇ ਖੜੇ ਹੋ ਗਏ ਤਾਂ ਉਸਨੇ ਵਿਚਕਾਰਲੇ ਪੋਤੇ ਦੇ ਸਿਰ 'ਤੇ ਹੱਥ ਰੱਖ ਕੇ ਪੁੱਛਿਆ-"ਦਾਦੀ ਨਾ ਰਹੀ ਤਾਂ ਪ੍ਰਸਾਦ ਕੌਣ ਦੇਵੇਗਾ ?"

ਛੇ ਸਾਲ ਦੇ ਬੱਚੇ ਨੇ ਹੈਰਾਨੀ ਨਾਲ ਉਸ ਨੂੰ ਦੇਖਿਆ। ਉਸਦਾ ਨਿੱਕਾ ਭਰਾ ਚੀਕਿਆ- "ਦਾਦੀ ਨਹੀਂ ਰਹੇਗੀ ਤਾਂ ਅਸੀਂ ਪੂਜਾ ਕਰਾਂਗੇ ਤੇ ਪ੍ਰਸ਼ਾਦ ਕਿਸੇ ਹੋਰ ਨੂੰ ਨਹੀਂ ਦੇਵਾਂਗੇ।"



ਦੀਵਾਨਬਾਈ ਨੇ ਮੁਸਕਰਾ ਕੇ ਉਸਦੇ ਸਿਰ ਨੂੰ ਹਲਕਾ ਜਿਹਾ ਛੂਹਿਆ, ਪਿਆਰ ਨਾਲ। ਬੱਚਾ ਛੂਟ ਵੱਟ ਗਿਆ। ਦੀਵਾਨਬਾਈ ਦਹਿਲੀਜ਼ 'ਤੇ ਬੈਠ ਗਈ। ਕਿੰਨਾ ਛੋਟਾ ਤੇ ਨਪਿਆ-ਤੁਲਿਆ ਜਵਾਬ ਸੀ। ਉਸਦੇ ਸਾਰੇ ਅੰਤਰਦਵੰਦ, ਓਹੜ-ਪੋਹੜ, ਅੰਦਰਲੀ ਕਸ਼ਮਕਸ਼ ਦਾ ਜਵਾਬ ਇਸ ਨਿੱਕੇ ਜਿਹੇ ਬੱਚੇ ਨੇ ਕਿਵੇਂ ਪਲਕ ਝਬਕਦੇ ਦੇ ਦਿੱਤਾ! ਕਿੰਨਾ ਸਹੀ। ਕਿੰਨਾ ਤੋਲਿਆ ਹੋਇਆ। ਉਹ ਨਹੀਂ ਰਹੇਗੀ, ਤਦ ਵੀ ਜ਼ਿੰਦਗੀ ਉਸੇ ਰਫ਼ਤਾਰ ਨਾਲ ਚੱਲੇਗੀ। ਕੋਈ ਹੋਰ ਲੈ ਲਏਗਾ ਉਸਦੀ ਜਗ੍ਹਾ। ਉਸਨੇ ਖੁਦ ਨੂੰ ਅਲੋਪ ਕਰ ਮੰਚ ਦਾ ਜ਼ਾਇਜ਼ਾ ਲਿਆ। ਜੇ ਉਸਦੀ ਅਚਾਨਕ ਮੌਤ ਹੋ ਜਾਏ, ਬੇਵਕਤ ਤਾਂ...? ਸ਼ਾਮ ਇੰਜ ਹੀ ਢਲੇਗੀ। ਨੂੰਹਾਂ ਚੌਂਕੇ-ਚੁੱਲ੍ਹੇ 'ਚ ਰੁੱਝੀਆਂ ਰਹਿਣਗੀਆਂ, ਬੱਚੇ ਚੰਡਾਲ ਚੌਂਕੜੀ 'ਚ ਮਸਤ ਬੁੱਲ੍ਹੇ ਲੁੱਟਦੇ ਰਹਿਣਗੇ। ਪੁੱਤਰ ਆਪੋ-ਆਪਣੀ ਦੁਕਾਨ 'ਤੇ ਅਤੇ ਸੁਦਾਮਾ ਪ੍ਰਸਾਦ ਟਹਿਲਣ ਦੀ ਤਿਆਰੀ ਵਿਚ। ਸੁਦਾਮਾ ਪ੍ਰਸਾਦ ਦੇ ਰੁਝੇਵਿਆਂ 'ਚ ਉਸਦੀ ਕੀ ਜਗ੍ਹਾ ਸੀ ? ਸਵੇਰੇ ਪੰਜ ਵਜੇ ਉੱਠਣਾ, ਸਵੇਰ ਦੀ ਸੈਰ, ਅਖ਼ਬਾਰ, ਸ਼ੇਵ ਕਰਨਾ, ਨਹਾਉਣਾ, ਨਾਸ਼ਤਾ, ਫਿਰ ਘਰ ਦੇ ਨਾਲ ਬਣੇ ਆਪਣੇ ਨਿੱਕੇ ਜਿਹੇ ਦਫ਼ਤਰ 'ਚ ਕਾਨੂੰਨੀ ਦਾਅ-ਪੇਚ, ਦੁਪਹਿਰ ਦਾ ਭੋਜਨ, ਸ਼ਾਮ ਦੀ ਬਾਗਵਾਨੀ, ਟਹਿਲਣਾ, ਫਿਰ ਟੀ. ਵੀ. ਚੈਨਲ ਘੁਮਾ ਘੁਮਾ ਕੇ ਕੋਈ ਭਾਵਨਾਤਮਿਕ ਫਿਲਮ ਭਾਲਣਾ। ਉਸਨੂੰ ਦੇਖਣਾ ਨਾ ਮਿਲੇ ਤਾਂ ਗਾਣੇ ਜਿਨ੍ਹਾਂ ਚੈਨਲਾਂ 'ਤੇ ਆਉਂਦੇ ਹੋਣ ਹਮੇਸ਼ਾ, ਉਨ੍ਹਾਂ ਨੂੰ ਚਾਅ ਨਾਲ ਦੇਖਣਾ। ਨਵੇਂ ਜ਼ਮਾਨੇ ਦੇ ਕੱਪੜੇ ਪਾੜ ਗਾਣੇ ਵੀ ਉਹ ਉਸੇ ਆਨੰਦ ਨਾਲ ਦੇਖਦੇ ਜਿਵੇਂ ਸੁਰੱਈਆ ਅਤੇ ਸਹਿਗਲ ਦੇ ਜ਼ਮਾਨੇ ਦੇ ਗਾਣੇ। ਦੀਵਾਨਬਾਈ ਨੂੰ ਨਾ ਤਾਂ ਟੀ. ਵੀ. ਚੈਨਲਾਂ ਦੀ ਜਾਣਕਾਰੀ ਹੋਈ ਸੀ ਤੇ ਨਾ ਹੀ ਪ੍ਰੋਗਰਾਮਾਂ ਦੀ। ਤੇ ਸੁਦਾਮਾ ਪ੍ਰਸਾਦ। ਪੁੱਤਰ ਤੇ ਨੂੰਹਾਂ ਤੱਕ ਉਸਦੀ ਜਾਣਕਾਰੀ ਦੇ ਮੋਹਤਾਜ਼ ਸੀ। ਟੀ. ਵੀ. ਦੇਖਦੇ-ਦੇਖਦੇ ਖਾਣਾ ਤੇ ਫਿਰ ਗੂੜ੍ਹੀ ਨੀਂਦ। ਦੀਵਾਨਬਾਈ ਕਿੱਥੇ ਸੀ ? ਕਿਤੇ ਵੀ ਨਹੀਂ। ਉਹ ਤਾਂ ਕਿਤੇ ਵੀ ਨਹੀਂ ਸੀ। ਉਸਦੀ ਛੋਟੀ ਨੂੰਹ ਨੇ ਅੰਦਰੋਂ ਆਵਾਜ਼ ਮਾਰੀ। ਦੀਵਾਨਬਾਈ ਨੇ ਖੜੇ ਹੋਣ ਦੀ ਕੋਸ਼ਿਸ਼ ਕੀਤੀ ਪਰ ਗੋਡੇ ਜਵਾਬ ਦੇ ਗਏ। ਉਸਦਾ ਸੱਜਾ ਹੱਥ ਸਾਹਮਣੇ ਵੱਧ ਗਿਆ। ਪਰ ਜਿਵੇਂ ਰੁਕਣ ਲਈ ਹਰਸ਼ਿੰਗਾਰ ਦੀ ਚਿਪਕੀ ਹੋਈ ਕੋਈ ਹਥੇਲੀ ਉੱਥੇ ਨਹੀਂ ਸੀ...।

ਰਾਤ ਢਲ ਚੁੱਕੀ ਸੀ। ਸੁਦਾਮਾ ਪ੍ਰਸਾਦ ਸੌਣ ਦੀ ਤਿਆਰੀ 'ਚ ਸੀ। ਦੀਵਾਨਬਾਈ ਦੇ ਸਾਹ ਤੇਜ਼ੀ ਨਾਲ ਚੱਲ ਰਹੇ ਸਨ। ਉਸਦਾ ਸਿਰ ਬਾਰੀ ਨਾਲ ਟਿਕਿਆ ਤਾਂ ਹਵਾ ਦੇ ਬੁੱਲ੍ਹੇ ਨਾਲ ਅਗਲੇ ਵਾਲ ਜੂੜੇ ਤੋਂ ਨਿਕਲ ਕੇ ਚਿਹਰੇ 'ਤੇ ਲਹਿਰਾ ਰਹੇ ਸਨ।

" ਬੱਤੀ ਬੰਦ ਕਰ ਦੇਵਾਂ। ਅੱਜ ਮੀਂਹ ਪਵੇਗਾ। ਕੀ ਸੋਚ ਰਹੀ ਏਂ ਹੈਂ ?" ਸੁਦਾਮਾ ਪ੍ਰਸਾਦ ਨੇ ਉਸਨੂੰ ਟੋਕਿਆ ਸੀ।

ਦੀਵਾਨਬਾਈ ਨੇ ਉਵੇਂ ਹੀ ਬਾਰੀ ਨਾਲ ਲੱਗੇ-ਲੱਗੇ, ਥੋੜ੍ਹਾ ਰੁਕ ਕੇ ਕਿਹਾ-

" ਸੋਚਦੀ ਹਾਂ ਜੇ ਮੈਂ ਨਾ ਰਹਾਂ ਤਾਂ ਕੀ ਹੋਵੇਗਾ ?"

ਹੱਸ ਪਿਆ ਸੁਦਾਮਾ ਪ੍ਰਸਾਦ-" ਉਏ ਤੂੰ ਤਾਂ ਬੜੀ ਭਾਗਾਂ ਵਾਲੀ ਕਹਿਲਾਵੇਂਗੀ। ਆਪਣੇ ਪਿੱਛੇ ਇੰਨਾ ਸੁਖੀ ਘਰ ਛੱਡ ਕੇ ਜਾਂਵੇਂਗੀ। ਮੈਂ ਤੈਨੂੰ ਮੁਕਤੀ ਦੇਵਾਂਗਾ। ਹੋਰ ਕੀ ਚਾਹੀਦੈ ? ਇਸ ਵਿਚ ਸੋਚਣ ਵਾਲਾ ਕੀ ਏ" ਦੀਵਾਨਬਾਈ ਚੁੱਪ ਰਹੀ, ਉਂਝ ਹੀ, ਤਾਂ ਸੁਦਾਮਾ ਪ੍ਰਸਾਦ ਅੱਗੇ ਬੋਲਿਆ-

"ਮਜ਼ਾਕ ਕਰ ਰਿਹਾ ਸੀ ਬਈ। ਤੂੰ ਭਲਾ ਅਜੇ ਜਾਵੇਂਗੀ ਕਿੱਥੇ ? ਇਹ ਸਭ ਕੀ ਸੋਚ ਰਹੀ ਏਂ ਅੱਜ ਅਚਾਨਕ ?" ਉਨ੍ਹਾਂ ਨੇ ਦੀਵਾਨਬਾਈ ਦਾ ਮੋਢਾ ਫੜ ਕੇ ਉਸਨੂੰ ਆਪਣੇ ਵੱਲ ਮੋੜ ਲਿਆ।

“ਅਚਾਨਕ ਨਹੀਂ...” ਦੀਵਾਨਬਾਈ ਦੀਆਂ ਅੱਖਾਂ ’ਚ ਕੁਝ ਸੀ, ਜਿਸ ਨੂੰ ਦੇਖ ਕੇ ਸੁਦਾਮਾ ਪ੍ਰਸਾਦ ਠੱਗਿਆ ਜਿਹਾ ਰਹਿ ਗਿਆ। ਉਹ ਬੋਲਦੀ ਗਈ, “ ਅਚਾਨਕ ਨਹੀਂ...ਜੇ ਮੈਂ ਕਹਾਂ ਕਿ ਮੈਂ ਸੰਨਿਆਸ ਲੈਣਾ ਚਾਹੁੰਦੀ ਹਾਂ ਤਾਂ ?”

“ ਸੰਨਿਆਸ...” ਇਸ ਵਾਰ ਹੱਸ ਨਹੀਂ ਸਕਿਆ ਸੁਦਾਮਾ ਪ੍ਰਸਾਦ, ਹਾਲਾਂਕਿ ਗੱਲ ਹੱਸਣ ਵਾਲੀ ਸੀ ਬਿਲਕੁਲ। ਪਰ ਦੀਵਾਨਬਾਈ ਦੀਆਂ ਅੱਖਾਂ ਨੇ ਉਸ ਨੂੰ ਹੱਸਣ ਨਾ ਦਿੱਤਾ।

“ਤੁਸੀਂ ਮੈਨੂੰ ਜਾਣ ਦੇਵੋਂਗੇ ?”

“ ਕੀ ਹੋ ਗਿਆ ਹੈ ਤੈਨੂੰ ?” ਕੁਝ ਤ੍ਰਭਕ ਕੇ ਸੁਦਾਮਾ ਪ੍ਰਸਾਦ ਬੋਲਿਆ, “ ਮੈਂ ਜਾਣ ਦੇਵਾਂ ?”

“ ਨਹੀਂ, ਜੋ ਗੱਲ ਮੈਨੂੰ ਤੁਹਾਨੂੰ ਪਹਿਲੀ ਰਾਤ ਦੱਸਣੀ ਬਣਦੀ ਸੀ, ਉਸ ਨੂੰ ਆਖ਼ਰੀ ਰਾਤ ਤਾਂ ਦੱਸ ਦੇਣ ਦੇਵੋ।”

ਸੁਦਾਮਾ ਪ੍ਰਸਾਦ ਨੇ ਅੱਖਾਂ ਸੁੰਗੜਾ ਕੇ ਉਸ ਵੱਲ ਦੇਖਿਆ ਅਤੇ ਉਸਦੇ ਮੱਥੇ ’ਤੇ ਹਥੇਲੀ ਰੱਖੀ।

“ ਤਾਪ ਨਹੀਂ ਹੈ ਮੈਨੂੰ। ਮੈਂ ਠੀਕ ਹਾਂ। ਵਿਆਹ ਤੋਂ ਪਹਿਲਾਂ ਕਿਸੇ ਹੋਰ ਦੇ ਨਾਲ ਮੇਰੇ ਸੰਬੰਧ ਸਨ ਤੇ ਮੈਂ ਉਸ ਕੋਲ ਜਾਣਾ ਚਾਹੁੰਦੀ ਹਾਂ।” ਦੀਵਾਨਬਾਈ ਨੇ ਹੱਥ ’ਚ ਦੁਪੱਟਾ ਘੁੱਟਿਆ ਅਤੇ ਪੈਰ ਦਾ ਅੰਗੂਠਾ ਜ਼ਮੀਨ ’ਚ ਖੁਭੋਇਆ।

“ਕਿਹੋ ਜਿਹੇ ਸੰਬੰਧ ?” ਇਹ ਹਥੌੜੇ ਵਰਗੀ ਡੂੰਘੀ ਆਵਾਜ਼ ਸੀ।

“ ਮਨ ਦੇ ਸਬੰਧ।”

ਸੁਦਾਮਾ ਪ੍ਰਸਾਦ ਨੇ ਦੋਵਾਂ ਹੱਥਾਂ ਨਾਲ ਉਸਦਾ ਮੂੰਹ ਫੜ੍ਹਿਆ। ਉਸਦੇ ਵਾਲਾਂ ਨੂੰ ਖ਼ੂਬ ਪੁੱਟਿਆ ਅਤੇ ਪੂਰੇ ਜ਼ੋਸ਼ ਨਾਲ ਉਸ ਨੂੰ ਧੱਕ ਕੇ ਬਿਸਤਰੇ ’ਤੇ ਸੁੱਟ ਦਿੱਤਾ। ਉਹ ਬਹੁਤ ਕੰਬ ਰਿਹਾ ਸੀ।

“ ਮੈਂ ਉਸਦੇ ਕੋਲ ਪਰਤਣਾ ਚਾਹੁੰਦੀ ਹਾਂ। ਇਸ ਘਰ ਦੇ ਸਾਰੇ ਫ਼ਰਜ਼ ਪੂਰੇ ਕਰ ਦਿੱਤੇ ਮੈਂ। ਹੁਣੇ ਤੁਸੀਂ ਕਿਹਾ ਸੀ ਕਿ ਆਪਣੇ ਪਿੱਛੇ ਸੁਖੀ ਘਰ ਛੱਡ ਕੇ ਜਾਂਵਾਂਗੀ। ਤੁਸੀਂ ਕਿਹਾ ਸੀ ਕਿ ਤੁਸੀਂ ਮੈਨੂੰ ਮੁਕਤੀ ਦੇਵੋਂਗੇ। ਮੈਨੂੰ ਮੁਕਤੀ ਚਾਹੀਦੀ ਏ।”

ਦੀਵਾਨਬਾਈ ਬਿਸਤਰੇ ’ਤੇ ਹੱਫ਼ ਰਹੀ ਸੀ। ਸੁਦਾਮਾ ਪ੍ਰਸਾਦ ਝੱਪਟ ਕੇ ਉਸ ਤੱਕ ਪਹੁੰਚਿਆ।

“ਮੁਕਤੀ ਤੈਨੂੰ ਮੈਂ ਦਿੰਦਾ ਹਾਂ।” ਉਸ ਨੇ ਦੀਵਾਨਬਾਈ ਦਾ ਗਲਾ ਫੜ ਲਿਆ ਅਤੇ ਪੂਰੀ ਤਾਕਤ ਨਾਲ ਉਸਨੂੰ ਘੁਟਣ ਲੱਗਾ। ਦੀਵਾਨਬਾਈ ਜੂਝ ਰਹੀ ਸੀ। ਮੱਥੇ ਨਾਲ, ਨਹੁੰਆਂ ਨਾਲ। ਉਸ ਨੂੰ ਮੁਕਤੀ ਚਾਹੀਦੀ ਸੀ। ਪਰ ਮਰ ਕੇ ਨਹੀਂ। ਉਸ ਨੇ ਜੀਉਣਾ ਸੀ। ਉਸਨੇ ਆਪਣੇ ਦੰਦ ਖੁਭੋ ਦਿੱਤੇ ਆਪਣੀ ਧੌਣ ਦਬਾਉਂਦੇ ਹੱਥਾਂ ’ਚ, ਕੂਹਣੀ ਤੋਂ ਥੋੜ੍ਹਾ ਉੱਤੇ। ਜਕੜ ਢਿੱਲੀ ਪਈ ਤਾਂ ਉਹ ਝਟਕੇ ਨਾਲ ਵੱਖ ਹੋ ਗਈ। ਦੋਵੇਂ ਯੋਧਿਆਂ ਦੇ ਸਾਹ ਫੁੱਲ ਰਹੇ ਸਨ। ਸੁਦਾਮਾ ਪ੍ਰਸਾਦ ਫੁਰਤੀ ਨਾਲ ਸੰਭਲਿਆ। ਉਸ ਨੇ ਤਾਬੜ-ਤੋੜ ਦੀਵਾਨਬਾਈ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਦੀਵਾਨਾਈ ਨੂੰ ਕੁੱਟ-ਕੁੱਟ ਕੇ ਨਿਚੋੜ ਦਿੱਤਾ। ਆਖ਼ਰ ਉਹ ਪਤੀ ਸੀ ਉਸਦਾ। ਇੰਨਾ ਤਾਂ, ਹੱਕ ਬਣਦਾ ਸੀ।

ਦੀਵਾਨਬਾਈ ਨੇ ਉੱਠਣਾ ਚਾਹਿਆ, ਪਰ ਉਹ ਭੁਰਭੁਰਾ ਕੇ ਬਿਸਤਰ ’ਤੇ ਡਿੱਗ ਗਈ।

ਦੁਨੀਆਂ ਜਾਣਦੀ ਸੀ ਕਿ ਸੁਦਾਮਾ ਪ੍ਰਸਾਦ ਦੀ ਪੜ੍ਹਾਈ ਦਾ ਖ਼ਰਚ ਉਸ ਦੇ ਪਿਤਾ ਦੀ ਛੱਡੀ ਜ਼ਾਇਦਾਦ ਨਾਲ ਚੱਲ ਰਿਹਾ ਹੈ ਜਦੋਂਕਿ ਦਿਨ ਭਰ ਇੱਜ਼ਤ ਨਾਲ ਖਾਨਦਾਨ ਦੀ ਬਹੂ ਬਣ



## ਉਦੈ ਪ੍ਰਕਾਸ਼ ਦੀਆਂ ਦੋ ਕਵਿਤਾਵਾਂ

### ਦਿਨ

ਇਕ ਸੁਸਤ ਬਲ਼ਦ
ਹੌਂਕ ਰਿਹਾ ਹੈ
ਉਹਦੇ ਪੱਠਿਆਂ ’ਤੇ
ਚਮਕ ਰਿਹਾ ਹੈ ਪਸੀਨਾ
ਥੱਕੀਆਂ ਹੋਈਆਂ ਨਾਸਾਂ ’ਚੋਂ
ਡਿੱਗ ਰਹੀ ਹੈ
ਸਫ਼ੈਦ ਝੱਗ

ਸਫ਼ੈਦ ਝੱਗ
ਹੌਲ਼ੀ-ਹੌਲ਼ੀ
ਸਾਰੇ ਮੈਦਾਨ ਵਿਚ
ਜਮਾ ਹੋ ਗਈ ਹੈ

### ਡਾਕੀਆ

ਡਾਕੀਆ
ਹੌਂਕਦਾ ਹੈ
ਧੂੜ ਝਾੜਦਾ ਹੈ
ਚਾਹ ਲਈ ਨਾਂਹ ਕਰਦਾ ਹੈ

ਆਪਣੀ ਚੱਪਲ
ਫੇਰ ਅਗੂੰਠੇ ਵਿਚ ਸੰਭਾਲ ਕੇ
ਫਸਾਉਂਦਾ ਹੈ
ਤੇ
ਮਨੀਆਰਡਰ ਦੇ ਪੈਸੇ ਗਿਣਦਾ ਹੈ

**ਅਨੁਵਾਦ-ਜਗਦੀਪ ਸਿੱਧੂ**

ਕੇ ਗੁਜ਼ਾਰ ਦੇਣ ਵਾਲੀ ਉਸ ਦੀ ਗਰੀਬ ਮਾਂ ਹਨੇਰਾ ਹੁੰਦੇ ਝੋਲਾ, ਤੱਕੜੀ, ਵੱਟੇ ਅਤੇ ਕਾਗਜ਼ ਦੇ ਲਿਫ਼ਾਫ਼ੇ ....ਲੈ ਕੇ ਚੱਲ ਪੈਂਦੀ ਸੀ। ਇਨ੍ਹਾਂ ਹੀ ਦੋ ਜ਼ਿੰਦਗੀਆਂ ਦੇ ਵਿਚਾਲੇ ਤਾਲਮੇਲ ਬਣਾਈ ਰੱਖਣ ਦੇ ਫੇਰ ’ਚ ਉਸਦੇ ਪੈਰ ਰੇਲਗੱਡੀ ਅਤੇ ਪਲੇਟਫਾਰਮ ਦੇ ਵਿਚ ਲੈਅ ਨਾ ਬਣਾ ਸਕੇ। ਕੀ ਦੋ ਸਮਾਨਆਂਤਰ ਜ਼ਿੰਦਗੀਆਂ ਦੇ ਵਿਚਕਾਰ ਸਮਾਨਤਾ ਬਣਾਈ ਰੱਖਣ ਵਾਲੀ ਔਰਤ ਦੀ ਹਮੇਸ਼ਾ ਇਹੋ ਹੀ ਹਾਲਤ ਹੁੰਦੀ ਹੈ....? ਦੀਵਾਨਬਾਈ ’ਚ ਹਰਕਤ ਹੋਈ। ਉਸ ਰੂਹ ਨਾਲ, ਜਿਸਦੇ ਪੈਰ ਰਾਤ ਦੇ ਹਨੇਰੇ ’ਚ ਸਹੀ-ਸਹੀ ਪਲੇਟਫਾਰਮ ਦੀ ਥਹੁ ਨਹੀਂ ਪਾ ਸਕੇ ਸਨ, ਦੀਵਾਨਬਾਈ ਦੇ ਜਿਸਮ ’ਤੇ ਹੱਥ ਫੇਰਿਆ...ਸਿਰ ਤੋਂ ਪੈਰਾਂ ਤੱਕ। ਦੀਵਾਨਬਾਈ ਉੱਠ ਖੜੀ ਹੋਈ। ਉਸਨੇ ਘਰ ਦੇ ਮੁੱਖ ਦਰਵਾਜ਼ੇ ਦੀ ਕੁੰਡੀ ਖੋਲ੍ਹੀ। ਬਾਹਰ ਘੁੱਪ ਹਨੇਰਾ। ਮੀਂਹ। ਤੇਜ਼ ਹਵਾ। ਉਹ ਨੀਮ-ਬੇਹੋਸ਼ੀ ’ਚ ਤੁਰ ਰਹੀ ਸੀ। ਪਤਾ ਸਿੱਧਾ ਸਾਦਾ। ਪੇਕਿਆਂ ਦੇ ਤਿੰਨ ਘਰ ਬਾਅਦ। ਦੀਵਾਨਬਾਈ ਨੇ ਆਪਣੀ ਨਵੀਂ ਮੰਜ਼ਲ ਦੇ ਦਰ ’ਤੇ ਸਿਰ ਝੁਕਾ ਦਿੱਤਾ। ਉਹ ਇੱਕ ਬੰਦ ਦਰਵਾਜ਼ੇ ਦੇ ਅੱਗੇ ਜਾ ਨਿਢਾਲ ਹੋ ਗਈ। ਰੂਹ ਦਾ ਸਫ਼ਰ ਪੂਰਾ ਹੋ ਗਿਆ। ਉਸਨੇ ਇੱਕ ਵਾਰ ਫਿਰ ਦੀਵਾਨਬਾਈ ਦੇ ਬਦਨ ’ਤੇ ਹੱਥ ਫੇਰਿਆ ਅਤੇ ਉਹ ਉਥੋਂ ਚਲੀ ਗਈ। ਚੁੱਪਚਾਪ। ਜਿੱਥੇ ਉਸਦੀ ਮੰਜ਼ਲ ਸੀ ਉੱਧਰ।

ਅਸਮਾਨ ’ਚ ਹੋਰ ਵੀ ਬਹੁਤ ਤੇਜ਼ ਮੀਂਹ ਦੇ ਆਸਾਰ ਬਣੇ ਹੋਏ ਸਨ। ਸਾਰੀ ਰਾਤ ਮੀਂਹ ਪਵੇਗਾ, ਪੱਕਾ ਸੀ। ਸਵੇਰੇ ਕੀ ਹੋਵੇਗਾ ? ਮੀਂਹ ਸ਼ਾਇਦ ਰੁਕ ਜਾਏ ਪਰ ਬੰਦ ਦਰਵਾਜ਼ੇ ’ਤੇ ਰਹਿਣ ਦੇ ਸਵਾਲ ਦਾ ਕੀ ਹੋਵੇਗਾ ! ਹੋ ਸਕਦਾ ਹੈ ਕੱਲ੍ਹ ਦਾ ਸਵੇਰਾ ਕਿਸੇ ਸਤਰੰਗੀ ਪੀਂਘ ਜਿਹਾ ਬਣੇ। ਤੇ ਜੇ..... ਮੰਜ਼ਲ ਨੇ ਇਸ ਸਵਾਲ ਤੋਂ ਮੂੰਹ ਫੇਰ ਲਿਆ ਤਾਂ ! ਫੈਸਲਾ ਤਾਂ ਜੋ ਵੀ ਹੋਵੇ, ਜਿਸਦੇ ਵੀ ਹੱਕ ’ਚ ਹੋਵੇ, ਇੰਨਾ ਕੀ ਘੱਟ ਹੈ ਕਿ ਸੁਦਾਮਾ ਪ੍ਰਸਾਦ ਕੋਲੋਂ ਉਸ ਦੀ ਆਤਮਾ ਨੂੰ ਮੁਕਤੀ ਮਿਲ ਚੁੱਕੀ ਸੀ।

ਹਿੰਦੀ ਕਹਾਣੀ

# ਬੇਤਾਲ ਦਾ ਜੀਵਨ ਕਿੰਨਾ 'ਕੱਲਾ.../ਪੰਕਜ ਸੁਬੀਰ

ਅਨੁਵਾਦ : ਮਹਿੰਦਰ ਬੇਦੀ, ਜੈਤੋ

ਉਹ, ਲਗਭਗ ਬੁੱਢਾ ਆਦਮੀ, ਅੱਜ ਵੀ ਉਸੇ ਜਗ੍ਹਾ ਬੈਠਾ ਹੋਇਆ ਹੈ—ਗਰਮੀਆਂ ਦੀ ਢਲਦੀ ਹੋਈ ਉਦਾਸ ਸ਼ਾਮ 'ਚ ਕਿਸੇ ਭੂਰੇ ਪੱਥਰ ਦੇ ਬਣੇ ਸਟੈਚੂ ਵਾਂਗ ਸਿੱਥਲ। ਤਲਾਅ ਦਾ ਉਹ ਕਿਨਾਰਾ ਜਿੱਥੇ ਪਾਣੀ ਹਵਾ ਦੇ ਥਪੇੜਿਆਂ ਨਾਲ ਸਮੁੰਦਰ ਦੀਆਂ ਲਹਿਰਾਂ ਵਾਂਗ ਆ-ਆ ਕੇ ਕਿਨਾਰੇ ਨੂੰ ਛੂਹੰਦਾ ਹੈ—ਐਨ ਉੱਥੇ ਹੀ। ਤਲਾਅ ਦੇ ਨਾਲ-ਨਾਲ ਕੱਚੀ-ਪੱਕੀ ਪਗਡੰਡੀ ਵਰਗੀ ਇੱਕ ਸੜਕ ਹੈ—ਜਿਹੜੀ ਸਵੇਰੇ-ਸ਼ਾਮ ਤਲਾਅ 'ਤੇ ਘੁੰਮਣ ਆਉਣ ਵਾਲਿਆਂ ਲਈ ਬਣਾਈ ਗਈ ਹੈ। ਇਹ ਪਗਡੰਡੀ ਸੱਪ ਵਾਂਗ ਵਲ ਖਾਂਦੀ ਦੂਰ ਚਲੀ ਜਾਂਦੀ ਹੈ—ਦੂਰ ਪਹਾੜ ਦੀਆਂ ਢਲਵਾਨਾਂ ਤਕ ਜਾ ਕੇ ਅੱਖਾਂ ਤੋਂ ਓਹਲੇ ਹੋ ਜਾਂਦੀ ਹੈ। ਅਕਸਰ ਪਗਡੰਡੀਆਂ ਦਾ ਦੂਜਾ ਸਿਰਾ ਕਿਧਰੇ ਨਹੀਂ ਹੁੰਦਾ—ਉਹ ਧੂੰਏਂ ਵਾਂਗ ਹਵਾ ਵਿੱਚ ਘੁਲ ਜਾਂਦੀਆਂ ਨੇ। ਪਗਡੰਡੀ ਦੇ ਇੱਕ ਪਾਸੇ ਤਲਾਅ ਹੈ ਤੇ ਦੂਜੇ ਪਾਸੇ ਰੁੱਖਾਂ ਦੀ ਕਤਾਰ। ਇਹਨਾਂ ਰੁੱਖਾਂ ਹੇਠ ਕਿਤੇ-ਕਿਤੇ ਸੀਮਿੰਟ ਦੇ ਬੈਂਚ ਬਣੇ ਹੋਏ ਨੇ। ਇਹ ਕਤਾਰ ਵੀ ਪਗਡੰਡੀ ਦਾ ਸਿਰਾ ਫੜ ਕੇ ਪਹਾੜ ਤਕ ਚਲੀ ਗਈ ਹੈ। ਇਸ ਕਤਾਰ ਵਿੱਚ ਤਰ੍ਹਾਂ-ਤਰ੍ਹਾਂ ਦੇ ਰੁੱਖ ਨੇ—ਅੰਬ, ਅਮਲਤਾਸ, ਗੁਲਮੋਹਰ, ਸ਼ਿਰੀਸ਼, ਅਸ਼ੋਕ ਤੇ ਕੁਝ ਅਲੱਗ-ਅਲੱਗ ਰੰਗਾਂ ਦੇ ਫੁੱਲਾਂ ਵਾਲੇ ਰੁੱਖ ਵੀ ਹੈਨ। ਕੁਝ ਲਾਏ ਗਏ ਨੇ ਤੇ ਕੁਝ ਵਰ੍ਹਿਆਂ ਪੁਰਾਣੇ ਨੇ। ਇੱਕ ਰੁੱਖ ਨੂੰ ਲੱਗਣ ਵਾਲੇ ਫੁੱਲ ਸੁੱਕ ਕੇ ਲੱਕੜ ਬਣ ਜਾਂਦੇ ਨੇ ਤੇ ਡਿੱਗ ਪੈਂਦੇ ਨੇ। ਇੰਜ ਲੱਗਦਾ ਹੈ ਜਿੱਦਾਂ ਕਿਸੇ ਨੇ ਉਕੇਰ ਕੇ ਲੱਕੜ ਦੇ ਫੁੱਲ ਬਣਾਏ ਹੋਣ। ਜ਼ਮੀਨ 'ਤੇ ਇਸ ਤਰ੍ਹਾਂ ਦੇ ਬਹੁਤ ਸਾਰੇ ਫੁੱਲ ਖਿੱਲਰੇ ਹੋਏ ਨੇ, ਪੰਜ ਪੰਖੜੀਆਂ ਵਾਲੇ ਲੱਕੜ ਦੇ ਫੁੱਲ। ਬੱਚੇ ਇਹ ਫੁੱਲ ਚੁੱਕ ਕੇ ਘਰੀਂ ਲੈ ਜਾਂਦੇ ਨੇ ਤੇ ਅਲੱਗ-ਅਲੱਗ ਰੰਗਾਂ ਨਾਲ ਰੰਗ ਕੇ ਸਜਾ ਦਿੰਦੇ ਨੇ—ਤੇ ਇਹਨਾਂ ਨੂੰ ਕਦੇ ਨਾ ਮੁਰਝਾਉਣ ਵਾਲੇ ਫੁੱਲ ਬਣਾ ਦਿੰਦੇ ਨੇ। ਬਚਪਨ ਵਿੱਚ ਸੰਦੀਪ ਨੇ ਵੀ ਖ਼ੂਬ ਇਕੱਠੇ ਕੀਤੇ ਸੀ, ਇਹ ਫੁੱਲ। ਸ਼ਾਮ ਹੁੰਦਿਆਂ ਹੀ ਤਲਾਅ ਕਿਨਾਰੇ ਦੌੜ ਜਾਂਦਾ ਸੀ, ਇਹਨਾਂ ਨੂੰ ਚੁਗਣ ਲਈ।

ਉਸ ਲੱਕੜ ਦੇ ਫੁਲਾਂ ਵਾਲੇ ਰੁੱਖ ਹੇਠ ਉਸ ਬੁੱਢੇ ਦੀ ਸਥਾਈ ਬੈਠਕ ਹੈ। ਉਹ ਬੈਂਚ 'ਤੇ ਨਹੀਂ ਬੈਠਦਾ, ਜ਼ਮੀਨ 'ਚੋਂ ਉਭਰੀਆਂ ਹੋਈ ਰੁੱਖ ਦੀਆਂ ਜੜ੍ਹਾਂ ਵਿਚਕਾਰ ਬੈਠਣ ਲਈ ਉਸਨੇ ਆਪਣੀ ਜਗ੍ਹਾ ਬਣਾਈ ਹੋਈ ਹੈ। ਜੜ੍ਹਾਂ ਉੱਤੇ ਅੱਧ-ਲੇਟਿਆ ਜਿਹਾ ਬੈਠਾ ਰਹਿੰਦਾ ਹੈ। ਜਿੱਥੇ ਉਹ ਬੈਠਦਾ ਹੈ ਉੱਥੋਂ ਤਲਾਅ, ਉਸਦੇ ਨਾਲ-ਨਾਲ ਜਾਂਦੀ ਪਗਡੰਡੀ, ਰੁੱਖਾਂ ਦੀ ਕਤਾਰ ਤੇ ਪਿਛਲਾ ਪਹਾੜ, ਸਭ ਕੁਝ ਕਿਸੇ ਲੈਂਡਸਕੇਪ ਵਰਗਾ ਦਿਖਾਈ ਦਿੰਦਾ ਹੈ। ਗਰਮੀਆਂ ਦੀ ਲੱਥਦੀ ਹੋਈ ਸ਼ਾਮ ਨੂੰ ਸੜਕ 'ਤੇ ਖੜ੍ਹੇ ਹੋ ਕੇ ਦੇਖਣ 'ਤੇ ਇਹ ਪੂਰਾ ਲੈਂਡਸਕੇਪ, ਬੜੇ ਉਦਾਸ ਰੰਗਾ ਨਾਲ ਰੰਗਿਆ ਕੇਨਵਾਸ ਨਜ਼ਰ ਆਉਂਦਾ ਹੈ—ਹਲਕੇ ਤੇ ਭੂਰੇ ਰੰਗਾਂ ਨਾਲ ਰੰਗਿਆ ਹੋਇਆ। ਉਹ ਬੁੱਢਾ ਵੀ ਉਹਨਾਂ ਰੰਗਾਂ ਵਿੱਚ ਹੀ ਸਮਾਇਆ ਹੋਇਆ ਲੱਗਦਾ ਹੈ। ਉਸਦੇ ਕੱਪੜੇ ਅਕਸਰ ਮਿੱਟੀ ਰੰਗੇ, ਪੱਥਰ ਰੰਗੇ, ਰੁੱਖ ਦੇ ਤਣੇ ਜਾਂ ਜੜ੍ਹਾਂ ਦੇ ਰੰਗ ਦੇ ਹੀ ਹੁੰਦੇ ਨੇ। ਉਸਦਾ ਚਿਹਰਾ ਵੀ ਮਿੱਟੀ ਦੇ ਰੰਗ ਦਾ ਹੀ ਹੈ, ਮਿੱਟੀ ਦਾ ਘੜਿਆ ਹੋਇਆ, ਉਭਰੀਆਂ ਹੋਈਆਂ ਰੁੱਖ ਦੀਆਂ ਜੜ੍ਹਾਂ ਵਰਗਾ—ਇਸ ਕਰਕੇ ਉਹ ਬੁੱਢਾ ਵੀ ਬਿਨਾਂ ਕੋਈ ਹੋਰ ਪ੍ਰਭਾਵ ਛੱਡੇ, ਇਸ ਪੂਰੇ ਦ੍ਰਿਸ਼ ਵਿੱਚ ਰਚ-ਵੱਸ ਜਾਂਦਾ ਹੈ। ਦੂਰੋਂ ਦੇਖਣ 'ਤੇ ਇੰਜ ਲੱਗਦਾ ਹੈ ਜਿੱਦਾਂ ਉੱਥੇ ਬੁੱਢਾ ਨਾ ਹੋਏ, ਰੁੱਖ ਦੀ ਕੋਈ ਵਧੇਰੇ



ਉਭਰੀ ਹੋਈ ਜੜ੍ਹ ਹੋਏ ਜਾਂ ਫੇਰ ਭੂਰੀ ਮਿੱਟੀ ਦੀ ਕੋਈ ਢੇਰੀ। ਰੰਗ ਤੇ ਸਿੱਥਲਤਾ ਕਾਰਨ ਇੰਜ ਲੱਗਦਾ ਹੈ। ਗਿਰਗਟ ਵਾਂਗ ਉਹ ਬੁੱਢਾ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਵਾਂਗ ਆਪਣੀ ਦਿੱਖ ਵਟਾ ਲੈਂਦਾ ਹੈ। ਜਿੱਦਾਂ ਉਹ ਗਿਰਗਟ ਵਾਂਗ ਲੁਕਣਾ ਚਾਹੁੰਦਾ ਹੋਏ ਤਾਂਕਿ ਕੋਈ ਉਸਨੂੰ ਦੇਖ ਨਾ ਲਏ।...ਤੇ ਸੱਚਮੁੱਚ ਹੁਣ ਹੋ ਵੀ ਐਦਾਂ ਹੀ ਗਿਆ ਹੈ ਕਿ ਉੱਥੇ ਆਉਣ-ਜਾਣ ਵਾਲਿਆਂ ਤੇ ਉੱਥੋਂ ਲੰਘਣ ਵਾਲਿਆਂ, ਕਿਸੇ ਨੂੰ ਵੀ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਬੁੱਢਾ ਉੱਥੇ ਬੈਠਾ ਹੈ। ਉਹ ਅਹਿੱਲ-ਅਡੋਲ ਬੈਠਾ ਰਹਿੰਦਾ ਹੈ ਤੇ ਰੁੱਖ ਤੋਂ ਲੱਕੜ ਦੇ ਫੁੱਲ ਟੁੱਟ-ਟੁੱਟ ਕੇ ਉਸਦੇ ਆਸੇ-ਪਾਸੇ ਖਿੱਲਰਦੇ ਰਹਿੰਦੇ ਨੇ। ਉਹਨਾਂ ਸੁੱਕੇ ਹੋਏ ਫੁੱਲਾਂ ਵਿਚਕਾਰ ਬੈਠਾ ਉਹ ਸੁੱਕੜ-ਜਿਹਾ ਬੁੱਢਾ ਇੰਜ ਲੱਗਦਾ ਹੈ ਜਿੱਦਾਂ ਆਦਿ ਤੋਂ ਇਸੇ ਤਰ੍ਹਾਂ ਬੈਠਾ ਹੋਇਆ ਹੈ ਤੇ ਪਤਾ ਨਹੀਂ ਕਦੋਂ ਤਕ ਇੰਜ ਹੀ ਬੈਠਾ ਰਹੇਗਾ।

ਸੰਦੀਪ ਕਿਉਂਕਿ ਜਾਣਦਾ ਹੈ ਕਿ ਉਹ ਬੁੱਢਾ ਉੱਥੇ ਹੈ, ਇਸ ਲਈ ਉਸਨੂੰ ਉੱਥੇ ਬੁੱਢੇ ਦਾ ਆਕਾਰ ਦਿਖਾਈ ਦੇ ਰਿਹਾ ਹੈ। ਸੰਦੀਪ ਪਗਡੰਡੀ ਦੇ ਇਸ ਪਾਸੇ, ਤਲਾਅ ਕਿਨਾਰੇ, ਇੱਕ ਪੱਥਰ 'ਤੇ ਬੈਠਾ ਹੈ—ਤਲਾਅ ਦੇ ਪਾਣੀ ਵਿੱਚ ਪੈਰ ਲਮਕਾਈ। ਬੁੱਢੇ ਬਾਰੇ ਜੋ ਕੁਝ ਉਸਨੂੰ ਪਤਾ ਹੈ ਉਹ ਇਹ ਹੈ ਕਿ ਇਹ ਬੁੱਢਾ ਰਤਾ ਪਾਗਲ ਹੈ। ਅਜੀਬ-ਅਜੀਬ ਜਿਹੀਆਂ ਗੱਲਾਂ ਕਰਦਾ ਹੈ। ਸੰਦੀਪ ਨੇ ਤਾਂ ਨਹੀਂ ਕੀਤੀਆਂ ਗੱਲਾਂ, ਪਰ ਜਿਹਨਾਂ ਲੋਕਾਂ ਨੇ ਕੀਤੀਆਂ ਨੇ, ਉਹਨਾਂ ਦਾ ਕਹਿਣਾ ਹੈ ਕਿ ਬੁੱਢੇ ਦੀਆਂ ਗੱਲਾਂ ਬੇ-ਸਿਰ, ਪੈਰੀਆਂ ਹੁੰਦੀਆਂ ਨੇ। ਗੱਲਾਂ ਕਰਦਾ ਹੋਇਆ ਪਤਾ ਨਹੀਂ ਕਿਸ ਦੁਨੀਆਂ ਦੇ ਕਿੱਸੇ ਛੋਹ ਬੈਠਦਾ ਹੈ ਤੇ ਉਹਨਾਂ ਬਾਰੇ ਗੱਲਾਂ ਕਰਦਾ-ਕਰਦਾ ਉਤੇਜਤ ਵੀ ਹੋ ਜਾਂਦਾ ਹੈ—ਤੇ ਅਚਾਨਕ ਹਿਰਖ ਜਾਂਦਾ ਹੈ। ਇੰਜ ਲੱਗਦਾ ਹੈ ਜਿੱਦਾਂ ਹੁਣੇ ਹੱਥੋਪਾਈ 'ਤੇ ਉਤਰ ਆਏਗਾ। ਮੁੱਖ ਗੱਲਬਾਤ ਤੋਂ ਹਟ ਕੇ ਅਕਸਰ ਉਹਨਾਂ ਕਿੱਸਿਆਂ ਬਾਰੇ ਇੰਜ ਗੱਲਾਂ ਕਰਨ ਲੱਗਦਾ ਹੈ ਜਿੱਦਾਂ ਮੁੱਖ ਚਰਚਾ ਇਹੀ ਚੱਲ ਰਹੀ ਹੋਏ। ਪਤਾ ਨਹੀਂ ਕਿਹੜੇ-ਕਿਹੜੇ ਨਾਂ ਲੈਣ ਲੱਗਦਾ ਹੈ—ਜਗ੍ਹਾਵਾਂ ਦੇ, ਪਾਤਰਾਂ ਦੇ, ਵਸਤਾਂ ਦੇ। ਕੁਝ ਨਾਂ ਤਾਂ ਸਮਝ ਵਿੱਚ ਹੀ ਨਹੀਂ ਆਉਂਦੇ, ਤੇ ਕੁਝ ਤਾਂ ਬਿਲਕੁਲ ਹੀ ਕਿਸੇ ਹੋਰ ਭਾਸ਼ਾ ਦੇ ਲੱਗਦੇ ਨੇ। ਅਜਿਹੀਆਂ ਥਾਂਵਾਂ ਜਿਹਨਾਂ ਬਾਰੇ ਪਹਿਲਾਂ ਕਦੇ ਸੁਣਿਆ ਹੀ ਨਹੀਂ ਹੁੰਦਾ।

ਸੰਦੀਪ ਦਾ ਦੋਸਤ ਰਵੀ ਇੱਕ ਵਾਰ ਅੱਧਾ ਕੁ ਘੰਟਾ ਉਸ ਬੁੱਢੇ ਕੋਲ ਬੈਠ ਕੇ ਆਇਆ ਸੀ। ਆਇਆ ਤਾਂ ਬੜਾ ਹੈਰਾਨ-ਪ੍ਰੇਸ਼ਾਨ ਸੀ। ਜਿਹੜਾ ਵੀ ਇੱਕ ਵਾਰ ਉਸ ਨਾਲ ਗੱਲ ਕਰ ਲੈਂਦਾ ਹੈ, ਉਹ ਦੂਜੀ ਵਾਰ ਬੁੱਢੇ ਨਾਲ ਗੱਲ ਕਰਨ ਦੀ ਕੋਸ਼ਿਸ਼ ਨਹੀਂ ਕਰਦਾ...ਤੇ ਬੁੱਢੇ ਨੂੰ ਤਾਂ ਉਂਜ ਵੀ ਦੁਨੀਆ ਨਾਲ ਕੋਈ ਮਤਲਬ ਨਹੀਂ ਸ਼ਾਇਦ। ਕੋਈ ਆਏ, ਕੋਈ ਜਾਏ, ਉਸਨੂੰ ਕੋਈ ਫ਼ਰਕ ਨਹੀਂ ਪੈਂਦਾ। ਬਸ ਉਹ ਉਸੇ ਤਰ੍ਹਾਂ ਆਪਣੇ-ਆਪ ਵਿੱਚ ਗਵਾਚਿਆ ਬੈਠਾ ਰਹਿੰਦਾ ਹੈ। ਕਿਸੇ ਨਾਲ ਉਹਦੀ ਅੱਖ ਹੀ ਨਹੀਂ ਮਿਲਦੀ—ਮੁਸਕਰਾਉਣਾ ਜਾਂ ਹੋਰ ਭਾਵਨਾਵਾਂ ਦਾ ਵਟਾਂਦਰਾ ਤਾਂ ਫੇਰ ਵੀ ਦੂਰ ਦੀ ਗੱਲ ਹੈ। ਸੰਦੀਪ ਖ਼ੁਦ ਵੀ ਸ਼ਾਮ ਨੂੰ ਨੇਮ ਨਾਲ ਇੱਥੇ ਟਹਿਲਣ ਆਉਂਦਾ ਹੈ, ਪਰ ਉਸਨੂੰ ਯਾਦ ਨਹੀਂ ਕਿ ਕਦੇ ਬੁੱਢੇ ਨਾਲ ਉਸ ਦੀਆਂ ਨਜ਼ਰਾਂ ਮਿਲੀਆਂ ਹੋਣ। ਬੁੱਢਾ ਉੱਥੇ ਹੁੰਦਾ ਹੋਇਆ ਵੀ ਗ਼ੈਰ-ਹਾਜ਼ਰ ਹੀ ਹੁੰਦਾ ਹੈ। ਇਕ-ਦੋ ਵਾਰ ਸੰਦੀਪ ਨੇ ਆਉਂਦਿਆਂ-ਜਾਂਦਿਆਂ ਨਜ਼ਰ ਮਿਲਾਉਣ ਦੀ ਕੋਸ਼ਿਸ਼ ਕੀਤੀ ਹੈ—ਪਰ ਬੁੱਢੇ ਦੀਆਂ ਅੱਖਾਂ ਕਿੱਥੇ ਦੇਖ ਰਹੀਆਂ ਨੇ, ਇਹ ਸੰਦੀਪ ਨੂੰ ਕਦੇ ਸਮਝ ਨਹੀਂ ਸੀ ਆਇਆ। ਕਿਸੇ ਵੀ ਐਂਗਲ 'ਤੇ ਖਲੋ ਜਾਓ, ਬੁੱਢੇ ਦੀਆਂ ਅੱਖਾਂ ਨਾਲ ਅੱਖਾਂ ਨਹੀਂ ਮਿਲਦੀਆਂ। ਬੁੱਢਾ ਗਿਰਗਟ ਵਾਂਗ ਭੌਤਿਕ ਰੂਪ ਵਿੱਚ ਅਦ੍ਰਿਸ਼ ਰਹਿਣ ਦੇ ਨਾਲ-ਨਾਲ ਹਰ ਪੱਖੋਂ

ਅਦ੍ਰਿਸ਼ ਰਹਿਣ ਦੀ ਕੋਸ਼ਿਸ਼ ਕਰਦਾ ਹੈ। ਕਈ ਵਾਰ ਸੰਦੀਪ ਦਾ ਮਨ ਹੁੰਦਾ ਹੈ ਕਿ ਉਹ ਜਾ ਕੇ ਉਸ ਬੁੱਢੇ ਕੋਲ ਬੈਠੇ, ਉਸ ਨਾਲ ਗੱਲਾਂ ਕਰੇ, ਪਰ ਰਵੀ ਦਾ ਤਜ਼ਰਬਾ ਸੁਣਨ ਪਿੱਛੋਂ ਉਹ ਡਰ ਗਿਆ ਹੈ। ਵੈਸੇ ਵੀ ਸੰਦੀਪ ਖ਼ੁਦ ਹੀ ਬੜਾ ਇੰਟ੍ਰੋਵਰਟ ਹੈ, ਬਸ ਆਪਣੇ-ਆਪ ਵਿੱਚ ਹੀ ਗਵਾਚਿਆ ਰਹਿਣ ਵਾਲਾ। ਇੰਜ ਦੋਵੇਂ ਇਕੋ-ਜਿਹੇ ਹੀ ਮਿਲ ਬੈਠੇ ਤਾਂ ਗੱਲਾਂ ਕੀ ਕਰਨਗੇ ? ਪਰ ਫੇਰ ਵੀ ਉੱਥੇ ਲੱਕੜ ਦੇ ਫੁੱਲਾਂ ਵਾਲੇ ਰੁੱਖ ਹੇਠ ਬੈਠਾ ਬੁੱਢਾ, ਸੰਦੀਪ ਲਈ ਉਹ ਦਰਵਾਜ਼ਾ ਹੈ, ਜਿਸ ਉੱਤੇ ਸਾਫ਼ ਲਿਖਿਆ ਹੈ ਕਿ ਇਸ ਦਰਵਾਜ਼ੇ ਨੂੰ ਖੋਲ੍ਹਣਾ ਮਨ੍ਹਾਂ ਹੈ ਤੇ ਕਿਉਂਕਿ ਇਹ ਲਿਖਿਆ ਹੈ ਇਸੇ ਲਈ ਸੰਦੀਪ ਦਾ ਮਨ ਇਸ ਦਰਵਾਜ਼ੇ ਨੂੰ ਖੋਲ੍ਹਣ ਲਈ ਉਸਨੂੰ ਸਭ ਤੋਂ ਵੱਧ ਉਕਸਾਉਂਦਾ ਰਹਿੰਦਾ ਹੈ।

ਬੁੱਢਾ ਸ਼ਾਮ ਦਾ ਘੁਸਮੁਸਾ ਹੁੰਦੇ ਹੀ ਇੱਥੇ ਆ ਜਾਂਦਾ ਹੈ। ਪੈਦਲ ਆਉਂਦਾ ਹੈ, ਹੌਲੀ-ਹੌਲੀ ਟਹਿਲਦਾ ਹੋਇਆ। ਮੋਢੇ 'ਤੇ ਝੋਲਾ ਲਮਕ ਰਿਹਾ ਹੁੰਦਾ ਹੈ। ਠੰਢ ਦੇ ਦਿਨਾਂ ਵਿੱਚ ਇੱਕ ਲੰਮਾ ਓਵਰਕੋਟ, ਸਿਰ 'ਤੇ ਉਨੀ ਟੋਪ ਤੇ ਗਲ਼ ਵਿੱਚ ਮਫਲਰ ਹੁੰਦਾ ਹੈ। ਬਰਸਾਤ 'ਚ ਰੇਨਕੋਟ ਪਾ ਕੇ, ਛਤਰੀ ਲੈ ਆਉਂਦਾ ਹੈ। ਕੋਈ ਵੀ ਮੌਸਮ ਹੋਏ ਆਉਂਦਾ ਜ਼ਰੂਰ ਹੈ। ਆਉਂਦਾ ਹੈ ਤੇ ਚੁੱਪਚਾਪ ਜੜ੍ਹਾਂ 'ਤੇ ਬੈਠ ਜਾਂਦਾ ਹੈ। ਉੱਥੇ ਬੈਠ ਕੇ ਦੂਰ ਤਲਾਅ ਤੋਂ ਅੱਗੇ ਡੁੱਬਦੇ ਹੋਏ ਸੂਰਜ ਵੱਲ ਦੇਖਦਾ ਹੈ ਤੇ ਬਸ ਦੇਖਦਾ ਰਹਿੰਦਾ ਹੈ। ਸੂਰਜ ਦਾ ਡੁੱਬਣਾ ਹੀ ਤਾਂ ਇੱਕ ਘਟਨਾ ਹੈ, ਜਿਸ ਬਾਰੇ ਕਹਿ ਸਕਦੇ ਹਾਂ ਕਿ ਬੁੱਢਾ ਇਸ ਨੂੰ ਦੇਖਦਾ ਹੈ। ਬਾਕਾਇਦਾ ਦੇਖਦਾ ਹੈ। ਵਰਨਾ ਤਲਾਅ ਦੇ ਕਿਨਾਰੇ ਕੀ ਹੋ ਰਿਹਾ ਹੈ ? ਕੌਣ ਆ ਰਿਹਾ ਹੈ, ਕੌਣ ਜਾ ਰਿਹਾ ਹੈ, ਉਹ ਅੱਖ ਚੁੱਕ ਕੇ ਵੀ ਨਹੀਂ ਦੇਖਦਾ। ਲਗਭਗ ਇੱਕ ਘੰਟੇ ਦਾ ਸਮਾਂ ਉਸੇ ਤਰ੍ਹਾਂ ਉੱਥੇ ਬੈਠ ਕੇ ਬਿਤਾਉਂਦਾ ਹੈ ਤੇ ਫੇਰ ਉੱਠ ਕੇ ਹੌਲੀ-ਹੌਲੀ, ਮਸਤ ਤੋਰ ਤੁਰਦਾ, ਪਗਡੰਡੀ ਤੋਂ ਸੜਕ 'ਤੇ ਆਉਂਦਾ ਹੈ ਤੇ ਓਵੇਂ ਤੁਰਦਾ-ਤੁਰਦਾ ਅਲੋਪ ਹੋ ਜਾਂਦਾ ਹੈ—ਦਿਸ਼ਾ ਦੇ ਘੁਸਮੁਸੇ ਵਿਚ, ਰਹੱਸ ਦੇ ਕੋਹਰੇ ਵਿਚ—ਗਵਾਚ ਜਾਂਦਾ ਹੈ, ਅਗਲੇ ਦਿਨ ਤਕ।

ਸੰਦੀਪ ਨੇ ਇੱਕ ਨਜ਼ਰ ਲੱਕੜ ਦੇ ਫੁੱਲਾਂ ਵਾਲੇ ਰੁੱਖ ਵੱਲ ਦੇਖਿਆ, ਬੁੱਢਾ ਆਪਣੇ ਨਾਲ ਲਿਆਂਦੇ ਝੋਲੇ 'ਚੋਂ ਕੁਝ ਕੱਢ ਰਿਹਾ ਹੈ। ਕੱਪੜੇ ਦਾ ਇਹ ਝੋਲਾ ਵੀ ਜਦੋਂ ਜੜ੍ਹਾਂ 'ਤੇ ਰੱਖਿਆ ਹੁੰਦਾ ਹੈ, ਤਾਂ ਜੜ੍ਹ ਦਾ ਹਿੱਸਾ ਹੀ ਜਾਪਦਾ ਹੈ। ਬੁੱਢਾ ਝੋਲੇ ਵਿਚੋਂ ਕੋਈ ਕਿਤਾਬ ਕੱਢ ਰਿਹਾ ਹੈ। ਨਹੀਂ ਕਿਤਾਬ ਨਹੀਂ, ਸ਼ਾਇਦ ਕੋਈ ਰਸਾਲਾ ਹੈ। ਰੁੱਖ ਹੇਠਾਂ ਜਿਹੜਾ ਹਲਕੇ ਭੂਰੇ ਰੰਗ ਦਾ ਸਥਾਈ ਸਾਮਰਾਜ ਹੈ ਉਸ ਵਿੱਚ ਝੋਲੇ ਵਿਚੋਂ ਅਚਾਨਕ ਕੱਢਿਆ ਰੰਗ-ਬਿਰੰਗਾ ਇਹ ਰਸਾਲਾ ਕਿਸੇ ਕੌਤਕ ਵਾਂਗ ਹੀ ਦਿਸਦਾ ਹੈ। ਬੁੱਢਾ ਹੁਣ ਉਸ ਰਸਾਲੇ ਦੇ ਪੰਨੇ ਪਲਟ ਰਿਹਾ ਹੈ। ਇੱਥੋਂ ਦੇਖਣ 'ਤੇ ਇੰਜ ਲੱਗਦਾ ਹੈ ਕਿ ਉਹ ਪੜ੍ਹ ਨਹੀਂ ਰਿਹਾ, ਬਸ ਦੇਖ ਰਿਹਾ ਹੈ। ਕਿਸੇ-ਕਿਸੇ ਪੰਨੇ 'ਤੇ ਹੱਥ ਵੀ ਫੇਰ ਰਿਹਾ ਹੈ।

ਸੰਦੀਪ ਨੇ ਚਾਰੇ-ਪਾਸੇ ਦੇਖਿਆ। ਅੱਜ ਤਲਾਅ ਕਿਨਾਰੇ ਆਮ ਨਾਲੋਂ ਘੱਟ ਲੋਕ ਨਜ਼ਰ ਆ ਰਹੇ ਨੇ। ਬਸ ਉਹ ਬੁੱਢਾ ਹੈ, ਸੰਦੀਪ ਹੈ ਤੇ ਕੁਝ ਬੱਚੇ ਨੇ ਜਿਹੜੇ ਰੁੱਖਾਂ ਪਿਛਲੇ ਛੋਟੇ-ਜਿਹੇ ਮੈਦਾਨ ਵਿੱਚ ਫੁੱਟਬਾਲ ਖੇਡ ਰਹੇ ਨੇ। ਇੱਕ ਦੋ ਜਣੇ ਹੋਰ ਆ-ਜਾ ਰਹੇ ਨੇ, ਪਰ ਰੁਕ ਨਹੀਂ ਰਹੇ। ਅੱਜ ਸੀਮਿੰਟ ਦੀਆਂ ਬੈਂਚਾਂ ਵੀ ਖ਼ਾਲੀ ਪਈਆਂ ਨੇ। ਤਲਾਅ ਦਾ ਇਹ ਕਿਨਾਰਾ ਹੁਣ ਕੁਝ ਮਹੀਨੇ ਇੰਜ ਹੀ ਰਹੇਗਾ, ਗਰਮੀ ਦੇ ਬੀਤਦਿਆਂ ਹੀ ਬਰਸਾਤ ਆ ਜਾਏਗੀ। ਆਉਣ ਵਾਲਿਆਂ ਦੀ ਗਿਣਤੀ ਹੋਰ ਘੱਟ ਜਾਏਗੀ। ਤੇ ਫੇਰ ਠੰਢ ਦਾ ਮੌਸਮ ਆਉਂਦੇ ਹੀ ਤਲਾਅ ਦੇ ਕਿਨਾਰੇ ਇੱਕ ਵਾਰ ਫੇਰ ਗੁਲਜ਼ਾਰ ਖਿੜ ਜਾਏਗਾ। ਗਰਮੀ ਆਉਂਦੇ ਹੀ ਲੋਕ ਸ਼ਾਮ ਦੀ ਬਜਾਏ ਸਵੇਰੇ ਟਹਿਲਣਾ ਸ਼ੁਰੂ



ਕਰ ਦਿੰਦੇ ਨੇ। ਗਰਮੀ ਦੀ ਹੁੰਮਸ ਭਰੀ ਸ਼ਾਮ ਨੂੰ ਆਪੋ-ਆਪਣੇ ਏਸੀ ਘਰਾਂ ਵਿਚੋਂ ਨਿਕਲਣਾ ਕਿਸ ਨੂੰ ਚੰਗਾ ਲੱਗਦਾ ਹੈ ? ਅੱਜ ਤਾਂ ਆਉਣ ਵਾਲਿਆਂ ਦੀ ਗਿਣਤੀ ਹੋਰ ਵੀ ਘੱਟ ਹੈ। ਛੁੱਟੀਆਂ ਹੋਣ ਕਰਕੇ ਸ਼ਾਇਦ ਲੋਕੀ ਯਾਤਰਾਵਾਂ 'ਤੇ ਨਿਕਲ ਗਏ ਨੇ। ਸੰਦੀਪ ਨੇ ਆਸੇ-ਪਾਸੇ ਦੇਖਿਆ ਤੇ ਕੁਝ ਚਿਰ ਸੋਚਦਾ ਰਿਹਾ। ਫੇਰ ਕੁਝ ਸੋਚਦਾ ਹੋਇਆ ਉੱਥੋਂ ਇਕਦਮ ਉੱਠਿਆ ਤੇ ਲੱਕੜ ਦੇ ਫੁੱਲਾਂ ਵਾਲੇ ਰੁੱਖ ਵੱਲ ਤੁਰ ਪਿਆ।

ਜਦੋਂ ਸੰਦੀਪ ਉਸ ਦੇ ਕੋਲ ਪਹੁੰਚਿਆ, ਬੁੱਢਾ ਰਸਾਲੇ ਨੂੰ ਮੁੜ ਝੋਲੇ ਵਿੱਚ ਪਾ ਰਿਹਾ ਸੀ। ਏਨੀ ਸਾਵਧਾਨੀ ਨਾਲ ਜਿੱਦਾਂ ਉਹ ਰਸਾਲਾ ਕੋਈ ਜਿਉਂਦੀ ਸ਼ੈ ਹੈ, ਜਿਸਨੂੰ ਸੱਟ-ਫੇਟ ਲੱਗ ਸਕਦੀ ਹੈ। ਰਸਾਲੇ ਨੂੰ ਸੰਭਾਲ ਕੇ ਝੋਲੇ ਵਿੱਚ ਪਾਉਣ ਪਿੱਛੋਂ ਬੁੱਢੇ ਨੇ ਝੋਲੇ 'ਤੇ ਲੱਗੇ ਦੋਵਾਂ ਵੱਡੇ-ਵੱਡੇ ਬਟਨਾਂ ਨੂੰ ਬੰਦ ਕਰ ਦਿੱਤਾ। ਸੰਦੀਪ ਬਿਲਕੁਲ ਨੇੜੇ ਖੜ੍ਹਾ ਸੀ ਪਰ ਬੁੱਢੇ ਨੇ ਜਿੱਦਾਂ ਉਸਨੂੰ ਦੇਖਿਆ ਹੀ ਨਹੀਂ ਸੀ। ਰੁੱਖ ਦੀਆਂ ਜੜ੍ਹਾਂ 'ਤੇ ਬੈਠੀਆਂ ਦੋ ਕਾਟੋਆਂ ਸੰਦੀਪ ਦੀ ਆਮਦ ਤਾੜ ਕੇ ਸਾਵਧਾਨ ਹੋ ਗਈਆਂ ਸਨ। ਇਹ ਕਾਟੋਆਂ ਬੁੱਢੇ ਦੀ ਮੌਜੂਦਗੀ ਵਿੱਚ ਬਿਲਕੁਲ ਬੇਖ਼ੌਫ਼ ਭੁੜਕਦੀਆਂ ਫਿਰ ਰਹੀਆਂ ਸਨ, ਪਰ ਸੰਦੀਪ ਦੇ ਆਉਂਦਿਆਂ ਹੀ ਦੋਵੇਂ ਹੱਥ ਹਵਾ ਵਿੱਚ ਚੁੱਕ ਕੇ, ਕੰਨ ਸਿੱਧੇ ਖੜ੍ਹੇ ਕਰਕੇ, ਨਾਸਾਂ ਫਰਕਾਉਂਦੀਆਂ ਹੋਇਆਂ ਕੋਈ ਅਣਜਾਣਾ ਖ਼ਤਰਾ ਮਹਿਸੂਸ ਕਰ ਰਹੀਆਂ ਸਨ। ਕੁਝ ਚਿਰ ਸੰਦੀਪ ਵੱਲ ਦੇਖਦੇ ਰਹਿਣ ਪਿੱਛੋਂ ਦੋਵਾਂ ਨੇ ਇੱਕ ਦੂਜੇ ਵੱਲ ਦੇਖਿਆ ਤੇ ਫੇਰ ਭੁੜਕਦੀਆਂ ਹੋਈਆਂ ਨੱਸ ਪਈਆਂ। ਸੰਦੀਪ ਨੇ ਦੇਖਿਆ ਕਿ ਉਹ ਦੋਵੇਂ ਬੁੱਢੇ ਉੱਤੇ ਚੜ੍ਹ ਕੇ, ਉਸਦੇ ਸਿਰ ਉੱਤੋਂ ਭੁੜਕ ਕੇ, ਕਾਹਲ ਨਾਲ ਰੁੱਖ ਦੀ ਟੀਸੀ ਉੱਤੇ ਜਾ ਚੜ੍ਹੀਆਂ। ਬੁੱਢੇ ਉੱਤੇ ਇਸ ਗੱਲ ਦਾ ਕੋਈ ਅਸਰ ਨਾ ਹੋਇਆ। ਜਿੱਦਾਂ ਬੁੱਢੇ ਤੇ ਕਾਟੋਆਂ ਲਈ ਇਹ ਹਰ-ਰੋਜ਼ ਦੀ ਆਮ-ਜਿਹੀ ਗੱਲ ਹੋਏ।

ਸੰਦੀਪ ਨੂੰ ਨੇੜੇ ਆ ਕੇ ਪਤਾ ਲੱਗਿਆ ਕਿ ਬੁੱਢਾ ਓਨਾ ਬੁੱਢਾ ਨਹੀਂ ਜਿੰਨਾ ਦੂਰੋਂ ਦਿਖਾਈ ਦਿੰਦਾ ਹੈ। ਵੱਧ ਤੋਂ ਵੱਧ ਸੱਠ ਸਾਲ ਦਾ ਹੈ। ਉਹ ਕੱਪੜੇ, ਜਿਹੜੇ ਦੂਰੋਂ ਦੇਖਣ ਵਿੱਚ ਮਿਟਮੈਲੇ, ਗੰਦੇ ਦਿਖਾਈ ਦਿੰਦੇ ਨੇ, ਉਹ ਅਸਲ ਵਿੱਚ ਉਹੋ-ਜਿਹੇ ਹੈ ਨਹੀਂ, ਬਸ ਉਹਨਾਂ ਦੇ ਰੰਗ ਹੀ ਉਹੋ-ਜਿਹੇ ਨੇ। ਬੁੱਢੇ ਦਾ ਚਿਹਰਾ ਧੁੱਪ-ਖਾਧਾ ਚਿਹਰਾ ਹੈ।

"ਨਮਸਤੇ ਅੰਕਲ...।" ਸੰਦੀਪ ਨੇ ਜਦੋਂ ਉਸ ਵੱਲੋਂ ਕੋਈ ਵੀ ਪ੍ਰਤੀਕ੍ਰਿਆ ਨਾ ਹੁੰਦੀ ਦੇਖੀ ਤਾਂ ਉਹ ਖ਼ੁਦ ਹੀ ਬੋਲ ਪਿਆ।

ਜਵਾਬ ਵਜੋਂ ਬੁੱਢੇ ਨੇ ਕੁਝ ਨਾ ਕਿਹਾ, ਬਸ ਇੱਕ ਵਾਰੀ ਸਿਰ ਚੁੱਕ ਕੇ ਸੰਦੀਪ ਵੱਲ ਦੇਖਿਆ। ਦੇਖਿਆ ਵੀ ਅੱਖਾਂ ਵਿੱਚ ਨਹੀਂ, ਬਸ ਇਹ ਦੇਖਿਆ ਕਿ ਕੌਣ ਹੈ ? ਬੁੱਢੇ ਦੀਆਂ ਨਜ਼ਰਾਂ ਸੰਦੀਪ ਦੇ ਪੈਰਾਂ ਤੋਂ ਹੁੰਦੀਆਂ ਹੋਈਆਂ ਅੱਖਾਂ ਤੋਂ ਐਨ ਪਹਿਲਾਂ ਆ ਕੇ ਰੁਕ ਗਈਆਂ ਤੇ ਪਰਤ ਵੀ ਗਈਆਂ। ਸੰਦੀਪ ਨੇ ਦੇਖਿਆ ਕਿ ਬੁੱਢੇ ਦੀ ਗਰਦਨ ਬਸ ਇੱਕ ਵਾਰੀ ਹਿੱਲੀ, ਜਿੱਦਾਂ ਇਹੀ ਸੰਦੀਪ ਦੀ ਨਮਸਤੇ ਦਾ ਜਵਾਬ ਹੋਏ।

"ਮੈਂ ਇੱਥੇ ਤੁਹਾਡੇ ਕੋਲ ਬੈਠ ਜਾਵਾਂ ਅੰਕਲ ?" ਸੰਦੀਪ ਨੇ ਕੋਈ ਜਵਾਬ ਨਾ ਆਉਂਦਾ ਦੇਖ ਕੇ ਆਪਣੇ ਵੱਲੋਂ ਹੀ ਭਰੜਾਈ ਆਵਾਜ਼ ਵਿੱਚ ਨਰਮੀ ਰੱਖਦਿਆਂ ਪੁੱਛਿਆ। ਜਵਾਬ ਵਿੱਚ ਬੁੱਢੇ ਨੇ ਉਸ ਦਿਸ਼ਾ ਵੱਲ ਇੱਕ ਲਾਪ੍ਰਵਾਹ ਜਿਹੀ ਨਜ਼ਰ ਮਾਰੀ ਜਿਸ ਪਾਸੇ ਸੰਦੀਪ ਖੜ੍ਹਾ ਸੀ—ਉਸ ਦਿਸ਼ਾ ਵਿਚ, ਪਰ ਸੰਦੀਪ 'ਤੇ ਨਹੀਂ। ਫੇਰ ਉਸਨੇ ਆਪਣਾ ਝੋਲਾ, ਜਿਹੜਾ ਕੋਲ ਹੀ ਇੱਕ ਜੜ੍ਹ 'ਤੇ ਪਿਆ ਸੀ, ਚੁੱਕ ਕੇ ਆਪਣੀ ਗੋਦ ਵਿੱਚ ਰੱਖ ਲਿਆ। ਸੰਦੀਪ ਨੂੰ ਲੱਗਿਆ ਕਿ ਇਹੀ ਇਸ ਗੱਲ ਦਾ ਸੰਕੇਤ ਹੈ ਕਿ ਬੈਠ ਜਾ। ਸੰਦੀਪ ਝੋਲਾ ਹਟਾਉਣ ਨਾਲ ਖ਼ਾਲੀ ਹੋਈ ਜਗ੍ਹਾ 'ਤੇ ਬੈਠ ਗਿਆ।

ਬੈਠਣ ਪਿੱਛੋਂ ਇੱਕ ਵਾਰ ਫੇਰ ਚੁੱਪ ਵਾਪਰ ਗਈ। ਸੰਦੀਪ ਨੇ ਬੁੱਢੇ ਨੂੰ ਬਿਲਕੁਲ ਨੇੜਿਓਂ ਦੇਖਿਆ। ਉਹ ਚੁੱਪ ਬੈਠਾ ਬਸ ਬੁੱਢੇ ਨੂੰ ਦੇਖਦਾ ਰਿਹਾ—ਦੇਖਦਾ ਰਿਹਾ ਜਾਂ ਸ਼ਾਇਦ ਔਬਜਰਵ ਕਰਦਾ ਰਿਹਾ। ਦੋ ਮਿੰਟ, ਪੰਜ ਮਿੰਟ, ਦਸ ਮਿੰਟ, ਸਮਾਂ ਬੀਤਦਾ ਰਿਹਾ ਤੇ ਸੰਦੀਪ ਉੱਥੇ ਬੈਠਾ ਬੁੱਢੇ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ। ਇਸ ਤੋਂ ਪਹਿਲਾਂ ਕਿ ਕੋਈ ਗੱਲ ਸ਼ੁਰੂ ਕਰੇ, ਸਮਝ ਤਾਂ ਆਏ ਕਿ ਗੱਲ ਕਿਸ ਨਾਲ ਕਰਨੀ ਹੈ। ਬੁੱਢੇ ਬਾਰੇ ਜਿਹੜੀਆਂ ਗੱਲਾਂ ਉਹਦੇ ਦਿਮਾਗ਼ ਵਿੱਚ ਪਹਿਲਾਂ ਹੀ ਹੈ ਨੇ, ਉਹਨਾਂ ਦੇ ਹੁੰਦਿਆਂ ਉਹ ਗੱਲ ਸ਼ੁਰੂ ਕਰਨ ਦੀ ਹਿੰਮਤ ਹੀ ਨਾ ਕਰ ਸਕਿਆ। ਉਸਨੇ ਦੇਖਿਆ ਕਿ ਬੁੱਢਾ ਨਾ ਕੁਝ ਦੇਖਦਾ ਹੈ, ਨਾ ਸੁਣਦਾ ਹੈ, ਉਸਦੀਆਂ ਅੱਖਾਂ ਕਿਸੇ ਵੀ ਦ੍ਰਿਸ਼ ਨੂੰ ਨਹੀਂ ਦੇਖਦੀਆਂ—ਸ਼ਾਇਦ ਬੁੱਢਾ ਕਿਸੇ ਵੀ ਦ੍ਰਿਸ਼ ਨੂੰ ਦੇਖਣਾ ਹੀ ਨਹੀਂ ਚਾਹੁੰਦਾ। ਉਸਦੇ ਕੰਨ ਕਿਸੇ ਵੀ ਆਵਾਜ਼ ਨੂੰ ਨਹੀਂ ਸੁਣਦੇ। ਸੰਦੀਪ ਨੇ ਮਹਿਸੂਸ ਕੀਤਾ ਕਿ ਬੁੱਢੇ ਦੀਆਂ ਅੱਖਾਂ ਏਨੀਆਂ ਸਧੀਆਂ ਹੋਈਆਂ ਨੇ ਕਿ ਉਹ, ਉਹ ਕੁਝ ਵੀ ਨਹੀਂ ਦੇਖ ਰਹੀਆਂ, ਜੋ ਉਹ ਦੇਖਣਾ ਨਹੀਂ ਚਾਹੁੰਦਾ। ਇੱਕ ਦੋ ਵਾਰੀ ਬੱਚਿਆਂ ਦੀ ਫੁੱਟਬਾਲ ਉੱਥੇ ਆਈ, ਬੱਚੇ ਉਸਨੂੰ ਚੁੱਕਣ ਆਏ, ਸੰਦੀਪ ਨੇ ਉਹ ਸਭ ਦੇਖਿਆ ਪਰ ਬੁੱਢੇ ਦੀਆਂ ਅੱਖਾਂ ਨੂੰ ਉਹ ਦ੍ਰਿਸ਼ ਦੇਖਣ ਦਾ ਹੁਕਮ ਸ਼ਾਇਦ ਬੁੱਢੇ ਵੱਲੋਂ ਸੀ ਨਹੀਂ ਮਿਲਿਆ, ਇਸ ਲਈ ਅੱਖਾਂ ਨੇ ਉਹ ਸਭ ਨਹੀਂ ਦੇਖਿਆ। ਫੁੱਟਬਾਲ ਜਦੋਂ ਯਕਦਮ ਕੋਲ ਆ ਕੇ ਧੱਪ ਕਰਦੀ ਡਿੱਗੀ ਸੀ ਤਾਂ ਸੰਦੀਪ ਦੇ ਕੰਨਾਂ ਨੇ ਉਹ ਆਵਾਜ਼ ਸੁਣ ਕੇ ਯਕਦਮ ਉਸਨੂੰ ਸੁਚੇਤ ਕਰ ਦਿੱਤਾ ਸੀ, ਪਰ ਬੁੱਢੇ ਦੇ ਕੰਨਾਂ ਨੇ ਅਜਿਹਾ ਕੁਝ ਵੀ ਨਹੀਂ ਸੀ ਕੀਤਾ। ਕਿੰਨੀ ਚੰਗੀ ਅਵਸਥਾ ਹੈ ਇਹ ਕਿ ਇੰਦਰੀਆਂ ਸਿਰਫ਼ ਉਹੀ ਕੁਝ ਮਹਿਸੂਸ ਕਰਨ ਜੋ ਤੁਸੀਂ ਚਾਹੁੰਦੇ ਹੋ...ਬਾਕੀ ਸਭ ਜੋ ਹੋ ਰਿਹਾ ਹੈ, ਉਸ ਵੱਲੋਂ ਨਿਰਲੇਪ ਰਹਿਣ—ਹੈ ਨਾ ? ਕਿੰਨੇ ਅਭਿਆਸ ਨਾਲ ਸਾਧਿਆ ਹੋਏਗਾ ਬੁੱਢੇ ਨੇ ਇਹ ਸਭ।

"ਮੇਰਾ ਨਾਂ ਸੰਦੀਪ ਏ ਅੰਕਲ...।" ਸੰਦੀਪ ਨੂੰ ਲੱਗਿਆ ਕਿ ਬੜੀ ਦੇਰ ਹੋ ਗਈ ਹੈ ਕਿਤੋਂ ਤਾਂ ਗੱਲ-ਬਾਤ ਦਾ ਕੋਈ ਸਿਰਾ ਫੜਣਾ ਹੀ ਪਏਗਾ ਇਸ ਲਈ ਉਸਨੇ ਬੁੱਢੇ ਵੱਲ ਦੇਖਦੇ ਹੋਏ ਕਿਹਾ। ਸੰਦੀਪ ਦਾ ਇਹ ਵਾਕ ਜਿੱਦਾਂ ਕਿਸੇ ਸ਼ੁੰਨ ਵਿੱਚ ਜਾ ਕੇ ਅਲੋਪ ਹੋ ਗਿਆ। ਬੁੱਢੇ ਦੇ ਕੰਨਾਂ ਨੇ ਉਸ ਪੂਰੇ ਵਾਕ ਨੂੰ ਇਗਨੋਰ ਕਰ ਦਿੱਤਾ। ਉਹ ਪੰਜ ਸ਼ਬਦ ਜਿਹੜੇ ਉਸ ਵਾਕ ਵਿੱਚ ਸਨ, ਬਲੈਕ ਹੋਲ ਵਿੱਚ ਜਾ ਕੇ ਖਪ ਗਏ। ਕੋਈ ਦ੍ਰਿਸ਼ ਬਣੇ ਤੇ ਉਸਨੂੰ ਦੇਖਿਆ ਹੀ ਨਾ ਜਾਏ, ਕੋਈ ਸ਼ਬਦ ਗੂੰਜੇ ਤੇ ਉਸਨੂੰ ਸੁਣਿਆ ਹੀ ਨਾ ਜਾਏ ਤਾਂ ਕਿੰਨਾ ਵਿਅਰਥ ਹੁੰਦਾ ਹੈ ਇਹ ਜਨੇਪਾ। ਬੁੱਢਾ ਪਹਿਲਾਂ ਵਾਂਗ ਹੀ ਬਸ ਹਵਾ ਵਿੱਚ ਦੇਖ ਰਿਹਾ ਸੀ। ਸੰਦੀਪ ਨੂੰ ਖਿਝ ਜਿਹੀ ਚੜ੍ਹੀ ਉਸ ਬੁੱਢੇ ਉਪਰ—ਅਜਿਹਾ ਬੈਰਾਗੀਪਣ ਵੀ ਕੀ ਕਿ ਕੋਈ ਤੁਹਾਡੇ ਕੋਲ ਆ ਕੇ ਬੈਠਾ ਹੈ, ਤੁਹਾਡੇ ਨਾਲ ਗੱਲਾਂ ਕਰ ਰਿਹਾ ਹੈ ਤੇ ਤੁਸੀਂ ਉਸ ਵੱਲ ਧਿਆਨ ਹੀ ਨਹੀਂ ਦੇ ਰਹੇ...।

"ਵਾੱਕਰ...ਕ੍ਰਿਸਟੋਫਰ ਕਿਟ ਵਾੱਕਰ...।" ਬੁੱਢੇ ਦੀ ਹੀ ਆਵਾਜ਼ ਸੀ ਇਹ। ਪਰ ਏਨੀ ਅਸਪੱਸ਼ਟ ਕਿ ਸੰਦੀਪ ਨੂੰ ਸੁਣਨ ਲਈ ਪੂਰਾ ਧਿਆਨ ਲਾਉਣਾ ਪਿਆ। ਕ੍ਰਿਸਟੋਫਰ ਵਾੱਕਰ...? ਬੁੱਢਾ ਕਿਸੇ ਪੱਖੋਂ ਵੀ ਵਿਦੇਸ਼ੀ ਨਹੀਂ ਲੱਗ ਰਿਹਾ। ਜੇ ਕ੍ਰਿਸਟੋਫਰ ਵੀ ਹੈ ਤਾਂ ਵੀ ਇੱਥੇ ਭਾਰਤ ਵਿੱਚ ਕ੍ਰਿਸ਼ਚੀਅਨਾਂ ਦੇ ਨਾਂ ਇਹੋ-ਜਿਹੇ ਨਹੀਂ ਹੁੰਦੇ। ਇਹ ਨਾਂ ਤਾਂ ਸਪੇਨਿਸ਼ ਜਾਂ ਸਵੀਡਿਸ਼ ਵੱਲ ਦਾ ਲੱਗ ਰਿਹਾ ਹੈ। ਨਾਂ ਤੇ ਬੁੱਢੇ ਵਿਚਕਾਰ ਕੋਈ ਤਾਲਮੇਲ ਹੀ ਦਿਖਾਈ ਨਹੀਂ ਦੇ ਰਿਹਾ। ਪਰ ਇਹ ਨਾਂ ਕੁਝ ਸੁਣਿਆ-ਸੁਣਿਆ ਜਿਹਾ ਲੱਗ ਰਿਹਾ ਹੈ, ਸੰਦੀਪ ਨੂੰ। ਸੰਦੀਪ ਨੇ ਆਪਣੇ ਦਿਮਾਗ਼ 'ਤੇ ਜ਼ੋਰ ਪਾਇਆ ਕਿ ਕਿੱਥੇ ਸੁਣਿਆ ਹੈ ਇਸ ਨਾਂ ਨੂੰ...ਪਰ ਤੁਰੰਤ ਕੁਝ ਯਾਦ ਨਾ ਆਇਆ ਕਿ ਇਹ ਨਾਂ



ਉਸਨੇ ਕਿੱਥੇ ਸੁਣਿਆ ਜਾਂ ਪੜ੍ਹਿਆ ਹੈ। ਨਾਂ ਦੀ ਧੁਨੀ ਉਸਨੂੰ ਸੁਣੀ-ਸੁਣੀ ਤੇ ਜਾਣੀ-ਪਛਾਣੀ ਜਿਹੀ ਲੱਗੀ।

"ਕ੍ਰਿਸਟੋਫਰ ਕਿਟ ਵਾੱਕਰ...ਬੜਾ ਸੋਹਣਾ ਨਾਂ ਏਂ, ਤੁਸੀਂ ਕ੍ਰਿਸ਼ਚੀਅਨ ਓ ?" ਸੰਦੀਪ ਨੇ ਆਪਣੀ ਜੁਗਿਆਸਾ ਨੂੰ ਸਵਾਲ ਵਿੱਚ ਬਦਲਦਿਆਂ ਕਿਹਾ। ਇਸ ਸਵਾਲ ਨਾਲ ਸੰਦੀਪ ਨੇ ਬੁੱਢੇ ਵਿੱਚ ਪਹਿਲੀ ਵਾਰ ਮਾਮੂਲੀ ਜਿਹੀ ਹਲਚਲ ਹੁੰਦੀ ਦੇਖੀ—ਤੇ ਉਹ ਹਲਚਲ ਸੀ ਉਹਦਾ ਬੇਮਲੂਮਾ-ਜਿਹਾ ਤ੍ਰਬਕਣਾ।

"ਕੌਣ ਕ੍ਰਿਸਟੋਫਰ ਕਿਟ ਵਾੱਕਰ...? ਮੇਰਾ ਨਾਂ ਤਾਂ ਧਨੰਜੇ ਐ, ਧਨੰਜੇ ਕੁਮਾਰ ਸ਼ਰਮਾ।" ਬੁੱਢੇ ਨੇ ਥੋੜ੍ਹੀ-ਜਿਹੀ ਸਪੱਸ਼ਟ ਆਵਾਜ਼ ਵਿੱਚ ਕਿਹਾ। ਇਸ ਵਾਰ ਤ੍ਰਬਕਣ ਦੀ ਵਾਰੀ ਸੰਦੀਪ ਦੀ ਸੀ। ਹੁਣ ਬੁੱਢਾ ਕਿਸੇ ਦਿਸ਼ਾ 'ਚ ਨਹੀਂ ਸੀ ਦੇਖ ਰਿਹਾ, ਉਸਦੀਆਂ ਅੱਖਾਂ ਸੰਦੀਪ ਦੇ ਚਿਹਰੇ 'ਤੇ ਸਨ। ਅੱਖਾਂ ਵਿੱਚ ਨਹੀਂ, ਪਰ ਚਿਹਰੇ 'ਤੇ ਹੈ ਸਨ...। ਬੁੱਢਾ ਕੁਝ ਬਦਲਿਆ-ਬਦਲਿਆ ਜਿਹਾ ਲੱਗਿਆ। ਉਸਦੀ ਆਵਾਜ਼ ਵੀ ਪਹਿਲਾਂ ਵਰਗੀ ਨਹੀਂ ਸੀ। ਇੰਜ ਲੱਗਿਆ ਜਿੱਦਾਂ ਇਹ ਬੁੱਢਾ ਉਹ ਨਹੀਂ...।

"ਫੇਰ ਕ੍ਰਿਸਟੋਫਰ ਕਿਟ ਵਾੱਕਰ ਕੌਣ ਏਂ ਅੰਕਲ ? ਹੁਣੇ-ਹੁਣੇ ਤੁਸੀਂ ਉਸਦਾ ਨਾਂ ਲਿਆ ਸੀ।" ਸੰਦੀਪ ਨੇ ਆਵਾਜ਼ ਸੰਤੁਲਤ ਰੱਖਦਿਆਂ ਹੋਇਆਂ ਸਵਾਲ ਕੀਤਾ।

"ਮੈਂ ਕਦੋਂ ਲਿਆ ਏ ਨਾਂ ? ਤੈਂ ਲਿਆ ਏ ਇਹ ਨਾਂ ਤਾਂ, ਮੈਂ ਤਾਂ ਇਹ ਕਿਹੈ ਕਿ ਮੇਰਾ ਨਾਂ ਧਨੰਜ ਕੁਮਾਰ ਸ਼ਰਮਾ ਏ।" ਬੁੱਢੇ ਦੀ ਆਵਾਜ਼ ਵਿੱਚ ਨਾਰਾਜ਼ਗੀ ਘੁਲ ਗਈ ਹੈ। ਸੰਦੀਪ ਨੂੰ ਰਵੀ ਦੀ ਗੱਲ ਚੇਤੇ ਆ ਗਈ ਕਿ ਬੁੱਢਾ ਗੱਲ-ਗੱਲ 'ਤੇ ਚਿੜ ਜਾਂਦਾ ਏ। ਸੰਦੀਪ ਨੇ ਅੱਗੋਂ ਇਸ ਨਾਂ 'ਤੇ ਬਹਿਸ ਨਾ ਕਰਨ ਦਾ ਫ਼ੈਸਲਾ ਕੀਤਾ।

"ਤੁਸੀਂ ਇੱਥੇ ਕਿਤੇ ਲਾਗੇ-ਤਾਗੇ ਈ ਰਹਿੰਦੇ ਓ ਜਾਂ ਦੂਰੋਂ ਆਉਂਦੇ ਓ, ਟਹਿਲਣ ਲਈ ਇੱਥੇ ?" ਸੰਦੀਪ ਨੇ ਨਾਂ ਦੀ ਬਹਿਸ ਨੂੰ ਬਦਲ ਕੇ ਸਥਾਨ ਦੀ ਚਰਚਾ ਸ਼ੁਰੂ ਕਰ ਦਿੱਤੀ। ਸੰਦੀਪ ਦੇ ਸ਼ਬਦ ਜਿੱਦਾਂ ਜਨਮੇ ਸਨ, ਇੱਕ ਵਾਰ ਫੇਰ ਉਵੇਂ ਹੀ ਸਮਾਪਤ ਹੋ ਗਏ ਸਨ। ਉਹਨਾਂ ਸ਼ਬਦਾਂ ਦਾ ਪ੍ਰਭਾਵ ਕਿਧਰੇ ਵੀ ਦਿਖਾਈ ਨਹੀਂ ਸੀ ਦਿੱਤਾ। ਬੁੱਢਾ ਜਿਹੜਾ ਕੁਝ ਦੇਰ ਪਹਿਲਾਂ ਕੁਝ ਸੁਚੇਤ ਜਿਹਾ ਦਿੱਸ ਰਿਹਾ ਸੀ...ਇਕ ਵਾਰ ਫੇਰ ਕਿਸੇ ਓਪਰੀ ਜਗ੍ਹਾ, ਕਿਸੇ ਓਪਰੇ ਬਿੰਦੂ 'ਤੇ, ਜਾ ਖਲੋਤਾ ਸੀ। ਸੰਦੀਪ ਲਈ ਇਹ ਸਥਿਤੀ ਫੇਰ ਅਸਹਿਜ ਹੋ ਗਈ ਸੀ।

"ਡੇਂਕਾਲੀ ਤੋਂ...।" ਬੁੱਢੇ ਦੀ ਆਵਾਜ਼ ਇੱਕ ਵਾਰ ਫੇਰ ਅਸਪਸ਼ਟ ਹੋ ਗਈ। 'ਡੇਂਕਾਲੀ...? ਇਹ ਕਿਹੜੀ ਜਗ੍ਹਾ ਹੋਈ ? ਇੰਨੇ ਵਚਿੱਤਰ ਨਾਂ ਦਾ ਕੋਈ ਮੁਹੱਲਾ ਜਾਂ ਕਾਲੋਨੀ ਉਸਦੇ ਸ਼ਹਿਰ ਵਿੱਚ ਨਹੀਂ। ਆਸੇ-ਪਾਸੇ ਇਸ ਨਾਂ ਦਾ ਕੋਈ ਪਿੰਡ ਜਾਂ ਸ਼ਹਿਰ ਵੀ ਨਹੀਂ, ਇਹ ਬੁੱਢਾ ਕਿਸ ਜਗ੍ਹਾ ਦੀ ਗੱਲ ਕਰ ਰਿਹਾ ਏ ?'

"ਡੇਂਕਾਲੀ ਦੇ ਜੰਗਲ 'ਚੋਂ...।" ਬੁੱਢੇ ਦੀ ਆਵਾਜ਼ ਉਸੇ ਤਰ੍ਹਾਂ ਮਧਮ ਹੈ। ਡੇਂਕਾਲੀ ਦਾ ਜੰਗਲ ? ਇਹ ਕਿਹੜਾ ਜੰਗਲ ਹੋਇਆ ? ਸ਼ਾਇਦ ਉਧਰ ਪਹਾੜਾਂ ਦੇ ਪਾਰ ਕੋਈ ਆਦਿਵਾਸੀ ਬਸਤੀ ਹੋਏ, ਅਜਿਹੇ ਨਾਂ ਤਾਂ ਆਦਿਵਾਸੀ ਪਿੰਡਾਂ ਦੇ ਹੀ ਹੋ ਸਕਦੇ ਨੇ। ਇਹ ਬੁੱਢਾ ਤਾਂ ਸੜਕ ਵਾਲੇ ਪਾਸਿਓਂ ਆਉਂਦਾ ਹੈ, ਇਸ ਨੂੰ ਕਦੇ ਪਹਾੜ ਵੱਲੋਂ ਆਉਂਦਿਆਂ ਨਹੀਂ ਦੇਖਿਆ। ਡੇਂਕਾਲੀ ਦੇ ਜੰਗਲ...? ਇਹ ਨਾਂ ਵੀ ਸੰਦੀਪ ਨੂੰ ਕੁਝ ਸੁਣਿਆ ਹੋਇਆ ਲੱਗ ਰਿਹਾ ਹੈ, ਕਿੱਥੇ ਸੁਣਿਆ ਹੈ ਇਹ ਨਾਂ ?

"ਓਥੇ ਤੁਹਾਡਾ ਘਰ ਏ ?" ਸੰਦੀਪ ਨੇ ਹਿੰਮਤ ਕਰਕੇ ਪੁੱਛਿਆ। ਹਿੰਮਤ ਇਸ ਲਈ ਕਿ ਬੁੱਢੇ ਦਾ ਕੋਈ ਭਰੋਸਾ ਨਹੀਂ ਕਿ ਹੁਣੇ ਆਪਣੀ ਆਖੀ ਹੋਈ ਗੱਲ ਤੋਂ ਮੁੱਕਰ ਜਾਏ।

"ਓਥੇ ਵੀ ਏ...।" ਬੁੱਢਾ ਅਜੇ ਵੀ ਟ੍ਰਾਂਸ ਵਿੱਚ ਹੀ ਹੈ। ਇਸ ਤਰ੍ਹਾਂ ਬੋਲ ਰਿਹਾ ਹੈ ਕਿ ਵਾਕ ਦਾ ਅੰਤਮ ਸ਼ਬਦ ਸੰਦੀਪ ਨੂੰ ਬਸ ਅੰਦਾਜ਼ੇ ਨਾਲ ਹੀ ਸਮਝਣਾ ਪੈ ਰਿਹਾ ਹੈ ਕਿ ਹਾਂ ਇਹ ਇਹੀ ਸ਼ਬਦ ਹੋਏਗਾ। ਸੰਦੀਪ ਨੂੰ ਉਲਝਣ ਹੋਈ ਕਿ ਇਸ ਪਿੱਛੋਂ ਕੀ ਪੁੱਛਿਆ ਜਾਏ...ਤੇ ਬੁੱਢਾ ਪਤਾ ਨਹੀਂ ਕੀ ਜਵਾਬ ਦਏ ?

"ਕਦੇ-ਕਦੇ ਯੂਰਪ ਦੇ ਇੱਕ ਪੁਰਾਣੇ ਕਿਲੇ ਵਿੱਚ ਰਹਿੰਦਾ ਹਾਂ, ਕਦੇ ਰੇਗਿਸਤਾਨ 'ਚ ਆਪਣੇ ਵੱਕਰ ਸਮਤਲ 'ਤੇ ਰਹਿੰਦਾ ਹਾਂ, ਕਦੇ ਮਿੱਤਰ ਦੀਪ 'ਤੇ ਕਦੇ ਹਵਾ ਮਹਿਲ 'ਚ।" ਬੁੱਢੇ ਦੀ ਗੱਲ ਪੂਰੀ ਹੁੰਦਿਆਂ ਹੀ ਸੰਦੀਪ ਨੂੰ ਰਵੀ ਦੀ ਗੱਲ ਯਾਦ ਆ ਗਈ ਕਿ ਬੁੱਢਾ ਪਤਾ ਨਹੀਂ ਕਿਹਨਾਂ-ਕਿਹਨਾਂ ਥਾਵਾਂ ਤੇ ਲੋਕਾਂ ਦੇ ਨਾਂ ਲੈਂਦਾ ਏ। ਹਾਂ ਬੁੱਢੇ ਦੀ ਗੱਲ 'ਚ 'ਵੱਕਰ' ਸ਼ਬਦ ਆਉਣ ਨਾਲ ਸੰਦੀਪ ਨੂੰ ਇਹ ਪਤਾ ਲੱਗ ਗਿਆ ਕਿ ਬੁੱਢਾ ਕ੍ਰਿਸਟੋਫਰ ਵੱਕਰ ਬਣ ਕੇ ਗੱਲ ਕਰ ਰਿਹਾ ਹੈ। ਸੰਦੀਪ ਨੇ ਬੁੱਢੇ ਵੱਲ ਗਹੁ ਨਾਲ ਦੇਖਿਆ, ਉਹ ਕਿਸੇ ਹੋਰ ਦੁਨੀਆ ਵਿੱਚ ਸੀ, ਇੱਥੇ ਇਸ ਰੁੱਖ ਹੇਠ ਨਹੀਂ ਸੀ। ਸੰਦੀਪ ਨੂੰ ਲੱਗਿਆ ਕਿ ਬੁੱਢਾ ਲਗਾਤਾਰ ਧਨੰਜੇ ਸ਼ਰਮਾ ਤੇ ਕ੍ਰਿਸਟੋਫਰ ਵੱਕਰ ਵਿਚਕਾਰ ਆਵਾਜਾਈ ਕਰ ਰਿਹਾ ਹੈ। ਇਹ ਕੋਈ ਡਿਊਲ ਪ੍ਰਸਨੈਲਟੀ ਵਾਲੀ ਗੱਲ ਵੀ ਨਹੀਂ, ਬੁੱਢਾ ਜਾਂ ਤਾਂ ਇੱਥੇ ਰੁੱਖ ਦੀ ਜੜ੍ਹ ਉਪਰ ਬੈਠਾ ਹੁੰਦਾ ਹੈ, ਜਾਂ ਕਿਸੇ ਯਾਤਰਾ 'ਤੇ ਹੁੰਦਾ ਹੈ।

"ਪੜ੍ਹਦਾ ਏਂ ਜਾਂ ਜਾੱਬ ਕਰ ਰਿਹਾ ਏਂ ?" ਇਸ ਵਾਰੀ ਬੁੱਢੇ ਨੇ ਸੰਦੀਪ ਦੇ ਚਿਹਰੇ ਵੱਲ ਦੇਖਦਿਆਂ ਕਿਹਾ। ਇਹ ਸਵਾਲ ਧਨੰਜੇ ਸ਼ਰਮਾ ਵੱਲੋਂ ਸੀ—ਇੰਜ ਸੰਦੀਪ ਨੂੰ ਪੁੱਛਣ ਦੇ ਅੰਦਾਜ਼ ਤੋਂ ਲੱਗਿਆ।

"ਜੀ ਮੈਂ ਐਮਬੀਏ ਕੀਤੀ ਏ ਏਥੋਂ ਈ। ਕੈਂਪਸ ਸਲੈਕਸ਼ਨ ਵੀ ਹੋ ਗਈ ਏ। ਬਸ ਹੁਣ ਪੰਜ-ਛੇ ਦਿਨਾਂ 'ਚ ਬੈਂਗਲੁਰੂ ਜਾ ਕੇ ਜਵਾਇਨ ਕਰਨਾ ਏਂ।" ਸੰਦੀਪ ਨੇ ਜ਼ਰਾ ਅਦਬ ਨਾਲ ਜਵਾਬ ਦਿੱਤਾ। ਇਸ ਵਾਰ ਸੰਦੀਪ ਦੇ ਸ਼ਬਦਾਂ ਦੀ ਪ੍ਰਤੀਕ੍ਰਿਆ ਦਾ ਭਾਵ ਵੀ ਬੁੱਢੇ ਦੇ ਚਿਹਰੇ ਉੱਤੇ ਦਿਖਾਈ ਦਿੱਤਾ। ਸੰਦੀਪ ਨੂੰ ਆਪਣੀ ਗੱਲ ਉੱਤੇ ਬੁੱਢੇ ਦੀ ਇਹ ਪ੍ਰਤੀਕ੍ਰਿਆ ਕੁਝ ਚੰਗੀ ਨਹੀਂ ਲੱਗੀ, ਉਹ ਦੂਜੇ ਪਾਸੇ ਦੇਖਣ ਲੱਗਾ।

"ਮਤਲਬ ਪੰਜ ਛੇ ਦਿਨ ਬਾਅਦ ਤੂੰ ਵੀ ਇੱਥੇ ਨਹੀਂ ਦਿੱਸੇਂਗਾ ? ਉੱਥੇ ਆ ਕੇ ਤਲਾਅ 'ਚ ਪੈਰ ਲਮਕਾ ਕੇ ਨਹੀਂ ਬੈਠੇਂਗਾ ? ਕਿਨਾਰੇ ਲੱਗੇ ਉਹਨਾਂ ਰੁੱਖਾਂ ਨੂੰ ਤਲਾਅ 'ਚੋਂ ਲਿਆ ਕੇ ਪਾਣੀ ਨਹੀਂ ਦਏਂਗਾ ? ਜਗ੍ਹਾ-ਜਗ੍ਹਾ ਉੱਗੀ ਗਾਜਰ ਬੂਟੀ ਨਹੀਂ ਪੁੱਟੇਂਗਾ ?" ਸੰਦੀਪ ਨੂੰ ਬੁੱਢੇ ਦੇ ਚਿਹਰੇ 'ਤੇ ਆਵਾਜ਼ ਵਿੱਚ ਪਹਿਲੀ ਵਾਰ ਉਦਾਸੀ ਦੇ ਗੂੜ੍ਹੇ ਪਰਛਾਵੇਂ ਨਜ਼ਰ ਆਏ। ਇਸ ਗੱਲ ਨੇ ਇੱਕ ਵਾਰ ਫੇਰ ਉਸਨੂੰ ਹੈਰਾਨ ਕਰ ਦਿੱਤਾ ਕਿ ਉਹ ਤਾਂ ਇਹ ਸਮਝਦਾ ਸੀ ਕਿ ਬੁੱਢਾ ਇੱਥੇ ਆਉਣ-ਜਾਣ ਵਾਲੇ, ਬੈਠਣ ਵਾਲੇ ਕਿਸੇ ਵੀ ਬੰਦੇ ਵੱਲ ਕੋਈ ਧਿਆਨ ਹੀ ਨਹੀਂ ਸੀ ਦਿੰਦਾ—ਪਰ ਇਹ ਤਾਂ ਸਭ ਦੇਖਦਾ ਹੈ, ਜਾਣਦਾ ਹੈ। ਉਹ ਇੱਥੇ ਆ ਕੇ ਕੀ-ਕੀ ਕਰਦਾ ਹੈ, ਇਕ-ਇਕ ਗੱਲ ਬੁੱਢੇ ਨੂੰ ਪਤਾ ਹੈ। ਜਿੱਦਾਂ ਉਹ ਇਹੀ ਦੇਖਦਾ ਹੋਏ ਬੈਠ ਕੇ।

"ਜੀ ਅੰਕਲ...ਪੜ੍ਹਾਈ ਪੂਰੀ ਹੋ ਗਈ ਏ ਤਾਂ ਜਾਣਾ ਈ ਪਏਗਾ। ਹੁਣ ਜ਼ਿੰਦਗੀ ਕਿਤੇ ਲੈ ਜਾ ਰਹੀ ਏ ਤਾਂ ਕੁਛ ਨਾ ਕੁਛ ਤਾਂ ਪਿੱਛੇ ਵੀ ਰਹਿਣਾ ਈ ਹੋਇਆ। ਕੈਰੀਅਰ, ਪ੍ਰੋਗਰੈਸ ਇਹੋ ਤਾਂ ਜ਼ਿੰਦਗੀ 'ਚ ਦੇਖਣਾ ਪੈਂਦਾ ਏ।" ਇਸ ਵਾਰ ਸੰਦੀਪ ਨੇ ਰਤਾ ਸਾਫਟ ਆਵਾਜ਼ ਵਿੱਚ ਕਿਹਾ।



"ਜ਼ਿੰਦਗੀ ਕਿਤੇ ਨਈਂ ਲੈ ਜਾਂਦੀ, ਅਸੀਂ ਈ ਜਾਂਦੇ ਆਂ, ਤੇ ਇਲਜ਼ਾਮ ਜ਼ਿੰਦਗੀ ਨੂੰ ਦੇ ਦੇਂਦੇ ਆਂ। ਤੇ ਪਿੱਛੇ ਕੁਛ ਨਾ ਕੁਛ ਰਹਿੰਦਾ ਤਦੇ ਐ ਜਦੋਂ ਅਸੀਂ ਛੱਡਣਾ ਚਾਹੁੰਦੇ ਆਂ। ਵਰਨਾ ਕੋਈ ਜ਼ਰੂਰੀ ਨਈਂ ਕਿ ਛੱਡਿਆ ਜਾਏ।" ਬੁੱਢੇ ਨੇ ਕੰਬਦੀ ਆਵਾਜ਼ ਵਿੱਚ ਕਿਹਾ। ਸੰਦੀਪ ਨੂੰ ਲੱਗਿਆ ਕਿ ਬੁੱਢੇ ਦੀ ਆਵਾਜ਼ ਭਰੜਾ ਗਈ ਹੈ। ਪਰ ਬੁੱਢੇ ਦੇ ਚਿਹਰੇ ਨੂੰ ਦੇਖ ਕੇ ਨਹੀਂ ਲੱਗ ਰਿਹਾ ਕਿ ਉਹ ਭਾਵੁਕ ਹੋ ਗਿਆ ਹੈ। ਫੇਰ ਸੰਦੀਪ ਨੂੰ ਇੰਜ ਕਿਉਂ ਲੱਗਾ ਕਿ ਬੁੱਢੇ ਦੀ ਆਵਾਜ਼ ਭਰੜਾ ਗਈ ਹੈ!

"ਤੁਸੀਂ ਕੀ ਕਰਦੇ ਓ ਅੰਕਲ...? ਮੇਰਾ ਮਤਲਬ ਤੁਸੀਂ ਕਿਤੇ ਗੌਰਮਿੰਟ ਜਾੱਬ ਕਰਦੇ ਓ ਜਾਂ...?" ਸੰਦੀਪ ਨੂੰ ਪੁੱਛਦਿਆਂ ਹੋਇਆਂ ਲੱਗਿਆ ਕਿ ਉਸਦਾ ਸਵਾਲ ਆਪਣੇ-ਆਪ ਵਿੱਚ ਉਲਝ ਗਿਆ ਹੈ, ਉਹ ਜੋ ਕੁਝ ਬੁੱਢੇ ਤੋਂ ਪੁੱਛਣਾ ਚਾਹ ਰਿਹਾ ਹੈ, ਪੁੱਛਣ ਲਈ ਸ਼ਬਦ ਉਸਦਾ ਸਾਥ ਨਹੀਂ ਦੇ ਰਹੇ। ਸੰਦੀਪ ਨੇ ਆਪਣੀ ਗੱਲ ਵਿਚੇ ਛੱਡ ਦਿੱਤੀ। ਬੁੱਢੇ ਨੇ ਇਸ ਗੱਲ ਵੱਲ ਵੀ ਕੋਈ ਧਿਆਨ ਨਾ ਦਿੱਤਾ। ਸੰਦੀਪ ਆਪਣੀ ਗੱਲ ਮੁਕਾ ਕੇ ਚੁੱਪ ਹੋ ਗਿਆ। ਕੁਝ ਚਿਰ ਚੁੱਪ ਵਾਪਰੀ ਰਹੀ।

"ਮੈਂ...ਵੈਸੇ ਇਹ ਦੱਸਣਾ ਨਈਂ ਚਾਹੀਦਾ ਪਰ ਤੈਨੂੰ ਦੱਸ ਦੇਨਾਂ ਆਂ...ਮੈਂ ਡੇਂਕਾਲੀ ਦੇ ਜੰਗਲਾਂ ਦੇ ਜੰਗਲੀ ਗਸ਼ਤੀ ਦਲ ਦਾ ਕਮਾਂਡਰ ਆਂ। ਗੁਪਤ ਕਮਾਂਡਰ...। ਉਹ ਜਿਸ ਬਾਰੇ ਕਿਸੇ ਨੂੰ ਵੀ ਨਈਂ ਪਤਾ।" ਬੁੱਢੇ ਦੀ ਆਵਾਜ਼ ਇਸ ਵਾਰ ਹੋਰ ਵੀ ਵੱਧ ਅਸਪੱਸ਼ਟ ਹੋ ਗਈ। ਆਖ਼ਰੀ ਵਾਕ ਹਵਾ ਦੀ ਸਰਸਰਾਹਟ ਵਾਂਗ ਸੀ। ਸੰਦੀਪ ਨੂੰ ਆਵਾਜ਼ ਦੀ ਸਰਸਰਾਹਟ ਤੋਂ ਹੀ ਪਤਾ ਲੱਗ ਗਿਆ ਕਿ ਇਹ ਕ੍ਰਿਸਟੋਫਰ ਵੱਕਰ ਹੈ। ਪਰ ਇਹ ਹੈ ਕੌਣ ?

"ਹੁਣ ਮੈਂ ਵੀਆਰਐਸ ਲੈ ਲਈ ਏ, ਵਾਲੰਟਰੀ ਰਿਟਾਇਰਮੈਂਟ...ਪਹਿਲਾਂ ਮੈਂ ਜਾੱਬ ਵਿੱਚ ਸਾਂ, ਗੌਰਮਿੰਟ ਜਾੱਬ ਵਿਚ। ਫੇਰ ਇੰਜ ਲੱਗਾ ਕਿ ਹੁਣ ਕੋਈ ਮਤਲਬ ਨਈਂ ਰਿਹਾ ਜਾੱਬ ਕਰਨ ਦਾ। ਕਿਸ ਲਈ ਕੀਤੀ ਜਾਏ...ਤਾਂ ਬਸ ਰਿਟਾਇਰਮੈਂਟ ਲੈ ਲਈ। ਆਪਣੇ-ਆਪ ਨੂੰ ਮੁਕਤ ਕਰ ਦੇਣਾ ਵੀ ਜ਼ਰੂਰੀ ਹੁੰਦਾ ਏ। ਸਮੇਂ 'ਤੇ ਆਪਣੇ-ਆਪ ਨੂੰ ਮੁਕਤ ਕਰ ਦੇਣਾ ਚਾਹੀਦਾ ਏ। ਕਮ-ਸੇ-ਕਮ ਕੁਛ ਸਾਹ ਤਾਂ ਆਏ।" ਇਸ ਵਾਰ ਖ਼ਾਸੀ ਸਧੀ ਹੋਈ ਆਵਾਜ਼ ਵਿੱਚ ਕਿਹਾ ਬੁੱਢੇ ਨੇ, ਇਹ ਆਵਾਜ਼ ਧਨੰਜੇ ਸ਼ਰਮਾ ਦੀ ਹੈ।

ਸੰਦੀਪ ਨੇ ਇਸ ਵਾਰ ਅਛੋਪਲੇ ਹੀ ਆਪਣੇ ਮੋਬਾਇਲ ਵਿੱਚ ਗੁੱਗਲ ਸਰਚ 'ਤੇ ਕ੍ਰਿਸਟੋਫਰ ਵੱਕਰ ਅੰਗਰੇਜ਼ੀ ਵਿੱਚ ਟਾਈਪ ਕਰਕੇ ਸਰਚ ਕੀਤਾ। ਬਹੁਤ ਸਾਰੇ ਰਿਜ਼ਲਟ ਸਾਹਮਣੇ ਆ ਗਏ। ਉਸਨੇ ਦੂਜੇ ਨੰਬਰ ਉੱਤੇ ਦਿੱਸ ਰਹੀ ਵਿਕੀਪੀਡੀਆ ਦੇ ਲਿੰਕ 'ਤੇ ਕਲਿਕ ਕੀਤਾ, ਤਾਂ ਵਿਕੀਪੀਡੀਆ ਦਾ ਪੇਜ ਸਾਹਮਣੇ ਆ ਗਿਆ।। ਛੋਟਾ ਜਿਹਾ ਪੇਜ ਜਿਸ ਵਿੱਚ ਬਸ ਤਿੰਨ ਸੂਚਨਾਵਾਂ ਸਨ। ਕ੍ਰਿਸਟੋਫਰ ਜੇ. ਵੱਕਰ: ਬ੍ਰਿਟਿਸ਼ ਹਿਸਟੋਰੀਅਨ। ਕ੍ਰਿਸਟੋਫਰ ਵੱਕਰ: ਜਿਬ੍ਰਾਟੇਰੀਅਨ ਟ੍ਰਾਏ ਐਥਲੀਟ ਐਂਡ ਸਾਈਕਲਿਸਟ। ਕ੍ਰਿਸਟੋਫਰ ਕਿਟ ਵੱਕਰ: ਦ ਰੀਅਲ ਨੇਮ ਆਫ਼ ਕੱਮਿਕ ਬੁੱਕ ਕਰੈਕਟਰ ਦ ਫੈਂਟਮ। ਸ਼ੁਰੂ ਦੇ ਦੋ ਨਾਂ ਤਾਂ ਨਹੀਂ ਹੋ ਸਕਦੇ, ਇਹ ਤੀਜਾ...ਇਹ ਕੱਮਿਕ ਬੁੱਕ ਕਰੈਕਟਰ ਦਾ ਫੈਂਟਮ...ਇੱਥੇ ਕੋਈ ਸੰਕੇਤ ਮਿਲ ਸਕਦਾ ਹੈ। ਸੰਦੀਪ ਨੇ ਦ ਫੈਂਟਮ ਲਿਖ ਕੇ ਗੁਗਲ ਨੂੰ ਇਮੇਜ਼ ਸਰਚ 'ਤੇ ਪਾ ਦਿੱਤਾ। ਬਹੁਤ ਸਾਰੀਆਂ ਤਸਵੀਰਾਂ ਉਸਦੇ ਸਾਹਮਣੇ ਖੁੱਲ੍ਹ ਗਈਆਂ। ਫੈਂਟਮ ਦੀਆਂ।...ਓਅ, ਤਾਂ ਇਹ ਹੈ ਕ੍ਰਿਸਟੋਫਰ ਵੱਕਰ ਉਰਫ਼ ਫੈਂਟਮ...। ਇਹ ਤਾਂ ਕੱਮਿਕ ਬੁੱਕ ਦਾ ਕਰੈਕਟਰ ਹੈ, ਸੁਪਰ ਹੀਰੋ ਬੇਤਾਲ। ਹਿੰਦੀ ਵਿੱਚ ਵੀ ਇਹ ਕੱਮਿਕ ਆ ਚੁੱਕਾ ਹੈ, ਪਰ ਹਿੰਦੀ

ਵਿੱਚ ਇਸ ਦਾ ਨਾਂ ਫੈਂਟਮ ਨਹੀਂ ਸੀ, ਬੇਤਾਲ ਸੀ। ਸੰਦੀਪ ਦੇ ਪਾਪਾ ਦੀ ਲਾਇਬਰੇਰੀ ਵਿੱਚ ਪਈ ਹੋਈ ਹੈ ਇਹ ਕਾੱਮਿਕਸ ਸੀਰੀਜ਼...ਤੇ ਕਈ ਵਾਰੀ ਆਪਣੇ ਪਾਪਾ ਨੂੰ ਉਹਨੇ ਪੜ੍ਹਦਿਆਂ ਵੀ ਦੇਖਿਆ ਹੈ। ਉਸਨੂੰ ਬੜਾ ਅਜੀਬ ਲੱਗਦਾ ਹੈ ਪਾਪਾ ਨੂੰ ਕਾੱਮਿਕਸ ਪੜ੍ਹਦੇ ਦੇਖ ਕੇ। ਬਚਪਨ ਵਿੱਚ ਉਸ ਨੇ ਵੀ ਪੜ੍ਹਿਆ ਹੈ ਇਹਨਾਂ ਕਾੱਮਿਕਸ ਨੂੰ, ਪਾਪਾ ਤੋਂ ਮੰਗ ਕੇ। ਦੇਣ ਵੇਲੇ ਹਰ ਵਾਰੀ ਪਾਪਾ ਦਾ ਇਹੀ ਇੰਸਟਰਕਸ਼ਨ 'ਸੰਭਾਲ ਕੇ ਪੜ੍ਹੀਂ...ਤੇ ਪੜ੍ਹ ਕੇ ਉੱਥੇ ਈ ਰੱਖ ਦੇਈਂ ਜਿੱਥੋਂ ਚੁੱਕੀ ਸੀ।' ਵੱਡਾ ਹੋਣ ਪਿੱਛੋਂ ਉਸਨੇ ਤਾਂ ਪੜ੍ਹਨਾ ਛੱਡ ਦਿੱਤਾ ਪਰ ਪਾਪਾ ਨੂੰ ਉਹ ਹੁਣ ਵੀ ਪੜ੍ਹਦਿਆਂ ਦੇਖਦਾ ਹੈ, ਕਦੀ-ਕਦੀ। ਜਦੋਂ ਵੀ ਪਾਪਾ ਇਹਨਾਂ ਨੂੰ ਪੜ੍ਹਦੇ ਨੇ ਤਾਂ ਉਹਨਾਂ ਦੇ ਚਿਹਰੇ 'ਤੇ ਇੱਕ ਅਜੀਬ ਜਿਹਾ ਸਕੂਨ ਦਿਖਾਈ ਦੇਂਦਾ ਹੈ।

ਵੈਸੇ ਤਾਂ ਉਸਦਾ ਬਚਪਨ ਕਾੱਮਿਕਸ ਪੜ੍ਹਨ ਵਾਲਾ ਨਹੀਂ ਰਿਹਾ। ਉਸਦਾ ਬਚਪਨ ਤਾਂ ਟੀਵੀ 'ਤੇ ਕਾਰਟੂਨ ਦੇਖਣ ਵਾਲਾ ਬਚਪਨ ਰਿਹਾ ਹੈ। ਕਾੱਮਿਕਸ ਤਾਂ ਤਦ ਤਕ ਬੀਤੇ ਸਮੇਂ ਦੀ ਗੱਲ ਹੋ ਚੁੱਕੇ ਸਨ। ਉਸਦੇ ਬਚਪਨ ਵਿੱਚ ਡੋਰੀਮਾੱਨ, ਪਾੱਕੀਮਾੱਨ, ਆੱਗੀ ਐਂਡ ਕਾਕਰੋਚੇਜ ਵਰਗੇ ਕਰੈਕਟਰ ਸ਼ਾਮਿਲ ਨੇ...ਪਰ ਉਸਨੇ ਪਾਪਾ ਦੀ ਲਾਇਬਰੇਰੀ 'ਚੋਂ ਕੱਢ-ਕੱਢ ਕੇ ਬੇਤਾਲ ਦੇ ਲਗਭਗ ਸਾਰੇ ਕਾੱਮਿਕਸ ਪੜ੍ਹੇ ਨੇ। ਬੇਤਾਲ...ਜਿਹੜਾ ਜੰਗਲ ਵਿੱਚ ਰਹਿੰਦਾ ਹੈ, ਅਜੀਬ ਜਿਹੀ ਬੈਂਗਨੀ ਰੰਗ ਦੀ ਪੁਸ਼ਾਕ ਪਾਉਂਦਾ ਹੈ, ਅੱਖਾਂ 'ਤੇ ਕਾਲੀ ਐਨਕ ਵਰਗੀ ਨਕਾਬ। ਪੁਸ਼ਾਕ ਉਪਰ ਕਾਲੀਆਂ-ਨੀਲੀਆਂ ਧਾਰੀਆਂ ਵਾਲਾ ਅੰਡਰਵੀਅਰ, ਉਸ ਉੱਤੇ ਖੋਪੜੀ ਦਾ ਨਿਸ਼ਾਨ, ਲੱਕ ਨਾਲ ਬੱਧੀ ਹੋਈ ਪੇਟੀ ਤੇ ਉਸ ਨਾਲ ਦੋਵੇਂ ਪਾਸੇ ਟੰਗੇ ਹੋਏ ਰਿਵਾਲਵਰ, ਪੈਰਾਂ ਵਿੱਚ ਕਾਲੇ ਲੰਮੇ ਗਮ ਬੂਟ, ਲਗਭਗ ਗੋਡਿਆਂ ਤਕ। ਉਂਗਲ ਵਿੱਚ ਇੱਕ ਅੰਗੂਠੀ, ਜਿਸ 'ਤੇ ਖੋਪੜੀ ਬਣੀ ਹੈ, ਜਦੋਂ ਵੀ ਕਿਸੇ ਗੁੰਡੇ ਦੇ ਮੁੱਕਾ ਮਾਰਦਾ ਹੈ ਤਾਂ ਉਸਦੇ ਚਿਹਰੇ 'ਤੇ ਖੋਪੜੀ ਦਾ ਨਿਸ਼ਾਨ ਛਪ ਜਾਂਦਾ ਹੈ, ਜਿਹੜਾ ਕਦੇ ਨਹੀਂ ਮਿਟਣਾ। ਚੰਗੇ ਲੋਕਾਂ ਲਈ ਉਹ ਇੱਕ ਸਵਾਸਤਿਕ ਦਾ ਨਿਸ਼ਾਨ ਛੱਡਦਾ ਹੈ, ਸੁਰੱਖਿਆ ਦੀ ਨਿਸ਼ਾਨੀ। ਬਚਪਨ ਵਿੱਚ ਉਹ ਪਾਪਾ ਦੀ ਲਾਇਬਰੇਰੀ 'ਚੋਂ ਚੁੱਕ ਲਿਆਉਂਦਾ ਸੀ ਇਹਨਾਂ ਕਾੱਮਿਕਸ ਨੂੰ। ਪੁਰਾਣੇ ਤੇ ਪੀਲੇ ਪੈ ਚੁੱਕੇ ਪੰਨਿਆਂ ਨੂੰ ਬੜੀ ਸਾਵਧਾਨੀ ਨਾਲ ਪਲਟ ਕੇ ਪੜ੍ਹਦਾ ਸੀ। ਪਾਪਾ ਨੇ ਬੜਾ ਸੰਭਾਲ ਕੇ ਰੱਖਿਆ ਹੋਇਆ ਹੈ, ਉਹਨਾਂ ਨੂੰ ਅੱਜ ਵੀ। ਡੇਂਕਾਲੀ ਦੇ ਜੰਗਲ...ਹਾਂ ਇਹ ਨਾਂ ਉੱਥੇ ਈ ਤਾਂ ਪੜ੍ਹਿਆ ਸੀ। ਡੇਂਕਾਲੀ ਦੇ ਜੰਗਲ ਵਿੱਚ ਹੀ ਤਾਂ ਖੋਪੜੀਨੁਮਾ ਗੁਫ਼ਾ 'ਚ ਰਹਿੰਦਾ ਹੈ ਬੇਤਾਲ, ਜਿਸਦੀ ਪਹਿਰੇਦਾਰੀ ਖ਼ਤਰਨਾਕ ਬੌਣੇ ਕਰਦੇ ਨੇ—ਖ਼ਤਰਨਾਕ ਬੌਣੇ ਬਾਂਡਾਰ। ਬੇਤਾਲ ਦੀ ਪੁਸ਼ਾਕ ਉਸਨੂੰ ਪੂਰੀ ਤਰ੍ਹਾਂ ਢਕ ਲੈਂਦੀ ਹੈ, ਉਸਦਾ ਚਿਹਰਾ ਕੀ ਸਰੀਰ ਦਾ ਕੋਈ ਵੀ ਹਿੱਸਾ ਜ਼ਰਾ ਵੀ ਨਹੀਂ ਦਿੱਸਦਾ, ਜੰਗਲ 'ਚ ਕਹਿੰਦੇ ਨੇ ਕਿ ਬੇਤਾਲ ਦਾ ਚਿਹਰਾ ਜਿਸ ਨੇ ਦੇਖ ਲਿਆ, ਉਹ ਜਿਊਂਦਾ ਨਹੀਂ ਬਚਿਆ।

"ਆਖ਼ਰਕਾਰ ਹਰ ਗੱਲ ਦੀ ਕੋਈ ਤਾਂ ਹੱਦ ਹੋਏਗੀ। ਕਦੋਂ ਤਕ ਬਸ ਇੰਜ ਹੀ ਇੱਕ ਕਿੱਲੇ ਨਾਲ ਬੱਧੀ ਜ਼ਿੰਦਗੀ ਜਿਊਂਦੇ ਰਹੀਏ। ਆਪਣੇ ਲਈ ਜਿੱਥੇ ਕੋਈ ਸਮਾਂ ਨਾ ਹੋਏ, ਬਿਲਕੁਲ ਵੀ ਸਮਾਂ ਨਾ ਹੋਏ। ਬਸ ਇਹੀ ਸੋਚ ਕੇ ਮੈਂ ਰਿਟਾਇਰਮੈਂਟ ਲੈ ਲਈ। ਕੋਹਲੂ ਦੇ ਬਲ੍ਹਦ ਵਾਂਗ ਗੋਲ ਦਾਇਰੇ 'ਚ ਘੁੰਮਦੇ ਹੋਏ ਆਪਣਾ ਹੀ ਤੇਲ ਨਿਕਲ ਗਿਆ ਸਾਰਾ। ਅਸਲ ਵਿੱਚ ਕੋਹਲੂ ਵਿੱਚ ਤੇਲ ਤਿਲੀ ਦਾ ਨਹੀਂ ਨਿਕਲਦਾ, ਤੇਲ ਤਾਂ ਬਲ੍ਹਦ ਦਾ ਈ ਨਿਕਲਦਾ ਏ।" ਬੁੱਢੇ ਨੇ ਰਤਾ ਖਰ੍ਹਵੀ ਆਵਾਜ਼ 'ਚ ਕਿਹਾ। ਸੰਦੀਪ ਨੇ ਬੁੱਢੇ ਦੇ ਚਿਹਰੇ ਵੱਲ ਦੇਖਿਆ। ਇਸ ਵਾਰ ਫੇਰ ਉੱਥੇ ਕੁਝ ਭਾਵ ਨਜ਼ਰ ਆ ਰਹੇ ਸਨ। ਤਲਖ਼ੀ ਤੇ ਨਾਰਾਜ਼ਗੀ ਦੇ ਭਾਵ। ਸੰਦੀਪ ਨੇ ਬੁੱਢੇ ਦੇ ਚਿਹਰੇ 'ਤੇ ਗੁੱਸਾ



ਦੇਖਿਆ ਤਾਂ ਉਸਨੂੰ ਰਵੀ ਦੀ ਗੱਲ ਇੱਕ ਵਾਰ ਫੇਰ ਯਾਦ ਆ ਗਈ। ਪਰ ਕੁਝ ਚਿਰ 'ਚ ਹੀ ਬੁੱਢੇ ਦਾ ਚਿਹਰਾ ਸ਼ਾਂਤ ਹੋ ਗਿਆ।

"ਤੁਹਾਡੇ ਘਰ ਕੋਈ ਨਈਂ ਕਿ? ਮਤਲਬ ਆਂਟੀ ਜੀ, ਬੱਚੇ...ਤੁਹਾਡਾ ਪਰਿਵਾਰ?" ਸੰਦੀਪ ਨੇ ਬੁੱਢੇ ਦੇ ਚਿਹਰੇ ਦੇ ਭਾਵ ਸ਼ਾਂਤ ਹੁੰਦੇ ਦੇਖੇ ਤਾਂ ਤੁਰੰਤ ਸਵਾਲ ਕੀਤਾ। ਬੁੱਢੇ ਨੇ ਕੋਈ ਜਵਾਬ ਨਾ ਦਿੱਤਾ। ਰੁੱਖ ਉੱਤੋਂ ਇੱਕ ਕਾਟੋ ਨੇ ਬੁੱਢੇ ਦੇ ਮੋਢੇ ਉੱਤੇ ਛਾਲ ਮਾਰੀ ਤੇ ਉਸਦੀ ਪਿੱਠ ਤੋਂ ਦੌੜਦੀ ਹੋਈ ਜ਼ਮੀਨ 'ਤੇ ਕੁੱਦੀ ਲਾ ਕੇ ਦੂਜੇ ਪਾਸੇ ਦੌੜ ਗਈ। ਸੰਦੀਪ ਦੇ ਸਾਰੇ ਸਵਾਲ ਜਿੱਦਾਂ ਇੱਕ ਵਾਰ ਫੇਰ ਕਿਸੇ ਹਨੇਰੀ ਗੁਫ਼ਾ ਵਿੱਚ ਲੁਪਤ ਹੋ ਗਏ। ਸੰਦੀਪ ਨੂੰ ਯਾਦ ਆਇਆ ਕਿ ਬੇਤਾਲ ਜਿਸ ਗੁਫ਼ਾ ਵਿੱਚ ਰਹਿੰਦਾ ਹੈ, ਉਹ ਵੀ ਖੋਪੜੀਨੁਮਾ ਹਨੇਰੀ ਗੁਫ਼ਾ ਹੈ ਜਿਸ ਵਿੱਚ ਖੋਪੜੀ ਦੇ ਨਿਸ਼ਾਨ ਵਾਲਾ ਸਿੰਘਾਸਨ ਹੈ।

"ਹੈ ਨਾ, ਪੂਰਾ ਪਰਿਵਾਰ ਹੈ ਮੇਰਾ। ਡਾਇਨਾ ਏ, ਦੋ ਬੱਚੇ ਨੇ ਕਿਟ ਤੇ ਹੇਲੋਇਸ, ਮੇਰਾ ਘੋੜਾ ਤੂਫ਼ਾਨ ਹੈ, ਬਘਿਆੜ ਸ਼ੇਰਾ, ਬਾਜ ਫ਼੍ਰਾਕਾ ਤੇ ਰੈਕਸ ਨੇ। ਤੇ ਬਾਂਡਾਰ ਬੌਣਿਆਂ ਦਾ ਮੁਖੀਆ ਗੁਰਰਨ ਵੀ ਹਮੇਸ਼ਾ ਮੇਰੇ ਨਾਲ ਰਹਿੰਦਾ ਏ। ਬੁੱਢੇ ਬਾਬਾ ਮੋਜਜ ਵੀ ਨਾਲ ਈ ਰਹਿੰਦੇ ਨੇ। ਤੇ ਹਾਂ ਮੈਥੋਂ ਪਹਿਲਾਂ ਵਾਲੇ ਵੀਹ ਬੇਤਾਲ ਵੀ ਤਾਂ ਮੇਰੇ ਨਾਲ ਈ ਰਹਿੰਦੇ ਨੇ—ਉਹ ਵੀ ਤਾਂ ਉਸੇ ਗੁਫ਼ਾ 'ਚ ਦਫ਼ਨ ਨੇ, ਜਿਸ 'ਚ ਮੈਂ ਰਹਿੰਦਾ ਆਂ...ਮੇਰੇ ਨਾਲ, ਯਾਨੀ ਇੱਕੀਵੇਂ ਬੇਤਾਲ ਨਾਲ। ਦੁਨੀਆ ਦੀ ਨਜ਼ਰ 'ਚ ਮੈਂ ਬੇਤਾਲ ਅਮਰ ਆਂ, ਪਰ ਅਸਲ 'ਚ ਇੰਜ ਨਈਂ, ਬੇਤਾਲ ਦਾ ਬੇਟਾ ਆਪਣੇ ਪਿਤਾ ਦੇ ਮਰਨ ਤੋਂ ਬਾਅਦ ਉਹਨੂੰ ਉੱਥੇ ਹੀ ਦਫ਼ਨ ਕਰ ਦਿੰਦਾ ਏ ਤੇ ਉਹਦੀ ਪੁਸ਼ਾਕ ਪਾ ਕੇ ਦੁਨੀਆ ਸਾਹਮਣੇ ਆ ਜਾਂਦਾ ਏ, ਬੇਤਾਲ ਬਣ ਕੇ। ਇਸ ਲਈ ਦੁਨੀਆ ਦੀਆਂ ਨਜ਼ਰਾਂ 'ਚ ਬੇਤਾਲ ਕਦੇ ਨਈਂ ਮਰਦਾ। ਉਹ ਹਮੇਸ਼ਾ ਜਿਊਂਦਾ ਰਹਿੰਦਾ ਏ, ਉਹ ਅਮਰ ਏ, ਕਦੀ ਨਈਂ ਮਰੇਗਾ ਉਹ।" ਬੁੱਢਾ ਬੁੜਬੁੜਾ ਰਿਹਾ ਹੈ। ਮਤਬਲ ਉਹ ਇੱਕ ਵਾਰ ਫੇਰ ਕ੍ਰਿਸਟੋਫਰ ਕਿਟ ਵਾੱਕਰ ਬਣ ਚੁੱਕਿਆ ਹੈ।

ਬੁੱਢੇ ਦੀਆਂ ਗੱਲਾਂ ਵਿੱਚ ਪਹਿਲੀ ਵਾਰ 'ਬੇਤਾਲ' ਨਾਂ ਵੀ ਆਇਆ ਹੈ, ਸੰਦੀਪ ਦਾ ਅੰਦਾਜ਼ਾ ਬਿਲਕੁਲ ਸਹੀ ਹੈ। ਸੰਦੀਪ ਨੂੰ ਬੁੱਢੇ ਦੇ ਗੱਲਾਂ ਕਰਨ ਦਾ ਪੈਟਰਨ ਸਮਝ ਆ ਗਿਆ ਹੈ। ਬੁੱਢਾ ਧਨੰਜੇ ਸ਼ਰਮਾ ਤੇ ਬੇਤਾਲ ਜਾਂ ਕ੍ਰਿਸਟੋਫਰ ਕਿਟ ਵਾੱਕਰ ਦੇ ਵਿਚਕਾਰ ਵਾਰ-ਵਾਰ ਟ੍ਰਾਂਸਫਾਰਮ ਕਰਦਾ ਹੈ। ਤੇ ਇਹ ਟ੍ਰਾਂਸਫਰਮੇਸ਼ਨ ਏਨੀ ਤੀਬਰ ਗਤੀ ਨਾਲ ਹੁੰਦੀ ਹੈ ਕਿ ਸੁਣਨ ਵਾਲਾ ਕੁਝ ਸਮਝ ਹੀ ਨਹੀਂ ਸਕਦਾ ਕਿ ਅਚਾਨਕ ਇਹ ਕੀ ਹੋ ਗਿਆ ਹੈ! ਰਵੀ ਜੋ ਕਹਿ ਰਿਹਾ ਸੀ ਸੰਦੀਪ ਨੂੰ ਕਿ ਬੁੱਢਾ ਪਤਾ ਨਹੀਂ ਕਿਹਨਾਂ ਲੋਕਾਂ, ਜਗ੍ਹਾਵਾਂ ਦੀਆਂ ਗੱਲਾਂ ਕਰਦਾ ਹੈ—ਤਾਂ ਉਹ ਇਹੀ ਗੱਲਾਂ ਨੇ। ਹੁਣੇ ਬੁੱਢੇ ਨੇ ਜਿਹੜੇ ਨਾਂ ਲਏ ਨੇ, ਇਹਨਾਂ ਨਾਂਵਾਂ ਨੂੰ ਸੰਦੀਪ ਜਾਣਦਾ ਹੈ। ਇਹ ਬੇਤਾਲ ਦਾ ਪਰਿਵਾਰ ਹੈ। ਉਸਦੀ ਪਤਨੀ ਡਾਇਨਾ ਪਾਮਰ, ਜੁੜਵਾਂ ਬੱਚੇ ਕਿਟ ਤੇ ਹੇਲੋਇਸ, ਗੋਦ ਲਿਆ ਪੁੱਤਰ ਰੈਕਸ, ਤੇ ਉਸਦੇ ਜਾਨਵਰ। ਬੇਤਾਲ ਦੇ ਕਾੱਮਿਕਸ ਵਿੱਚ ਇਹ ਉਸਦੇ ਨਾਲ ਆਉਣ ਵਾਲੇ ਪਾਤਰ ਨੇ। ਬੇਤਾਲ ਦੀ ਪਤਨੀ ਡਾਇਨਾ ਪਾਮਰ ਵਾੱਕਰ ਨੂੰ ਖ਼ਾਸੀ ਖ਼ੂਬਸੂਰਤ ਦਿਖਾਇਆ ਗਿਆ ਹੈ, ਕਾੱਮਿਕਸ ਵਿਚ। ਜਦੋਂ ਪਹਿਲੀ ਵਾਰ ਉਸਨੇ ਕਾੱਮਿਕਸ ਵਿੱਚ ਡਾਇਨਾ ਨੂੰ ਦੇਖਿਆ ਸੀ ਤਾਂ ਉਸਨੂੰ ਕ੍ਰਸ਼ ਹੋ ਗਿਆ ਸੀ ਡਾਇਨਾ ਨਾਲ। ਠੀਕ-ਠਾਕ ਰੂਪ ਵਿੱਚ ਡਾਇਨਾ ਉਸਦਾ ਪਹਿਲਾ ਕ੍ਰਸ਼ ਸੀ। ਬਾਅਦ ਵਿੱਚ ਉਸਨੇ ਕਾੱਮਿਕਸ ਬੇਤਾਲ ਕਰਕੇ ਨਹੀਂ ਪੜ੍ਹੇ ਬਲਕਿ ਡਾਇਨਾ ਕਰਕੇ ਪੜ੍ਹੇ, ਬਸ ਡਾਇਨਾ ਨੂੰ ਦੇਖਣ ਲਈ ਹੀ।

"ਕੀ ਹੁੰਦਾ ਏ ਪਰਿਵਾਰ? ਕੁਛ ਲੋਕ ਜਿਹੜੇ ਤੁਹਾਡੇ ਨਾਲ ਕੁਛ ਦੂਰ ਤਕ ਨਾਲ

ਚੱਲਦੇ ਨੇ ਤੇ ਫੇਰ ਬਾਅਦ 'ਚ ਅਚਾਨਕ ਇੱਕ ਦਿਨ ਬਿਲਕੁਲ ਇਕੱਲਾ ਛੱਡ ਜਾਂਦੇ ਨੇ...ਬਹੁਤ ਸਾਰੀਆਂ ਯਾਦਾਂ ਦੇ ਨਾਲ...।" ਬੁੱਢੇ ਨੇ ਇਸ ਵਾਰ ਜ਼ਰਾ ਸਪੱਸ਼ਟ ਆਵਾਜ਼ ਵਿੱਚ ਕਿਹਾ। ਉਸਦੀ ਆਵਾਜ਼ ਵਿੱਚ ਤਲਖ਼ੀ ਤੇ ਉਦਾਸੀ ਦੋਵੇਂ ਘੁਲੀਆਂ ਹੋਈਆਂ ਸਨ।

ਸੰਦੀਪ ਨੇ ਦੇਖਿਆ ਸਾਹਮਣੇ ਤਲਾਅ ਦੇ ਉਸ ਸਿਰੇ 'ਤੇ ਸੂਰਜ ਦਾ ਲਾਲ-ਸੰਧੂਰੀ ਗੋਲਾ ਬਸ ਤਲਾਅ ਦੇ ਪਾਣੀ ਨੂੰ ਛੂਹਣ ਹੀ ਵਾਲਾ ਹੈ। ਤਲਾਅ ਦੇ ਪਾਣੀ ਵਿੱਚ ਹੁਣ ਸੂਰਜ ਦਾ ਲਾਲ-ਸੰਧੂਰੀ ਰੰਗ ਘੁਲ ਗਿਆ ਹੈ। ਜਦੋਂ ਸੂਰਜ ਐਨ ਡੁੱਬਣ ਵਾਲਾ ਹੁੰਦਾ ਹੈ ਉਸ ਵੇਲੇ ਇੱਕ ਵਚਿੱਤਰ ਤਰ੍ਹਾਂ ਦੀ ਸ਼ਾਂਤੀ ਛਾ ਜਾਂਦੀ ਹੈ। ਚਾਰ-ਚੁਫੇਰੇ ਜਿੱਦਾਂ ਸੂਰਜ ਦੇ ਜਾਣ ਦਾ ਮਾਤਮ ਛਾ ਗਿਆ ਹੋਏ। ਸੂਰਜ ਡੁੱਬਣ ਵੇਲੇ ਪਸ਼ੂ-ਪੰਛੀ, ਪ੍ਰਕ੍ਰਿਤੀ ਬਿਲਕੁਲ ਮੌਨ ਸਾਧ ਲੈਂਦੇ ਨੇ। ਵਿਗਿਆਨ ਕਹਿੰਦਾ ਹੈ ਕਿ ਸੂਰਜ ਕਿਤੇ ਨਹੀਂ ਜਾਂਦਾ, ਪਰ ਪ੍ਰਕ੍ਰਿਤੀ ਨੂੰ ਦੇਖੀਏ ਤਾਂ ਉਸਦੇ ਵਰਤਾਰੇ ਤੋਂ ਇਹੀ ਲੱਗਦਾ ਹੈ ਕਿ ਸੂਰਜ ਜਾ ਰਿਹਾ ਹੈ, ਵਿਦਾਅ ਹੋ ਰਿਹਾ ਹੈ।

"ਮੇਰੇ ਦੋ ਬੱਚੇ ਨੇ...ਕਿਸਲੇ ਤੇ ਹੇਤਲ...ਹੇਤਲ ਨਾਂ ਮੇਰੇ ਇੱਕ ਗੁਜਰਾਤੀ ਦੋਸਤ ਨੇ ਰੱਖਿਆ ਸੀ, ਮੈਂ ਬੇਟੀ ਦਾ ਨਾਂ 'ਹਾਹੇ' 'ਤੇ ਹੀ ਰੱਖਣਾ ਸੀ ਤੇ ਬੇਟੇ ਦਾ 'ਕੱਕੇ' 'ਤੇ...ਹੁੰਦਾ ਏ ਨਾ ਕੋਈ ਨਾਸਟੇਲਜੀਆ...। ਬੜੀ ਭਾਲ ਕਰਨ ਪਿੱਛੋਂ ਮਿਲੇ ਸੀ ਇਹ ਨਾਂ—ਕਿਸਲੇ ਤੇ ਹੇਤਲ। ਹੁਣ ਦੋਵੇਂ ਯੂਐਸ 'ਚ ਜਾੱਬ ਕਰ ਰਹੇ ਨੇ। ਸ਼ਾਦੀ ਵੀ ਹੋ ਗਈ ਏ ਦੋਵਾਂ ਦੀ। ਫੈਮਲੀ ਨਾਲ ਲਗਭਗ ਉੱਥੇ ਈ ਸੈਟਲ ਹੋਣ ਦਾ ਫ਼ਾਈਨਲ ਕਰ ਲਿਆ ਏ ਉਹਨਾਂ ਦੋਵਾਂ ਨੇ। ਵਧੀਆ ਪੈਕੇਜ ਮਿਲਦਾ ਏ। ਬੇਟਾ-ਬਹੂ ਤੇ ਬੇਟੀ-ਦਾਮਾਦ ਚਾਰੇ ਈ ਇਸ ਤਰ੍ਹਾਂ ਦੇ ਪੈਕੇਜ ਲੈ ਰਹੇ ਨੇ। ਆਪਣਾ ਪੂਰਾ ਸਮਾਂ ਆਪਣੀਆਂ ਕੰਪਨੀਆਂ ਨੂੰ ਵੇਚ ਦਿੱਤਾ ਏ ਉਹਨਾਂ। ਉਸ ਬਦਲੇ ਡਾਲਰ ਮਿਲ ਰਹੇ ਨੇ...ਹਰੇ-ਹਰੇ ਡਾਲਰ।" ਬੁੱਢੇ ਦੀ ਆਵਾਜ਼ ਵਿੱਚ ਥਕਾਨ ਆ ਰਹੀ ਹੈ। ਉਦਾਸੀ ਜਦੋਂ ਭਾਰੂ ਹੁੰਦੀ ਹੈ ਤਾਂ ਵੀ ਥਕਾਨ ਦਾ ਭਰਮ ਪੈਦਾ ਕਰ ਦਿੰਦੀ ਹੈ ਉਹ।

ਸੰਦੀਪ ਨੇ ਬੁੱਢੇ ਦੀ ਗੱਲ ਸਮਾਪਤ ਹੋਣ ਪਿੱਛੋਂ ਕੁਝ ਨਾ ਕਿਹਾ। ਇਸ ਤੋਂ ਬਾਅਦ ਕਹਿਣ ਲਈ ਉਸ ਕੋਲ ਕੁਝ ਹੈ ਵੀ ਨਹੀਂ ਸੀ। ਉਸਦੀ ਵੀ ਤਾਂ ਇਹੋ ਸਥਿਤੀ ਹੈ। ਉਹ ਵੀ ਤਾਂ ਜਾ ਰਿਹਾ ਹੈ ਇਸੇ ਤਰ੍ਹਾਂ ਪੈਕੇਜ 'ਤੇ। ਇੱਕ ਯੂਐਸ ਬੇਸਡ ਐਮਐਨਸੀ 'ਚ। ਕੁਝ ਸਾਲ ਇੱਥੇ ਇੰਡੀਆ ਵਿੱਚ ਕੰਮ ਕਰਨਾ ਹੈ ਉਸਦੇ ਬਾਅਦ ਜੇ ਸਭ ਕੁਝ ਠੀਕ-ਠਾਕ ਰਿਹਾ, ਉਸਦਾ ਪ੍ਰਫਾਰਮੈਂਸ ਚੰਗਾ ਰਿਹਾ, ਤਾਂ ਉਸਦੇ ਵੀ ਯੂਐਸ ਜਾਣ ਦੇ ਚਾਂਸੇਸ ਨੇ। ਸੰਦੀਪ ਨੂੰ ਯਾਦ ਆਇਆ, ਉਸਦੇ ਐਮਐਨਸੀ ਵਿੱਚ ਬੈਂਗਲੁਰੂ ਜਾਣ 'ਤੇ ਪਾਪਾ ਨੇ ਬੜੀ ਧੀਮੀ ਆਵਾਜ਼ 'ਚ ਕਿਹਾ ਸੀ, "ਏਨੀ ਦੂਰ ਜਾਣ ਦੀ ਕੀ ਲੋੜ ਏ? ਹੁਣ ਤਾਂ ਆਪਣੇ ਆਸੇ-ਪਾਸੇ ਵੀ ਚੰਗੀਆਂ ਕੰਪਨੀਆਂ ਆ ਗਈਆਂ ਨੇ। ਇੱਥੇ ਵੀ ਜਾੱਬ ਤਾਂ ਮਿਲ ਸਕਦੀ ਏ।" ਸੰਦੀਪ ਮੰਮੀ ਪਾਪਾ ਦੀ ਇਕਲੌਤੀ ਸੰਤਾਨ ਹੈ। ਸੰਦੀਪ ਨੇ ਰਤਾ ਰੁੱਖੀ ਆਵਾਜ਼ 'ਚ ਕਿਹਾ ਸੀ, "ਇੱਥੇ ਜਾੱਬਸ ਤਾਂ ਹੈਨ, ਪਰ ਉਹਨਾਂ ਦਾ ਕੋਈ ਫਿਊਚਰ ਨਈਂ ਤੇ ਨਾ ਕੋਈ ਵਧੀਆ ਪੈਕੇਜ ਏ। ਹੁਣੇ ਬਾਹਰ ਨਈਂ ਨਿਕਲਾਂਗਾ ਤਾਂ ਇੱਥੇ ਈ ਸੜਦਾ ਰਹਿ ਜਾਵਾਂਗਾ।" ਸੰਦੀਪ ਨੂੰ ਹੁਣ ਵੀ ਯਾਦ ਹੈ ਕਿ ਉਸਦੇ 'ਸੜਦਾ ਰਹਿ ਜਾਵਾਂਗਾ' ਕਹਿਣ 'ਤੇ ਪਾਪਾ ਨੇ ਐਨਕ ਵਿਚੋਂ ਉਸਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਿਆ ਸੀ ਤੇ ਸੰਦੀਪ ਦੀ ਆਖੀ ਹੋਈ ਗੱਲ ਨਾਲ ਉਹਨਾਂ ਨੂੰ ਧੱਕਾ ਲੱਗਾ ਸੀ।

"ਤੁਸੀਂ ਲਵ ਮੈਰਿਜ ਕੀਤੀ ਸੀ ਅੰਕਲ ਜਾਂ ਤੁਹਾਡੀ ਅਰੇਂਜ ਮੈਰਿਜ ਹੋਈ ਸੀ?" ਸੰਦੀਪ ਨੂੰ ਪਾਪਾ ਦੀਆਂ ਅੱਖਾਂ ਯਾਦ ਆਉਂਦੇ ਹੀ ਧੁੜਧੁੜੀ ਜਿਹੀ ਆਈ ਸੀ ਤੇ ਉਸਨੇ ਆਪਣੇ-



ਆਪ ਨੂੰ ਅਸਹਿਜ ਹੋਣ ਤੋਂ ਬਚਾਉਣ ਲਈ ਇੱਕ ਹਲਕਾ ਜਿਹਾ ਸਵਾਲ ਪੁੱਛ ਲਿਆ ਹੈ ਬੁੱਢੇ ਤੋਂ। ਬੁੱਢਾ ਆਪਣੀ ਗੋਦੀ 'ਚ ਰੱਖੇ ਝੋਲੇ 'ਤੇ ਹੱਥ ਫੇਰ ਰਿਹਾ ਹੈ।

"ਲਵ ਮੈਰਿਜ...ਮੇਰੀ ਡਾਇਨਾ ਨਾਲ ਲਵ ਮੈਰਿਜ ਹੋਈ ਸੀ, ਡਾਇਨਾ ਪਾਮਰ ਨਾਲ। ਪਤਾ ਏ ਕਿੱਥੇ ਹੋਈ ਸੀ? ਕੀਲਾਵੀ 'ਚ ਸਮੁੰਦਰ ਦੇ ਸੁਨਹਿਰੇ ਤਟ 'ਤੇ, ਜਿੱਥੇ ਅੱਧੀ ਰੇਤ ਏ ਅੱਧਾ ਸੋਨਾ ਏ। ਕੀਲਾਵੀ ਦਾ ਅਰਥ ਜਾਣਦਾ ਏਂ? ਕੀਲਾਵੀ ਦਾ ਅਰਥ ਹੁੰਦਾ ਏ ਪਿਆਰ, ਇਸੇ ਲਈ ਕੀਲਾਵੀ ਦੇ ਤਟ 'ਤੇ ਜਾਣ ਲਈ ਜ਼ਰੂਰੀ ਐ ਕਿ ਤੁਹਾਡੇ ਦਿਲ 'ਚ ਪਿਆਰ ਹੋਏ। ਜੰਗਲ 'ਚ ਕਿਹਾ ਜਾਂਦਾ ਏ ਕਿ 'ਜਿਹੜਾ ਬਿਨਾਂ ਪਿਆਰ ਦੇ ਕੀਲਾਵੀ ਦੇ ਤਟ 'ਤੇ ਆਏ, ਉਸਨੂੰ ਇੱਥੇ ਈ ਮਾਰ ਦਿਓ...।' ਵਾਂਬੇਸੀ ਪੁਰੋਹਿਤਾਂ ਨੇ ਪਹਿਲਾਂ ਸਾਡੀ ਸ਼ਾਦੀ ਕਰਵਾਈ, ਫੇਰ ਉਸਦੇ ਬਾਅਦ ਅਸੀਂ ਦੋਵੇਂ ਸਮੁੰਦਰ 'ਚ ਜਾ ਕੇ ਨਹਾਏ...ਖ਼ੂਬ ਨਹਾਏ...ਉਸ ਪਿੱਛੋਂ ਸਮੁੰਦਰ 'ਚੋਂ ਨਿਕਲ ਕੇ ਅਸੀਂ ਪਰੰਪਰਾ ਅਨੁਸਾਰ ਸੁਨਹਿਰੇ ਤਟ ਦੀ ਰੇਤ 'ਤੇ ਲੇਟੇ, ਇੱਕ ਦੂਜੇ ਉਪਰ ਸੁਨਹਿਰੀ ਰੇਤ ਪਾਈ। ਉਹ ਸੁਨਹਿਰੀ ਰੇਤ ਸਾਡੇ ਸਰੀਰ ਨਾਲ ਚਿਪਕ ਗਈ ਤੇ ਉਸ ਪਿੱਛੋਂ ਅਸੀਂ ਮਨੀ ਮਹਿਲ 'ਚ ਪ੍ਰਵੇਸ਼ ਕੀਤਾ। ਮਨੀ ਮਹਿਲ ਜਿਹੜਾ ਕਿਸੇ ਕਾਲੇ ਰਾਜੇ ਨੇ ਕੀਲਾਵੀ ਦੇ ਸੁਨਹਿਰੇ ਤਟ 'ਤੇ ਆਪਣੀ ਪਤਨੀ ਨਾਲ ਸੁਹਾਗਰਾਤ ਮਨਾਉਣ ਲਈ ਬਣਵਾਇਆ ਸੀ ਪਰ ਬਾਅਦ ਵਿੱਚ ਉਸਦੀ ਪਤਨੀ ਦੀ ਜਣੇਪੇ ਦੌਰਾਨ ਮੌਤ ਹੋ ਗਈ। ਉਸ ਪਿੱਛੋਂ ਉਹ ਰਾਜਾ ਕਦੀ ਉੱਥੇ ਨਈਂ ਆਇਆ, ਆਉਂਦਾ ਤਾਂ ਪਤਨੀ ਦੀਆਂ ਯਾਦਾਂ ਉਸਨੂੰ ਘੇਰ ਨਾ ਲੈਂਦੀਆਂ। ਅਸੀਂ ਪਰੰਪਰਾ ਅਨੁਸਾਰ ਉਸ ਮਨੀ ਮਹਿਲ ਵਿੱਚ ਪ੍ਰਵੇਸ਼ ਕੀਤਾ। ਤੇ ਜਿੱਦਾਂ ਪਰੰਪਰਾ ਏ ਮਨੀ ਮਹਿਲ ਦੇ ਬਾਅਦ ਜੰਗਲ 'ਚ ਜਾਣਾ ਪੈਂਦਾ ਏ। ਅਸੀਂ ਵੀ ਮਨੀ ਮਹਿਲ 'ਚੋਂ ਜੰਗਲ ਵੱਲ ਨਿਕਲ ਗਏ। ਮਨੀ ਮਹਿਲ ਤੋਂ ਬਾਅਦ ਜੰਗਲ ਵਿੱਚ ਜਾਣਾ ਸਾਡੇ ਸਮੇਂ ਦੀ ਰੀਤ ਐ। ਪਹਿਲਾਂ ਵਿਆਹ, ਫੇਰ ਸਮੁੰਦਰ ਦੇ ਪਾਣੀ 'ਚ ਨਹਾਉਣਾ, ਫੇਰ ਸੁਨਹਿਰੀ ਰੇਤ 'ਤੇ ਲੇਟੇ ਲਾਉਣਾ, ਫੇਰ ਮਨੀ ਮਹਿਲ ਤੇ ਅੰਤ 'ਚ ਜੰਗਲ...ਇਹੀ ਤਾਂ ਐ ਸਾਡੀ ਸਾਰਿਆਂ ਦੀ ਜ਼ਿੰਦਗੀ...ਕਿਤੇ ਕੋਈ ਬਦਲਾਵ ਨਈਂ। ਥੋੜ੍ਹਾ ਜਾਂ ਬਹੁਤਾ ਸਾਡਾ ਸਭ ਦਾ ਜੀਵਨ ਐਦਾਂ ਈ ਬੀਤਦਾ ਏ। ਬਸ ਐਦਾਂ ਈ...।" ਇਹ ਕਹਿੰਦੇ ਹੋਏ ਬੁੱਢੇ ਦੀ ਸਮੁੱਚੀ ਹਸਤੀ ਹੀ ਉੱਥੋਂ ਅਲੋਪ ਹੋ ਚੁੱਕੀ ਹੈ—ਜਿੱਦਾਂ ਸੰਦੀਪ ਉੱਥੇ ਸੀ ਹੀ ਨਹੀਂ ਤੇ ਉਹ ਬੁੱਢਾ ਇਹ ਸਾਰੀਆਂ ਗੱਲਾਂ ਸੰਦੀਪ ਨਾਲ ਨਹੀਂ ਸਗੋਂ ਕਿਸੇ ਅਦਿੱਖ ਹਸਤੀ ਨਾਲ ਕਰ ਰਿਹਾ ਹੈ।

ਜਦੋਂ ਵੀ ਬੁੱਢਾ ਕ੍ਰਿਸਟੋਫਰ ਕਿਟ ਵਾੱਕਰ ਉਰਫ਼ ਬੇਤਾਲ ਵਿੱਚ ਟਰਾਂਸਫਾਰਮ ਕਰ ਜਾਂਦਾ ਹੈ, ਤਾਂ ਸੰਦੀਪ ਕੋਲ ਪੁੱਛਣ ਲਈ ਕੋਈ ਸਵਾਲ ਜਾਂ ਕਰਨ ਲਈ ਕੋਈ ਗੱਲ ਨਹੀਂ ਹੁੰਦੀ। ਇਸ ਤਰ੍ਹਾਂ ਦੀਆਂ ਗੱਲਾਂ ਤੋਂ ਬਾਅਦ ਉਹ ਕੀ ਪੁੱਛੇ...? ਬੇਸਿਰ-ਪੈਰ ਦੀਆਂ ਗੱਲਾਂ। ਬੁੱਢੇ ਦੀਆਂ ਅੱਖਾਂ ਹੁਣ ਡੁੱਬਦੇ ਹੋਏ ਸੂਰਜ 'ਤੇ ਸਥਿਰ ਨੇ। ਸੰਦੀਪ ਵੀ ਉਸ ਦਿਸ਼ਾ ਵੱਲ ਦੇਖਣ ਲੱਗਾ ਜਿਸ ਦਿਸ਼ਾ 'ਚ ਬੁੱਢਾ ਦੇਖ ਰਿਹਾ ਹੈ। ਬੁੱਢਾ ਜਿਹੜੀਆਂ ਥਾਵਾਂ ਤੇ ਚੀਜ਼ਾਂ ਦੀਆਂ ਗੱਲਾਂ ਕਰਦਾ ਹੈ ਉਹ ਸਾਰੀਆਂ ਬੇਤਾਲ ਦੇ ਕਾੱਮਿਕਸ ਦੀਆਂ ਨੇ। ਕੀਲਾਵੀ ਦਾ ਸੁਨਹਿਰਾ ਤਟ, ਮਨੀ ਮਹਿਲ ਤੇ ਵਾਂਬੇਸੀ ਪੁਰੋਹਿਤ।

"ਹਰ ਵਾਰ ਇਹੀ ਸੋਚ ਕੇ ਮਨ ਨੂੰ ਤਸੱਲੀ ਹੁੰਦੀ ਏ ਕਿ ਬੱਚੇ ਆਪਣੀ ਜ਼ਿੰਦਗੀ 'ਚ ਸੈਟਲ ਹੋ ਗਏ ਨੇ। ਉਹਨਾਂ ਦੀ ਜ਼ਿੰਦਗੀ ਹੁਣ ਲੀਹੇ ਪੈ ਗਈ ਏ। ਪਰ ਵਿਚਕਾਰ ਇਹ ਵੀ ਖ਼ਿਆਲ ਆਉਂਦਾ ਏ ਕਿ ਉਹਨਾਂ ਦੀ ਜ਼ਿੰਦਗੀ ਤਾਂ ਲੀਹੇ ਪੈ ਗਈ, ਪਰ ਸਾਡਾ ਕੀ...? ਸਾਨੂੰ ਕਿਉਂ ਉਜਾੜਿਆ ਗਿਆ? ਅਸੀਂ ਬੱਚਿਆਂ ਨੂੰ ਪੈਦਾ ਕੀਤਾ, ਪਾਲਿਆ, ਪੜ੍ਹਾਇਆ, ਵੱਡੇ ਕੀਤਾ...ਤੁਸੀਂ ਇਹ ਕਹਿ ਸਕਦੇ ਹੋ ਕਿ ਇਹ ਤਾਂ ਹਰੇਕ ਮਾਂ-ਪਿਓ ਦਾ ਫ਼ਰਜ਼ ਈ ਏ, ਇਸ 'ਚ ਅਸੀਂ ਨਵਾਂ ਕੀ

ਕੀਤਾ। ਪਰ ਇਸ ਸਭ ਦੌਰਾਨ ਅਸੀਂ ਬੜੀ ਵਾਰੀ ਆਪਣੀਆਂ ਇੱਛਾਵਾਂ ਨੂੰ ਮਾਰਿਆ। ਬਹੁਤ ਕੁਛ ਅਜਿਹਾ ਕੀਤਾ ਜੋ ਅਸੀਂ ਨਈਂ ਕਰਨਾ ਚਾਹੁੰਦੇ ਸੀ। ਮੈਂ ਗੌਰਮਿੰਟ ਜਾੱਬ ਵਿੱਚ ਸਾਂ, ਜਦੋਂ ਬੱਚਿਆਂ ਦੀਆਂ ਇੱਛਾਵਾਂ ਦਾ ਖ਼ਰਚ ਸੈਲਰੀ ਤੋਂ ਪੂਰਾ ਨਈਂ ਕਰ ਸਕਿਆ, ਤਾਂ ਮੈਂ ਭਰਿਸ਼ਟਾਚਾਰ ਸ਼ੁਰੂ ਕੀਤਾ। ਰਿਸ਼ਵਤ ਲੈਣਾ, ਗ਼ਲਤ ਕੰਮ ਕਰਨਾ, ਸਭ ਕੁਛ ਕੀਤਾ। ਮੈਂ ਉਹਨਾਂ ਬੱਚਿਆਂ ਦੇ ਮੋਹ 'ਚ ਫਸ ਗਿਆ ਸੀ। ਉਹਨਾਂ ਨੂੰ ਸਾਰੇ ਸੁਖ ਦੇਣਾ ਚਾਹੁੰਦਾ ਸੀ ਮੈਂ—ਤੇ ਉਸੇ ਕਰਕੇ ਮੈਂ, ਜਿਹੜਾ ਉਸ ਸਮੇਂ ਤਕ ਗ਼ਲਤ ਨੂੰ ਗ਼ਲਤ ਹੀ ਮੰਨਦਾ ਸੀ, ਉਹੀ ਕਰਨਾ ਸ਼ੁਰੂ ਕਰ ਦਿੱਤਾ। ਜਿਸ ਦਿਨ ਮੈਂ ਪਹਿਲੀ ਵਾਰ ਰਿਸ਼ਵਤ ਲਈ ਸੀ, ਉਸ ਦਿਨ ਸਾਰੀ ਰਾਤ ਮੈਨੂੰ ਆਪਣੇ ਮੂੰਹ 'ਚੋਂ ਖ਼ੂਨ ਦਾ ਸਵਾਦ ਆਉਂਦਾ ਰਿਹਾ ਸੀ। ਕਈ ਵਾਰ ਕੁਰਲੀ ਕੀਤੀ, ਪਾਣੀ ਪੀਤਾ, ਪਰ ਉਹ ਸਵਾਦ ਰਾਤ ਭਰ ਰਿਹਾ। ਫੇਰ ਉਸਦੀ ਆਦਤ ਪੈ ਗਈ ਮੈਨੂੰ।" ਕਹਿੰਦਾ ਹੋਇਆ ਬੁੱਢਾ ਸੂਰਜ ਵੱਲ ਦੇਖਦਾ ਕੁਝ ਛਿਣ ਲਈ ਚੁੱਪ ਹੋ ਗਿਆ। ਫੇਰ ਬੁੜਬੁੜਾਉਣ ਲੱਗਾ, "ਪੈਦਾ ਕੀਤਾ, ਪਾਲਿਆ, ਪੜ੍ਹਾਇਆ ਕਿਸ ਲਈ ? ਮਲਟੀ ਨੈਸ਼ਨਲ ਕੰਪਨੀਆਂ ਨੂੰ ਵੇਚਣ ਲਈ। ਅਸੀਂ ਬੱਚਿਆਂ ਨੂੰ ਥੋੜ੍ਹਾ ਈ ਪਾਲਿਆ ਸੀ, ਅਸੀਂ ਤਾਂ ਐਮਐਨਸੀ ਦੇ ਗ਼ੁਲਾਮ ਪਾਲੇ ਸੀ। ਪਾਲਿਆ ਸੀ ਕਿ ਸਾਡੇ ਗ਼ੁਲਾਮ ਚੰਗੇ ਭਾਅ ਵਿਕ ਸਕਣ...ਵਿਕ ਗਏ...ਸੱਚਮੁੱਚ ਚੰਗੇ ਭਾਅ ਵਿਕ ਗਏ...ਡਾਲਰਸ 'ਚ ਵਿਕੇ...ਪਰ ਵੇਚਣ ਬਾਅਦ ਵੀ ਸਾਨੂੰ ਕੁਛ ਨਈਂ ਮਿਲਿਆ। ਐਮਐਨਸੀ ਨੂੰ ਗ਼ੁਲਾਮਾਂ ਦੀ ਜ਼ਿੰਦਗੀ ਦਾ ਕੰਟਰੋਲ ਮਿਲਿਆ ਤੇ ਗ਼ੁਲਾਮਾਂ ਨੂੰ ਡਾਲਰਸ ਮਿਲੇ...ਸਾਨੂੰ, ਸਾਨੂੰ ਕੁਛ ਨਈਂ ਮਿਲਿਆ...ਅਸੀਂ ਤਾਂ ਉੱਜੜ ਈ ਗਏ...।" ਬੁੱਢਾ ਜਦੋਂ ਧਨੰਜੇ ਸ਼ਰਮਾ ਹੁੰਦਾ ਹੈ ਤਾਂ ਉਸਦੀ ਆਵਾਜ਼ ਵਿੱਚ ਉਦਾਸੀ ਕਦੇ ਇਕੱਲੀ ਨਹੀਂ ਹੁੰਦੀ—ਉਦਾਸੀ ਦੇ ਨਾਲ ਹਮੇਸ਼ਾ ਇੱਕ ਤਿੱਖਾ ਵਿਅੰਗ ਹੁੰਦਾ ਹੈ, ਆਪਣੇ-ਆਪ ਉੱਤੇ ਵਿਅੰਗ ਤੇ ਇਸ ਵਿਅੰਗ ਕਰਕੇ ਉਸਦੇ ਬੁੱਲ੍ਹ ਰਤਾ ਕੁ ਇੱਕ ਪਾਸੇ ਵੱਲ ਨੂੰ ਤਿਰਛੇ ਹੋ ਜਾਂਦੇ ਨੇ ਤੇ ਚਿਹਰਾ ਬਡਰੂਪ ਹੋਣ ਲੱਗ ਪੈਂਦਾ ਹੈ।

ਸੰਦੀਪ ਨੂੰ ਯਾਦ ਆਇਆ ਕਿ ਦੋ ਤਿੰਨ ਦਿਨ ਪਹਿਲਾਂ ਜਦੋਂ ਹਰ ਮਹੀਨੇ ਵਾਂਗ ਉਹ ਮੰਮੀ ਨਾਲ ਮਹੀਨੇ ਭਰ ਦਾ ਰਾਸ਼ਨ ਖ਼ਰੀਦਣ ਲਈ ਮਾੱਲ ਗਿਆ ਸੀ—ਇਸ ਵਾਰੀ ਮੰਮੀ ਨੇ ਬਹੁਤ ਸਾਰੀਆਂ ਰੈਗੂਲਰ ਖ਼ਰੀਦੀਆਂ ਜਾਣ ਵਾਲੀਆਂ ਚੀਜ਼ਾਂ ਨਹੀਂ ਸੀ ਖ਼ਰੀਦੀਆਂ। ਕਸਟਰਡ, ਚੋਕੋਸ, ਕੇਕ ਮਿਕਸ, ਬਾਅਦਾਮ, ਅਖਰੋਟ, ਮੈਗੀ, ਚਾਕਲੇਟਸ, ਟਾਫੀਆਂ, ਬਿਸਕੁਟ, ਅਜਿਹੀਆਂ ਬਹੁਤ ਸਾਰੀਆਂ ਆਈਟਮਾਂ ਸਨ ਜਿਹੜੀਆਂ ਮਹੀਨੇ ਦੀ ਲਿਸਟ ਵਿੱਚ ਸਭ ਤੋਂ ਪਹਿਲਾਂ ਖ਼ਰੀਦੀਆਂ ਜਾਂਦੀਆਂ ਸਨ—ਉਹ ਮੰਮੀ ਨੇ ਨਹੀਂ ਸੀ ਖ਼ਰੀਦੀਆਂ। ਇਹਨਾਂ ਵਿਚੋਂ ਕੁਝ ਚੀਜ਼ਾਂ ਤਾਂ ਆਦਤ ਅਨੁਸਾਰ ਚੁੱਕ ਕੇ ਟਰਾਲੀ ਵਿੱਚ ਰੱਖ ਵੀ ਲਈਆਂ ਸਨ, ਪਰ ਬਾਅਦ ਵਿੱਚ ਕੱਢ ਦਿੱਤੀਆਂ ਸਨ। ਉਸਨੇ ਮੰਮੀ ਨੂੰ ਪੁੱਛਿਆ ਵੀ ਸੀ ਕਿ 'ਇਹ ਸਭ ਕਿਉਂ ਨਈਂ ਖ਼ਰੀਦ ਰਹੇ...'। ਮੰਮੀ ਦਾ ਉਦਾਸ ਜਿਹਾ ਜਵਾਬ ਆਇਆ ਸੀ, "ਹੁਣ ਕੌਣ ਖਾਏਗਾ ਇਹਨਾਂ ਨੂੰ ? ਬੇਕਾਰ ਪਈਆਂ ਰਹਿਣਗੀਆਂ...।" ਜਵਾਬ ਦੇਣ ਸਾਰ ਮੰਮੀ ਦੀਆਂ ਅੱਖਾਂ ਸਿੱਜਲ ਹੋ ਗਈਆਂ ਸਨ। ਕੋਇਆਂ ਤਕ ਨਮੀ ਛਲਕ ਆਈ ਸੀ, ਜਿਸਨੂੰ ਉਹਨਾਂ ਬੜੀ ਸਫ਼ਾਈ ਨਾਲ, ਰੁਮਾਲ ਵਿੱਚ ਸੋਖ ਲਿਆ ਸੀ। ਸੰਦੀਪ ਨੂੰ ਵੀ ਆਪਣੇ ਅੰਦਰ ਕੁਝ ਪਿਘਲਦਾ ਹੋਇਆ ਮਹਿਸੂਸ ਹੋਇਆ ਸੀ। ਬਹੁਤ ਜ਼ਿਆਦਾ ਨਹੀਂ—ਹਾਂ, ਹਲਕਾ ਜਿਹਾ ਕੁਝ ਹੈ ਜ਼ਰੂਰ ਸੀ। ਉਸ ਦਿਨ ਟਰਾਲੀ ਅੱਧੀ ਵੀ ਨਹੀਂ ਸੀ ਭਰੀ, ਜਦਕਿ ਹੁੰਦਾ ਇੰਜ ਸੀ ਕਿ ਬਹੁਤ ਸਾਰਾ ਸਾਮਾਨ ਮੰਮੀ ਲੱਭ-ਲੱਭ ਕੇ ਟਰਾਲੀ ਵਿੱਚ ਰੱਖਦੇ ਸੀ, ਤੇ ਇੱਕੋ ਗੱਲ ਕਹਿੰਦੇ ਸੀ, "ਇਹ ਤੈਨੂੰ ਪਸੰਦ ਏ ਨਾ, ਇਸ ਵਾਰੀ ਇੱਕ ਵੱਖਰੇ ਤਰੀਕੇ ਨਾਲ ਬਣਾਵਾਂਗੀ ਇਹਨੂੰ...।" ਇਹ



ਕਹਿੰਦੇ ਹੋਏ, ਉਹਨਾਂ ਦੇ ਚਿਹਰੇ ਉੱਤੇ ਇੱਕ ਅਜੀਬ ਜਿਹਾ ਉਤਸਾਹ ਤੇ ਅਦਭੁਤ ਨੂਰ ਹੁੰਦਾ ਸੀ—ਪਰ ਉਸ ਦਿਨ ਉਹਨਾਂ ਦੇ ਚਿਹਰੇ 'ਤੇ ਅਜਿਹਾ ਕੁਝ ਵੀ ਨਹੀਂ ਸੀ। ਉਸ ਦੀ ਜਗ੍ਹਾ ਇੱਕ ਗੂੜ੍ਹੀ ਉਦਾਸੀ ਤੇ ਸੰਘਣਾ ਸੰਨਾਟਾ ਸੀ। ਉਸ ਦਿਨ ਕੈਸ਼ ਕਾਊਂਟਰ ਉੱਤੇ ਪੇਮੈਂਟ ਕਰਨ ਵੇਲੇ ਮੰਮੀ ਨੇ ਹੋਮ ਡਲਿਵਰੀ ਬਾਰੇ ਵੀ ਜਾਣਕਾਰੀ ਲਈ ਸੀ, ਜਦਕਿ ਪਹਿਲਾਂ ਜਦੋਂ ਵੀ ਸੰਦੀਪ ਨੇ ਹੋਮ ਡਲਿਵਰੀ ਰਾਹੀਂ ਮੰਗਵਾ ਲੈਣ ਲਈ ਕਿਹਾ ਸੀ, ਉਹਨਾਂ ਨੇ ਝਿੜਕਦਿਆਂ ਹੋਇਆਂ ਹਰ ਵਾਰੀ ਮਨ੍ਹਾਂ ਕਰ ਦਿੱਤਾ ਸੀ, "ਆਪ ਹੱਥੀ ਜਾ ਕੇ ਸਾਮਾਨ ਲਿਆਉਣਾ ਚਾਹੀਦਾ ਏ। ਹੋਮ ਡਲਿਵਰੀ 'ਚ ਤਾਂ ਉਹ ਸੜਿਆ-ਬੁਸਿਆ ਸਾਮਾਨ ਭੇਜ ਦਿੰਦੇ ਨੇ।" ਉਸ ਦਿਨ ਤੁਰਨ ਵੇਲੇ ਮੰਮੀ ਨੇ ਹੋਮ ਡਲਿਵਰੀ ਦਾ ਨੰਬਰ ਲੈ ਕੇ ਆਪਣੇ ਮੋਬਾਇਲ ਵਿੱਚ ਫੀਡ ਕਰ ਲਿਆ ਸੀ।

"ਡੇਂਕਾਲੀ ਦੇ ਜੰਗਲਾਂ ਵਿੱਚ ਜਿਹੜੇ ਫੁਸਫੁਸਾਉਂਦੇ ਹੋਏ ਕੁੰਜ ਨੇ, ਉਹ ਅਸਲ ਵਿੱਚ ਯਾਦਾਂ ਦੇ ਕੁੰਜ ਨੇ, ਅਸੀਂ ਸਾਰੇ ਉਹਨਾਂ ਯਾਦਾਂ ਵਿੱਚ ਫਸ ਜਾਂਦੇ ਆਂ। ਜਦੋਂ ਹਵਾ ਉਹਨਾਂ ਕੁੰਜਾਂ ਵਿੱਚ ਖੜ੍ਹੇ ਰੁੱਖਾਂ ਨੂੰ ਛੂਹ ਕੇ ਲੰਘਦੀ ਏ ਤਾਂ ਰੁੱਖ ਫੁਸਫੁਸਾਉਣ ਲੱਗ ਪੈਂਦੇ ਨੇ ਵਹਿਸਪਰਿੰਗ ਫਾੱਰੈਸਟ ਆਫ ਸਵੀਟ ਮੈਮੋਰੀਜ਼। ਮੈਂ ਜਦੋਂ ਵੀ ਤੂਫ਼ਾਨ ਉੱਤੇ ਸਵਾਰ ਹੋ ਕੇ ਸ਼ੇਰਾਂ ਨਾਲ ਉੱਥੋਂ ਲੰਘਦਾ ਆਂ, ਤਾਂ ਉਹ ਰੁੱਖ ਕਿਟ ਹੇਲੋਇਸ, ਡਾਇਨਾ ਫੁਸਫੁਸਾਉਣ ਲੱਗ ਪੈਂਦੇ ਨੇ। ਪਹਿਲਾਂ ਇਹ ਰੁੱਖ ਬੇਤਾਲ-ਬੇਤਾਲ ਫੁਸਫੁਸਾਉਂਦੇ ਹੁੰਦੇ ਸੀ, ਮੇਰੇ ਲੰਘਣ 'ਤੇ, ਪਰ ਹੁਣ...।" ਬੁੱਢੇ ਦੀ ਆਵਾਜ਼ ਬੜੀ ਥੱਕੀ-ਥੱਕੀ ਜਿਹੀ ਲੱਗ ਰਹੀ ਹੈ—ਜਿੱਦਾਂ ਬੜੀ ਲੰਮੀ ਯਾਤਰਾ ਕਰਕੇ ਆਇਆ ਹੋਏ ਉਹ।

ਪਿਛਲੇ ਕੁਝ ਦਿਨਾਂ ਦਾ ਸੰਦੀਪ ਨੂੰ ਘਰੇ ਇੱਕ ਸੰਨਾਟਾ ਜਿਹਾ ਮਹਿਸੂਸ ਹੋ ਰਿਹਾ ਹੈ। ਉਹ ਸੰਨਾਟਾ ਜਿਹੜਾ ਹੁਣ ਡੁੱਬਦੇ ਸੂਰਜ ਕਾਰਨ ਤਲਾਅ ਦੇ ਕਿਨਾਰੇ ਫ਼ੈਲਿਆ ਹੋਇਆ ਹੈ। ਕੁਝ ਦਿਨਾਂ ਦਾ ਘਰ ਬੜਾ ਚੁੱਪ-ਚੁੱਪ ਹੈ। ਉਹ ਘਰ ਜਿਹੜਾ ਚਹਿਕਦਾ, ਟਹਿਕਦਾ ਰਹਿੰਦਾ ਸੀ—ਅੱਜ ਕੱਲ੍ਹ ਬੁਝਿਆ-ਬੁਝਿਆ ਤੇ ਚੁੱਪ-ਚੁੱਪ ਹੈ। ਪਾਪਾ ਏਨੀ ਖ਼ਾਮੋਸ਼ੀ ਨਾਲ ਘਰ ਆਉਂਦੇ ਨੇ ਕਿ ਉਹਨਾਂ ਦੀ ਆਹਟ ਨਾ ਹੋ ਜਾਏ ਕਿਤੇ। ਮੰਮੀ, ਬੜੀ ਧੀਮੀ ਹਵਾ ਵਾਂਗ ਘਰ ਵਿੱਚ ਤੁਰੇ ਫਿਰਦੇ ਨੇ। ਕਿਸੇ ਸਰਸਰਾਹਟ ਵਾਂਗ ਉਹਨਾਂ ਦੇ ਆਉਣ ਜਾਣ ਨੂੰ ਮਹਿਸੂਸ ਕਰ ਰਿਹਾ ਹੈ ਸੰਦੀਪ। ਇੰਜ ਲੱਗਦਾ ਹੈ ਜਿੱਦਾਂ ਘਰ ਕਿਸੇ ਅਨ੍ਹੇਰੀ ਤੇ ਬੰਦ ਗੁਫ਼ਾਂ ਵਿੱਚ ਕਨਵਰਟ ਹੋ ਗਿਆ ਹੈ ਜਿੱਥੇ ਰੋਸ਼ਨੀ, ਹਵਾ, ਨਿੱਘ ਇਹ ਸਭ ਅਚਾਨਕ ਆਉਣੇ ਬੰਦ ਹੋ ਗਏ ਨੇ—ਤੇ ਇੱਕ ਘੁਟਨ, ਸਿੱਲ੍ਹ ਤੇ ਅਨ੍ਹੇਰਾ ਹੀ ਸਭ ਪਾਸੇ ਫ਼ੈਲ ਗਿਆ ਹੈ। ਹਰ ਵੇਲੇ ਲੱਗਦਾ ਹੈ ਜਿੱਦਾਂ ਘਰ ਅੰਦਰ ਇੱਕ ਠੰਢਾ ਕੋਹਰਾ ਫ਼ੈਲਿਆ ਹੋਇਆ ਹੈ, ਸਿੱਲ੍ਹਾ-ਸਿੱਲ੍ਹਾ ਕੋਹਰਾ—ਜਿਸ ਦੇ ਆਰ-ਪਾਰ ਘਰ ਵਿੱਚ ਰਹਿਣ ਵਾਲੇ ਤਿੰਨੇ ਜੀਅ ਇੱਕ ਦੂਜੇ ਨੂੰ ਦਿਖਾਈ ਨਹੀਂ ਦਿੰਦੇ—ਦੇਖਣ ਦੀ ਕੋਸ਼ਿਸ਼ ਕਰਦੇ ਨੇ ਪਰ ਕੋਹਰਾ ਹੋਰ ਸੰਘਣਾ ਹੋ ਜਾਂਦਾ ਹੈ। ਸੰਦੀਪ ਨੇ ਦੇਖਿਆ ਬੁੱਢੇ ਨੇ ਆਪਣਾ ਝੋਲਾ ਕੱਸ ਕੇ ਫੜਿਆ ਹੋਇਆ ਹੈ ਤੇ ਡੁੱਬਦੇ ਸੂਰਜ ਵੱਲ ਇੱਕ ਟੱਕ ਦੇਖ ਰਿਹਾ ਹੈ। ਉਸਨੂੰ ਪਹਿਲੀ ਵਾਰ ਬੁੱਢੇ ਉਪਰ ਤਰਸ ਆਇਆ।

"ਤੇ ਆਂਟੀ...ਉਹ ਕਿੱਥੇ ਨੇ ਅੱਜ ਕੱਲ੍ਹ ? ਇੱਥੇ ਨੇ ਜਾਂ ਬੱਚਿਆਂ ਕੋਲ ਯੂਐਸ 'ਚ ਨੇ ?" ਸੰਦੀਪ ਨੇ ਬੁੱਢੇ ਨੂੰ ਸਹਿਜ ਕਰਨ ਲਈ ਪੁੱਛਿਆ। ਉਸਨੂੰ ਪਤਾ ਹੈ ਕਿ ਜਿਹਨਾਂ ਮਾਪਿਆਂ ਦੇ ਬੱਚੇ ਯੂਐਸ ਵਿੱਚ ਸੈਟ ਹੋ ਗਏ ਨੇ, ਉਹਨਾਂ ਦੀਆਂ ਮਾਂਵਾਂ ਅਕਸਰ ਪਤੀਆਂ ਨੂੰ ਭਾਰਤ ਛੱਡ ਕੇ ਅਮਰੀਕਾ ਦੇ ਚੱਕਰ ਕੱਟਦੀਆਂ ਰਹਿੰਦੀਆਂ ਨੇ। ਦੋਹਤੇ-ਪੋਤਿਆਂ ਨੂੰ ਪਾਲਣ ਲਈ, ਵੱਡਾ ਕਰਨ ਲਈ। ਮੋਹ ਵਿੱਚ ਬੱਧੀਆਂ ਚੌਦਾਂ-ਪੰਦਰਾਂ ਘੰਟਿਆਂ ਦਾ ਔਖਾ ਸਫ਼ਰ ਝੱਲ ਕੇ ਆਵਾਜਾਈ ਕਰਦੀਆਂ ਰਹਿੰਦੀਆਂ ਨੇ। ਜ਼ਿੰਦਗੀ ਭਰ ਕਦੇ ਹਵਾਈ ਜਹਾਜ਼ ਵਿੱਚ ਨਾ ਬੈਠਣ ਵਾਲੀਆਂ ਇਹ ਘਰੇਲੂ

ਔਰਤਾਂ ਬੱਚਿਆਂ ਲਈ ਲੰਮੇ-ਲੰਮੇ ਸਫ਼ਰ ਕਰਦੀਆਂ ਨੇ...ਕਰਦੀਆਂ ਰਹਿੰਦੀਆਂ ਨੇ। ਸੰਦੀਪ ਦਾ ਸਵਾਲ ਬੁੱਢੇ ਨੂੰ ਸਹਿਜ ਕਰਨ ਲਈ ਸੀ, ਪਰ ਉਸ ਸਵਾਲ ਦਾ ਬੁੱਢੇ ਉਪਰ ਕੋਈ ਅਸਰ ਨਾ ਹੋਇਆ, ਉਹ ਪਹਿਲਾਂ ਵਾਂਗ ਉਸੇ ਮੁਦਰਾ ਵਿੱਚ ਬੈਠਾ ਰਿਹਾ।

"ਕੌਣ...? ਡਾਇਨਾ...? ਡਾਇਨਾ ਪਾਮਰ ਵੱਕਰ...? ਉਹ ਪਹਿਲਾਂ ਇੱਥੇ ਈ ਸੀ...ਫ਼ੇਰ ਕਿਟ ਤੇ ਹੇਲੋਇਸ ਜਦੋਂ ਸੱਤ ਸਮੁੰਦਰ ਪਾਰ ਚਲੇ ਗਏ ਤਾਂ ਉਸਦਾ ਜੀਵਨ ਬੇਤਾਲ ਤੇ ਬੱਚਿਆਂ ਵਿਚਕਾਰ ਵੰਡਿਆ ਗਿਆ। ਕਦੀ ਜੰਗਲ 'ਚ ਰਹਿੰਦੀ ਬੇਤਾਲ ਕੋਲ, ਤੇ ਕਦੀ ਸੱਤ ਸਮੁੰਦਰ ਪਾਰ ਉੱਡ ਜਾਂਦੀ। ਬੇਤਾਲ ਸ਼ਿਖਰ ਕੋਲ ਹਵਾਈ ਜਹਾਜ਼ ਉਸਨੂੰ ਲੈਣ ਆ ਜਾਂਦਾ ਤੇ ਉਹ ਉੱਡ ਜਾਂਦੀ ਆਪਣੇ ਗੋਡਿਆਂ ਦਾ ਦਰਦ, ਲੋ ਬੀਪੀ, ਸ਼ੂਗਰ, ਕੋਲੈਸਟਰੋਲ...ਸਭ ਕੁਛ ਭੁੱਲ ਕੇ ਇਕੱਲੀ ਹੀ ਹਵਾਈ ਯਾਤਰਾ 'ਤੇ ਨਿਕਲ ਪੈਂਦੀ। ਮੈਂ ਉਸਨੂੰ ਬੇਤਾਲ ਸ਼ਿਖਰ ਤਕ ਛੱਡ ਦਿੰਦਾ। ਉਸ ਪਿੱਛੋਂ ਉਹ 'ਕੱਲੀ ਹੀ ਜਾਂਦੀ। ਬਿਲਕੁਲ ਇਕੱਲੀ...। ਡਾਇਨਾ ਜਿਹੜੀ ਕਦੀ ਰੇਲ ਵਿੱਚ ਵੀ 'ਕੱਲੀ ਨਈਂ ਸੀ ਗਈ, ਉਹ ਪਤਾ ਨਈਂ ਕਿਸ ਖਿੱਚ ਦੀ ਬੱਧੀ ਇਕੱਲੀ ਹੀ ਨਿਕਲ ਪੈਂਦੀ। ਵਾਪਸ ਆਉਂਦੀ ਤਾਂ ਬੜੀ ਥੱਕੀ ਹੋਈ ਹੁੰਦੀ। ਇੱਥੇ ਆਉਂਦੇ ਈ ਉਸਦੇ ਗੋਡੇ ਪੀੜ ਕਰਨ ਲੱਗ ਪੈਂਦੇ। ਬੀਪੀ ਲੋ ਹੋਣ ਲੱਗਦਾ। ਜੰਗਲ 'ਚ ਹੁਣ ਉਸਦਾ ਮਨ ਨਈਂ ਸੀ ਲੱਗਦਾ। ਉਸਦੇ ਪਖੇਰੂ ਸੱਤ ਸਮੁੰਦਰ ਪਾਰ ਸਨ। ਉਹ ਆਪਣਾ ਮਨ ਉੱਥੇ ਈ ਛੱਡ ਆਉਂਦੀ, ਜੰਗਲ 'ਚ ਤਾਂ ਬਸ ਉਸਦਾ ਬਿਮਾਰੀਆਂ ਭੰਨਿਆਂ ਸਰੀਰ ਹੀ ਪਰਤਦਾ ਸੀ। ਫੇਰ ਇੱਕ ਦਿਨ...ਜੰਗਲ ਤੋਂ ਸੱਤ ਸਮੁੰਦਰ ਪਾਰ ਤੇ ਸੱਤ ਸਮੁੰਦਰ ਪਾਰ ਤੋਂ ਜੰਗਲ ਦੀ ਯਾਤਰਾ ਕਰਦੇ-ਕਰਦੇ ਸਰੀਰ ਜਵਾਬ ਦੇ ਗਿਆ। ਉਹ ਸਾਰੀਆਂ ਯਾਤਰਾਵਾਂ ਛੱਡ ਕੇ, ਲੰਮੀ ਯਾਤਰਾ 'ਤੇ ਨਿਕਲ ਗਈ—ਬੜੀ ਲੰਮੀ ਯਾਤਰਾ 'ਤੇ...ਕਿਟ, ਹੇਲੋਇਸ, ਬੇਤਾਲ, ਸਭ ਨੂੰ ਪਿੱਛੇ ਛੱਡ ਕੇ ਨਿਕਲ ਗਈ ਉਹ...।" ਬੁੱਢੇ ਦੀ ਆਵਾਜ਼ ਕੰਬ ਰਹੀ ਹੈ। ਸੰਦੀਪ ਨੇ ਗਹੁ ਨਾਲ ਦੇਖਿਆ ਕਿ ਕਿਤੇ ਬੁੱਢਾ ਰੋ ਤਾਂ ਨਹੀਂ ਰਿਹਾ, ਪਰ ਬੁੱਢੇ ਦਾ ਚਿਹਰਾ ਬਿਲਕੁਲ ਪੱਥਰ ਬਣਿਆ ਹੋਇਆ ਹੈ। ਰੋਣਾ ਤਾਂ ਬੜੀ ਦੂਰ ਦੀ ਗੱਲ ਹੈ, ਉਸਦੇ ਚਿਹਰੇ ਉੱਤੇ ਕਿਸੇ ਕਿਸਮ ਦਾ ਕੋਈ ਵੀ ਭਾਵ ਨਹੀਂ—ਯਕਦਮ ਪੱਥਰ ਦੀ ਮੂਰਤ ਵਰਗਾ ਦਿਖਾਈ ਦੇ ਰਿਹਾ ਹੈ ਬੁੱਢਾ। ਸੰਦੀਪ ਨੂੰ ਹੁਣ ਬੁੱਢੇ ਉੱਤੇ ਬੜਾ ਤਰਸ ਆ ਰਿਹਾ ਹੈ ਪਰ ਸਮਝ ਨਹੀਂ ਆ ਰਹੀ ਕਿ ਉਸ ਲਈ ਕੀ ਕਰੇ।

"ਤੂੰ ਆਂਟੀ ਬਾਰੇ ਪੁੱਛਿਆ ਸੀ ਨਾ ਕਿ ਉਹ ਹੁਣ ਕਿੱਥੇ ਐ, ਇੱਥੇ ਐ ਜਾਂ ਯੂਐਸ 'ਚ? ਉਹ ਹੁਣ ਕਿਤੇ ਨਈਂ—ਨਾ ਇੱਥੇ ਨਾ ਯੂਐਸ 'ਚ। ਉਹ ਹੁਣ ਕਿਤੇ ਵੀ ਨਈਂ...ਘੁਲ ਗਈ ਏ ਹਵਾ 'ਚ। ਇੱਥੇ ਆਉਂਦੀ ਸੀ ਤਾਂ ਬੱਚਿਆਂ ਦੀ ਚਿੰਤਾ ਉਸਨੂੰ ਸਤਾਉਂਦੀ ਸੀ ਤੇ ਉੱਥੇ ਜਾਂਦੀ ਸੀ ਤਾਂ ਮੇਰੀ। ਮੈਂ ਜੌਬ ਕਰਕੇ ਜਾ ਨਈਂ ਸਕਦਾ ਸੀ ਉਸ ਨਾਲ। ਇੱਥੇ ਰਹਿੰਦੀ ਤਾਂ ਮੇਰੀ ਚਿੰਤਾ 'ਚ ਝੁਰਦੀ ਰਹਿੰਦੀ ਤੇ ਉੱਥੇ ਹੁੰਦੀ ਤਾਂ ਬੱਚਿਆਂ ਦੀ, ਦੋਹਤਿਆਂ-ਪੋਤਿਆਂ ਦੀ ਚਿੰਤਾ 'ਚ। ਉਹ ਕਿਤੇ ਵੀ ਸੁਖੀ ਨਈਂ ਸੀ। ਉਸਦਾ ਪਰਿਵਾਰ ਵੰਡਿਆ ਗਿਆ ਸੀ। ਉਹ ਵੰਡੇ ਹੋਏ ਹਰ ਹਿੱਸੇ ਨਾਲ ਰਹਿਣਾ ਚਾਹੁੰਦੀ ਸੀ, ਜੋ ਸੰਭਵ ਨਈਂ ਸੀ।" ਬੁੱਢੇ ਨੇ ਏਨਾ ਕਹਿ ਕੇ ਬੋਲਣਾ ਬੰਦ ਕੀਤਾ ਤੇ ਕੁਝ ਚਿਰ ਨੀਵੀਂ ਪਾ ਕੇ ਬੈਠਾ ਰਿਹਾ, "ਉਸਦੇ ਜਾਣ ਪਿੱਛੋਂ ਮੈਂ ਵੀਆਰਐਸ ਲੈ ਲਿਆ। ਕਾਸ਼! ਪਹਿਲਾਂ ਈ ਲੈ ਲਿਆ ਹੁੰਦਾ...ਤਾਂ ਘੱਟੋ ਘੱਟ ਉਸਨੂੰ ਗਵਾਉਂਦਾ ਤਾਂ ਨਾ। ਪਰ ਅਸੀਂ ਹਮੇਸ਼ਾ ਸੋਚਦੇ ਆਂ ਕਿ ਹਾਲੇ ਤਾਂ ਬੜਾ ਸਮਾਂ ਏ। ਅਜੇ ਤਾਂ ਬੜਾ ਕੁਛ ਕੀਤਾ ਜਾ ਸਕਦਾ ਏ...ਤੇ ਇੱਕ ਦਿਨ ਅਚਾਨਕ ਪਤਾ ਲੱਗਦਾ ਏ ਕਿ ਬਿਲਕੁਲ ਸਮਾਂ ਨਈਂ ਸੀ। ਬਿਲਕੁਲ ਵੀ...ਸਮਾਂ ਤਾਂ ਰੇਤ ਵਾਂਗ ਕਿਰ ਗਿਆ ਸੀ ਸਾਡੀ ਮੁੱਠੀ 'ਚੋਂ।" ਬੁੱਢਾ ਨੀਵੀਂ ਪਾਈ ਬੈਠਾ ਹੈ, ਸੰਦੀਪ ਨੂੰ ਲੱਗਿਆ ਕਿ ਕਿਤੇ



ਉਹ ਰੋ ਤਾਂ ਨਹੀਂ ਰਿਹਾ। ਸੰਦੀਪ ਨੇ ਡਰਦਿਆਂ, ਝਿਜਕਦਿਆਂ ਬੁੱਢੇ ਦੇ ਮੋਢੇ 'ਤੇ ਹੱਥ ਰੱਖਿਆ। ਹੱਥ ਰੱਖਦਿਆਂ ਹੀ ਸੰਦੀਪ ਨੂੰ ਆਪਣੀ ਹਥੇਲ 'ਚ ਝਰਨਾਹਟ ਜਿਹੀ ਮਹਿਸੂਸ ਹੋਈ। ਸ਼ਾਇਦ ਬੁੱਢੇ ਨੂੰ ਬੜੇ ਦਿਨਾਂ ਦਾ ਕਿਸੇ ਨੇ ਛੂਹਿਆ ਨਹੀਂ। ਉਸਦਾ ਸਰੀਰ ਛੋਹ ਦੀ ਸੰਵੇਦਨਾ ਨੂੰ ਭੁੱਲ ਚੁੱਕਿਆ ਹੈ—ਤਦੇ ਤਾਂ ਸੰਦੀਪ ਦੀ ਛੋਹ ਨਾਲ ਉਸਦੇ ਸਰੀਰ ਨੇ ਇਹ ਪ੍ਰਤੀਕ੍ਰਿਆ ਦਿਖਾਈ। ਬੁੱਢੇ ਦਾ ਸਰੀਰ ਸੰਦੀਪ ਦੇ ਛੂਹਣ ਕਰਕੇ ਕੰਬ ਰਿਹਾ ਸੀ।

"ਤੁਸੀਂ ਚਲੇ ਕਿਉਂ ਨਈਂ ਜਾਂਦੇ ਕਿਸਲੇ ਤੇ ਹੇਤਲ ਕੋਲ? ਹੁਣ ਇੱਥੇ ਇਕੱਲੇ ਕਿਉਂ ਰਹਿ ਰਹੇ ਓ? ਤੁਹਾਡੀ ਦੇਖ ਕਰਨ ਵਾਲਾ ਵੀ ਕੋਈ ਨਈਂ ਏ ਇੱਥੇ। ਬੱਚੇ ਤਾਂ ਬੁਲਾਉਂਦੇ ਈ ਹੋਣਗੇ ਨਾ ਆਪਣੇ ਕੋਲ?" ਸੰਦੀਪ ਨੇ ਇਹ ਸਵਾਲ ਬੜੀ ਹਿੰਮਤ ਕਰਕੇ ਪੁੱਛਿਆ। ਜੇ ਪ੍ਰਸਥਿਤੀਆਂ ਵਿਪਰੀਤ ਹੋਣ ਤਾਂ ਇਹ ਸਵਾਲ ਚੁਭਣ ਵਾਲਾ ਵੀ ਹੋ ਸਕਦਾ ਹੈ...ਪਰ ਬੁੱਢੇ ਨੇ ਇਸ ਸਵਾਲ ਉੱਤੇ ਕੋਈ ਪ੍ਰਤੀਕ੍ਰਿਆ ਨਹੀਂ ਦਿੱਤੀ, ਉਹ ਪਹਿਲਾਂ ਵਾਂਗ ਹੀ ਨੀਵੀਂ ਪਾਈ ਬੈਠਾ ਰਿਹਾ। ਬੁੱਢੇ ਨੇ ਸਿਰ ਇੰਜ ਝੁਕਾਇਆ ਹੋਇਆ ਹੈ ਕਿ ਸੰਦੀਪ ਨੂੰ ਉਸਦਾ ਚਿਹਰਾ ਵੀ ਦਿਖਾਈ ਨਹੀਂ ਦੇ ਰਿਹਾ। ਵੈਸੇ ਵੀ ਸੂਰਜ ਦੇ ਲਗਭਗ ਢਲ ਜਾਣ ਕਰਕੇ ਚਾਰੇ ਪਾਸੇ ਹਲਕਾ ਸੁਰਮਈ ਅਨ੍ਹੇਰਾ ਫ਼ੈਲ ਗਿਆ ਹੈ।

"ਕਿਓਂ ਜਾਵਾਂ ਮੈਂ...? ਮੈਂ ਹੀ ਕਿਓਂ ਜਾਵਾਂ...? ਐਮਐਨਸੀ ਮੇਰੀ ਸੁਨੰਦਾ ਨੂੰ ਖਾ ਗਈ, ਹੁਣ ਮੈਂ ਵੀ ਉੱਥੇ ਚਲਾ ਜਾਵਾਂ...?" ਬੁੱਢਾ ਉਸੇ ਤਰ੍ਹਾਂ ਸਿਰ ਝੁਕਾਈ ਬੈਠਾ ਬੁੜਬੁੜਾਇਆ— "ਅਸੀਂ ਲੋਕ ਜਿਹੜੇ ਸੱਠ ਤੋਂ ਨੱਬੇ ਦੇ ਦਹਾਕਿਆਂ 'ਚ ਪੈਦਾ ਹੋਏ, ਅਸੀਂ ਬੜੇ ਮੂਰਖ ਆਂ। ਇਹਨਾਂ ਤੀਹ ਸਾਲਾਂ 'ਚ ਮੂਰਖ ਈ ਪੈਦਾ ਹੋਏ ਨੇ...ਇਮੋਸ਼ਨਲ ਫੂਲ...ਅਸੀਂ ਜੜਾਂ ਨਾਲੋਂ ਉੱਖੜਨਾ ਨਈਂ ਚਾਹੁੰਦੇ। ਸਾਡੀਆਂ ਜੜਾਂ ਪਤਾ ਨਈਂ ਕਿਸ-ਕਿਸ ਤਰ੍ਹਾਂ ਦੀ ਮੂਰਖਤਾ ਹੇਠ ਨੱਪੀਆਂ ਰਹਿੰਦੀਆਂ ਨੇ, ਜਿਹਨਾਂ ਨੂੰ ਅਸੀਂ ਛੱਡਣਾ ਨਈਂ ਚਾਹੁੰਦੇ। ਨੱਬੇ ਦੇ ਬਾਅਦ ਪੈਦਾ ਹੋਏ ਤੁਸੀਂ ਲੋਕ ਸਾਡੀ ਤੁਲਣਾ 'ਚ ਬੜੇ ਸੁਖੀ ਓ। ਤੁਸੀਂ ਲੋਕ ਇਮੋਸ਼ਨਲ ਨਈਂ ਓ, ਤੁਸੀਂ ਲੋਕ ਮੂਰਖ ਨਈਂ ਓ। ਤੁਸੀਂ ਨੱਸਟੇਲਜਿਕ ਨਈਂ ਓ। ਅੰਦਰੋਂ ਸੁੱਕੇ ਹੋਏ ਓ ਤੁਸੀਂ ਲੋਕ—ਤੁਸੀਂ ਇਨਸਾਨ, ਪਸ਼ੂ, ਪੰਛੀ, ਵਸਤਾਂ, ਥਾਂਵਾਂ...ਕਿਸੇ ਨਾਲ ਕਦੀ ਅਟੈਚ ਨਈਂ ਹੁੰਦੇ, ਹਰ ਵੇਲੇ ਡਿਟੈਚ ਮੂਡ 'ਚ ਰਹਿੰਦੇ ਹੋ। ਸਾਨੂੰ ਸਾਡੇ ਮਾਂ-ਪਿਓ ਨੇ ਪੈਦਾ ਕੀਤਾ ਸੀ, ਤੁਹਾਨੂੰ ਐਮਐਨਸੀ ਤੇ ਬਾਜ਼ਾਰ ਨੇ ਆਪਣੇ ਲਈ ਪੈਦਾ ਕੀਤਾ ਏ। ਤੁਹਾਨੂੰ ਅੰਦਰੋਂ ਸੁਕਾ ਦਿੱਤਾ ਏ। ਚੰਗਾ ਕੀਤਾ ਏ।...ਟਾਵੇਂ-ਟਾਵੇਂ ਤੇਰੇ ਵਰਗੇ ਹੋਣਗੇ ਜਿਹੜੇ ਪੂਰੀ ਤਰ੍ਹਾਂ ਸੁੱਕਣ ਤੋਂ ਬਚ ਗਏ ਨੇ, ਏਸੇ ਕਰਕੇ ਤੂੰ ਇੱਥੇ ਆ ਕੇ ਰੁੱਖਾਂ ਨੂੰ ਪਾਣੀ ਦਿੰਦਾ ਏਂ, ਤਲਾਅ 'ਚ ਪੈਰ ਲਮਕਾ ਕੇ ਬੈਠਦਾ ਏਂ...ਤੇ ਕਿਸੇ ਬੁੱਢੇ ਨੂੰ ਇੱਥੇ ਇਕੱਲਾ ਬੈਠਾ ਦੇਖ ਕੇ ਉਸ ਨਾਲ ਗੱਲਾਂ ਕਰਨ ਆ ਜਾਂਦਾ ਏਂ। ਇਹ ਜਿਹੜੀ ਥੋੜ੍ਹੀ ਜਿਹੀ ਨਮੀ ਤੇਰੇ ਅੰਦਰ ਬਚੀ ਏ, ਇਹ ਵੀ ਤੇਰੀ ਕੰਪਨੀ ਸੁਕਾਅ ਕੇ ਖ਼ਤਮ ਕਰ ਦਏਗੀ, ਮਹੀਨੇ ਦੋ ਮਹੀਨੇ 'ਚ। ਕੰਪਨੀਆਂ ਨੂੰ ਮੱਇਸ਼ਚਜਡ ਵਸਤਾਂ ਪਸੰਦ ਨਈਂ ਹੁੰਦੀਆਂ—ਤਰ ਵਸਤਾਂ ਭਾਰੀ ਹੁੰਦੀਆਂ ਨੇ, ਇਸਤੇਮਾਲ ਕਰਨ 'ਚ ਔਖਿਆਈ ਹੁੰਦੀ ਏ...ਤੇ ਉਹਨਾਂ ਨੂੰ ਫੰਗਸ ਲੱਗਣ ਦਾ ਵੀ ਤਾਂ ਖ਼ਤਰਾ ਰਹਿੰਦਾ ਏ। ਜਿੱਦਾਂ ਮੈਨੂੰ ਲੱਗਾ ਹੋਇਆ ਏ। ਤੇ ਤਰਾਵਟ ਈ ਸਾਨੂੰ ਅਟੈਚ ਕਰਦੀ ਏ, ਸੁੱਕਾਪਨ ਸਾਨੂੰ ਹਮੇਸ਼ਾ ਡਿਟੈਚ ਕਰਦਾ ਰਹਿੰਦਾ ਏ। ਉਹ ਸਾਨੂੰ ਕਦੇ ਅਟੈਚ ਹੋਣ ਈ ਨਈਂ ਦਿੰਦਾ।" ਬੁੱਢੇ ਨੇ ਬੜੀ ਲੰਮੀ ਗੱਲ ਹੌਲੀ-ਹੌਲੀ, ਇਕ-ਇਕ ਸ਼ਬਦ, ਚਿੱਥ-ਚਿੱਥ ਕੇ ਬੋਲਦਿਆਂ ਹੋਇਆਂ ਮੁਕਾਈ।

ਚਾਰੇ ਪਾਸੇ ਸ਼ਾਮ ਦਾ ਧੁੰਦਲਾਪਨ ਗੂੜ੍ਹਾ ਹੁੰਦਾ ਜਾ ਰਿਹਾ ਹੈ। ਫੁੱਟਬਾਲ ਖੇਡਣ ਵਾਲੇ

ਮੁੰਡੇ ਵੀ ਹੁਣ ਖੇਡਣਾ ਬੰਦ ਕਰਕੇ ਇੱਕ ਰੁੱਖ ਹੇਠ ਇਕੱਠੇ ਹੋ ਗਏ ਨੇ। ਵਿਦਾਅ ਹੋਣ ਤੋਂ ਪਹਿਲਾਂ ਸਿਰ ਨਾਲ ਸਿਰ ਜੋੜ ਕੇ ਗੱਲਾਂ ਕਰ ਰਹੇ ਨੇ ਤੇ ਹੱਸ ਰਹੇ ਨੇ। ਸੰਦੀਪ ਨੂੰ ਪਤਾ ਹੈ, ਉਹਨਾਂ ਦੀਆਂ ਗੱਲਾਂ ਦਾ ਵਿਸ਼ਾ ਕੀ ਹੋਏਗਾ। ਇਸ ਉਮਰ ਵਿੱਚ ਬਸ ਇੱਕੋ ਤਾਂ ਫ਼ੈਨਟੈਸੀ ਹੁੰਦੀ ਹੈ ਜਿਹੜੀ ਸਿਰ ’ਤੇ ਚੜ੍ਹੀ ਰਹਿੰਦੀ ਹੈ ਹਰ ਵੇਲੇ। ਉਸਨੂੰ ਲੱਗ ਰਿਹਾ ਹੈ ਜਿੰਦਾਂ ਕੋਨੇ ਵਿੱਚ ਲਾਲ ਟੀਸ਼ਰਟ ਪਾਈ ਖੜ੍ਹਾ ਮੁੰਡਾ ਉਹ ਖ਼ੁਦ ਹੈ ਤੇ ਕਾਲੇ ਲੋਅਰ ਵਿੱਚ ਰਵੀ ਖੜ੍ਹਾ ਹੈ। ਸੰਦੀਪ ਤੇ ਰਵੀ ਦੋਵੇਂ ਇੱਕ ਪਾਸੇ ਖੜ੍ਹੇ ਹੋ ਕੇ ਆਪੋ-ਆਪਣੀ ਫ਼ੈਨਟੈਸੀ ਦੀ ਗੱਲਾਂ ਕਰ ਰਹੇ ਨੇ। ਰਵੀ ਕੁਝ ਬੋਲਡ ਹੈ, ਉਸ ਦੀਆਂ ਗੱਲਾਂ ਕਦੇ-ਕਦੇ ਉਸ ਬਿੰਦੂ ਤਕ ਪਹੁੰਚ ਜਾਂਦੀਆਂ ਨੇ ਕਿ ਸੰਦੀਪ ਦੀਆਂ ਗਲ੍ਹਾਂ ਲਾਲ ਹੋ ਜਾਂਦੀਆਂ ਨੇ। ਰਵੀ ਉਹ ਹਰੇਕ ਗੱਲ ਖੁੱਲ੍ਹ ਕੇ ਕਹਿੰਦਾ ਹੈ, ਜਿਸ ਨੂੰ ਸੰਦੀਪ ਇਸ਼ਾਰੇ ’ਚ ਕਹਿਣ ਦੀ ਕੋਸ਼ਿਸ਼ ਕਰਦਾ ਹੈ। ਰਵੀ...ਜਿਹੜਾ ਪਿਛਲੇ ਮਹੀਨੇ ਹੀ ਉੱਡ ਗਿਆ ਹੈ, ਕੈਨੇਡਾ। ਹੁਣ ਸਾਲ ਦੋ ਸਾਲ ਬਾਅਦ ਕਦੀ ਇੱਕ ਅੱਧੀ ਵਾਰ ਭਾਰਤ ਆਇਆ ਵੀ ਤਾਂ ਇਸ ਸ਼ਹਿਰ ਵਿੱਚ ਸ਼ਾਇਦ ਇੱਕ ਦੋ ਦਿਨ ਲਈ ਹੀ ਆਏਗਾ। ਇਹ ਸ਼ਹਿਰ ਜਿੱਥੇ ਉਸਦੇ ਮਾਂ-ਬਾਪ ਬੁੱਢੇ ਹੁੰਦੇ ਹੋਏ ਉਸਦੀ ਉਡੀਕ ਵਿੱਚ ਸਮਾਂ ਕੱਟਦੇ ਰਹਿਣਗੇ ਤੇ ਕਿਸੇ ਦਿਨ ਮਰ-ਖਪ ਜਾਣਗੇ। ਉਸ ਦੇ ਬਾਅਦ ਰਵੀ ਤੇ ਇਸ ਸ਼ਹਿਰ ਵਿਚਕਾਰ ਜੋ ਰਿਸ਼ਤਾ ਹੈ, ਉਹ ਵੀ ਖ਼ਤਮ ਹੋ ਜਾਏਗਾ। ਫੇਰ ਜੇ ਰਵੀ ਕਦੇ ਭਾਰਤ ਆਏਗਾ ਤਾਂ ਸ਼ਾਇਦ ਇੱਥੇ ਨਹੀਂ ਆਏਗਾ। ਕਿਉਂ ਆਏਗਾ ? ਫੇਰ ਬਚੇਗਾ ਹੀ ਕੀ ਇੱਥੇ ! ਸੋਚਦੇ-ਸੋਚਦੇ ਸੰਦੀਪ ਨੂੰ ਲੱਗਿਆ ਕਿ ਉਹ ਰਵੀ ਬਾਰੇ ਨਹੀਂ ਸੋਚ ਰਿਹਾ, ਉਹ ਤਾਂ ਆਪਣੇ ਬਾਰੇ ਸੋਚ ਰਿਹਾ ਹੈ—ਕਹਾਣੀ ਤਾਂ ਉਹੀ ਹੈ ਬਸ ਪਾਤਰ ਹੀ ਬਦਲ ਰਹੇ ਨੇ। ਉਹ ਵੀ ਤਾਂ ਹੁਣ ਜਾ ਰਿਹਾ ਹੈ ਤਾਂ ਕਿਵੇਂ ਕਹਿ ਸਕਦਾ ਹੈ ਕਿ ਉਹ ਹੁਣ ਕਦੋਂ ਵਾਪਸ ਆਏਗਾ—ਤੇ ਬੈਂਗਲੁਰੂ ਤਕ ਤਾਂ ਠੀਕ, ਉਸ ਪਿੱਛੋਂ ਜੇ ਉਹ ਵੀ ਬਾਹਰ ਚਲਾ ਗਿਆ ਤਾਂ ਉਹੀ ਹੋਣਾ ਹੈ ਜੋ ਰਵੀ ਜਾਂ ਕਿਸਲੇ ਜਾਂ ਹੇਲਤ ਦਾ ਹੋਇਆ ਹੈ। ਜਿਸ ਵੱਲ ਉਹ ਬੁੱਢਾ ਇਸ਼ਾਰਾ ਕਰ ਰਿਹਾ ਹੈ। ਸੰਦੀਪ ਦਾ ਹੱਥ ਅਜੇ ਤਕ ਬੁੱਢੇ ਦੇ ਮੋਢੇ ’ਤੇ ਹੀ ਹੈ—ਉਸਨੇ ਹੌਲੀ ਜਿਹੇ ਆਪਣਾ ਹੱਥ ਉੱਥੋਂ ਹਟਾ ਲਿਆ।

“ਅੰਕਲ ਸਮੇਂ ਦੇ ਨਾਲ ਸਭ ਕੁਛ ਬਦਲਦਾ ਏ। ਪਰਿਵਰਤਨ ਤਾਂ ਪ੍ਰਕ੍ਰਿਤੀ ਦਾ ਨਿਯਮ ਏ। ਸਾਨੂੰ ਸਾਰਿਆਂ ਨੂੰ ਵੀ ਉਸਦੇ ਨਾਲ ਬਦਲਣਾ ਈ ਪੈਂਦਾ ਏ। ਬਦਲੇ ਬਿਨਾਂ ਸਾਡਾ ਕੰਮ ਨਈਂ ਚੱਲ ਸਕਦਾ। ਮੇਰੀ ਪੀੜ੍ਹੀ ਤੁਹਾਡੀ ਪੀੜ੍ਹੀ ਨਾਲੋਂ ਅਲੱਗ ਏ—ਤੁਹਾਡੀ ਪੀੜ੍ਹੀ ਆਪਣੇ ਤੋਂ ਪਹਿਲਾਂ ਵਾਲੀ ਨਾਲੋਂ ਅਲੱਗ ਹੋਏਗੀ। ਇਹ ਜੋ ਅਲੱਗ ਹੁੰਦਾ ਏ ਇਹੀ ਤਾਂ ਪਰਿਵਰਤਨ ਏ ਅੰਕਲ। ਜੇ ਇੰਜ ਨਾ ਹੋਏ ਤਾਂ ਅਸੀਂ ਸਮੇਂ ਦੇ ਨਾਲ ਕਿੰਜ ਚੱਲ ਸਕਾਂਗੇ ?” ਸੰਦੀਪ ਨੇ ਕੁਝ ਚਿਰ ਲਈ ਪਸਰ ਗਏ ਮੌਨ ਨੂੰ ਤੋੜਦਿਆਂ ਸਮਝਾਉਣ ਵਾਲੇ ਅੰਦਾਜ਼ ਵਿੱਚ ਕਿਹਾ। ਬੁੱਢੇ ਦਾ ਸਿਰ ਅਜੇ ਵੀ ਝੁਕਿਆ ਹੀ ਹੋਇਆ ਹੈ, ਉਹ ਅਜੇ ਵੀ ਹੇਠਾਂ ਵੱਲ ਦੇਖ ਰਿਹਾ ਹੈ।

“ਇਹ ਤਾਂ ਓਵੇਂ ਈ ਹੋਇਆ ਕਿ ਤੁਸੀਂ ਟ੍ਰੇਡਮਿਲ ’ਤੇ ਜਾੱਗਿੰਗ ਲਈ ਖੜ੍ਹੇ ਹੋ ਤੇ ਉਸ ਦੀ ਸਪੀਡ ਖ਼ੁਦ ਈ ਵਧਾਉਂਦੇ ਜਾ ਰਹੇ ਹੋ—ਹੋਰ-ਤੇਜ਼, ਹੋਰ-ਤੇਜ਼, ਹੋਰ-ਤੇਜ਼...ਫੇਰ ਕਹਿੰਦੇ ਹੋ ਕਿ ਸਮੇਂ ਦੀ ਗਤੀ ਵੱਧਦੀ ਜਾ ਰਹੀ ਏ, ਇਸ ਲਈ ਇਸਦੇ ਨਾਲ ਦੌੜਣ ਲਈ ਸਾਨੂੰ ਵੀ ਆਪਣੀ ਗਤੀ ਵਧਾਉਣੀ ਪਏਗੀ। ਨਈਂ...ਪਰਿਵਰਤਨ ਕੁਛ ਨਈਂ ਹੁੰਦਾ...ਜਿਸ ਪ੍ਰਕ੍ਰਿਤੀ ਦਾ ਨਾਂ ਲੈ ਕੇ ਅਸੀਂ ਪਰਿਵਰਤਨ ਦੀ ਦੁਹਾਈ ਦਿੰਦੇ ਆਂ, ਉਹ ਕਦੋਂ ਤੇ ਕਿੰਨਾ ਬਦਲਦੀ ਏ ? ਦੱਸੋ ਤਾਂ ਸਹੀ ? ਨਈਂ, ਅਸੀਂ ਈ ਆਪਣੇ ਸਮੇਂ ਨੂੰ ਬਦਲਦੇ ਜਾ ਰਹੇ ਹਾਂ। ਪਹਿਲਾਂ ਫ਼ੈਂਟੇਸੀ ਨੂੰ ਸੱਚ ਵਾਂਗ ਪੇਸ਼ ਕੀਤਾ ਜਾਂਦਾ ਸੀ, ਉਸ ਨਾਲ ਇਮੋਸ਼ਨਲ ਨੁਕਸਾਨ ਹੁੰਦਾ ਸੀ, ਪਰ ਹੁਣ ਤਾਂ ਝੂਠ ਨੂੰ ਫ਼ੈਂਟੇਸੀ ਵਾਂਗ ਪੇਸ਼ ਕੀਤਾ



ਜਾਂਦਾ ਏ, ਜਿਸਦਾ ਕੀ ਨੁਕਸਾਨ ਹੋ ਰਿਹਾ ਏ, ਇਹ ਤੁਸੀਂ ਲੋਕ ਕਦੀ ਨਈਂ ਸਮਝ ਸਕੋਗੇ। ਇਹ ਹੋਇਆ ਏ ਪਰਿਵਰਤਨ।” ਬੁੱਢੇ ਨੇ ਬਿਨਾਂ ਸਿਰ ਚੁੱਕੇ ਲਗਭਗ ਸਪਾਟ ਜਿਹੀ ਸੁਰ ਵਿੱਚ ਸੰਦੀਪ ਦੀ ਗੱਲ ਦਾ ਜਵਾਬ ਦਿੱਤਾ।

[illegible]

[illegible]

[illegible]

[illegible]

## ਉਦੈ ਪ੍ਰਕਾਸ਼ ਦੀਆਂ ਦੋ ਕਵਿਤਾਵਾਂ

### ਮਰਨਾ

ਆਦਮੀ
ਮਰਨ ਤੋਂ ਬਾਅਦ
ਕੁਝ ਨਹੀਂ ਸੋਚਦਾ
ਆਦਮੀ
ਮਰਨ ਤੋਂ ਬਾਅਦ
ਕੁਝ ਨਹੀਂ ਬੋਲਦਾ
ਕੁਝ ਨਾ ਸੋਚਣ
ਅਤੇ ਕੁਝ ਨਾ ਬੋਲਣ 'ਤੇ
ਆਦਮੀ
ਮਰ ਜਾਂਦਾ ਹੈ

### ਪਿੰਜ਼ਰਾ

ਚਿੜੀ
ਪਿੰਜ਼ਰੇ ਵਿਚ ਨਹੀਂ ਹੈ

ਪਿੰਜ਼ਰਾ ਗੁੱਸੇ ਵਿਚ
ਅਸਮਾਨ ਖ਼ੁਸ਼

ਅਸਮਾਨ ਦੀ ਖ਼ੁਸ਼ੀ ਵਿਚ
ਨੰਨ੍ਹੀ ਜਿਹੀ ਚਿੜੀ
ਉੱਡਣਾ ਸਿੱਖਦੀ ਹੈ

**ਅਨੁਵਾਦ-ਜਗਦੀਪ ਸਿੱਧੂ**

---

"ਨਈਂ ਰੈਕਸ ਮੈਂ ਨਈਂ ਜਾ ਸਕਦਾ। ਬੇਤਾਲ ਹੋਣ ਦਾ ਮਤਲਬ ਏ ਸਰਾਪਿਆ ਹੋਇਆ— ਸਾਨੂੰ ਆਪਣੀਆਂ ਗੁਫ਼ਾਵਾਂ 'ਚ ਈ ਮਰਨਾ ਪਏਗਾ। ਮਰ ਕੇ ਗੁਫ਼ਾਵਾਂ 'ਚ ਈ ਦਫ਼ਨ ਹੋਣਾ ਪਏਗਾ। ਇਹ ਸਿਲਸਿਲਾ ਇਸੇ ਤਰ੍ਹਾਂ ਚੱਲਣਾ ਏਂ। ਅਨੰਤ ਕਾਲ ਤਕ। ਤੂੰ ਬਸ ਇੱਕ ਕੰਮ ਕਰੀਂ, ਜਦੋਂ ਮੈਂ ਚਲਾ ਜਾਵਾਂ ਤਾਂ ਬੌਣੇ ਵਾਂਡਾਰਾਂ ਨੂੰ ਕਹੀਂ ਕਿ ਉਹ ਬੋਲਦੇ ਨਗਾਰਿਆਂ ਰਾਹੀਂ ਸੁਨੇਹਾ ਪਹੁੰਚਾ ਦੇਣ, ਕਿਟ ਤੇ ਹੇਲੋਇਸ ਨੂੰ। ਉਹਨਾਂ ਆਉਣਾ ਹੋਇਆ ਤਾਂ ਆ ਜਾਣਗੇ...ਨਈਂ ਤਾਂ ਮੈਂ ਤਾਂ ਗੁਫ਼ਾ 'ਚ ਦਫ਼ਨ ਹੋਣਾ ਈ ਏ। ਤੂੰ ਸੁਣਿਆ ਨਈਂ ਜਦੋਂ ਮੈਂ ਤੂਫ਼ਾਨ 'ਤੇ ਬੈਠ ਕੇ ਜੰਗਲ 'ਚ ਨਿਕਲਦਾ ਆਂ ਪਿੱਛੇ ਕੀ ਆਵਾਜ਼ਾਂ ਆਉਂਦੀਆਂ ਨੇ—'ਬੇਤਾਲ ਦਾ ਜੀਵਨ ਕਿੰਨਾ 'ਕੱਲਾ, ਬੇਤਾਲ ਦਾ ਜੀਵਨ ਕਿੰਨਾ 'ਕੱਲਾ...' ਤਾਂ ਇਹੋ ਤਾਂ ਸ਼ਰਾਪ ਏ ਇਕੱਲੇਪਨ ਦਾ, ਜਿਹੜਾ ਅਸਾਂ ਬੇਤਾਲਾਂ ਨੇ ਖ਼ੁਦ ਈ ਭੋਗਣਾ ਏਂ। ਬਿਲਕੁਲ 'ਕੱਲੇ...।" ਕਹਿ ਕੇ ਬੁੱਢਾ ਕੁਝ ਚਿਰ ਲਈ ਚੁੱਪ ਰਿਹਾ, ਫੇਰ ਗੁਣਗੁਣਾਉਣ ਲੱਗਾ 'ਬੇਤਾਲ ਦਾ ਜੀਵਨ ਕਿੰਨਾ 'ਕੱਲਾ, ਬੇਤਾਲ ਦਾ ਜੀਵਨ ਕਿੰਨਾ 'ਕੱਲਾ...'।

ਸੰਦੀਪ ਨੇ ਆਪਣੇ ਹੱਥਾਂ ਨਾਲ ਬੁੱਢੇ ਦੇ ਚਿਹਰੇ ਨੂੰ ਉਪਰ ਚੁੱਕਿਆ—ਤ੍ਰਬਕ ਗਿਆ— ਬੁੱਢਾ ਉੱਥੇ ਹੈ ਹੀ ਨਹੀਂ ਸੀ। ਬੁੱਢੇ ਦੀ ਥਾਂ ਉਸਦੇ ਪਾਪਾ ਬੈਠੇ ਸਨ—ਐਨ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਦੇਖਦੇ ਹੋਏ। ਸੰਦੀਪ ਤ੍ਰਬਕ ਕੇ ਪਿੱਛੇ ਹਟਿਆ। ਪਿੱਛੇ ਰੁੱਖ ਦੀ ਇੱਕ ਜੜ ਵਿੱਚ ਉਸਦਾ ਪੈਰ ਅਟਕਿਆ ਤੇ ਉਹ ਪਿੱਠ ਭਾਰ ਪਿਛਾਂਹ ਜਾ ਡਿੱਗਾ। ਸੰਭਲ ਕੇ ਉੱਠਣ ਦੀ ਕੋਸ਼ਿਸ਼ ਕਰ ਰਹੇ ਸੰਦੀਪ ਨੇ ਦੇਖਿਆ ਕਿ ਹੈਲੋਜਿਨ ਦੀ ਪੀਲੀ ਰੋਸ਼ਨੀ ਵਿੱਚ ਪਾਪਾ ਦਾ ਚਿਹਰਾ ਬਿਲਕੁਲ ਸਪਾਟ ਦਿਖਾਈ ਦੇ ਰਿਹਾ ਹੈ। ਐਨ ਓਵੇਂ ਜਿੱਦਾਂ ਕਿਸੇ ਪੱਥਰ ਦੀ ਬਣੀ ਮੂਰਤੀ ਦਾ ਭਾਵਹੀਣ ਚਿਹਰਾ। ਪਾਪਾ ਸ਼ੁੰਨ ਵਿੱਚ ਦੇਖਦੇ ਹੋਏ ਗਾਣਾ ਗਾ ਰਹੇ ਨੇ 'ਬੇਤਾਲ ਦਾ ਜੀਵਨ ਕਿੰਨਾ 'ਕੱਲਾ, ਬੇਤਾਲ ਦਾ ਜੀਵਨ ਕਿੰਨਾ 'ਕੱਲਾ...'। ਸੰਦੀਪ ਉੱਠਿਆ ਤਾਂ ਇੱਕ ਵਾਰ ਫੇਰ ਲੜਖੜਾਇਆ—ਡਿੱਗਦਾ-ਡਿੱਗਦਾ ਬਚਿਆ ਤੇ ਸੰਭਲ ਕੇ ਖੜ੍ਹਾ ਹੋ ਗਿਆ ਤੇ ਫੇਰ ਮੁੜ ਕੇ ਕਾਹਲੇ ਪੈਰੀਂ ਤੁਰ ਪਿਆ। ਪਿਛਲੇ ਪਾਸਿਓਂ ਗਾਉਣ ਤੇ ਰੋਣ ਦੀ ਆਵਾਜ਼ ਆ ਰਹੀ ਸੀ ਜਿਹੜੀ ਸੰਦੀਪ ਦੇ ਕਾਹਲੇ ਪੈਰੀਂ ਤੁਰਨ ਕਰਕੇ ਮੱਧਮ ਹੁੰਦੀ ਜਾ ਰਹੀ ਸੀ। ਸੰਦੀਪ ਹੁਣ ਦੌੜ ਰਿਹਾ ਸੀ, ਦੌੜਿਆ ਜਾ ਰਿਹਾ ਸੀ।





## ਹੁਣ ਇੱਕ ਕਿੱਸਾ ਸੁਣੋ/ਮਨੋਹਰ ਸ਼ਿਆਮ ਜੋਸ਼ੀ

**-ਅਜੀਤ ਰਾਏ (ਹਿੰਦੀ)**

? ਤੁਹਾਨੂੰ ਸਾਹਿਤ ਅਕੈਡਮੀ ਅਵਾਰਡ ਮਿਲਣ ਦੀਆਂ ਮੁਬਾਰਕਾਂ। ਤੁਹਾਨੂੰ ਬਹੁਤ ਘੱਟ ਅਵਾਰਡ ਮਿਲੇ ਹਨ। ਇਨ੍ਹਾਂ ਦਿਨਾਂ 'ਚ ਇਹ ਮਹੱਤਵਪੂਰਨ ਅਵਾਰਡ ਮਿਲਣ 'ਤੇ ਕਿੱਦਾਂ ਦਾ ਲੱਗਾ।

-ਜਿਹੜਾ ਮੈਂ ਕਹਿਣ ਜਾ ਰਿਹਾ ਹਾਂ, ਤੁਸੀਂ ਇਸ 'ਤੇ ਹੱਸੋਂਗੇ। ਪਰ ਇਸ ਤੋਂ ਪਹਿਲਾਂ ਦੋ ਗੱਲਾਂ। ਇਕ, ਜਿਹੋ ਜਿਹਾ ਇਸ ਦਿਨ ਅਕੈਡਮੀ 'ਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਕਿਹਾ ਸੀ, ਕਿ ਮੇਰਾ ਦੋਸਤ ਸਰਵੇਸ਼ਰ ਦਿਆਲ ਸਕਸੈਨਾ ਕਹਿੰਦਾ ਹੁੰਦਾ ਸੀ, ਜੋ ਲੱਖ ਸਮਝਾਉਣ ਦੇ ਬਾਵਜੂਦ ਵੀ ਲਿਖਦਾ ਰਹੇ, ਉਸ ਨੂੰ ਕਦੇ-ਕਦੇ ਇਸ ਝੱਸ ਦੇ ਲਈ ਵੀ ਅਵਾਰਡ ਦੇ ਦਿੱਤਾ ਜਾਂਦਾ ਹੈ। ਤੁਸੀਂ ਠੀਕ ਕਹਿੰਦੇ ਹੋ ਕਿ ਸਾਹਿਤ ਦਾ ਇਹੀ ਇਕੋ ਇਕ ਅਵਾਰਡ ਮੈਨੂੰ ਮਿਲਿਆ ਹੈ। ਮੈਨੂੰ ਖ਼ੁਸ਼ੀ ਵੀ ਹੋਈ। ਆਖ਼ਿਰ ਗੱਲ ਇੱਥੇ ਮੁਕਦੀ ਹੈ ਕਿ ਜਿਊਰੀ ਦੇ ਮੈਂਬਰ ਕੌਣ-ਕੌਣ ਸਨ। ਆਮ ਸਹਿਮਤੀ ਨਾਲ ਫੈਸਲਾ ਹੋਇਆ ਹੈ ਜਾਂ ਨਹੀਂ। ਬਹੁਤੀ ਵਾਰ ਇਹ ਹੁੰਦਾ ਹੈ ਕਿ ਜਿਊਰੀ ਦੇ ਕੁਝ ਲੋਕ ਪਹਿਲਾਂ ਹੀ ਤੈਅ ਕਰਕੇ ਆਉਂਦੇ ਹਨ ਕਿ " ਇਸ ਸਾਲ 'ਚ ਫਲਾਣੇ ਨੂੰ ਇਹ ਅਵਾਰਡ ਨ੍ਹੀਂ ਦੇਵਾਂਗੇ।" ਮੈਂ ਇਹ ਇਸ ਲਈ ਜਾਣਦਾ ਹਾਂ ਕਿ ਸਾਹਿਤ ਅਕੈਡਮੀ ਅਵਾਰਡ ਦੀ ਜਿਊਰੀ 'ਚ ਮੈਂ ਵੀ ਕਈ ਵਾਰ ਰਿਹਾ ਹਾਂ। ਇਸ ਚੱਕਰ 'ਚ ਕਿਸੇ ਤੀਜੇ ਨੂੰ ਅਵਾਰਡ ਮਿਲ ਜਾਂਦਾ ਹੈ। ਇਹ ਅਜੀਬ ਗੱਲ ਹੈ ਕਿ ਜਿਊਰੀ ਦੇ ਮੈਂਬਰਾਂ ਨੂੰ ਅਕੈਡਮੀ ਇਕ ਸੂਚੀ ਫੜਾ ਕੇ ਕਹਿੰਦੀ ਹੈ ਕਿ ਕਿਸੇ ਨੂੰ ਚੁਣ ਲਓ। ਇਸ ਵਾਰ ਹਾਲਾਂਕਿ, ਜਿਨ੍ਹਾਂ ਲੋਕਾਂ ਨੇ ਮੇਰੇ ਨਾਂ ਦਾ ਫੈਸਲਾ ਕੀਤਾ, ਇਹ ਤਿੰਨੇ ਨਿਰਪੱਖ ਸਨ। ਵਿਵਾਦਗ੍ਰਸਤ ਨਹੀਂ ਸਨ। ਉਨ੍ਹਾਂ ਦਾ ਕੋਈ ਧੜਾ ਜਾਂ ਨਾਮਵਰ ਸਿੰਘ ਜਾਂ ਅਸ਼ੋਕ ਵਾਜਪੇਈ ਵਾਂਗ ਧੜਾ ਨਹੀਂ ਸੀ। ਨੰਦ ਕਿਸ਼ੋਰ ਆਚਾਰੀਆ, ਗੋਬਿੰਦ ਮਿਸਰ ਤੇ ਵਿਸ਼ਵਨਾਥ ਪ੍ਰਸਾਦ ਤਿਵਾੜੀ। ਹੁਣ ਇਕ ਹੋਰ ਕਿੱਸਾ ਸੁਣੋ। ਪੁਰਾਣੀ ਦਿੱਲੀ ਦੇ ਚਾਂਦਨੀ ਚੌਂਕ 'ਚ ਇਕ ਬੈਂਡ ਮਾਸਟਰ ਨੇ ਕੋਈ ਬੇਨਾਮ ਜਿਹਾ ਅਵਾਰਡ ਸਾਹਿਤ, ਕਲਾ, ਸਭਿਆਚਾਰ ਲਈ ਸ਼ੁਰੂ ਕੀਤਾ। ਬਾਅਦ 'ਚ ਮੱਧ ਪ੍ਰਦੇਸ਼ ਦੇ ਇਕ ਟ੍ਰਾਂਸਪੋਰਟਰ ਨੇ ਇਸ ਅਵਾਰਡ 'ਤੇ ਆਪਣਾ ਕਬਜ਼ਾ ਕਰ ਲਿਆ। ਉਹ ਕਾਂਗਰਸ ਪਾਰਟੀ ਨੂੰ ਚੋਖਾ ਚੰਦਾ ਦਿੰਦਾ ਸੀ। ਉਸ ਨੇ ਕੇਂਦਰ ਸਰਕਾਰ ਦੇ ਦੋ-ਦੋ ਮੰਤਰੀਆਂ ਨੂੰ ਬੁਲਾਇਆ। ਅਵਾਰਡ ਵੰਡਣ ਲਈ। ਕਿਉਂਜੁ ਇਨ੍ਹਾਂ 'ਚ ਇਕ ਸੂਚਨਾ ਤੇ ਪ੍ਰਸਾਰਣ ਮੰਤਰੀ ਸੀ। ਉੱਥੇ ਟੀ. ਵੀ., ਰੇਡੀਓ ਦੇ ਪੱਤਰਕਾਰਾਂ ਦੀ ਭੀੜ ਸੀ। ਅਵਾਰਡ 'ਚ ਪੈਸਾ ਤਾਂ ਸੀ ਨਹੀਂ, ਕੋਈ ਚੰਗਾ ਮੋਮੈਂਟੋ ਵੀ ਨਹੀਂ ਸੀ। ਥੋਕ 'ਚ ਅਵਾਰਡ ਵੰਡਦੇ। ਟੀ ਵੀ ਖ਼ਬਰਾਂ 'ਚ ਮੈਨੂੰ ਵੀ ਦਿਖਾਇਆ ਗਿਆ। ਮਿੱਤਰਾਂ ਦੇ ਬਹੁਤ ਫੋਨ ਆਏ ਕਿ ਕਿੰਨੇ ਦਾ ਚੈਕ ਮਿਲਿਆ। ਅਵਾਰਡ ਪ੍ਰਾਪਤਾਂ 'ਚ ਇਕ ਉੱਤਰ ਛਾਇਆਵਾਦੀ ਕਵੀ ਸੰਮੇਲਨ ਕਵਿੱਤਰੀ ਵੀ ਸੀ ਜਿਸ ਦਾ ਮਹੱਤਵ ਸਿਰਫ਼ ਇਸ ਲਈ ਸੀ ਕਿ ਉਸ ਦੀਆਂ ਦੋ ਖ਼ੂਬਸੂਰਤ ਧੀਆਂ ਸਨ। ਇਕ ਅੰਗਰੇਜ਼ੀ ਅਖ਼ਬਾਰ ਦੇ ਰਿਪੋਰਟਰ ਨੇ ਮੈਨੂੰ ਪੁੱਛਿਆ ਕਿ ਇਸ ਔਰਤ ਦਾ ਸਾਹਿਤ 'ਚ ਕੀ ਯੋਗਦਾਨ ਹੈ। ਮੈਂ ਜੁਆਬ ਦਿੱਤਾ, "ਇਹ ਅਜੇ ਤਾਈਂ ਜਿਊਂਦੀ ਏ। ਇਹ ਯੋਗਦਾਨ ਕੀ ਘੱਟ ਏ।" ਤਾਂ ਅਵਾਰਡਾਂ ਦੀ ਇਹੀ ਹਾਲਤ ਹੈ।

**(ਸਾਹਿਤਯ ਵਾਰਸ਼ਿਕੀ 2018, ਇੰਡੀਆ ਇਨਸਾਈਡ)**

## ਮਾਂ ਹੋਣਾ ਮੈਨੂੰ ਵੱਡੀ ਗੱਲ ਲੱਗਦੀ ਹੈ/ ਪ੍ਰਿਅੰਵਧ (ਹਿੰਦੀ)

**? ਪਾਠਕਾਂ ਨੂੰ ਆਪਣੇ ਨਾਲ ਲੈ ਕੇ ਤੁਰਨ ਦੀ ਗੱਲ.....।**

-ਲੇਖਕ ਤੇ ਪਾਠਕ ਦਾ ਸੰਬੰਧ ਥੋੜ੍ਹਾ ਜਟਿਲ ਹੈ। ਲੇਖਕ 'ਗ੍ਰੋ' ਕਰਦਾ ਹੈ। ਪਾਠਕ ਅਕਸਰ ਇਸ ਤਰ੍ਹਾਂ ਨਹੀਂ ਕਰਦਾ। ਵੀਹ ਸਾਲ ਪਹਿਲਾਂ ਜਿਸ ਨੂੰ ਮੇਰੀ ਕਹਾਣੀ 'ਬੋਸੀਦਨੀ' ਪਸੰਦ ਆਈ ਹੋਵੇਗੀ। ਉਸ ਨੂੰ ਹੁਣ ਦੀ ਮੇਰੀ ਕਹਾਣੀ ਪਸੰਦ ਨਹੀਂ ਆਵੇਗੀ ਜਾਂ ਇਸ ਦਾ ਉਲਟਾ ਵੀ ਹੈ...ਜਿਸ ਨੂੰ ਮੇਰੀ ਅੱਜ ਦੀ ਕੋਈ ਕਹਾਣੀ ਪਸੰਦ ਆ ਰਹੀ ਹੋਵੇ, ਉਸ ਨੂੰ 10-15 ਸਾਲ ਪਹਿਲਾਂ ਦੀ ਕਹਾਣੀ ਪਸੰਦ ਨਹੀਂ ਆਵੇਗੀ। ਪਾਠਕ ਮਹੱਤਵਪੂਰਣ ਹੈ ਪਰ ਪਾਠਕੀ ਖੁਸ਼ਮਿਜਾਜੀ ਲਈ ਤੁਸੀਂ ਲਿਖਦੇ ਨਹੀਂ। ਪਾਠਕ ਲਿਖਣ ਮਗਰੋਂ ਪਰਿਦ੍ਰਿਸ਼ 'ਚ ਆਉਂਦਾ ਹੈ।

? ਸੈਕਸ ਤੇ ਪ੍ਰੇਮ ਨੂੰ ਲੈ ਕੇ ਤੁਹਾਡੀਆਂ ਕਹਾਣੀਆਂ ਇਕਦਮ ਵਿਸ਼ਿਸ਼ਟ ਹਨ। ਇਨ੍ਹਾਂ ਨੂੰ ਲੈ ਕੇ ਇੱਥੇ ਜਿਹੜਾ ਖੁੱਲ੍ਹਾਪਨ ਹੈ, ਨਾ ਸਿਰਫ਼ ਸਹਿਜ ਹੈ ਬਲਕਿ ਤੁਹਾਡੇ ਪਾਤਰਾਂ 'ਚ ਕਿਸੇ ਤਰ੍ਹਾਂ ਦਾ ਕੋਈ ਗਿਲਟ ਜਾਂ ਗੰਢੇ ਨਹੀਂ ਹੈ...ਇਹ ਲਗਪਗ ਯੂਰੋਪੀਅਨ ਜਿਹਾ ਹੈ....।

-ਪਹਿਲਾਂ ਤਾਂ ਇਹ ਗੱਲ ਦਿਲ 'ਚੋਂ ਕੱਢ ਦਿਓ ਕਿ ਇਹ ਖੁੱਲ੍ਹਾਪਨ ਯੂਰੋਪੀਅਨ ਹੈ। ਇਹ ਪੂਰੀ ਤਰ੍ਹਾਂ ਭਾਰਤੀ ਹੈ। ਦੁਨੀਆ ਦੀ ਦੂਜੀ ਕੋਈ ਸੱਭਿਅਤਾ ਜਾਂ ਸੰਸਕ੍ਰਿਤੀ ਸੈਕਸ ਨੂੰ ਲੈ ਕੇ ਫਰੀ (ਆਜ਼ਾਦ) ਨਹੀਂ ਰਹੀ ਹੈ ਜਿੰਨੀ ਕਿ ਸਾਡੀ। ਸਾਡੇ ਇੱਥੇ ਕਾਮਸੂਤਰ ਲਿਖਣ ਵਾਲੇ ਨੂੰ ਮਹਾਰਿਸ਼ੀ ਕਿਹਾ ਗਿਆ ਹੈ। ਦੂਜੇ, ਜਾਂ ਦੂਜੇ ਤੁਸੀਂ ਇਸ ਨੂੰ ਪੂਰਾ ਨਹੀਂ ਮੰਨਦੇ ਤਾਂ ਇਹ ਜ਼ਿੰਦਗੀ ਦੀਆਂ ਦੂਜੀਆਂ ਜ਼ਰੂਰੀ ਚੀਜ਼ਾਂ, ਜਿਵੇਂ ਭੁੱਖ ਲੱਗਦੀ ਹੈ, ਨੀਂਦ ਆਉਂਦੀ ਹੈ, ਤਾਂ ਇਸੇ ਤਰ੍ਹਾਂ ਸੈਕਸ ਵੀ ਆਵੇਗਾ। ਹਾਂ, ਜੇ ਤੁਸੀਂ ਇਸ ਨੂੰ ਬੁਰਾ ਮੰਨਦੇ ਹੋ ਤਾਂ ਇਹ ਇਕ ਵਰਜਣਾ ਜਾਂ ਗੱਠ ਵਾਂਗੂ ਆਵੇਗਾ। ਮੇਰੇ ਨਾਲ ਅਜਿਹਾ ਬਿਲਕੁਲ ਨਹੀਂ ਹੈ। ਮੇਰੇ ਲਈ ਇਹ ਬਹੁਤ ਸੁਭਾਵਕ ਜੀਵਨ ਹੈ। ਸੈਕਸ ਨੂੰ ਲੈ ਕੇ ਆਖ਼ਿਰ ਮਨੁੱਖ 'ਚ ਆਵੇਗ ਤਾਂ ਹੁੰਦਾ ਹੀ ਹੈ। ਇਹ ਇੱਕ ਸੱਚ ਹੈ।

? ਤੁਹਾਡੀ ਕਹਾਣੀ 'ਬੁੱਢੇ ਕਾ ਉਤਸਵ' ਦਾ ਕੀ ਸੰਦਰਭ ਸੀ।

-ਮੈਂ ਸੈਰਿਬਲ ਪਾਲਸੀ ਦੇ ਕੁਝ ਬੱਚਿਆਂ ਨੂੰ ਦੇਖਿਆ ਤਾਂ ਲੱਗਿਆ ਕਿ ਇਨ੍ਹਾਂ ਦੇ ਦੇਹੀ ਪੱਖ ਨੂੰ ਕਿੰਨਾ ਭੁਲਾਇਆ ਹੋਇਆ ਹੈ। ਇਹ ਸਰੀਰਕ ਰੂਪ 'ਚ ਪੂਰੇ ਵਿਕਸਤ ਹੁੰਦੇ ਹਨ। ਕੁਝ ਡਾਕਟਰਾਂ ਤੋਂ ਮੈਂ ਜਾਣਕਾਰੀਆਂ ਲਈਆਂ ਤੇ ਇਨ੍ਹਾਂ ਦੀ ਤਕਲੀਫ਼ ਬਾਰੇ ਸੋਚਿਆ। ਜਦੋਂ ਮੈਂ ਸੋਚਣਾ ਸ਼ੁਰੂ ਕੀਤਾ ਤਾਂ ਲੱਗਿਆ ਕਿ ਇਨ੍ਹਾਂ ਬੱਚਿਆਂ ਦੀਆਂ ਅਜਿਹੀਆਂ ਬੁਨਿਆਦੀ ਲੋੜਾਂ ਇਕ ਮਾਂ ਹੀ ਪੂਰਾ ਕਰ ਸਕਦੀ ਹੈ। ਦਰਅਸਲ ਇਹ ਬੱਚੇ ਜਿਉਂਦੇ ਹੀ ਇਸ ਲਈ ਰਹਿ ਜਾਂਦੇ ਹਨ ਕਿਉਂਜੁ ਇਨ੍ਹਾਂ ਦੀ ਮਾਂ ਹੁੰਦੀ ਹੈ। ਮਾਂ ਹੋਣਾ ਮੈਨੂੰ ਇੰਨੀ ਵੱਡੀ ਗੱਲ ਲੱਗਦੀ ਹੈ ਕਿ ਇਸੇ ਇਕ ਕਾਰਨ 'ਤੇ ਮੈਂ ਇਸਤਰੀ ਦਾ ਬੇਹੱਦ ਸਨਮਾਨ ਕਰਦਾ ਹਾਂ। ਉਸ ਵਰਗਾ ਕੋਈ ਨਹੀਂ ਹੋ ਸਕਦਾ। ਇਕ ਉਹੀ ਹੈ ਜੋ ਆਪਣੇ ਬੱਚੇ ਦੇ ਜ਼ਰਾ ਕੁ ਸੁਖ ਲਈ ਖੁਦ ਨੂੰ ਵੱਡੇ ਤੋਂ ਵੱਡੇ ਜੋਖਿਮ 'ਚ ਪਾ ਸਕਦੀ ਹੈ। ਕਈ ਲੋਕਾਂ ਨੇ ਕਿਹਾ ਕਿ ਮੈਂ ਕਹਾਣੀ ਦਾ ਅੰਤ ਬੜਾ ਗਲ਼ਤ ਦਿਖਾਇਆ.....ਕਿ ਮਾਂ ਦੀ ਆਤਮ ਹੱਤਿਆ ਕਰਾ ਦਿੱਤੀ....ਠੀਕ ਹੈ, ਇਕ-ਦੋ ਵਾਰ ਉਹ ਬੱਚੇ ਨੂੰ ਸੁਖ ਦੇਣ ਲਈ ਆਪਣੇ-ਆਪ ਨੂੰ ਝੋਂਕ ਦਿੰਦੀ ਹੈ...ਪਰ ਇਹ ਕਦੋਂ ਤੀਕ ਚਲਦਾ ? ਆਖਿਰ ਉਹ ਸਮਝਦਾਰ ਸੀ। ਉਸ ਦੀ ਮਾਂ ਅੰਦਰ ਜਿਹੜੀਆਂ ਚੀਜ਼ਾਂ ਅਸੀਂ ਭਰੀਆਂ ਹੋਈਆਂ ਹਨ, ਉਹ ਕਿਧਰ ਜਾਂਦੀਆਂ ? ਇਸ ਲਈ ਕਹਾਣੀ ਦੇ ਤਾਣੇ-ਬਾਣੇ 'ਚ ਮੌਤ ਨੂੰ ਬੁਣਿਆ.....ਦਿੱਲੀ ਤੋਂ ਇਕ ਔਰਤ ਦੀ ਚਿੱਠੀ ਆਈ ਕਿ ਠੀਕ ਹੈ, ਇੱਥੇ ਵਿਕਲਾਂਗ



ਬੱਚੇ ਨਾਲ ਮਾਂ ਦਾ ਸੰਬੰਧ ਬਣਦਾ ਹੈ ਪਰ ਜੇਕਰ ਵਿਕਲਾਂਗ ਕੁੜੀ ਹੁੰਦੀ ਤਾਂ ਕੀ ਉਸ ਦਾ ਪਿਓ ਇਹੀ ਸੰਬੰਧ ਬਣਾ ਸਕਦਾ ਸੀ ? ਮੇਰੇ ਕੋਲ ਅੱਜ ਵੀ ਇਸ ਗੱਲ ਦਾ ਜੁਆਬ ਨਹੀਂ ਹੈ। ਕਹਾਣੀ 'ਚ ਸਿਰਫ਼ ਇਕ ਸੁਆਲ ਸੀ, ਜਿਸ ਨੂੰ ਮੈਂ ਦੂਜਿਆਂ ਨਾਲ ਵੰਡਣਾ ਚਾਹੁੰਦਾ ਸੀ।

? ਤੁਸੀਂ ਵੱਡੀ ਰਚਨਾ ਕਿਸ ਨੂੰ ਕਹੋਂਗੇ। ਉਹ ਆਪਣੇ ਸਮੇਂ ਦਾ ਪ੍ਰਤੀਨਿਧ ਕਰਦੀ ਹੈ ਜਾਂ ਉਲੰਘਣਾ। 'ਅੱਨਾ ਕਾਰੇਨਿਨਾ' ਆਪਣੇ ਕਾਲ ਦਾ ਇਤਿਹਾਸ ਹੈ ਤਾਂ ਫੇਰ ਉਲੰਘਣਾ ਕਿੱਦਾਂ ਕਰਦੀ ਹੈ।

-ਪਹਿਲੀ ਗੱਲ ਤਾਂ ਇਹ ਹੈ ਕਿ ਤੁਸੀਂ ਸੁਆਲ 'ਚ ਵੱਡੀ ਰਚਨਾ ਨੂੰ ਸਿਰਫ਼ 'ਸਮਾਂ ਸਾਪੇਖ' ਕਰ ਦਿੱਤਾ ਹੈ। ਪਹਿਲਾਂ ਇਸੇ 'ਤੇ ਗੱਲ ਕਰਦੇ ਹਾਂ। ਸਿਰਫ਼ ਆਪਣੇ ਸਮੇਂ ਦਾ ਪ੍ਰਤੀਨਿਧੀਤਵ ਜਿਹੜੀ ਰਚਨਾ ਕਰਦੀ ਹੈ, ਉਸ ਨਾਲੋਂ ਵੱਡੀ ਰਚਨਾ ਕਰਨਾ ਸਮੇਂ ਦੀਆਂ ਵਰਜਣਾਵਾਂ ਤੋੜਣ ਵਾਲੀ ਹੁੰਦੀ ਹੈ। ਲੇਖਕ ਜੇ ਆਪਣੇ ਸਮੇਂ ਤੋਂ ਪਾਰ ਦੇਖ ਲਵੇ ਤਾਂ ਨਿਸ਼ਚਿਤ ਹੀ ਉਹ ਜ਼ਿਆਦਾ ਵਿਆਪਕ ਦ੍ਰਿਸ਼ਟੀ ਦਾ ਲੇਖਕ ਹੈ। ਹੁਣ ਸਮਾਂ ਆਪਣੇ ਆਉਣ ਵਾਲੇ ਸਮੇਂ ਦੀ ਪੌੜੀ ਹੁੰਦਾ ਹੈ। ਤੁਸੀਂ ਜੀਵਨ ਦੇ ਹਰ ਖੇਤਰ 'ਚ ਇਸ ਨੂੰ ਪਾ ਕੇ ਦੂਜੇ ਪੌਡੇ 'ਤੇ ਚੜ੍ਹਦੇ ਹੋ। ਪਰ ਸਾਹਿਤ 'ਚ ਤੁਸੀਂ ਕਈ ਪੌਡੇ ਛਲਾਂਗ ਵੀ ਸਕਦੇ ਹੋ। ਜੋ ਸਾਡੇ ਅੱਜ ਦੇ ਸਮੇਂ ਦੇ ਸਮਾਜ, ਰਾਜ, ਧਰਮ, ਅਰਥ ਵਿਵਸਥਾਵਾਂ ਦੇ ਘਾਤ-ਪ੍ਰਤੀਘਾਤ ਹਨ, ਮਨੁੱਖੀ ਜ਼ਿੰਦਗੀ 'ਤੇ ਉਸ ਦੇ ਜੋ ਪ੍ਰਭਾਵ ਪੈਣਗੇ, ਇਸ ਨਾਲ ਜਿਹੜਾ ਭਵਿੱਖ ਬਣਦਾ ਹੈ, ਇਸ ਨੂੰ ਪਹਿਚਾਨਣ ਵਾਲੀ ਰਚਨਾ ਸਮੇਂ ਨੂੰ ਅਤਿਕ੍ਰਮਿਤ (ਵਰਜਣਾ) ਕਰਦੀ ਹੈ......'ਕੈਂਸਰ ਵਾਰਡ'..,.'ਡਾਕਟਰ ਜਿਵਾਗੋ' ਜਾਂ ....'ਆਧਾ ਗਾਂਵ' ਅਜਿਹੀਆਂ ਹੀ ਰਚਨਾਵਾਂ ਹਨ, ਪਰ ਸਮੇਂ ਨੂੰ ਅਤਿਕ੍ਰਮਿਤ ਬਹੁਤ ਹੀ ਘੱਟ ਰਚਨਾਵਾਂ ਕਰਦੀਆਂ ਹਨ। ਇਸ ਤੋਂ ਹੱਟ ਕੇ ਇਕ ਦੂਜੀ ਗੱਲ ਕਹਿਣਾ ਚਾਹੁੰਦਾ ਹਾਂ, ਇਸ ਸੁਆਲ 'ਚ ਵੱਡੀ ਰਚਨਾ ਦੀ ਪਰਿਭਾਸ਼ਾ ਆਪਣੇ ਆਪ ਮਿਲਦੀ ਜਾਵੇਗੀ। 'ਅੱਨਾ ਕਾਰੇਨਿਨਾ' ਆਪਣੇ ਕਾਲ ਦਾ ਇਤਿਹਾਸ ਹੈ ਪਰ ਪ੍ਰੇਮ 'ਚ ਆਪਣੇ ਸਮੇਂ ਦੀ ਹਰ ਚੀਜ਼ ਵੀ ਵਰਜਣਾ ਕਰਦੀ ਹੈ। ਇਸ ਦੀ ਇਕ ਵਿਰਾਟ ਸੱਤਾ ਬਣਾਉਂਦੀ ਹੈ। ਜਿਹੜੀ ਵੀ ਰਚਨਾ ਜੀਵਨ ਨੂੰ ਉਸ ਦੀ ਪੂਰੀ ਰਹੱਸਤਾ, ਆਵੇਗ, ਅੰਤਰ-ਵਿਰੋਧਾਂ, ਵਿਰਾਟਤਾ, ਜਿੱਤ-ਹਾਰ ਤੇ ਪ੍ਰੇਮ-ਉਨਮਾਦ ਨਾਲ ਫੜੇਗੀ, ਉਹ ਅਵੱਸ਼ ਹੀ ਵੱਡੀ ਰਚਨਾ ਹੋਵੇਗੀ।

? ਤੁਸੀਂ ਦੱਸਿਆ ਕਿ ਰਚਨਾ-ਪ੍ਰਕ੍ਰਿਆ 'ਚ ਇਤਿਹਾਸ ਦੀ ਭੂਮੀਕਾ ਅਹਿਮ ਰਹਿੰਦੀ ਹੈ ਤਾਂ ਸੁਆਲ ਪੈਦਾ ਹੁੰਦਾ ਹੈ ਕਿ ਕਿਹੜਾ ਇਤਿਹਾਸ।

-ਮੇਰੀ ਦਿਲਚਸਪੀ ਇਤਿਹਾਸ ਦੇ ਉਬਾਊ ਰਾਜਨੀਤਿਕ ਘਟਨਾਕ੍ਰਮ 'ਚ ਨਹੀਂ ਹੁੰਦੀ ਹੈ, ਉਸ 'ਚ ਜਿਹੜੇ ਚਰਿਤਰ ਹਨ, ਇਹ ਅਕ੍ਰਸ਼ਿਤ ਕਰਦੇ ਹਨ। ਪਿਛਲੇ ਦਿਨੀਂ ਇਤਿਹਾਸ ਨੂੰ ਪਲਟਣ ਦੀ ਜਿਹੜੀ ਗੱਲ ਹੋ ਰਹੀ ਹੈ ਤਾਂ ਪਾਠ-ਪੁਸਤਕਾਂ ਨੂੰ ਬਦਲ ਦਿਓ ਪਰ ਉਸ ਨਾਲ ਕੁਝ ਬਦਲਣ ਵਾਲਾ ਨਹੀਂ ਹੈ। ਤੁਸੀਂ ਅੱਜ ਇਨ੍ਹਾਂ ਪਾਠ-ਪੁਸਤਕਾਂ 'ਚ ਇਹ ਕਦੇ ਨਹੀਂ ਲਿਖੋਂਗੇ ਕਿ ਰਾਣਾ ਪ੍ਰਤਾਪ ਦਾ ਸੈਨਾਪਤੀ ਇਕ ਮੁਸਲਮਾਨ ਸੀ। 1857 ਦੀ ਲੜਾਈ 'ਚ ਨਾਨਾ ਸਾਹਿਬ ਦਾ ਖੱਬਾ ਹੱਥ ਅਲੀਮੁੱਲਾ ਖ਼ਾਨ ਸੀ। ਨਾ ਲਿਖੋ। ਇਨ੍ਹਾਂ ਪਾਠ-ਪੁਸਤਕਾਂ 'ਚ ਨਾ ਸਹੀ ਪਰ ਇਤਿਹਾਸ 'ਚ ਇਹ ਸਭ ਕੁਝ ਦਰਜ ਹੋ ਚੁੱਕਾ ਹੈ। ਸ਼ਹਿਰ ਦਾ ਨਾਂ ਬਦਲਣਾ ਬੰਬਈ ਦਾ ਮੁੰਬਈ ਕਰਨ ਨਾਲ ਕੋਈ ਫ਼ਰਕ ਨਹੀਂ ਪੈਂਦਾ। ਇਸ ਦਾ ਇਤਿਹਾਸ ਨਹੀਂ ਬਦਲ ਦਿੱਤਾ ਜਾਵੇਗਾ। ਅੱਜ ਤਾਈਂ ਜੋ ਇਤਿਹਾਸ ਸਾਡੇ ਕੋਲ ਆਇਆ ਹੈ, ਇਸ ਦਾ ਇਕ ਖਾਸ ਨਜ਼ਰੀਆ ਰਿਹਾ....ਜਿੱਦਾਂ ਇਹ ਉਹ ਅੰਗਰੇਜ਼ਾਂ ਦੀ ਦੇਣ ਸੀ।

ਇਨ੍ਹਾਂ ਨੇ ਹੀ ਸਾਡੇ ਅਤੀਤ ਵਿਚੋਂ ਚੀਜ਼ਾਂ ਕੱਢ ਕੇ ਆਪਣੇ ਮੁਤਾਬਕ ਇਕ ਕਥਾ ਘੜੀ.....।

? ਇਤਿਹਾਸ ਤੋਂ ਬਿਨਾਂ ਮਨੁੱਖ ਨੂੰ ਸਮਝਣ ਲਈ ਮਨੋਵਿਗਿਆਨ ਕੀ ਇੰਨਾ ਹੀ ਜ਼ਰੂਰੀ ਹੈ।

-ਹਥਿਆਰ ਵਾਂਗੂ ਨਹੀਂ ਆਵੇਗਾ ਇਹ ਉੱਥੇ, ਪਰ ਇਹ ਵੀ ਉੱਥੇ ਹੁੰਦਾ ਹੈ। ਰੋਮ ਦੇ ਨੀਰੋ ਨੇ ਆਪਣੀ ਮਾਂ ਦੀ ਹੱਤਿਆ ਕਰਵਾਈ ਸੀ। ਮਾਂ ਦੀ ਲਾਸ਼ ਜਦੋਂ ਉਸ ਦੇ ਸਾਹਮਣੇ ਲਿਆਂਦੀ ਗਈ ਤਾਂ ਉਹ ਕਹਿੰਦਾ ਹੈ ਕਿ ਮੈਂ ਕਿੰਨਾ ਬਦਕਿਸਮਤ ਹਾਂ ਕਿ ਮੈਨੂੰ ਪਤਾ ਹੀ ਨਹੀਂ ਸੀ ਕਿ ਮੇਰੀ ਮਾਂ ਇੰਨੀ ਖੂਬਸੂਰਤ ਸੀ। ਤਾਂ ਇਹ ਕੀ ਹੈ? ਇਸ ਮਨੋਵਿਗਿਆਨ ਨੂੰ ਸਮਝੋ। ਬਾਬਰ ਸਵੇਰੇ ਸੈਂਕੜੇ ਲੋਕਾਂ ਦਾ ਕਤਲ ਕਰਵਾਉਂਦਾ ਹੈ। ਉਨ੍ਹਾਂ ਦੇ ਸਿਰਾਂ ਦੀ ਮੀਨਾਰ ਖੜੀ ਕਰਦਾ ਹੈ। ਸ਼ਾਮ ਨੂੰ ਬਾਬਰੀ ਨਾਂ ਦੇ ਲੌਂਡੇ ਨੂੰ ਦੇਖ ਕੇ ਮੁਗਧ ਹੋ ਜਾਂਦਾ ਹੈ....ਦੇਖਦਾ ਹੈ। ਗਲਾ ਸੁੱਕ ਜਾਂਦਾ ਹੈ। ਇਸ ਮਨੋਵਿਗਿਆਨ ਨੂੰ ਦੱਸੋ? ਇਕ ਪਾਸੇ ਰੋਮ ਦੇ ਜਾਂ ਮੁਸਲਮਾਨਾਂ ਦੇ ਕਤਲਾਂ ਦੀਆਂ ਸਾਜ਼ਿਸ਼ਾਂ, ਪਿਓ-ਭਰਾਵਾਂ ਦੇ ਕਤਲ...ਦੂਜੇ ਪਾਸੇ ਚੰਦਰਗੁਪਤ ਮੋਰੀਆ, ਹਰਸ਼ ਜਾਂ ਅਸ਼ੋਕ ਦਾ ਸਾਧੂ ਹੋਣਾ.....ਇਸ ਮਨੋਵਿਗਿਆਨ ਨੂੰ ਸਮਝੋ, ਇਤਿਹਾਸ ਵਿਰਾਟ ਹੈ, ਮਨੁੱਖੀ ਜ਼ਿੰਦਗੀ ਦਾ ਹਰ ਪੱਖ ਇਸ 'ਚ ਹੈ। ਮਨੁੱਖ ਦਾ ਮਨੋਜਗਤ ਵੀ ਹੈ।

– **(ਕਥਾਦੇਸ਼-ਅਪ੍ਰੈਲ, 2003)**

## ਇਹੀ ਸਾਡੀ ਜ਼ਿੰਦਗੀ ਦਾ ਬਹੁਤ ਵੱਡਾ ਰਹੱਸ ਹੈ/ਜਿੰਦਰ

? ਤੁਹਾਨੂੰ ਨਹੀਂ ਲੱਗਦਾ ਕਿ ਲੇਖਕ ਆਪਣੇ ਮਨ ਦਾ ਗੰਦ ਕਹਾਣੀਆਂ ਰਾਹੀਂ ਬਾਹਰ ਕੱਢਦੇ ਹਨ। ਤੁਹਾਡੀਆਂ ਕਹਾਣੀਆਂ ਵੀ ਕੁਝ ਇਸ ਤਰ੍ਹਾਂ ਦੀਆਂ ਹਨ।

—ਇਹ ਕਿਸੇ ਲੇਖਕ ਦੇ ਮਨ ਦਾ ਗੰਦ ਨਹੀਂ ਹੁੰਦਾ, ਇਹ ਤੁਹਾਡੀ ਸੋਚ ਦਾ ਗੰਦ ਹੁੰਦਾ ਹੈ। ਇੱਕ ਲਈ ਇਹ ਗੰਦ ਹੋ ਸਕਦਾ ਹੈ, ਕਿਸੇ ਦੂਜੇ ਲਈ ਇਹ ਸੋਹਜ ਵੀ ਹੋ ਸਕਦਾ ਹੈ। ਪਿਛਲੇ ਦਿਨੀਂ ਮੈਨੂੰ ਵਟਸਅਪ 'ਤੇ ਕਿਸੇ ਨੇ ਇੱਕ ਪੇਂਟਿੰਗ ਭੇਜੀ ਸੀ। ਇਸ 'ਚ ਇੱਕ ਬਜ਼ੁਰਗ ਕਿਸੇ ਮੁਟਿਆਰ ਦੀ ਛਾਤੀ ਨੂੰ ਚੁੰਘ ਰਿਹਾ ਹੈ। ਹੁਣ ਇੱਥੇ ਸੁਆਲ ਇਹ ਪੈਦਾ ਹੁੰਦਾ ਹੈ ਕਿ ਤੁਸੀਂ ਇਸ ਨੂੰ ਕਿੱਦਾਂ ਦੇਖਦੇ ਹੋ। ਆਮ ਬੰਦਾ ਇਸ ਪੇਂਟਿੰਗ 'ਚੋਂ ਸੁਆਦ ਲਵੇਗਾ। ਉਹ ਮੁਟਿਆਰ ਦੀ ਨੰਗੀ ਛਾਤੀ ਦੇਖ ਕੇ ਬਾਗੋ-ਬਾਗ ਹੋ ਜਾਵੇਗਾ। ਉੱਦਾਂ ਹੀ ਜਿੱਦਾਂ 'ਰਾਮ ਤੇਰੀ ਗੰਗਾ ਮੈਲੀ' 'ਚ ਮੰਧਾਕਿਨੀ ਆਪਣੇ ਬੱਚੇ ਨੂੰ ਛਾਤੀ ਨੰਗੀ ਕਰਕੇ ਦੁੱਧ ਚੁੰਘਾਉਂਦੀ ਹੈ। ਜਿਹੜਾ ਇਸ ਨੂੰ ਗੰਭੀਰਤਾ ਨਾਲ ਦੇਖੇਗਾ ਜਾਂ ਇਸ ਦੀ ਹਿਸਟਰੀ ਜਾਣਨ ਦੀ ਕੋਸ਼ਿਸ਼ ਕਰੇਗਾ, ਉਹ ਬੇਚੈਨ ਹੋਵੇਗਾ। ਉਸ ਦੇ ਮਨ 'ਚੋਂ ਵਾਰ-ਵਾਰ ਇਹੀ ਨਿਕਲੇਗਾ—'ਵਾਹ ਔਰਤ। ਤੂੰ ਕਿੰਨੀ ਮਹਾਨ ਹੈਂ।' ਉਹ ਪੇਂਟਿੰਗ ਅੱਗੇ ਨਤਮਸਤਕ ਹੋਵੇਗਾ ਤੇ ਚਿੱਤਰਕਾਰ ਦੀ ਕਲਾ ਦੀ ਮਨੋ ਪ੍ਰਸੰਸਾ ਕਰੇਗਾ। ਮੈਂ ਇਸ ਪੇਂਟਿੰਗ ਦੀ ਬੈਕਗਰਾਊਂਡ ਲੱਭੀ। ਇਹ ਪੇਂਟਿੰਗ ਯੂਰਪ ਦੇ ਚਿੱਤਰਕਾਰ ਗੋਰੀਲੋ ਦੀ ਬਣਾਈ ਹੈ। ਰੋਮ ਦੇ ਇੱਕ ਇਤਿਹਾਸਕਾਰ ਬਲੇਰੀਅਸ ਮੈਕੀਸਮਸ ਨੇ ਆਪਣੀ ਕਿਤਾਬ Factorum Ac Dictorum Memorabilium 'ਚ ਇੱਕ ਸਦੀਆਂ ਪੁਰਾਣੀ ਘਟਨਾ ਲਿਖੀ ਹੈ। ਰੋਮ 'ਚ ਇੱਕ ਸਾਈਮਨ ਨਾਂ ਦੇ ਬਜ਼ੁਰਗ ਨੂੰ ਸਜ਼ਾ ਮਿਲੀ ਕਿ ਉਸ ਨੂੰ ਭੁੱਖਿਆਂ ਮਾਰਿਆ ਜਾਵੇ। ਉਸ ਨੂੰ ਜੇਲ੍ਹ 'ਚ ਬੰਦ ਕਰ ਦਿੱਤਾ ਤੇ ਜੇਲ੍ਹਰ ਨੂੰ ਹੁਕਮ ਕੀਤਾ ਗਿਆ ਕਿ ਇਸ ਬੰਦੇ ਨੂੰ ਪਾਣੀ ਦੀ ਘੁੱਟ ਵੀ ਨਹੀਂ ਪਿਲਾਉਣੀ। ਜੇ ਕੋਈ ਮਿਲਣ ਆਵੇ ਤਾਂ ਉਸ ਦੀ ਪਹਿਲਾਂ ਤਲਾਸ਼ੀ ਲਈ ਜਾਵੇ। ਉਸ ਬੰਦੇ ਦੀ ਧੀ ਪੇਰੂ ਨੇ ਆਪਣੇ ਪਿਉ ਨੂੰ ਮਿਲਣ ਦੀ ਆਗਿਆ ਲਈ। ਰੋਜ਼ ਇੱਕ ਵਾਰ। ਉਸ ਆਪਣਾ ਦੁੱਧ ਪਿਆ ਕੇ ਆਪਣੇ ਪਿਉ ਨੂੰ ਮਰਨ ਨਹੀਂ



ਦਿੱਤਾ। ਜਦੋਂ ਮਹੀਨਾ ਬੀਤ ਗਿਆ ਤਾਂ ਜੇਲ੍ਹਰ ਸੋਚਣ ਲੱਗਾ ਕਿ ਸਾਈਮਨ ਅਜੇ ਤਾਈਂ ਮਰਿਆ ਕਿਉਂ ਨਹੀਂ। ਜਦੋਂ ਉਸ ਨੂੰ ਇਸ ਦਾ ਰਾਜ਼ ਪਤਾ ਲੱਗਾ ਤਾਂ ਉਸ ਨੇ ਸਰਕਾਰ ਨੂੰ ਇਸ ਬਾਰੇ ਦੱਸਿਆ। ਦੋਬਾਰਾ ਮੁਕੱਦਮਾ ਚੱਲਿਆ ਤੇ ਧੀ ਦਾ ਆਪਣੇ ਪਿਉ ਪ੍ਰਤੀ ਪਿਆਰ ਦੇਖ ਕੇ ਉਨ੍ਹਾਂ ਦੋਹਾਂ ਨੂੰ ਬਰੀ ਕਰ ਦਿੱਤਾ ਗਿਆ। ਪਿਛਲੇ ਦਿਨੀਂ ਗੁਰਨਾਮ ਭੁੱਲਰ ਦਾ ਗੀਤ 'ਡਾਇਮੰਡ' ਬੜਾ ਸੁਣਿਆ ਜਾ ਰਿਹਾ। ਮੈਂ ਇਸ ਨੂੰ ਸੁਣਨ ਨਾਲੋਂ ਇਹਦੀ ਵੀਡੀਓ ਜ਼ਿਆਦਾ ਦੇਖੀ ਹੈ। ਗੁਰਨਾਮ ਦੇ ਚਿਹਰੇ ਦੇ ਹਾਵ-ਭਾਵ ਦੇਖਣ ਲਈ। ਉਸ ਨੂੰ ਸਿਰ ਨੂੰ ਇੱਕ ਪਾਸੇ ਨੂੰ ਕਰਦੇ ਨੂੰ ਦੇਖਣ ਲਈ। ਉਸ ਦੇ ਮੁਸਕਰਾਉਣ ਦੇ ਅੰਦਾਜ਼ ਲਈ। ਉਸ ਦੇ ਰਾਹੀਂ ਮੈਂ ਨੌਜੁਆਨਾਂ ਦੀ ਸਾਇਕੀ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਐਦਾਂ ਹੀ ਪਾਕਿਸਤਾਨੀ ਗਾਇਕਾ ਹਾਦਿਕਾ ਕਿਆਨੀ ਦੇ ਗਾਏ ਗੀਤ 'ਬੂਹੇ ਬਾਰੀਆਂ' ਵੇਲੇ ਹੋਇਆ। ਮੇਰਾ 30% ਧਿਆਨ ਗੀਤ ਵੱਲ ਰਿਹਾ। 70% ਕਿਆਨੀ ਦੇ ਚਿਤਰੇ 'ਤੇ ਬਦਲਦੇ ਪ੍ਰਵਾਹ ਦੇਖਣ ਲਈ। ਜੇ ਮੇਰੇ ਕੋਲ ਕੋਈ ਹੋਰ ਬੈਠਾ ਹੋਵੇ ਤਾਂ ਉਹ ਤਾਂ ਇਹੀ ਸੋਚੇਗਾ ਕਿ ਮੈਂ ਬੜਾ ਠਰਕੀ ਹਾਂ। ਇਸ ਉਮਰ 'ਚ ਵੀ ਐਹੋ ਜਿਹੇ ਗੀਤ ਸੁਣ ਰਿਹਾ। ਮੈਨੂੰ ਇੱਕ ਹੋਰ ਘਟਨਾ ਯਾਦ ਆ ਰਹੀ ਹੈ। ਉਨ੍ਹੀਂ ਦਿਨੀਂ ਮੈਂ ਆਪਣੀ ਨਵੀਂ ਕਹਾਣੀ 'ਕੰਡੇ' ਲਿਖ ਰਿਹਾ ਸੀ। ਇਸ ਕਹਾਣੀ 'ਚ ਦੋ ਬੁੜੇ ਹਨ। ਆਪਣੇ-ਆਪਣੇ ਪੁੱਤਰਾਂ ਕੋਲ ਇੰਗਲੈਂਡ ਆਏ ਹਨ। ਵਿਹਲਿਆਂ ਬੈਠਿਆਂ ਨੂੰ ਦੇਖ ਕੇ, ਉਨ੍ਹਾਂ ਦੇ ਮੁੰਡੇ ਆਪਣੇ ਸਟੋਰ ਦੇ ਪਿਛਲੇ ਪਾਸੇ ਬਣੇ ਕਮਰੇ 'ਚ, ਵੀ. ਸੀ. ਆਰ. ਚਲਾ ਕੇ ਪਾਕਿਸਤਾਨੀ ਡਰਾਮੇ ਦਿਖਾਉਣੇ ਸ਼ੁਰੂ ਕਰਦੇ ਹਨ। ਦੋਵੇਂ ਬੁੜੇ ਪਾਕਿਸਤਾਨੋਂ ਉਜੜ ਕੇ ਆਏ ਹਨ। ਡਰਾਮੇ ਦੇਖਦਿਆਂ-ਦੇਖਦਿਆਂ ਉਨ੍ਹਾਂ ਨੂੰ ਬੀਤਿਆ ਹੋਇਆ ਸਮਾਂ ਵਾਰ-ਵਾਰ ਯਾਦ ਆਉਂਦਾ ਹੈ। ਡਰਾਮੇ 'ਚ ਨੱਚਦੀਆਂ ਨਰਗਿਸ ਤੇ ਨਸੀਬੋ ਲਾਲ ਦੀਆਂ ਸ਼ਕਲਾਂ, ਉਨ੍ਹਾਂ ਲਈ ਰਲਗਡ ਹੋ ਜਾਂਦੀਆਂ ਹਨ। ਮੈਂ ਉਨ੍ਹਾਂ ਦੀ ਇਹ ਰੁਚੀ ਤੇ ਪਹਿਚਾਣਨ ਦੀ ਚਾਹਨਾ ਦੇਖ ਕੇ ਨਰਗਿਸ ਤੇ ਨਸੀਬੋ ਲਾਲ ਦੇ ਡਰਾਮੇ ਤੇ ਨ੍ਰਿਤ ਦੇਖਣੇ ਸ਼ੁਰੂ ਕੀਤੇ। ਇੱਕ ਦਿਨ ਮੇਰੀ ਮਿਸਿਜ ਨੇ ਵੀ. ਸੀ. ਆਰ. ਬੰਦ ਕਰ ਦਿੱਤਾ, ਇਹ ਕਹਿੰਦਿਆਂ ਹੋਇਆਂ, "ਬੰਦ ਕਰੋ ਇਹ ਕੰਜਰਖਾਨਾ ਦੇਖਣਾ। ਬਾਹਰ ਮੁੰਡਾ ਖੜ੍ਹਾ। ਦੇਖੂਗਾ ਤਾਂ ਕੀ ਕਹੂਗਾ।" ਮੈਂ ਉਨ੍ਹਾਂ ਨੂੰ ਬਥੇਰੀ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਮੇਰੀ ਇੱਕ ਨਹੀਂ ਸੁਣੀ। ਆਖਿਰ 'ਚ ਇਹੀ ਕਿਹਾ, "ਜਦੋਂ ਮੁੰਡਾ ਸੌਂ ਜਾਂਦਾ ਹੁੰਦਾ ਉਦੋਂ ਰਾਤ ਨੂੰ ਦੇਖ ਲਿਓ।" ਕਰ ਲਓ ਘਿਓ ਨੂੰ ਘੜਾ.....। ਇਸ ਦੇ ਨਾਲ ਲੱਗਦੀ ਹੀ ਇੱਕ ਹੋਰ ਗੱਲ। ਆਰਿਫ ਲੁਹਾਰ ਨੇ 'ਜੁਗਨੀ' ਕਮਾਲ ਦੀ ਗਾਈ ਹੈ। ਮੈਂ ਇਹ 50-60 ਵਾਰ ਸੁਣੀ ਹੋਵੇਗੀ। ਉਹੀ ਜਿਹੜੀ ਕੋਕ ਸਟੂਡੀਓ 'ਚ ਰਿਕਾਰਡ ਕੀਤੀ ਹੋਈ ਹੈ। ਆਰਿਫ ਲੁਹਾਰ ਜਦੋਂ ਮੁਸਕਰਾਉਂਦਾ ਹੈ ਤੇ ਨਾਲ ਦੀ ਨਾਲ ਸਾਫੀ ਮੁਸਕਰਾਉਂਦੀ ਹੈ ਤਾਂ ਮੇਰੇ ਮਨ ਨੂੰ ਧੂ ਪੈਂਦਾ ਹੈ। ਯਾਰੋ, ਕਿੰਨਾ ਕੁਦਰਤੀ ਲੱਗਦਾ ਹੈ। ਇਹ ਜਿਹੜਾ ਕੁਦਰਤੀ ਲੱਗਦਾ ਹੈ ਨਾ, ਇਸ 'ਚ ਹੀ ਸਭ ਕੁਝ ਸਮੋਇਆ ਹੋਇਆ ਹੈ।

ਬਹੁਤ ਸਾਲ ਪਹਿਲਾਂ ਮੈਂ ਜਲੰਧਰ ਦੇ ਕਿਸੇ ਸਿਨੇਮਾ ਹਾਲ 'ਚ 'ਵੈਂਡਿਟ ਕੁਈਨ' ਫਿਲਮ ਦੇਖੀ ਸੀ। ਜਦੋਂ ਠਾਕੁਰ ਲੋਕ ਫੂਲਾਂ ਦੇਵੀ ਨੂੰ ਨੰਗੀ ਕਰਕੇ ਖੂਹ ਤੋਂ ਪਾਣੀ ਦੀ ਬਾਲਟੀ ਲਿਆਉਣ ਲਈ ਤੋਰਦੇ ਹਨ ਤਾਂ ਇਹ ਸੀਨ ਦੇਖ ਕੇ ਮੇਰਾ ਜਿਸਮ ਸੁੰਨ ਹੋ ਗਿਆ। ਕਿੰਨੇ ਦਿਨ ਮੈਨੂੰ ਨੀਂਦ ਨਹੀਂ ਆਈ। ਮੇਰੇ ਮਨ 'ਤੇ ਇਸ ਸੀਨ ਦਾ ਗੰਭੀਰ ਅਸਰ ਸੀ। ਉਂਝ ਹਾਲ 'ਚ ਤਾੜੀਆਂ ਮਾਰਨ ਵਾਲੇ ਬਥੇਰੇ ਸਨ। ਪਰ ਮੈਂ ਉਨ੍ਹਾਂ 'ਚੋਂ ਨਹੀਂ ਸੀ।

ਮੈਂ ਹੁਣ ਤਕ 65 ਕਹਾਣੀਆਂ ਲਿਖੀਆਂ ਹਨ। ਉਨ੍ਹਾਂ 'ਚੋਂ 10-12 ਕਹਾਣੀਆਂ ਹੀ ਜਿਨਸੀ ਸੰਬੰਧਾਂ ਬਾਰੇ ਹਨ। ਉਹ ਵੀ ਇਸ ਤਰ੍ਹਾਂ ਦੀਆਂ ਨਹੀਂ ਜਿੱਦਾਂ ਤੁਸੀਂ ਜਾਂ ਹੋਰ ਸੋਚੀ ਬੈਠੇ ਹੋ।

ਸੈਕਸ ਸਾਡੀ ਬਾਇਲੋਜੀਕਲ ਲੋੜ ਹੈ। ਇਸ ਦੇ ਨਾਲ ਹੀ ਕ੍ਰਈਏਸ਼ਨ ਜੁੜੀ ਹੋਈ ਹੈ। ਇਸ ਤੋਂ ਕੋਈ ਬਚ ਨਹੀਂ ਸਕਦਾ। ਜੇ ਸੈਕਸ ਨਹੀਂ ਹੋਵੇਗਾ ਤਾਂ ਇਹ ਸ੍ਰਿਸ਼ਟੀ ਦਾ ਵਾਧਾ ਰੁਕ ਜਾਵੇਗਾ। ਓਸ਼ੋ ਨੇ ਕਿਤੇ ਲਿਖਿਆ ਹੈ ਕਿ 'ਮੈਂ ਜਿੰਨੀਆਂ ਵੇਸਵਾਵਾਂ ਨੂੰ ਮਿਲਿਆ, ਉਨ੍ਹਾਂ ਨੇ ਮੈਥੋਂ ਰੱਬ ਬਾਰੇ ਪੁੱਛਿਆ। ਰੱਬ ਬਾਰੇ ਗੱਲਾਂ ਕੀਤੀਆਂ। ਜਿੰਨੇ ਸਾਧਾਂ ਸੰਤਾਂ ਨੂੰ ਮਿਲਿਆਂ, ਉਨ੍ਹਾਂ ਨੇ ਔਰਤਾਂ ਬਾਰੇ ਗੱਲਾਂ ਕੀਤੀਆਂ।' ਮੇਰੀ ਇੱਕ ਕਹਾਣੀ ਹੈ-'ਮਾਤ੍ਰੇਸ਼੍ਰੀ'। ਉਸ ਦੀ ਪਾਤਰ ਮਾਂ, ਜਿਸ ਦਾ ਪਤੀ ਬਹੁਤਾ ਸਮਾਂ ਘਰੋਂ ਬਾਹਰ ਰਿਹਾ, ਪੰਜਾਹ ਸਾਲਾਂ ਦੀ ਉਮਰ 'ਚ ਪਹਿਲਾਂ ਟੀ ਵੀ 'ਤੇ ਫੇਰ ਮਾਲੀ ਪ੍ਰਤੀ ਉਤੇਜਿਤ ਹੁੰਦੀ ਹੈ। ਫ੍ਰਾਇਡ ਕਹਿੰਦਾ ਹੈ ਕਿ ਸਾਡੀਆਂ ਜਿਹੜੀਆਂ ਦਬੀਆਂ ਹੋਈਆਂ ਭਾਵਨਾਵਾਂ ਹਨ, ਉਹ ਪਿਛਲੀ ਉਮਰ 'ਚ ਉਜਾਗਰ ਹੋ ਜਾਂਦੀਆਂ ਹਨ। ਕਈ ਵਾਰ ਇਹ ਬਹੁਤ ਤੰਗ ਕਰਦੀਆਂ ਹਨ ਤੇ ਸਮਾਜ ਦੀਆਂ ਬਣਾਈਆਂ ਮਾਨਤਾਵਾਂ ਨੂੰ ਤੋੜ ਸੁੱਟਦੀਆਂ ਹਨ। ਗੁਰਬਖ਼ਸ਼ ਸਿੰਘ ਦੀ ਕਹਾਣੀ 'ਭਾਬੀ ਮੈਨਾ', ਸੁਜਾਨ ਸਿੰਘ ਦੀ 'ਰਾਸ ਲੀਲਾ' ਕਰਤਾਰ ਸਿੰਘ ਦੁੱਗਲ ਦੀਆਂ 'ਅੱਧ ਚਾਨਣੀ ਰਾਤ ਦਾ ਦੁਖਾਂਤ', ਅਜੀਤ ਕੌਰ ਦੀਆਂ ਕਈ ਕਹਾਣੀਆਂ, ਰਾਮ ਸਰੂਪ ਅਣਖੀ ਦੀ, 'ਸੁੱਤਾ ਨਾਗ' ਨੂੰ ਤੁਸੀਂ ਕਿਸ ਵਰਗ 'ਚ ਰੱਖੋਗੇ। ਸਾਡੇ ਆਲੋਚਕ ਤਾਂ ਮੇਰੀ ਕਹਾਣੀ 'ਬਲਾਤਕਾਰ' ਤੇ ਗੁਰਪਾਲ ਲਿੱਟ ਦੀ 'ਰੇਪ', ਸੁਖਜੀਤ ਦੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ' ਦੇ ਸਿਰਲੇਖ ਦੇਖ ਕੇ ਇਨ੍ਹਾਂ ਨੂੰ ਗੰਦੀ ਮਾਨਸਿਕਤਾ ਵਾਲੀਆਂ ਕਹਾਣੀਆਂ ਕਹਿੰਦੇ ਹੋਣੇ। ਜੇ ਕੋਈ ਧਿਆਨ ਨਾਲ ਪੜ੍ਹੇਗਾ ਤਾਂ ਉਸ ਨੂੰ ਕੋਈ ਹੋਰ ਹੀ ਸੰਸਾਰ ਮਿਲੇਗਾ। ਮੇਰੀ ਆਪਣੀ ਸੋਚ ਹੈ ਕਿ ਬੰਦਾ ਕਿਸੇ ਦੂਜੇ ਨਾਲ ਤਾਂ ਕੀ ਆਪਣੇ ਆਪ ਨਾਲ ਜਿਹਨੀ ਬਲਾਤਕਾਰ ਕਰਦਾ ਹੈ। ਮੇਰੀ ਕਹਾਣੀ ਦਾ ਪਾਤਰ ਸੰਤੋਖ ਸਿੰਘ ਆਪਣੇ ਮੁੰਡੂ ਨਾਲ ਆਰਥਿਕ ਬਲਾਤਕਾਰ ਕਰਦਾ ਹੈ। ਪਾਰਟੀ ਨਾਲ ਕਰਦਾ ਹੈ। ਪਰ ਇਨ੍ਹਾਂ ਤੋਂ ਇਲਾਵਾ ਜਦੋਂ ਬੰਦੇ ਨੂੰ ਲੱਗਦਾ ਹੈ ਕਿ ਮੈਂ ਤਾਂ ਆਪਣੇ ਆਪ ਨਾਲ ਹੀ ਬਲਾਤਕਾਰ ਕਰ ਰਿਹਾ ਹਾਂ ਤਾਂ ਇਹ ਸਥਿਤੀ ਵਿਸਫੋਟਕ ਹੋ ਜਾਂਦੀ ਹੈ। ਮੈਨੂੰ ਇਸ ਗੱਲ ਦਾ ਨਹੀਂ ਪਤਾ ਕਿ ਇਹ ਵਿਚਾਰ ਮੈਂ ਪਹਿਲੀ ਵਾਰ ਪੰਜਾਬੀ ਕਹਾਣੀ 'ਚ ਲਿਆਂਦਾ ਹੈ ਜਾਂ ਕਿਸੇ ਹੋਰ ਨੇ ਵੀ ਅਜਿਹੀ ਸੋਚ ਲੈ ਕੇ ਕਹਾਣੀ ਲਿਖੀ ਹੈ- ਮੈਂ ਆਪਣੇ ਅੰਦਾਜ਼ 'ਚ ਗੱਲ ਕੀਤੀ ਹੈ। ਮੈਨੂੰ ਹਮੇਸ਼ਾ ਅਰਸਤੂ ਦੀ ਥਿਊਰੀ 'Theory of Imitation' ਯਾਦ ਰਹਿੰਦੀ ਹੈ। ਮੈਂ ਆਪਣੇ ਸੀਨੀਅਰ ਕਹਾਣੀਕਾਰਾਂ ਕੋਲੋਂ ਬਹੁਤ ਕੁਝ ਸਿੱਖਿਆ ਹੈ ਤੇ ਬਹੁਤ ਕੁਝ ਸਿੱਖ ਰਿਹਾ ਹਾਂ। ਦੁਨੀਆਂ ਕਿੱਥੇ ਦੀ ਕਿੱਥੇ ਪਹੁੰਚ ਗਈ ਹੈ, ਅਸੀਂ ਅਜੇ ਵੀ ਅਠਾਰਵੀਂ-ਉਨੀਵੀਂ ਸਦੀ ਦੀ ਸੋਚ ਨੂੰ ਮੋਢਿਆਂ 'ਤੇ ਰੱਖੀ ਬੈਠੇ ਹਾਂ। ਹੁਣ ਇਸ 'ਚੋਂ ਬਾਹਰ ਨਿਕਲੋ। ਤਰਸੇਮ ਨੀਲਗਿਰੀ ਦੀ ਕਹਾਣੀ 'ਗੰਗਾ 'ਚੋਂ ਨਿਕਲੇ ਹੱਥ' ਪੜ੍ਹੋ। ਪਰਵੇਜ਼ ਸੰਧੂ ਦੀ 'ਮੇਰੀ ਲੂੰਬੜੀ' ਪੜ੍ਹੋ। ਤੁਸੀਂ ਤਾਂ ਬਲਵਿੰਦਰ ਗਰੇਵਾਲ ਦੀ ਕਹਾਣੀ 'ਸੂਰਜ ਦੀ ਪਿੱਠ ਨਹੀਂ ਹੁੰਦੀ' ਪੜ੍ਹ ਕੇ ਕਹੋਗੇ ਕਿ ਆਹ ਮਾਮੇ-ਭਾਣਜੀ ਦਾ ਰਿਸ਼ਤਾ ਕਿੱਦਾਂ ਬਣ ਗਿਆ। ਜੇ ਕੋਈ ਮੈਨੂੰ ਪੁੱਛੇ ਉੱਦਾਂ ਹੀ ਜਿੱਦਾਂ ਸਾਡੇ ਸਭਿਆਚਾਰ 'ਚ ਕਿਹਾ ਜਾਂਦਾ, "ਨੌਜੁਆਨ ਭੈਣ-ਭਰਾ ਨੂੰ ਇੱਕ ਛੱਤ ਥੱਲੇ ਨਹੀਂ ਸੌਣ ਦੇਣਾ ਚਾਹੀਦਾ।" ਇਸ ਵਿਸ਼ੇ ਨੂੰ ਲੈ ਕੇ ਸੁਖਜੀਤ ਦੀ 'ਬਰਫ' ਕਹਾਣੀ ਨੂੰ ਦੇਖਿਆ ਜਾ ਸਕਦਾ। ਹੁਣ ਤਾਂ ਸਾਡਾ ਕਾਮਰੇਡ ਦੋਸਤ ਬਲਬੀਰ ਪਰਵਾਨਾ ਵੀ ਸਮਾਜਿਕ ਮਰਿਆਦਾਵਾਂ ਨੂੰ ਤੋੜਕੇ ਇੱਕ ਹੋਰ ਹੀ ਦੁਨੀਆਂ ਕ੍ਰੀਏਟ ਕਰ ਰਿਹਾ ਹੈ ਜਿੱਥੇ, ਆਰਥਿਕਤਾ ਨੂੰ ਲੈ ਕੇ, ਸਭ ਕੁਝ ਜਾਇਜ਼ ਹੈ। ਇਸ ਸਮੇਂ ਦੀ ਸਭ ਤੋਂ ਚੰਗੀ ਗੱਲ ਇਹੀ ਹੈ ਕਿ ਸਾਡੇ 'ਤੇ ਕੋਈ ਵਾਦ ਨਹੀਂ ਠੋਸਿਆ ਗਿਆ। ਕੋਈ ਬੰਦਿਸ਼ਾਂ ਨਹੀਂ ਰੱਖੀਆਂ ਗਈਆਂ ਕਿ ਆਹ ਨਹੀਂ ਲਿਖਣਾ-ਔਹ ਨਹੀਂ ਲਿਖਣਾ। ਲਿਖੋ-ਖੁੱਲ੍ਹ ਕੇ ਲਿਖੋ-ਸਾਹਿਤਕ ਸੋਹਜ ਦਾ ਪੱਲਾ ਨਾ ਛੱਡਿਓ। ਪਾਠਕ ਤੁਹਾਨੂੰ ਆਪਣੇ ਲੱਭ-



ਲੱਭ ਕੇ ਪੜ੍ਹਨਗੇ।

? ਤੁਹਾਨੂੰ ਨਹੀਂ ਲੱਗਦਾ ਕਿ ਲੇਖਕ ਸੁਆਦ ਲੈਣ ਲਈ ਲਿਖਦਾ।

—ਆਪਣੇ ਅਖਾਣ ਹੈ ਨਾ ਸਾਧਾਂ ਨੂੰ ਕੀ ਨਾਲ ਸਵਾਦਾਂ ਦੇ। ਲੇਖਕ ਦੀ ਆਪਣੀ ਦੁਨੀਆਂ ਹੁੰਦੀ ਹੈ ਜਾਂ ਕਹਿ ਲਓ ਕਿ ਲੇਖਕ ਇੱਕ ਵੱਖਰੀ ਦੁਨੀਆਂ ਕ੍ਰੀਏਟ ਕਰਦਾ ਹੈ। ਇਸੇ ਲਈ ਲੇਖਕ ਨੂੰ ਕ੍ਰੀਏਟਰ ਕਿਹਾ ਜਾਂਦਾ ਹੈ। ਉਹ ਸੁਆਦ ਲੈਣ ਬਾਰੇ ਕਦੇ ਸੋਚਦਾ ਹੀ ਨਹੀਂ, ਉਸ ਦੀ ਸੋਚ ਇਸ ਪਾਸੇ ਜਾਂਦੀ ਹੀ ਨਹੀਂ। ਰਾਮ ਸਰੂਪ ਦੀ ਕਹਾਣੀ 'ਟੀਸੀ ਦਾ ਬੇਰ', ਤਲਵਿੰਦਰ ਸਿੰਘ ਦੀ 'ਦੂਸਰੀ ਔਰਤ', ਜਤਿੰਦਰ ਹਾਂਸ ਦੀ 'ਨੰਗੇਜ' ਜਾਂ ਬਲਦੇਵ ਸਿੰਘ ਦਾ ਨਾਵਲ 'ਲਾਲ ਬੱਤੀ, 'ਗੰਦਲੇ ਪਾਣੀ', ਬਲਬੀਰ ਪਰਵਾਨੇ ਦਾ 'ਸਿਮਟਦਾ ਅਕਾਸ਼' ਨਾਵਲ ਸੁਆਦ ਲੈਣ ਲਈ ਨਹੀਂ ਲਿਖੇ, ਸੋਚਣ ਵਿਚਾਰਨ ਲਈ ਲਿਖੇ ਗਏ ਹਨ। ਸਾਡੇ ਕੋਲ ਹਮੇਸ਼ਾ ਹੀ ਮੋਬਾਇਲ ਰਹਿੰਦਾ ਹੈ। ਜੇ ਸੁਆਦ ਹੀ ਲੈਣਾ ਹੈ ਤਾਂ ਮੋਬਾਇਲ 'ਤੇ ਨੈਟ ਖੋਲ੍ਹ ਕੇ ਸੁਆਦ ਲਈ ਜਾਓ। ਦੇਖੀ ਜਾਓ। ਸੁਆਦ ਲੈਣ ਲਈ ਬਥੇਰਾ ਲੁਗਦੀ ਸਾਹਿਤ ਹੈ। ਮੈਂ ਇੱਕ ਵਾਰ 'ਸ਼ਬਦ' ਦਾ 'ਵੇਸਵਾ ਵਿਸ਼ੇਸ਼ ਅੰਕ' ਕੱਢਣ ਲਈ ਵਿਉਂਤਬੰਦੀ ਕੀਤੀ। ਪੜ੍ਹਨਾ ਸ਼ੁਰੂ ਕੀਤਾ। ਰੂਸੀ ਨਾਵਲ 'ਗਾੜ੍ਹੀ ਵਾਲੋਂ ਕਾ ਕਟੜਾ', ਇਮਲੀ ਜੋਲਾ ਦਾ 'ਨੈਨਾ', ਜਗਦੰਬੇ ਪ੍ਰਸ਼ਾਦ ਦੀਕਸ਼ਤ ਦਾ 'ਮੁਰਦਾ ਘਰ', ਬੈਲਜੀਅਮ ਦੀ 14 ਸਾਲਾਂ ਵੇਸਵਾ ਦੀ ਸ੍ਵੈ-ਜੀਵਨੀ The Sweet Venom, ਫਰਾਂਸੀਸੀ ਜੀਵਨੀ The Callgirl, ਅੰਮ੍ਰਿਤ ਲਾਲ ਨਾਗਰ ਦੀ 'ਯੇ ਕੋਠੇਵਾਲੀਆਂ' ਤੇ ਹੋਰ ਅਨੇਕਾਂ ਪੁਸਤਕਾਂ ਪੜ੍ਹੀਆਂ। ਮੈਂ ਇਨ੍ਹਾਂ ਪੁਸਤਕਾਂ ਨੂੰ ਪੜ੍ਹਦਿਆਂ ਹੋਇਆਂ ਕੋਈ ਸੁਆਦ ਨਹੀਂ ਲਿਆ। ਮੇਰਾ ਇਸ ਪਾਸੇ ਧਿਆਨ ਹੀ ਨਹੀਂ ਗਿਆ। ਮੈਂ ਵਿਲੀਅਮ ਡੈਰੈਂਮਲ ਦਾ ਬਹੁਤ ਵੱਡਾ ਫੈਨ ਹਾਂ। ਮੈਂ ਉਸ ਦੀਆਂ ਪੁਸਤਕਾਂ Nine Lives ਤੇ The Last Mughal ਪੜ੍ਹੀਆਂ। ਹੁਣੇ-ਹੁਣੇ ਉਸ ਦੀ ਨਵੀਂ ਪੁਸਤਕ ਆਈ ਹੈ—The White Mughal. ਮੈਂ ਜੂਨ 2018 'ਚ ਗੁਵਾਹਟੀ ਜਾਣ ਲਈ ਦਿੱਲੀ ਏਅਰਪੋਰਟ 'ਤੇ ਬੁਕ ਕੌਰਨਰ 'ਤੇ ਖੜ੍ਹਾ ਸੀ। ਮੇਰੀ ਨਜ਼ਰ ਇਸ ਪੁਸਤਕ 'ਤੇ ਗਈ। ਇਸ 'ਚ ਮੁਗਲ ਰਾਜਿਆਂ ਦੇ ਦੋ ਸੌ ਸਾਲਾਂ ਦੇ ਨਾਜਾਇਜ਼ ਤੇ ਹੋਰ ਸੰਬੰਧਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹੈ। ਮੈਂ ਕਿਤਾਬ ਖਰੀਦੀ ਤਾਂ ਨਹੀਂ ਪਰ ਵਾਪਸੀ 'ਤੇ ਖਰੀਦਣ ਲਈ ਮਨ ਬਣਾ ਲਿਆ ਸੀ। ਜਦੋਂ ਵਿਲੀਅਮ ਡੈਰੈਂਮਲ ਜਾਂ ਸੁਧੀਰ ਕੱਟੜ ਦੀ ਕੋਈ ਕਿਤਾਬ ਛਪੇ ਤਾਂ ਮੈਂ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਦੀਆਂ ਕਿਤਾਬਾਂ ਮੰਗਵਾ ਲੈਂਦਾ ਹਾਂ। ਜਿੰਨਾ ਚਿਰ ਇਨ੍ਹਾਂ ਨੂੰ ਪੜ੍ਹ ਨਾ ਲਵਾਂ—ਮੈਂ ਬੇਚੈਨ ਰਹਿੰਦਾ ਹਾਂ। ਯਾਦ ਆਇਆ। ਉਸ ਦੇ ਪਾਠਕ ਸੁਆਦ ਲੈਂਦੇ ਹੋਣ ਪਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਲਹਿੰਦੇ ਪੰਜਾਬ ਦਾ ਕਹਾਣੀਕਾਰ ਖਾਲਿਦ ਫ਼ਰਹਾਦ ਧਾਰੀਵਾਲ ਜਦੋਂ 'ਮਾਲਕਣ' ਕਹਾਣੀ ਲਿਖਦਾ ਹੈ ਤਾਂ ਉਹ ਇਸ ਪ੍ਰਤੀ ਚੇਤੰਨ ਹੈ ਕਿ ਇਸ 'ਚ ਸੁਆਦ ਵਰਗਾ ਕੁਝ ਨਹੀਂ ਪਰ ਸਥਿਤੀਆਂ ਦਾ ਕਿਹੋ ਜਿਹਾ ਵਿਰੋਧਾਭਾਸ ਬਣਦਾ ਹੈ ਕਿ ਮਾਂ ਆਪਣੀ ਬੀਮਾਰ ਧੀ ਨੂੰ ਸਮਝਾਉਂਦੀ ਹੈ, 'ਭੁੱਖੇ ਬਘਿਆੜ ਨੂੰ ਛੇੜ ਕੇ ਘਰ ਉਜਾੜਨਾ ਈ ਆਪਣਾ ? ਰੌਲਾ ਪਾਉਣ ਦੀ ਕੀ ਲੋੜ ਏ ? ਸਿਆਣੀ ਬਣ ! ਐਦਾਂ ਕਰਨ ਨਾਲ ਉਹਨੇ ਕੋਈ ਉਹਦੀ ਤੀਵੀਂ ਬਣ ਜਾਣਾ। ਸ਼ੁਕਰ ਕਰ, ਤੇਰਾ ਈ ਭਾਰ ਚੁੱਕਿਆ ਹੋਇਆ ਸੂ। ਭਲਾ ਹੋਵੇ ਉਹਦਾ ਜਿਨ੍ਹੇ ਘਰ ਦੇ ਚੁੱਲ੍ਹੇ ਨਾਲ ਜੁੱਲਾ ਵੀ ਸੰਭਾਲਿਆ ਹੋਇਆ ਏ।' ਮਾਂ ਮੈਨੂੰ ਸੁਣਾਉਂਦੀ ਜਾ ਰਹੀ ਸੀ। ਹੁਣ ਇਹ ਪਤਾ ਲੱਗਿਆ ਏ ਤਾਂ ਮੈਂ ਚਿੰਤਾਮੁਕਤ ਹੋ ਗਈ ਆਂ। 'ਬਾਹਰ ਮੂੰਹ ਮਾਰਨ ਨਾਲੋਂ ਚੰਗਾ ਏ ਘਰ ਵਿੱਚ ਈ ਤ੍ਰੇਹ ਬੁਝਦੀ ਰਹੇ ਉਹਦੀ। ਧੀਏ ! ਹੁਣ ਤੈਨੂੰ ਸੌਂਕਣ ਦਾ ਡਰ ਕਿਹਾ ?' ਕਿਸੇ ਹੋਰ ਲੇਖਕ ਬਾਰੇ ਪਾਠਕਾਂ/ਆਲੋਚਕਾਂ/ਲੇਖਕਾਂ ਨੇ ਅਜਿਹਾ ਕੁਝ ਕਿਹਾ ਹੋਵੇ ਮੈਨੂੰ ਨਹੀਂ

ਪਤਾ। ਔਰਤ-ਮਰਦ ਸੰਬੰਧਾਂ ਬਾਰੇ ਲੱਖਾਂ ਹੀ ਕਹਾਣੀਆਂ ਲਿਖੀਆਂ ਗਈਆਂ ਹਨ, ਲਿਖੀਆਂ ਜਾਣਗੀਆਂ। ਮੈਂ ਆਪ 'ਔਰਤ-ਮਰਦ ਸੰਬੰਧਾਂ ਦੀਆਂ ਕਹਾਣੀਆਂ' ਤੇ 'ਸੱਪ ਦੀ ਅੱਖ' ਦੋ ਪੁਸਤਕਾਂ ਸੰਪਾਦਤ ਕੀਤੀਆਂ। ਜਿਸ 'ਚ 46+23 ਕਹਾਣੀਆਂ ਸ਼ਾਮਿਲ ਕੀਤੀਆਂ ਹਨ। ਮੈਂ ਇਨ੍ਹਾਂ ਕਹਾਣੀਆਂ ਨੂੰ ਚੁਣਨ ਤੋਂ ਪਹਿਲਾਂ ਪੜ੍ਹਿਆ। ਦੋ ਵਾਰ ਇਨ੍ਹਾਂ ਦੇ ਪਰੂਫ ਪੜ੍ਹੇ। ਮੈਨੂੰ ਇੱਕ ਵਾਰ ਵੀ ਇਸ ਗੱਲ ਦਾ ਅਹਿਸਾਸ ਨਹੀਂ ਹੋਇਆ ਕਿ ਕਿਸੇ ਵੀ ਕਹਾਣੀਕਾਰ ਨੇ ਕਹਾਣੀ ਲਿਖਣ ਵੇਲੇ ਸੁਆਦ ਲਿਆ ਹੋਵੇ। ਸਾਡੇ ਲੇਖਕ/ਆਲੋਚਕ ਬਹੁਤਾ ਪੜ੍ਹਦੇ ਤਾਂ ਹੈ ਨਹੀਂ-ਐਵੇਂ ਹਵਾ 'ਚ ਤੀਰ ਚਲਾਉਂਦੇ ਰਹਿੰਦੇ ਹਨ। ਮੈਂ ਪੰਦਰ੍ਹਾਂ-ਸੋਲ੍ਹਾਂ ਵਾਰ 'ਭਗਵਤ ਗੀਤਾ' ਪੜ੍ਹੀ। ਹਰ ਵਾਰ ਕਈ ਕੁਝ ਨਵਾਂ ਸਿੱਖਿਆ। ਇੱਕ ਸਾਲ ਰਾਧਾਕ੍ਰਿਸ਼ਨ ਦੀ ਫਿਲਾਸਫੀ ਪੜ੍ਹੀ। ਲੋਕ-ਕਹਾਣੀਆਂ ਪੜ੍ਹੀਆਂ। ਵੱਖ-ਵੱਖ ਜ਼ੁਬਾਨਾਂ ਦੀਆਂ। ਮੈਨੂੰ ਇੱਕ ਵਾਰ ਝੱਲ ਉੱਠਿਆ 1947 ਬਾਰੇ ਪੜ੍ਹਨ ਦਾ। ਸੌ ਤੋਂ ਜ਼ਿਆਦਾ ਕਿਤਾਬਾਂ ਪੜ੍ਹੀਆਂ। ਮਾਰਚ, 2018 ਨੂੰ ਦਿੱਲੀ ਗਿਆ ਤਾਂ ਆਰਸੀ ਵਾਲੇ ਰਣਜੀਤ ਕੋਲ 1947 ਬਾਰੇ ਪੀਪਾ ਵਿਰਦੀ ਦੀ ਪੁਸਤਕ From The Ashes of 1947 ਪਈ ਦੇਖੀ। ਮੈਂ ਧੱਕੇ ਨਾਲ ਉਸ ਕੋਲੋਂ ਚੁੱਕ ਲਿਆਇਆ। ਉਹ ਕਹੀ ਜਾਵੇ, "ਜਿੰਦਰ ਜੀ, ਮੈਂ ਬੜੀ ਮੁਸ਼ਕਲ ਨਾਲ ਇਹ ਪੁਸਤਕ ਮੰਗਵਾਈ। ਮੈਂ ਤੁਹਾਨੂੰ ਹੋਰ ਮੰਗਵਾ ਦਵਾਂਗਾ....।" ਮੈਂ ਇਹੀ ਕਿਹਾ, "ਜਿੰਨੇ ਦੀ ਕਿਤਾਬ ਆਈ ਹੈ, ਮੈਥੋਂ ਪੈਸੇ ਲੈ ਲਓ। ਤੁਸੀਂ ਆਪੇ ਮੰਗਵਾ ਲਓ।" ਉਹ ਬਾਹਰ ਤੱਕ ਛੱਡਣ ਆਇਆ। ਕਿਤਾਬ ਮੰਗਦਾ ਰਿਹਾ ਪਰ ਮੈਂ ਨਹੀਂ ਦਿੱਤੀ। ਤੁਸੀਂ ਇਸ ਨੂੰ ਮੇਰੀ ਮਾੜੀ ਆਦਤ ਵੀ ਕਹਿ ਸਕਦੇ ਹੋ ਪਰ ਇਹ ਮੇਰਾ ਜਨੂੰਨ ਹੈ। ਸੁਆਦ ਲੈਣ ਦੀ ਵੀ ਇੱਕ ਉਮਰ ਹੁੰਦੀ ਹੈ। ਲੇਖਕ ਦੀ ਉਦੋਂ ਹੁੰਦੀ ਹੈ ਜਦੋਂ ਉਹ ਲਿਖਣਾ ਸ਼ੁਰੂ ਕਰਦਾ ਹੈ। ਇਹ ਵੀ ਕਿਸੇ ਕਿਸੇ ਨਾਲ ਹੁੰਦਾ ਹੈ। ਆਟੇ 'ਚ ਲੂਣ ਵਾਂਗੂੰ। ਲੇਖਕ ਨੂੰ ਪਤਾ ਹੁੰਦਾ ਹੈ ਕਿ ਉਹ ਕੀ ਲਿਖ ਰਿਹਾ ਹੈ। ਜਦੋਂ ਮੋਹਨ ਭੰਡਾਰੀ ਨੇ 'ਨੱਥ' ਕਹਾਣੀ ਲਿਖੀ ਤਾਂ ਉਨ੍ਹਾਂ ਨੂੰ ਪਤਾ ਸੀ ਕਿ ਉਹ ਕਿਸ ਵਿਸ਼ੇ 'ਤੇ ਲਿਖ ਰਹੇ ਹਨ।

? ਲੇਖਕ ਸੁਆਦ ਲੈਣ ਲਈ ਹਰ ਰਿਸ਼ਤੇ ਨੂੰ ਸੈਕਸ ਵਾਲੇ ਪੱਖ ਤੋਂ ਦੇਖਦਾ ਹੈ।

—ਸਾਡੇ ਸਮਾਜ 'ਚ ਸੈਕਸ ਦਾ ਅਹਿਮ ਸਥਾਨ ਹੈ। ਹਿੰਦੂ ਮਿਥਿਹਾਸ ਮੁਤਾਬਕ ਜਦੋਂ ਸ਼ਿਵ ਜੀ ਨੇ ਕਾਮ ਦੀ ਉਤਪਤੀ ਕੀਤੀ ਤਾਂ ਬ੍ਰਹਮਾ ਜੀ ਬੋਲੇ, "ਮਹਾਰਾਜ ਇਹਦੀ ਸ਼ਕਤੀ ਤਾਂ ਦਿਖਾਓ।" ਸ਼ਿਵ ਜੀ ਨੇ ਉਨ੍ਹਾਂ ਨੂੰ ਵਾਰ-ਵਾਰ ਕਿਹਾ ਕਿ ਚੰਗੀ ਗੱਲ ਇਹੀ ਹੈ ਕਿ ਤੁਸੀਂ ਇਹਦੀ ਸ਼ਕਤੀ ਨੂੰ ਨਾ ਦੇਖੋ। ਬ੍ਰਹਮਾ ਜੀ ਦੇ ਜ਼ੋਰ ਦੇਣ 'ਤੇ, ਸ਼ਿਵ ਜੀ ਨੇ ਜਦੋਂ ਕਾਮ ਦੀ ਸ਼ਕਤੀ ਦਿਖਾਈ ਤਾਂ ਬ੍ਰਹਮਾ ਜੀ ਸਾਹਮਣੇ ਬੈਠੀ ਆਪਣੀ ਧੀ 'ਤੇ ਹੀ ਮੋਹਿਤ ਹੋ ਗਏ। ਉਨ੍ਹਾਂ ਦੀ ਧੀ ਉੱਠ ਕੇ ਦੌੜ ਪਈ। ਜੇ ਉਸ ਨੇ ਸ਼ੇਰਨੀ ਦਾ ਰੂਪ ਧਾਰ ਲਿਆ ਤਾਂ ਬ੍ਰਹਮਾ ਜੀ ਨੇ ਸ਼ੇਰ ਦਾ ਰੂਪ ਧਾਰ ਲਿਆ। ਜੇ ਉਹ ਹੱਥਣੀ ਬਣ ਗਈ ਤਾਂ ਬ੍ਰਹਮਾ ਜੀ ਹਾਥੀ ਬਣ ਗਏ। ਹਰ ਰਿਸ਼ਤਾ ਤਾਂ ਨਹੀਂ ਔਰਤ-ਮਰਦ ਦੇ ਰਿਸ਼ਤੇ ਨੂੰ ਸੈਕਸ ਦੇ ਪੱਖ ਤੋਂ ਦੇਖਿਆ ਜਾਂਦਾ ਹੈ। ਮੇਰੇ ਤਾਇਆ ਜੀ, ਜਿਹੜੇ ਕਿ ਕੋਰੇ ਅਨਪੜ੍ਹ ਸਨ ਤੇ ਸੁਨਿਆਰਾ ਤੇ ਲੁਹਾਰਾ ਤਰਖਾਣਾ ਦਾ ਕੰਮ ਕਰਦੇ ਸਨ, ਅਕਸਰ ਕਿਹਾ ਕਰਦੇ ਸਨ, "ਅਸੀਂ ਆਪਣੀ ਧੀ ਦੀ ਰੋਟੀ, ਕੱਪੜਾ, ਮਕਾਨ ਤੇ ਉਸ ਦੀਆਂ ਹੋਰ ਲੋੜਾਂ ਪੂਰੀਆਂ ਕਰ ਸਕਦੇ ਹਾਂ ਪਰ ਘਰ 'ਚ ਰੱਖ ਕੇ ਬੰਦਾ ਨ੍ਹੀਂ ਦੇ ਸਕਦੇ।" ਉਹ ਬਹੁਤ ਵੱਡੀ ਗੱਲ ਕਰਦੇ ਸਨ। ਮੁਟਿਆਰ ਨੂੰ ਸਾਥੀ ਦੀ ਲੋੜ ਹੁੰਦੀ ਹੈ। ਸਾਡੇ ਬਜ਼ੁਰਗਾਂ ਨੇ ਬਹੁਤ ਕੁਝ ਸੋਚ ਸਮਝ ਕੇ ਵਿਆਹ ਦੀ ਪ੍ਰਥਾ ਸ਼ੁਰੂ ਕੀਤੀ ਸੀ। ਸਿੱਧੀ ਜਿਹੀ ਗੱਲ ਹੈ ਕੁਦਰਤ ਨੇ ਮਰਦ ਤੇ ਔਰਤ ਪੈਦਾ ਕੀਤੇ। ਬਾਕੀ ਦੁਨਿਆਵੀ ਸੰਬੰਧ ਤਾਂ ਸਾਡੇ ਸਮਾਜ ਨੇ ਪੈਦਾ ਕੀਤੇ ਹਨ। ਆਹ ਮੇਰੀ ਭੂਆ ਹੈ, ਫੁਫੜ ਹੈ, ਮਾਸੀ ਹੈ, ਮਾਸੜ ਹੈ, ਚਾਚਾ ਹੈ, ਚਾਚੀ ਹੈ, ਸਾਲਾ ਹੈ,



ਸਾਲੀ ਹੈ। ਹੋਰ ਬਥੇਰੇ ਰਿਸ਼ਤੇ ਹਨ। ਸੈਕਸ ਦੀ ਇੱਕ ਉਮਰ ਹੁੰਦੀ ਹੈ। ਇੱਕ ਪੀਰੀਅਡ ਹੁੰਦਾ ਹੈ। ਮੈਂ ਜੁਲਾਈ 2012 'ਚ ਪਹਿਲੀ ਵਾਰ ਅਮਰੀਕਾ ਗਿਆ। ਹਰਮਹਿੰਦਰ ਚਹਿਲ ਦੇ ਵੱਡੇ ਮੁੰਡੇ ਨਾਲ ਬਹੁਤ ਸਾਰੀਆਂ ਗੱਲਾਂ ਹੋਈਆਂ। ਉਸ ਦੱਸਿਆ, "ਅੰਕਲ ਜੀ, ਤੁਹਾਡੇ ਜਿਸ ਕੰਮ ਲਈ ਵਿਆਹ ਕਰਦੇ ਨੇ, ਉਹ ਅਸੀਂ ਵਿਆਹ ਤੋਂ ਪਹਿਲਾਂ ਹੀ ਮਾਣ ਚੁੱਕੇ ਹੁੰਦੇ ਆਂ। ਮੈਂ ਵਿਆਹ ਜੀਵਨ-ਸਾਥੀ ਬਣਾਉਣ ਲਈ ਕਰਨਾ, ਸੈਕਸ ਕਰਨ ਲਈ ਨ੍ਹੀਂ।' ਲੇਖਕ, ਜੋ ਲਿਖਦਾ ਹੈ, ਉਹ ਉਸ ਦੇ ਅਵਚੇਤਨ 'ਚ ਪਿਆ ਹੁੰਦਾ ਹੈ। ਜੋ ਉਹ ਲਿਖਦਾ ਹੈ, ਉਹ ਕਦੇ ਵੀ ਸੁਆਦ ਨਹੀਂ ਲੈਂਦਾ ਤੇ ਨਾ ਹੀ ਉਹ ਕਦੇ ਚਾਹੁੰਦਾ ਹੈ ਕਿ ਉਸ ਦੇ ਪਾਠਕ ਸੁਆਦ ਲੈਣ। ਜੇ ਤੁਸੀਂ ਮੈਨੂੰ ਪੁੱਛੋ ਕਿ ਮੈਨੂੰ ਔਰਤ ਦਾ ਕਿਹੜਾ ਪੱਖ ਜ਼ਿਆਦਾ ਚੰਗਾ ਲੱਗਦਾ ਹੈ, ਤਾਂ ਮੇਰੇ ਸਾਹਮਣੇ ਪਹਿਲਾਂ ਮਾਂ ਆਉਂਦੀ ਹੈ। ਭੈਣ ਆਉਂਦੀ ਹੈ। ਮੇਰੀ ਕੋਈ ਧੀ ਨਹੀਂ ਇਸ ਲਈ ਮੈਨੂੰ ਧੀ ਬਾਰੇ ਬਹੁਤਾ ਨਹੀਂ ਪਤਾ ਪਰ ਜਦੋਂ ਕਦੇ ਵੀ ਦਲਬੀਰ ਚੇਤਨ ਦੀ ਬੇਟੀ ਸਰਘੀ ਦਾ ਫੋਨ ਆਵੇ ਜਾਂ ਜਦੋਂ ਕਿਸੇ ਵਿਦਿਆਰਥਣ, ਜੋ ਮੇਰੀਆਂ ਕਹਾਣੀਆਂ 'ਤੇ ਐਮ. ਫਿਲ. ਜਾਂ ਪੀ. ਐੱਚ ਡੀ. ਕਰ ਰਹੀ ਹੈ, ਦਾ ਫੋਨ ਆਵੇ ਤਾਂ ਮੈਂ ਉਸ ਨੂੰ ਧੀ ਕਹਿ ਕੇ ਗੱਲਾਂ ਕਰਦਾ ਹਾਂ। ਮੈਂ ਇਹ ਸੋਚ ਕੇ ਨਹੀਂ ਕਹਿੰਦਾ- ਇਹ ਤਾਂ ਮੇਰੇ ਅਚੇਤ ਮਨ 'ਚੋਂ ਹੀ ਨਿਕਲ ਜਾਂਦਾ ਹੈ। ਮੈਂ ਆਪਣੀ ਛੋਟੀ ਜਾਂ ਵੱਡੀ ਨੂੰਹ ਨੂੰ ਉਸ ਦਾ ਨਾਂ ਲੈ ਕੇ ਨਹੀਂ ਬੁਲਾਉਂਦਾ, ਧੀ ਕਹਿ ਕੇ ਆਵਾਜ਼ ਮਾਰਦਾ ਹਾਂ। ਸ਼ੁਰੂ-ਸ਼ੁਰੂ 'ਚ ਜਦੋਂ ਛੋਟੀ ਨੂੰਹ ਨਵੀਂ-ਨਵੀਂ ਵਿਆਹੀ ਸਾਡੇ ਪਰਿਵਾਰ 'ਚ ਆਈ ਤਾਂ ਮੈਂ ਉਸ ਨੂੰ ਰੁਪਿੰਦਰ ਕਹਿ ਕੇ ਆਵਾਜ਼ ਮਾਰਦਾ ਤਾਂ ਮੇਰੇ ਮਿਸਿਜ਼ ਨੇ ਮੈਨੂੰ ਸਮਝਾਇਆ, "ਨਾਂ ਨ੍ਹੀਂ ਧੀ ਜਾਂ ਪੁੱਤ ਕਹਿ ਕੇ ਬੁਲਾਇਆ ਕਰੋ।" ਮੇਰੇ ਵਰਗਾ ਕਹਾਣੀਕਾਰ, ਜਿਹੜਾ ਆਪਣੇ ਰਿਸ਼ਤਿਆਂ ਪ੍ਰਤੀ ਹਰ ਪਲ ਸੁਚੇਤ ਰਹਿੰਦਾ ਹੈ, ਉਹ ਮਰਿਆਦਾ ਨੂੰ ਕਿੱਦਾਂ ਭੰਗ ਕਰ ਸਕਦਾ ਹੈ। ਇਹੀ ਕੁਝ ਕਹਾਣੀ ਲਿਖਣ ਵੇਲੇ ਹੁੰਦਾ ਹੈ। ਮੇਰੇ ਨਾਲ ਨਹੀਂ ਜਿੱਥੋਂ ਤੱਕ ਦੀ ਮੈਨੂੰ ਜਾਣਕਾਰੀ ਹੈ, ਕੋਈ ਵੀ ਲੇਖਕ ਸੁਆਦ ਲੈਣ ਲਈ ਕਿਸੇ ਵੀ ਰਿਸ਼ਤੇ ਨੂੰ ਸੈਕਸ ਪੱਖੋਂ ਨਹੀਂ ਦੇਖਦਾ। ਹੁਣ ਤੁਸੀਂ ਦੇਖ ਲਓ। ਜਦੋਂ ਵੀ ਤੁਹਾਡਾ ਫੋਨ ਆਇਆ, ਮੈਂ ਤੁਹਾਨੂੰ ਧੀ, ਕਹਿ ਕੇ ਗੱਲਾਂ ਕੀਤੀਆਂ। ਜਦੋਂ ਤੁਹਾਡਾ ਪਹਿਲੀ ਵਾਰ ਫੋਨ ਆਇਆ ਤਾਂ ਮੈਂ ਤੁਹਾਨੂੰ ਕਿਹਾ ਸੀ, "ਤੁਸੀਂ ਮੈਨੂੰ ਅੰਕਲ ਸਮਝ ਕੇ ਕੋਈ ਵੀ ਗੱਲ ਪੁੱਛ ਸਕਦੇ ਹੋ।" ਹਾਂ- ਕੋਈ ਪਾਠਕ ਕਿਸੇ ਰਿਸ਼ਤੇ 'ਚੋਂ ਸੈਕਸ ਵਾਲੇ ਪੱਖ ਤੋਂ ਸੁਆਦ ਲੈ ਸਕਦਾ ਹੈ। ਉਹ ਵੀ ਸਾਧਾਰਨ ਪਾਠਕ। ਸਿਆਣਾ ਪਾਠਕ ਤਾਂ ਇਸ ਪੱਖ ਬਾਰੇ ਸੋਚ ਹੀ ਨਹੀਂ ਸਕਦਾ। ਉਸ ਦਾ ਇਸ ਪਾਸੇ ਧਿਆਨ ਜਾ ਹੀ ਨਹੀਂ ਸਕਦਾ। ਲੇਖਕ ਦੀ ਵੀ ਕੋਈ ਜ਼ੁੰਮੇਵਾਰੀ ਹੁੰਦੀ ਹੈ। ਸਾਹਿਤ ਦੀਆਂ ਆਪਣੀਆਂ ਮਰਿਆਦਾਵਾਂ ਹਨ। ਮੈਂ ਤਾਂ ਇਨ੍ਹਾਂ ਪ੍ਰਤੀ ਹਮੇਸ਼ਾ ਸੁਚੇਤ ਰਹਿੰਦਾ ਹੈ। ਮੈਨੂੰ ਪਤਾ ਹੈ ਜਿਹੜੀ ਮੈਂ ਕਹਾਣੀ ਲਿਖ ਰਿਹਾ ਹਾਂ, ਇਹ ਕਿਸੇ ਕਾਲਜ ਜਾਂ ਯੂਨੀਵਰਸਿਟੀ ਦੇ ਵਿਦਿਆਰਥੀ ਜਾਂ ਪ੍ਰੋਫੈਸਰ ਨੇ ਵੀ ਪੜ੍ਹਨੀ ਹੈ। ਮੈਂ, ਜੋ ਲਿਖਿਆ ਹੈ, ਉਸ ਪ੍ਰਤੀ ਜੁਆਬਦੇਹ ਹਾਂ। ਜੇ ਮੈਨੂੰ ਇਸ ਬਾਰੇ ਕੋਈ ਪ੍ਰਸ਼ਨ ਪੁੱਛੇਗਾ ਤਾਂ ਮੈਨੂੰ ਜੁਆਬ ਦੇਣਾ ਪਵੇਗਾ। ਉਸ ਨੂੰ ਸੰਤੁਸ਼ਟ ਕਰਨਾ ਪਵੇਗਾ। ਚਲੋ, ਆਪਣੀ ਕਹਾਣੀ 'ਆਤਮ-ਪੁਰਾਣ' ਰਾਹੀਂ ਤੁਹਾਨੂੰ ਸਮਝਾਉਂਦਾ ਹੈ। ਇਸ ਕਹਾਣੀ 'ਚ ਤਿੰਨ ਔਰਤਾਂ ਹਨ। ਮਨਪ੍ਰੀਤ, ਸਪਨਾ ਤੇ ਕੁਲਬੀਰ। ਕਹਾਣੀ ਤਿੰਨ ਸ਼ਬਦਾਂ ਨਾਲ ਸ਼ੁਰੂ ਹੁੰਦੀ ਹੈ। ਮਰਜਾਣੀਏ। ਕੁੱਤੀਏ। ਲੁੱਚੀਏ। ਇਹ ਤਿੰਨੇ ਸ਼ਬਦ ਸਾਡੀਆਂ ਔਰਤਾਂ ਅਕਸਰ ਵਰਤਦੀਆਂ ਹਨ। ਅਨਪੜ੍ਹ ਵੀ ਤੇ ਪੜ੍ਹੀਆਂ-ਲਿਖੀਆਂ ਵੀ। ਮੈਂ ਆਪਣੇ ਘਰਾਂ 'ਚ, ਡੀ. ਏ. ਵੀ. ਕਾਲਜ ਜਲੰਧਰ ਤੋਂ ਐਮ. ਏ. ਕਰਦਿਆਂ ਤੇ ਦਫ਼ਤਰਾਂ 'ਚ ਇਹ ਸ਼ਬਦ ਅਕਸਰ ਸੁਣੇ ਹਨ। ਜੁਆਨੀ 'ਚ ਤਿੰਨੇ ਔਰਤਾਂ ਭਾਵੁਕ ਹੋ ਕੇ ਇੰਟਰਕਾਸਟ ਮੈਰਿਜ ਕਰਵਾ ਲੈਂਦੀਆਂ ਹਨ। ਜਦੋਂ ਬੱਚੇ ਵੱਡੇ ਹੋ

ਜਾਂਦੇ ਹਨ ਤਾਂ ਉਹ ਆਪਣੇ ਹੀ ਤਰ੍ਹਾਂ ਦੀ ਇਕੱਲਤਾ ਮਹਿਸੂਸ ਕਰਨ ਲੱਗਦੀਆਂ ਹਨ। ਸੁਪਨਾ ਪਾਤਰ 'ਚ ਆਪਣੀ ਜਾਤ ਦੇ ਮਰਦ ਨੂੰ ਭੋਗਣ ਦੀ ਇੱਛਾ ਪੈਦਾ ਹੁੰਦੀ ਹੈ। ਸਪਨਾ ਮੈਂ ਪਾਤਰ ਨੂੰ ਕਹਿੰਦੀ ਹੈ, "ਹੁਣ ਜਦੋਂ ਤੇਜਵੰਤ ਮੇਰੇ ਨਾਲ ਸੌਣ ਦੀ ਜ਼ਿੱਦ ਕਰਦਾ ਹਾਂ ਮੈਨੂੰ ਉਸ ਕੋਲੋਂ ਕਚਿਆਣ ਆਉਂਦੀ।" ਇਹ ਉਸ ਦੇ ਮਨ ਦੀਆਂ ਗੰਢਾਂ ਹਨ ਜਿਹੜੀਆਂ ਕਿ ਇਕ-ਇਕ ਕਰਕੇ ਖੁੱਲ੍ਹ ਰਹੀਆਂ ਹਨ। ਮੇਰਾ ਖਿਆਲ ਨਹੀਂ ਕਿਸੇ ਹੋਰ ਨੇ ਇਸ ਵਿਸ਼ੇ ਨੂੰ ਲੈ ਕੇ ਕਹਾਣੀ ਲਿਖੀ ਹੋਵੇ। ਕਹਾਣੀ ਦਾ ਨਾਂ 'ਆਤਮ-ਪੁਰਾਣ' ਹੈ। ਇਸ ਤੋਂ ਵੀ ਬੜਾ ਕੁਝ ਜਾਹਿਰ ਹੋ ਜਾਂਦਾ ਹੈ ਤੇ ਬਹੁਤ ਕੁਝ ਲੁਕਿਆ ਵੀ ਰਹਿੰਦਾ ਹੈ। ਆਖਿਰ 'ਚ ਕੁਲਬੀਰ ਸੰਤ ਭੱਟਾਚਾਰੀਆ ਨੂੰ ਇਸ ਭੇਤ ਬਾਰੇ ਪੁੱਛਣਾ ਚਾਹੁੰਦੀ ਹੈ 'ਜੇ ਮਿਲ ਪਵੇ ਤਾਂ ਪੁੱਛਾਂ ਕਿ ਸਪਨਾ ਦੀ ਕੇਸ ਹਿਸਟਰੀ ਕੰਪਿਊਟਰ 'ਚ ਫੀਡ ਕਰਕੇ ਦੱਸ ਕੋਈ ਐਦਾਂ ਵੀ ਰਿਸ਼ਤਾ ਤੋੜ ਸਕਦਾ?' ਜ਼ਿੰਦਗੀ ਐਨੀ ਸਰਲ ਨਹੀਂ ਜਿੰਨੀ ਅਸੀਂ ਸਮਝ ਲੈਂਦੇ ਹਾਂ। ਮੇਰੇ ਇੱਕ ਦੋਸਤ ਦੀ ਗੋਰੀ ਫਰੈਂਡ ਸੀ। ਗੋਰੀ ਦੇ ਭਰਾ ਨੂੰ ਕੈਂਸਰ ਹੋ ਗਿਆ। ਜਦੋਂ ਉਸ ਦਾ ਭਰਾ ਜ਼ਿਆਦਾ ਤਕਲੀਫ 'ਚ ਹੁੰਦਾ ਤਾਂ ਉਹ ਗੋਰੀ ਮੇਰੇ ਦੋਸਤ ਕੋਲ ਆਉਂਦੀ। ਉਸ ਨੂੰ ਸੈਕਸ ਲਈ ਆਪ ਤਿਆਰ ਕਰਦੀ। ਜਿਸ ਦਿਨ ਉਸ ਦੇ ਭਰਾ ਦੀ ਮੌਤ ਹੋਈ ਤਾਂ ਉਹ ਮੇਰੇ ਦੋਸਤ ਕੋਲ ਆ ਕੇ ਵਾਰ ਵਾਰ ਰੋਈ ਤੇ ਕਈ ਵਾਰ ਉਸ ਨਾਲ ਸੁੱਤੀ। ਹੁਣ ਅਸੀਂ ਇਸ ਨੂੰ ਕੀ ਆਖਾਂਗੇ। ਮੇਰੀ੍ਰਕਹਾਣੀ ਹੈ 'ਕਿਤੇ ਕੋਈ ਹੈ'। ਇਸ ਦੀ ਪਾਤਰ ਬਿੱਲੋ ਦੇ ਪਤੀ ਨੂੰ ਅਧਰੰਗ ਦਾ ਦੌਰਾ ਪੈਂਦਾ ਹੈ। ਦੂਜੇ ਪਾਸੇ ਮੈਂ ਪਾਤਰ ਦੀ ਪਤਨੀ ਦੀ ਵੀ ਇਹੋ ਜਿਹੀ ਸਥਿਤੀ ਹੈ। ਦੋਵੇਂ ਹਸਪਤਾਲ 'ਚ ਦਾਖਲ ਹਨ। ਬਿਲੋ ਤੇ ਮੈਂ ਪਾਤਰ ਦੀ ਹਸਪਤਾਲ 'ਚ ਮੁਲਾਕਾਤ ਹੁੰਦੀ ਹੈ। ਦੋਹਾਂ ਦੀ ਸਾਂਝ ਬਣਦੀ ਹੈ। ਇਸ ਸਾਂਝ ਦਾ ਆਧਾਰ 'ਦੁੱਖ' ਹੈ। ਇਸੇ 'ਦੁੱਖ' ਤੋਂ ਕੁਝ ਪਲਾਂ ਦੇ ਛੁਟਕਾਰੇ ਲਈ ਉਨ੍ਹਾਂ ਦੇ ਆਪਸੀ ਸੰਬੰਧ ਬਣਦੇ ਹਨ। ਦੋਹਾਂ ਨੂੰ ਲੱਭਦਾ ਹੈ ਕਿ ਉਨ੍ਹਾਂ ਨੂੰ ਇਕ-ਦੂਜੇ ਦੀ ਲੋੜ ਹੈ। ਕਿਤੇ ਵੀ ਕੁਝ ਗਲਤ ਨਹੀਂ ਹੋ ਰਿਹਾ। ਪ੍ਰਬਲ ਹੋ ਜਾਂਦਾ ਹੈ। ਇਹ ਜੋ ਆਪਣੇ ਆਪ ਹੋ ਜਾਂਦਾ ਹੈ ਇਹੀ ਸਾਡੀ ਜ਼ਿੰਦਗੀ ਦਾ ਬਹੁਤ ਵੱਡਾ ਰਹੱਸ ਹੈ। ਮਾਇਆ ਜਾਲ ਹੈ। ਤੁਸੀਂ ਇਸ ਨੂੰ ਕੋਈ ਹੋਰ ਨਾਂ ਵੀ ਦੇ ਸਕਦੇ ਹੋ।

## ਨਵੀਂ ਤਕਨੀਕ ਤੇ ਨਵੀਂ ਪੀੜ੍ਹੀ ਦੇ ਲੇਖਕ/ਨਾਸਿਰਾ ਸ਼ਰਮਾ (ਹਿੰਦੀ)

? ਇਧਰ ਬੈਸਟ-ਸੈਲਰ ਦੀ ਮੁਹਿੰਮ ਨਵੇਂ ਸਿਰਿਓਂ ਸ਼ੁਰੂ ਹੋ ਗਈ ਹੈ, ਨਵੇਂ ਲੇਖਕ, ਨਵੀਂ ਭਾਸ਼ਾ, ਨਵੀਂ ਬੋਲੀ (ਹਿੰਦੀ-ਪੰਜਾਬੀ) ਨਵਾਂ ਅੰਦਾਜ਼ੇ ਬਿਆਂ, ਇਹਨਾਂ ਸਾਹਮਣੇ ਤੁਹਾਡੇ ਪੁਰਾਣੇ ਵਕਤਾਂ ਦੇ ਲੇਖਕ ਆਊਟ ਡੇਟਿਡ ਹੋ ਗਏ ਹਨ। ਇਸ ਸਭ ਦਾ ਕੀ ਹਰੱਸ ਹੈ?

ਮੇਰੇ ਖਿਆਲ ਵਿੱਚ ਪਾਠਕਾਂ ਦਾ ਧਿਆਨ ਆਪਣੀ ਤਰਫ ਖਿੱਚਣ ਲਈ ਕੁਝ ਨਵਾਂ ਕਰਨ ਦੀ ਲਾਲਸਾ। ਪ੍ਰਕਾਸ਼ਕ ਨਵੇਂ ਲੇਖਕਾਂ ਤੋਂ ਪੈਸੇ ਲੈ ਕੇ ਛਾਪ ਰਹੇ ਹਨ ਤੇ ਪੈਸਿਆਂ ਨਾਲ ਹੀ ਗੋਸ਼ਟੀਆਂ ਰਚਾ ਰਹੇ ਹਨ। ਨਵੇਂ ਲੇਖਕ ਖੁਦ ਫੇਸਬੁੱਕ 'ਤੇ ਆਪਣਾ ਪਰਚਾਰ ਕਰਦੇ ਹਨ, ਇਕ ਦੂਜੇ ਦੀਆਂ ਕਿਤਾਬਾਂ, ਪੋਸਟਾਂ, ਰਚਨਾਵਾਂ ਨੂੰ ਲਾਈਕ ਕਰਦੇ ਹਨ। ਇਹ ਗੱਲਾਂ ਸਾਹਿਤ, ਲੇਖਕ ਜਾਂ ਕਿਤਾਬ ਦੀਆਂ ਨਹੀਂ, ਪ੍ਰਕਾਸ਼ਕ ਦੀ ਵਿਕਰੀ ਵਧਾਉਣ ਵਿੱਚ ਮੱਦਦ ਕਰ ਰਹੀਆਂ ਹਨ। ਕਿਤਾਬ ਦਾ ਜ਼ਿਆਦਾ ਵਿਕਣਾ ਇਹ ਸਾਬਤ ਨਹੀਂ ਕਰਦਾ ਕਿ ਸਾਹਿਤ ਪਰਖਣ ਦੀ ਇਹ ਕਸੌਟੀ ਖਰੀ ਹੈ। ਕੁਝ ਸੰਪਾਦਕਾਂ, ਪ੍ਰਕਾਸ਼ਕਾਂ ਤੇ ਆਲੋਚਕਾਂ ਦੇ ਆਪਣੇ ਅਹੰਕਾਰ ਨੇ ਕਮਜ਼ੋਰ ਲੇਖਣੀ ਨੂੰ ਅੱਗੇ ਵਧਾਇਆ ਹੈ। ਉਹਨਾਂ ਦੇ ਕੱਢੇ ਨਤੀਜਿਆਂ ਨੇ ਸਕਾਰਾਤਮਕ ਤੌਰ ਤੇ ਸਾਹਿਤ ਵਿੱਚ ਯੋਗਦਾਨ ਨਹੀਂ ਪਾਇਆ। ਕੁਝ ਦਿਨਾਂ ਬਾਅਦ ਉਸ ਬੈਸਟ-ਸੈਲਰ ਲੇਖਕਾਂ ਦੀ ਦੂਜੀ ਕਿਤਾਬ ਸਾਹਮਣੇ ਨਹੀਂ ਆਈ।



ਨਵੀਂ ਪੀੜ੍ਹੀ ਦੇ ਲੇਖਕਾਂ ਕੋਲ ਪਹਿਲੀ ਪੀੜ੍ਹੀ ਦੇ ਲੇਖਕਾਂ ਨੂੰ ਪੜ੍ਹਨ ਦਾ ਵਕਤ ਹੀ ਨਹੀਂ। ਉਹਨਾਂ ਨੂੰ ਖੁਦ ਨੂੰ ਸਥਾਪਤ ਕਰਨ ਦੀ ਕਾਹਲ ਹੈ ਤੇ ਇਸੇ ਤਰ੍ਹਾਂ ਜਲਦੀ ਦੀ ਸਥਾਪਤੀ ਕਾਰਨ ਉਹ ਰਚਨਾ ਨੂੰ ਪੱਕਣ ਨਹੀਂ ਦਿੰਦੇ। ਇਸ ਭੀੜ ਵਿੱਚ ਕੁਝ ਅਪਵਾਦ ਵੀ ਹਨ ਜੋ ਭਾਸ਼ਾ-ਸ਼ੈਲੀ, ਕਥਾ-ਵਸਤ ਤੇ ਕਹਾਣੀਪਨ ਪ੍ਰਤੀ ਜਾਗਰੂਕ ਹਨ। ਸਭ ਦਾ ਨਾਂ ਗਿਣਨਾ ਜ਼ਰੂਰੀ ਨਹੀਂ। ਰਿਹਾ ਸਵਾਲ ਲੇਖਕ ਦਾ ਅਪਡੇਟਡ ਹੋਣਾ ਜਾਂ ਜਾਣ-ਬੁਝ ਕੇ ਉਹਨਾਂ ਨੂੰ ਅਣਗੌਲਿਆਂ ਕਰਨਾ ਜਾਂ ਉਹਨਾਂ ਦੇ ਕਥਾ-ਭਾਸ਼ਾ ਨੂੰ ਪੁਰਾਣਾ ਕਹਿਣਾ, ਇਹ ਭਰਮ ਹੋ ਸਕਦਾ ਹੈ। ਇਹ ਹਕੀਕਤ ਤੋਂ ਦੂਰ ਭੱਜਣ ਵਰਗਾ ਵੀ ਹੈ ਕਿ ਸਦਾ ਤੋਂ ਵੱਡੇ ਪ੍ਰਕਾਸ਼ਕਾਂ ਦੀ ਅਧਾਰਸ਼ਿਲਾ ਨਾ ਸਿਰਫ ਪੁਰਾਣੇ ਵਕਤ ਦੇ ਵੱਡੇ ਲੇਖਕਾਂ ਦੀਆਂ ਉੱਚ ਪੱਧਰ ਦੀਆਂ ਰਚਨਾਵਾਂ 'ਤੇ ਖੜ੍ਹੀ ਹੈ ਬਲਕਿ ਉਹਨਾਂ ਦਾ ਆਰਥਿਕ ਮਾਪਦੰਡ ਵੀ ਉਹਨਾਂ 'ਤੇ ਹੀ ਟਿਕਿਆ ਹੋਇਆ ਹੈ। ਨਵੀਂ ਪੀੜ੍ਹੀ ਦੇ ਲੇਖਕ ਇਕੱਲੇ ਕੁਝ ਨਹੀਂ ਕਰ ਸਕਦੇ। ਇਹ ਗਲਤ ਫਹਿਮੀ ਵੀ ਨਵੀਂ ਪੀੜ੍ਹੀ ਦੇ ਲੇਖਕਾਂ ਨੂੰ ਹੈ ਕਿ ਆਧੁਨਿਕ ਤਕਨੀਕ ਦੇ ਚਲਦਿਆਂ ਛਪੀ-ਕਿਤਾਬ ਦਾ ਕੋਈ ਵਜੂਦ ਨਹੀਂ ਰਹਿ ਜਾਏਗਾ। ਇਹ ਤਾਂ ਸਮਾਂ ਹੀ ਦੱਸੇਗਾ। ਦੁਨੀਆ ਦੀਆਂ ਸ਼ਾਨਦਾਰ ਲਾਇਬ੍ਰੇਰੀਆਂ ਵਿੱਚ ਪਈਆਂ ਨਾਯਾਬ ਕਿਤਾਬਾਂ ਦਾ ਕੀ ਬਣੇਗਾ? ਅੱਜ ਦਾ ਸੱਚ ਇਹ ਹੈ ਕਿ ਪ੍ਰਕਾਸ਼ਕ ਆਪਣੇ ਪ੍ਰਕਾਸ਼ਨ ਦਾ ਸਿਲਸਿਲਾ ਜਾਰੀ ਰੱਖਣਾ ਚਾਹੁੰਦਾ ਹੈ ਤਾਂ ਉਸ ਨੂੰ ਅੱਛੇ-ਬੁਰੇ ਲੇਖਕਾਂ ਨੂੰ ਛਾਪਣਾ ਹੀ ਪਵੇਗਾ। ਜਿਹਨਾਂ ਨੇ ਟਿਕਣਾ ਹੋਵੇਗਾ ਟਿਕਣਗੇ ਨਹੀਂ ਤਾਂ ਇਕ ਦੋ ਕਿਤਾਬਾਂ ਬਾਅਦ ਗੁੰਮ ਹੋ ਜਾਣਗੇ। (ਸਮਕਾਲੀਨ ਭਾਰਤੀ ਸਾਹਿਤਯ, 2018)

## ਮੈਂ ਆਪਣੇ ਢੰਗ ਨਾਲ ਜਿਉਣਾ-ਮਰਨਾ-ਲਿਖਣਾ ਹੈ। / ਕਮਲਾ ਦਾਸ (ਮਲਿਆਲਮ)

? ਇਵੇਂ ਮਹਿਸੂਸ ਹੁੰਦਾ ਹੈ ਕਿ ਲੇਖਕਾ ਦੇ ਰੂਪ ਵਿੱਚ ਤੁਹਾਡੇ ਕਈ ਚਿਹਰੇ ਹਨ। ਕਦੇ ਤੁਸੀਂ ਪ੍ਰੇਮ ਦੀ ਦੀਵਾਨੀ ਹੋ, ਕਿਤੇ ਜੋਗਨ, ਕਿਤੇ ਇਕ ਅਧਿਆਤਮਕ ਤਾਲਾਸ਼ ਵਿੱਚ ਡੁੱਬਦੇ ਹੋ, ਕਦੇ ਤੁਸੀਂ ਵਿਦਰੋਹੀ ਵੀ ਹੋ, ਅਜਿਹਾ ਕਿਉਂ?

- ਇਕ ਵਿਅਕਤੀ ਵਿੱਚ ਕਈ ਵਿਅਕਤੀ ਹੁੰਦੇ ਹਨ। ਕਿਸੇ ਇਕ ਨਾਲ ਵਾਕਫੀ ਪਾਉਣ ਵੇਲੇ ਸਮਝਣਾ ਹੋਵੇਗਾ ਕਿ ਉਸ ਨੂੰ ਪਿਆਰ ਕਿਉਂ ਮਿਲਦਾ ਹੈ। ਕੇਵਲ ਇਕ ਚਿਹਰਾ ਦਿਖਾ ਕੇ ਤੁਸੀਂ ਲੋਕਾਂ ਦਾ ਮਨ ਨਹੀਂ ਜਿੱਤ ਪਾਉਂਦੇ, ਪ੍ਰੇਮ ਨਹੀਂ ਹਾਸਲ ਕਰ ਸਕੋਂਗੇ। ਰਾਵਣ ਵਾਂਗ ਦਸ ਸਿਰ ਦਿਖਾ ਕੇ ਹੀ ਸਹੀ ਤਰੀਕੇ ਨਾਲ ਲੋਕਾਂ ਤਕ ਪੁੱਜ ਸਕੋਂਗੇ। ਕਿਉਂਕਿ ਹਰ ਵਿਅਕਤੀ ਇਕ-ਇਕ ਤੱਤਵ ਦੀ ਤਾਲਾਸ਼ ਵਿੱਚ ਹੈ। ਇਕ ਨੂੰ ਥੋੜ੍ਹੀ ਦਾਰਸ਼ਨਿਕ ਗੱਲ ਚਾਹੀਦੀ ਹੈ, ਇਹ ਗੂੜ੍ਹ ਪ੍ਰੇਮ ਦੀ ਕਾਮਨਾ ਕਰਦਾ ਹੈ, ਇਕ ਪਾਪ ਬਾਰੇ ਜਾਣਨਾ ਚਾਹੁੰਦਾ ਹੈ। ਭਾਵਨਾਵਾਂ ਨੂੰ ਵਿਸਥਾਰਦੇ ਹੋਏ ਇਕ-ਇਕ ਪਹਿਲੂ ਨੂੰ ਦਰਸਾਉਣਾ ਹੋਵੇਗਾ। ਸਾਰੇ ਪਹਿਲੂ ਸਾਹਮਣੇ ਰੱਖਣੇ ਹੋਣਗੇ। ਮੈਂ ਇਕ ਗੱਲ ਦੀ ਪਾਬੰਦ ਹਾਂ ਕਿ ਇਕੋ ਮੂਡ ਵਿੱਚ ਨਾ ਬੱਝੀ ਰਹਾਂ। ਆਪਣੀ ਇਕ ਅੰਗਰੇਜ਼ੀ ਕਵਿਤਾ ਵਿੱਚ ਕਿਹਾ ਹੈ, 'ਮੇਰੇ ਅੰਦਰ ਕਈ ਬੰਦੇ ਹਨ। ਔਰਤਾਂ ਖੂਹ ਕੋਲ ਖੜ੍ਹੀਆਂ ਹੋ ਕੇ ਗੱਲਾਂ ਕਰਦੀਆਂ ਹਨ ਤਾਂ ਕਈ ਆਵਾਜ਼ਾਂ ਆਉਂਦੀਆਂ ਹਨ। ਉਹਨਾਂ ਨੂੰ ਛਾਣਨਾ ਹੋਵੇਗਾ।' ਇਕ ਪਤ੍ਰਿਕਾ ਵਿੱਚ ਮੇਰਾ ਇਕ ਕਾਲਮ ਪਗਡੰਡੀਆਂ ਛਪਦਾ ਹੈ। ਇਸ ਕਾਲਮ ਨੂੰ ਬਹੁਤ ਸਾਰੇ ਲੋਕ ਪੜ੍ਹਦੇ ਹਨ। ਇਸ ਵਿੱਚ ਕਈ ਚੀਜ਼ਾਂ ਸ਼ਾਮਲ ਹੁੰਦੀਆਂ ਹਨ- ਡਰ, ਪਿਆਰ, ਇਕੱਲਤਾ ਆਦਿ। ਜੇ ਮੈਨੂੰ ਕੋਈ ਚੰਗਾ

ਲੱਗਾ ਤੇ ਉਸ ਵਿੱਚੋਂ ਕੁਝ ਨਿਕਲਦਾ ਹੋਇਆ ਤਾਂ ਮੈਂ ਉਸ ਨੂੰ ਵੀ ਪਰੋਸ ਦੇਵਾਂਗੀ। ਪਾਠਕ ਅਜਿਹੀਆਂ ਗੱਲਾਂ ਹੀ ਸਮਝ ਸਕਦੇ ਹਨ। ਮੈਂ ਜੀਵਨ ਨੂੰ (ਅਨੁਭਵ ਨੂੰ) ਪਾੜ-ਪਾੜ ਕੇ ਸੁੱਟਦੀ ਹਾਂ। ਮੇਰੇ ਵਿੱਚ ਕੁਝ ਵੀ ਬਾਕੀ ਨਹੀਂ ਬਚਦਾ। ਅਗਲੇ ਦਿਨ ਹੋਰ ਤਜਰਬੇ ਹੋਣਗੇ, ਅਨੁਭਵ ਵਾਲਾ ਭਾਂਡਾ ਭਰ ਜਾਵੇਗਾ ਤਦ ਮੈਂ ਦੁਬਾਰਾ ਲਿਖਾਂਗੀ। ਮੇਰੇ ਮਨ ਵਿੱਚ ਜੋ ਕੁਝ ਹੈ ਉਹ ਸਭ ਮੈਂ ਵੰਡ ਦਿੱਤਾ ਹੈ। ਪਾਠਕਾਂ ਤੋਂ ਮੈਂ ਕੁਝ ਵੀ ਨਹੀਂ ਛੁਪਾਵਾਂਗੀ। ਮੈਂ ਨਹੀਂ ਸੀ ਸੋਚਿਆ ਕਿ ਸਭ ਕੁਝ ਦੇਣ ਦੀ ਇਹ ਤਕਨੀਕ ਕਾਮਯਾਬ ਹੋ ਜਾਵੇਗੀ। ਪਾਠਕਾਂ ਦੀਆਂ ਚਿੱਠੀਆਂ ਇਸ ਦਾ ਸਬੂਤ ਹਨ ਕਿ ਮੇਰਾ ਇਹ ਯਤਨ ਕਾਮਯਾਬ ਹੈ। ਬੱਚਿਆਂ ਤੇ ਬਜ਼ੁਰਗਾਂ ਦੇ ਖ਼ਤ ਮੈਨੂੰ ਮਿਲਦੇ ਹਨ। ਮੈਨੂੰ ਆਪਣੇ ਢੰਗ ਨਾਲ ਮਰਨਾ ਹੈ ਤੇ ਆਪਣੇ ਢੰਗ ਨਾਲ ਲਿਖਣਾ ਹੈ। ਮੈਂ ਆਪਣੇ ਹੀ ਢੰਗ ਨਾ ਜਿਉਂਦੀ ਹਾਂ।

(ਅਨੁਵਾਦ : ਅਪ੍ਰੈਲ-ਜੂਨ, 2009)

## ਔਰਤ ਦੀ ਬਰਾਬਰੀ ਦਾ ਮਸਲਾ/ਮਰਿਣਾਲ ਪਾਂਡੇ (ਹਿੰਦੀ)

? ਅੱਜ ਦੇ ਸਮੇਂ ਵਿੱਚ ਔਰਤ ਦੀ ਬਰਾਬਰੀ ਦੀ ਲੋੜ ਹੈ ਜਾਂ ਨਹੀਂ।

—ਔਰਤ ਦੀ ਬਰਾਬਰੀ ਦਾ ਮਤਲਬ ਜੇ ਜੀਵਨ ਦੇ ਹਰ ਖੇਤਰ ਵਿੱਚ ਔਰਤਾਂ ਦੇ ਯੋਗਦਾਨ ਨੂੰ ਵਿਗਿਆਨਕ ਆਧਾਰ 'ਤੇ ਆਂਕਲਨ ਕਰਨਾ ਹੈ ਤੇ ਉਸ ਦਾ ਗੰਭੀਰ ਵਿਸ਼ਲੇਸ਼ਣ ਲਗਾਤਾਰ ਜਾਰੀ ਰੱਖਣਾ ਹੈ ਤਾਂ, ਹਾਂ ਇਹ ਬਹੁਤ ਜ਼ਰੂਰੀ ਹੈ। ਇਹ ਵੀ ਜ਼ਰੂਰੀ ਹੈ ਕਿ ਤੇਜ਼ੀ ਨਾਲ ਬਦਲਦੇ ਵਕਤ, ਡਿਜੀਟਲ ਸੰਚਾਰ, ਤਕਨੀਕੀ ਤੇ ਆਰਥਿਕ ਜਗਤ ਦੇ ਬਦਲਦੇ ਰੂਪ ਨਾਲ ਔਰਤਾਂ ਦੀ ਰਚਨਾਤਮਿਕਤਾ ਤੇ ਕੌਸ਼ਲਤਾ ਦੇ ਲਈ ਕਿੰਨੀ ਤੇ ਕਿਸ ਤਰ੍ਹਾਂ ਦੀ ਤੇ ਕਿਥੇ ਜਗ੍ਹਾ ਬਣੇਗੀ, ਇਸ ਬਾਰੇ ਵੀ ਸਾਡੇ ਸਮਾਜ ਸ਼ਾਸਤਰੀ, ਅਰਥ ਸ਼ਾਸਤਰੀ ਤੇ ਨਾਰੀਵਾਦੀ ਸੰਗਠਨ ਹੋਰ ਗੰਭੀਰ ਪੜਚੋਲਾਂ ਕਰਨੀਆਂ ਸ਼ੁਰੂ ਕਰਨ। ਪਰ ਇਥੇ ਭਾਰਤੀ ਭਾਸ਼ਾਵਾਂ ਤੇ ਅੰਗਰੇਜ਼ੀ ਵਿਚਕਾਰ ਦੀਆਂ ਕੰਧਾਂ ਕਈ ਅਣਜਾਣੇ ਪਹਾੜ ਬਣਾ ਦਿੰਦੀਆਂ ਹਨ। ਭਾਸ਼ਾਈ ਕਮਜ਼ੋਰੀ ਨੂੰ ਛੁਪਾਉਣ ਲਈ ਹਿੰਦੀ ਵਾਲੇ ਅਕਸਰ ਇਹਨਾਂ ਸਾਰੇ ਵਿਸ਼ਿਆਂ ਨੂੰ ਪੱਛਮ ਤੋਂ ਆਏ ਕਹਿ ਕੇ ਇਹਨਾਂ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰਦੇ ਦਿੱਸਦੇ ਹਨ। ਜਦ ਕਿ ਬਹੁਤ ਸਾਰਾ ਵਧੀਆ ਕੰਮ ਦੇਸ਼ ਤੇ ਵਿਦੇਸ਼ ਦੇ ਉੱਚਤਮ ਅਕਾਦਮਿਕ ਖੇਤਰਾਂ ਵਿੱਚ ਹੋ ਰਿਹਾ ਹੈ। ਦੂਜਾ ਅੜਿੱਕਾ ਹਿੰਦੀ ਪੱਟੀ ਵਿੱਚ, ਅੱਧਕੱਚੇ ਵਾਮਪੰਥੀ ਜਾਂ ਦੱਖਣੀ ਰਾਜਨੀਤੀ ਤੇ ਬੌਧਿਕ ਧਰੁਵੀਕਰਨ ਬਣ ਰਿਹਾ ਹੈ। ਦੱਖਣ ਪੰਥੀਆਂ ਦੇ ਔਰਤਾਂ ਨੂੰ ਸਸ਼ਕਤੀਕਰਨ ਦੇ ਸਾਰੇ ਆਦਰਸ਼ ਮੱਧਯੁਗੀ ਹਨ ਜਿਹਨਾਂ ਨੂੰ ਅਸੀਂ ਪਦਮਾਵਤੀ ਪ੍ਰਕਰਣ ਜਾਂ ਕੇਰਲਾ ਫਿਲਮ ਉਤਸਵ ਵਿੱਚ ਔਰਤ ਪ੍ਰਧਾਨ ਫਿਲਮਾਂ ਦੀ ਸੈਂਸਰਸ਼ਿੱਪ ਵਿੱਚ ਸਾਕਾਰ ਹੁੰਦੇ ਦੇਖਿਆ ਹੈ। ਦੂਜੇ ਪਾਸੇ ਵਾਮਪੰਥੀ ਬਿਨਾਂ ਔਰਤ ਦੀ ਨਿੱਜੀ ਜ਼ਿੰਦਗੀ ਤੇ ਆਰਥਿਕ ਸਰੋਕਾਰਾਂ ਦੀ ਗਹਿਰਾਈ ਨੂੰ ਸਮਝਣ ਤੋਂ ਉਸ ਤੋਂ ਕਾਲੀ ਬਣ ਕੇ ਕਰਾਂਤੀ ਕਰਨ ਦੀ ਤਕੜੀ ਫੜੀ ਫਿਰਦੇ ਹਨ। ਉਹਨਾਂ ਮੁਤਾਬਕ ਆਰਥਿਕ ਨਿਰਭਰਤਾ ਹੀ ਔਰਤ ਦੀ ਕਮਜ਼ੋਰੀ ਦਾ ਸਰੋਤ ਹੈ। ਜਦ ਕਿ ਸੱਚ ਇਹ ਹੈ ਕਿ ਆਰਥਿਕ ਨਿਰਭਰਤਾ ਸਮਾਜਿਕ ਪਰਵਰਿਸ਼ ਦੇ ਪੈਮਾਨਿਆਂ ਦਾ ਫਲ ਹੈ, ਉਸ ਦਾ ਸਰੋਤ ਨਹੀਂ। ਇਸ ਲਈ ਨਿੱਜੀ ਪੀੜਾ ਨੂੰ ਇਕ ਪਾਸੇ ਸੁੱਟ ਕੇ ਦੂਜੇ ਦਰਜੇ ਦੇ ਕਰਾਂਤੀਕਾਰੀ ਸਾਹਿਤ ਰਚਣ ਵਾਲੀਆਂ ਲੇਖਕਾਵਾਂ ਇਹਨਾਂ ਦਿਨਾਂ ਵਿੱਚ ਅਕਾਦਮਿਕ ਤੇ ਸਾਹਿਤਕ ਦੋਵਾਂ ਖੇਤਰਾਂ ਵਿੱਚ ਮਸ਼ਹੂਰੀ ਪਾ ਰਹੀਆਂ ਹਨ। ਔਰਤ ਲੇਖਕਾਵਾਂ ਨੂੰ ਜਿਥੋਂ ਤਕ ਮੈਂ ਦੇਖਿਆ-ਪੜ੍ਹਿਆ ਹੈ ਉਹਨਾਂ ਦੇ ਸੰਦਰਭ ਵਿੱਚ ਨਾਰੀ-ਬਰਾਬਰਤਾ 'ਤੇ ਜ਼ਿਆਦਾਤਰ ਹੋ ਰਿਹਾ ਕੰਮ ਜਾਂ ਸਹਿਤਕ ਸਮ-ਆਲੋਚਨਾ ਨਾਹਰੇਬਾਜ਼ੀ ਤੋਂ ਵੱਧ ਕੁਝ ਵੀ ਨਹੀਂ। (ਵਾਗਰਥ, ਮਾਰਚ, 2018)



## ਸੁਪਨਿਆਂ ਦੀ ਰਾਖ ਹੋਈ ਫਸਲ/ਗੁਰਮੀਤ ਕੜਿਆਲਵੀ

ਇੰਟਰਵਿਊ ਵਾਲੇ ਕਮਰੇ ਦੇ ਬਾਹਰ ਆਪਣੀ ਵਾਰੀ ਦੀ ਉਡੀਕ ਕਰਦਿਆਂ ਉਂਗਲਾਂ ਦੇ ਪਟਾਕੇ ਕੱਢੀ ਜਾਂਦਾ ਸਾਂ। ਇੰਟਰਵਿਊ ਦੇਣ ਵਾਲਿਆਂ ਉਮੀਦਵਾਰਾਂ ਦੀਆਂ ਵੱਡੀਆਂ ਵੱਡੀਆਂ ਡਿਗਰੀਆਂ ਵੱਲ ਦੇਖਦਾ ਕੁੰਗੜਦਾ ਜਾਂਦਾ ਸਾਂ। ਇੱਕ ਲੰਮੀ ਪਤਲੀ ਤੇ ਸੋਹਣੀ ਕੁੜੀ ਪੀ. ਐਚ. ਡੀ. ਦਾ ਭਾਰਾ ਥੀਸਸ ਚੁੱਕੀ ਬੈਠੀ ਸੀ। ਆਪਣੇ ਭਾਰ ਨਾਲੋਂ ਵੀ ਭਾਰਾ। ਦੋ ਤਿੰਨ ਨਵੀਆਂ ਨਵੀਆਂ ਛਪਵਾਈਆਂ ਪੁਸਤਕਾਂ ਵੀ ਕੋਲ ਸਨ। ਸ਼ਾਇਦ ਇੰਟਰਵਿਊ ਲਈ ਉਚੇਚਾ ਛਪਵਾਈਆਂ ਸਨ।

"ਪਹਿਲਾਂ ਕਿਸੇ ਕਾਲਜ ਵਿੱਚ ਪੜ੍ਹਾਇਆ ?" ਉਸ ਭਾਰੇ ਥੀਸਸ ਵਾਲੀ ਕੁੜੀ ਵੱਲੋਂ ਅਚਾਨਕ ਆਏ ਸਵਾਲ ਨਾਲ ਮੈਂ ਡੌਰ-ਭੌਰ ਜਿਹਾ ਹੋ ਕੇ ਆਸੇ ਪਾਸੇ ਵੇਖਣ ਲੱਗਾ। ਮੈਂ ਝੂਠ ਮਾਰਨ ਦਾ ਯਤਨ ਤਾਂ ਕੀਤਾ ਪਰ ਮੈਨੂੰ ਕਾਹਲੀ ਕਾਹਲੀ ਕਿਸੇ ਕਾਲਜ ਦਾ ਨਾਂ ਨਾ ਅਹੁੜਿਆ। "ਵਾਟਰ ਵਰਕਸ 'ਤੇ।" ਮੈਂ ਮੁਸਕੜੀਏਂ ਹੱਸਦਿਆਂ ਜਵਾਬ ਦਿੱਤਾ। "ਇਹ ਕਾਲਜ ਕਿੱਥੇ ਹੋਇਆ ? ਕਦੇ ਸੁਣਿਆ ਤਾਂ ਹੈ ਨਹੀਂ। ਏਡਿਡ ਕਾਲਜ ਐ ?" ਉਹ ਹੈਰਾਨ ਹੋ ਕੇ ਬੋਲੀ ਸੀ।

"ਪਾਣੀ ਵਾਲੀ ਟੈਂਕੀ 'ਤੇ ਪੜ੍ਹਾਇਆ ਕਈ ਵਰ੍ਹੇ ਜੁਆਕਾਂ ਨੂੰ।" ਮੇਰੇ ਜਵਾਬ ਨਾਲ ਉਸਦੀ ਤਸੱਲੀ ਨਾ ਹੋਈ। ਮੈਂ ਉਸਨੂੰ ਚੰਗੀ ਤਰ੍ਹਾਂ ਸਮਝਾਇਆ ਕਿ ਵਾਟਰ ਵਰਕਸ ਮਹਿਕਮੇ 'ਚ ਪੰਪ ਉਪਰੇਟਰ ਵਜੋਂ ਨੌਕਰੀ ਦੌਰਾਨ ਬਹੁਤ ਸਾਰੇ ਵਿਦਿਆਰਥੀ ਮੇਰੇ ਕੋਲੋਂ ਪੰਜਾਬੀ, ਰਾਜਨੀਤੀ ਸ਼ਾਸਤਰ ਅਤੇ ਇਤਿਹਾਸ ਪੜ੍ਹਨ ਆ ਜਾਂਦੇ ਸਨ।

"ਹਾ ਹਾ ਹਾ!" ਪੀ. ਪੀ. ਐਸ. ਸੀ. ਦੇ ਉਡੀਕ ਘਰ 'ਚ ਇੰਟਰਵਿਊ ਲਈ ਆਵਾਜ਼ ਪੈਣ ਦੀ ਉਡੀਕ ਕਰਦੇ ਹੋਣ ਕਰਕੇ ਉਹ ਖੁੱਲ੍ਹ ਕੇ ਹੱਸ ਨਾ ਸਕੀ ਪਰ ਬੁੱਲ੍ਹ ਭਚੀੜ ਕੇ ਕਿੰਨਾ ਚਿਰ ਹੱਸਦੀ ਜ਼ਰੂਰ ਰਹੀ।

"ਕਾਲਜ ਲੈਕਚਰਾਰ ਦੀ ਪੋਸਟ ਵਾਸਤੇ ਤਜ਼ਰਬਾ ਤਾਂ ਇਹ ਵੀ ਮਾੜਾ ਨਹੀਂ।" ਉਸਨੇ ਹਲਕਾ ਜਿਹਾ ਵਿਅੰਗ ਬਾਣ ਚਲਾ ਹੀ ਦਿੱਤਾ ਸੀ।

"ਐਮ. ਫ਼ਿਲ. ਕੀਤੀ ਕਿ ਪੀ. ਐਚ. ਡੀ. ਜਾਂ ਕੇਵਲ ਨੈੱਟ ਹੀ ਕਲੀਅਰ ਕੀਤਾ ?" ਉਸਤੋਂ ਤੀਜੇ ਨੰਬਰ 'ਤੇ ਬੈਠੀ ਇੱਕ ਹੋਰ ਕੁੜੀ ਨੇ ਮੇਰੇ ਵੱਲ ਹੋਰੂੰ ਹੋਰੂੰ ਜਿਹੇ ਵੇਖਦਿਆਂ ਪੁੱਛਿਆ ਸੀ। ਸ਼ਾਇਦ ਉਸਨੂੰ ਮੇਰੇ ਪੜ੍ਹੇ ਲਿਖੇ ਹੋਣ 'ਤੇ ਯਕੀਨ ਨਹੀਂ ਸੀ ਆ ਰਿਹਾ। ਇਹ ਕੁੜੀ ਸ਼ਿਲਪਾ ਸ਼ੈੱਟੀ ਵਾਂਗ ਮੁਸਕਰਾ ਰਹੀ ਸੀ।

"ਆਪਣੇ ਤੋਂ ਤਾਂ ਆਹ ਨੈੱਟ ਵਾਲਾ ਪੰਗਾ ਹੀ ਮਸਾਂ ਕਰ ਹੋਇਆ। ਐਮ ਫ਼ਿਲ ਜਾਂ ਪੀ. ਐਚ. ਡੀ. ਵਾਲਾ ਜੁਗਾੜ ਜਿਹਾ ਨਹੀਂ ਆਇਆ ਅਜੇ।" ਉਸਦੇ ਵਿਅੰਗ ਦੇ ਜਵਾਬ 'ਚ ਮੈਂ ਵੀ ਬੋਲ ਟੇਢੇ ਕਰ ਦਿੱਤੇ ਸਨ।

"ਐਮ. ਫਿਲ. ਜਾਂ ਪੀ. ਐਚ. ਡੀ. ਵਾਲਾ ਜੁਗਾੜ ਹੁੰਦਾ ਐ ?" ਉਹ ਅੰਦਰੋਂ ਵੱਟ ਖਾ ਗਈ ਸੀ ਪਰ ਉਸਨੇ ਜ਼ਾਹਰ ਨਾ ਹੋਣ ਦਿੱਤਾ ਤੇ ਹੱਸਦਿਆਂ ਆਖਿਆ ਸੀ। "ਸਾਡੇ ਪਿੰਡਾਂ ਵਾਲਿਆਂ ਲਈ ਤਾਂ ਇਹ ਜੁਗਾੜ ਈ ਹੁੰਦਾ ਭਾਈ।"

"ਕਿੱਥੋਂ ਆਇਆਂ ਐਂ ?"

"ਮੋਗੇ ਤੋਂ।"

"ਖਾਸ ਮੋਗੇ ਤੋਂ ?" ਉਸ ਕੁੜੀ ਨੂੰ ਤਾਂ ਜਿਵੇਂ ਪੱਕਾ ਯਕੀਨ ਸੀ ਕਿ ਇਹ 'ਸ਼ੈਅ' ਕਿਸੇ ਸ਼ਹਿਰ ਦੀ ਤਾਂ ਉੱਕਾ ਹੀ ਨਹੀਂ ਹੋ ਸਕਦੀ।

"ਨਹੀਂ, ਨੇੜ੍ਹੇ ਪਿੰਡ ਐ।"

"ਥੋਡੇ ਮੋਗੇ ਕੰਨੀਂ ਦਾ ਈ ਤਾਂ ਚੇਅਰਮੈਨ ਏ। ਫੇਰ ਤਾਂ ਪੱਕਾ ਜੁਗਾੜ ਲਾਇਆ ਈ ਹੋਊ। ਇੱਕ ਮੈਂਬਰ ਵੀ ਉੱਥੋਂ ਦਾ ਹੈਗਾ।" ਉਸਦੇ ਵਾਕ ਪੂਰਾ ਕਰਨ ਤੋਂ ਪਹਿਲਾਂ ਹੀ ਇੰਟਰਵਿਊ ਲਈ ਬੈਠਾ ਇਕ ਹੋਰ ਭੱਦਰ ਪੁਰਸ਼ ਬੋਲਿਆ ਸੀ, "ਲੈਕਚਰਾਰੀ ਲਈ ਤਾਂ ਲੋਕ ਪੁੱਠੇ ਹੋਏ ਫਿਰਦੇ। ਮੇਰਾ ਖਿਆਲ ਗੇਮ ਦਸ ਲੱਖ ਤੋਂ ਉੱਤੇ ਜਾਊ। ਪਰ ਸਾਲ 'ਚ ਪੂਰੇ ਹੋ ਜਾਣਗੇ। ਗਰੇਡ ਹੀ ਬਹੁਤ ਐ।"

ਸੁਣ ਕੇ ਮੇਰਾ ਉਪਰ ਵਾਲਾ ਸਾਹ ਉਪਰ ਤੇ ਥੱਲੇ ਵਾਲਾ ਥੱਲੇ ਹੀ ਰਹਿ ਗਿਆ। ਦਰਅਸਲ ਉਹਨਾਂ ਦਿਨਾਂ 'ਚ ਨੌਕਰੀਆਂ ਲਈ ਬੋਲੀਆਂ ਲੱਗਦੀਆਂ ਹੋਣ ਦੀ ਚਰਚਾ ਆਮ ਸੀ। ਬੀ.ਡੀ.ਪੀ.ਓ. ਲਈ ਪੱਚੀ ਲੱਖ, ਤਹਿਸੀਲਦਾਰੀ ਲਈ ਪੈਂਤੀ ਅਤੇ ਐਸ.ਡੀ.ਐਮ. ਦੀ ਪੋਸਟ ਵਾਸਤੇ ਪੰਜਾਹ ਤੋਂ ਡੇਢ ਕਰੋੜ ਤੱਕ ਦਾ ਰੇਟ ਸੁਨਣ 'ਚ ਆਉਂਦਾ ਸੀ। ਪਤਾ ਨਹੀਂ ਸੱਚ ਸੀ ਜਾਂ ਝੂਠ। ਸ਼ਾਇਦ ਸੱਚ ਈ ਹੋਵੇ, ਜੇ ਕਿਤੇ ਅੱਗ ਮੱਚਦੀ ਹੋਵੇ ਤਾਂ ਹੀ ਧੂੰਆਂ ਨਿਕਲਦਾ। ਕੁੱਝ ਸਾਲਾਂ ਬਾਅਦ ਇਸੇ ਚੇਅਰਮੈਨ ਦੇ ਬੈਂਕ ਲਾਕਰਾਂ 'ਚੋਂ ਨੋਟਾਂ ਦੀਆਂ ਨਿਕਲਦੀਆਂ ਗੁੱਥੀਆਂ ਲੋਕਾਂ ਨੇ ਟੈਲੀਵਿਜ਼ਨਾਂ ਦੀਆਂ ਸਕਰੀਨਾਂ 'ਤੇ ਵੇਖੀਆਂ ਸਨ।

ਪਹਿਲੇ ਤੇ ਦੂਜੇ ਦਰਜੇ ਦੀਆਂ ਰੁੱਤਬੇ ਵਾਲੀਆਂ ਅਸਾਮੀਆਂ ਦੀ ਤਾਂ ਗੱਲ ਹੀ ਕੀ ਕਰਨੀ, ਉਹਨਾਂ ਦਿਨਾਂ 'ਚ ਤਾਂ ਚਪੜਾਸੀ, ਕਲਰਕ, ਪੰਚਾਇਤ ਸੈਕਟਰੀ ਜਾਂ ਤੀਜੇ-ਚੌਥੇ ਦਰਜੇ ਦੀਆਂ ਨੌਕਰੀਆਂ ਦੇ ਵਿਕਣ ਦੀ ਵੀ ਚਰਚਾ ਸ਼ਰ੍ਹੇਆਮ ਸੀ।

"ਗੁਰਮੀਤ ਅਹਿ ਵੇਖ ਕਾਲਜ ਲੈਕਚਰਾਰ ਦੀਆਂ ਪੋਸਟਾਂ ਨਿਕਲੀਆਂ, ਕਰਦੇ ਅਪਲਾਈ ਅੱਜ ਈ।" ਸਿਮਰਜੀਤ ਅਖ਼ਬਾਰ 'ਚੋਂ ਸਭ ਤੋਂ ਪਹਿਲਾਂ ਅਸਾਮੀਆਂ ਦੀ ਭਰਤੀ ਵਾਲਾ ਪੰਨਾ ਹੀ ਵੇਖਦੀ ਸੀ। ਲੀਡਰਾਂ ਦੇ ਘਸੇ ਪਿਟੇ ਬਿਆਨਾਂ ਜਾਂ ਏਧਰ-ਓਧਰ ਦੀਆਂ ਹੋਰ ਖ਼ਬਰਾਂ ਨਾਲ ਉਸਨੂੰ ਕੋਈ ਦਿਲਚਸਪੀ ਨਹੀਂ ਸੀ ਹੁੰਦੀ। ਉਸਦੀ ਨਿਗ੍ਹਾ ਤਾਂ ਨੌਕਰੀਆਂ ਵਾਲੇ ਇਸ਼ਤਿਹਾਰ 'ਤੇ ਹੀ ਆ ਕੇ ਜੰਮ ਜਾਂਦੀ ਸੀ।

"ਕੀ ਫਾਇਦਾ ਐਵੇਂ ਭਕਾਈ ਕਰਨ ਦਾ। ਬਿਨਾਂ ਮਤਲਬ ਕਿਰਾਏ ਭਾੜੇ ਪੱਟਦੇ ਫਿਰਦੇ ਆਂ। ਪੀ.ਪੀ.ਐਸ.ਸੀ. 'ਚ ਤਾਂ 'ਸਿੱਧੂ' ਭਾਜੀ ਦਾ ਰਾਜ ਚੱਲਦਾ। ਕੋਈ ਨ੍ਹੀਂ ਪੁੱਛਦਾ ਉੱਥੇ ਪੈਸੇ ਬਿਨਾਂ ਕਿਸੇ ਨੂੰ।" ਮੇਰੇ ਅੰਦਰਲੀ ਨਿਰਾਸ਼ਾ ਨੇ ਜਵਾਬ ਦਿੱਤਾ ਸੀ। ਸਿੱਧੂ ਦੀ ਉਹਨਾਂ ਦਿਨਾਂ 'ਚ ਪੂਰੀ ਚੜ੍ਹਾਈ ਸੀ। ਮੇਰੇ ਆਪਣੇ ਸ਼ਹਿਰ ਦੇ ਇੱਕ ਪੈਟਰੋਲ ਪੰਪ ਮਾਲਕ ਦੀ ਸਿੱਧੂ ਨਾਲ ਭਾਈਵਾਲੀ ਹੋਣ ਦੇ ਵੀ ਗਰਮਾ ਗਰਮ ਚਰਚੇ ਸਨ।

"ਹਰ ਵੇਲੇ ਨੈਗੇਟਿਵ ਈ ਸੋਚਦਾ ਰਹਿਨੈਂ। ਕਦੇ ਕਦਾਈਂ ਤਾਂ ਪਾਜ਼ੇਟਿਵ ਸੋਚ ਲਿਆ ਕਰ। ਜ਼ਰੂਰੀ ਤਾਂ ਨ੍ਹੀਂ ਕਿ ਹਰ ਕੰਮ ਪੈਸੇ ਨਾਲ ਈ ਹੋਵੇ।" ਸਿਮਰਜੀਤ ਤੋਂ ਝਾੜ-ਝੰਬ ਕਰਾਉਣ ਤੋਂ ਬਾਅਦ ਮੈਂ ਸਰਟੀਫਿਕੇਟਾਂ ਵਾਲਾ ਬੈਗ ਚੱਕ ਲੋੜੀਂਦੇ ਦਸਤਾਵੇਜ਼ ਫੋਟੋ ਸਟੇਟ ਕਰਾਉਣ ਚਲਾ ਗਿਆ। ਦਰਅਸਲ ਇਸਤੋਂ ਪਹਿਲਾਂ ਨੈਬ ਤਹਿਸੀਲਦਾਰ ਸਮੇਤ ਹੋਰ ਕਈ ਮਹੱਤਵਪੂਰਨ ਨੌਕਰੀਆਂ ਲਈ ਦਿੱਤੀਆਂ ਇੰਟਰਵਿਊਆਂ ਦਾ ਕੋਈ ਹਾਂ ਪੱਖੀ ਨਤੀਜ਼ਾ ਨਹੀਂ ਸੀ ਨਿਕਲਿਆ। ਹੁਣ ਜਦੋਂ ਕਾਲਜ ਲੈਕਚਰਾਰ ਵਾਲੀ 'ਵਾਈਟ ਕਾਲਰ' ਨੌਕਰੀ ਲਈ ਅਖ਼ਬਾਰ 'ਚ ਇਸ਼ਤਿਹਾਰ ਨਿਕਲਿਆ



ਸੀ ਤਾਂ ਨੌਕਰੀਆਂ ਦੀ ਸੇਲ ਦੇ ਚੱਲਦਿਆਂ ਅਪਲਾਈ ਕਰਨ ਲਈ ਦਿਲ ਅੰਦਰੋਂ ਨਹੀਂ ਸੀ ਮੰਨਦਾ।

ਮੈਂ ਬੜੇ ਅਣਮੰਨੇ ਜਿਹੇ ਮਨ ਨਾਲ ਹੀ ਅਪਲਾਈ ਕਰਕੇ ਲੈਕਚਰਾਰ ਲਈ ਹੋਣ ਵਾਲੇ ਟੈਸਟ ਦੀ ਤਿਆਰੀ ਵਿੱਢ ਦਿੱਤੀ। ਕਾਲਜ ਪ੍ਰੋਫੈਸਰੀ ਦਾ ਮੇਰੇ ਨਾਲੋਂ ਸਿਮਰਜੀਤ ਨੂੰ ਵਧੇਰੇ ਚਾਅ ਸੀ। ਉਹ ਤੜਕੇ ਚਾਰ ਵਜੇ ਹੀ ਚਾਹ ਬਣਾ ਕੇ ਮੇਰੇ ਸਰਾਹਣੇ ਆ ਖੜ੍ਹਦੀ। "ਉੱਠ ਖੜ੍ਹ। ਮੂੰਹ ਹੱਥ ਧੋ ਕੇ ਬਹਿਜਾ ਤਿਆਰੀ ਕਰਨ ਟੈਸਟ ਦੀ।" ਚਾਹ ਪੀਤੀ ਨੂੰ ਅਜੇ ਥੋੜ੍ਹਾ ਚਿਰ ਹੀ ਹੋਇਆ ਹੁੰਦਾ ਕਿ ਉਹ ਖਾਣ ਲਈ ਕੋਈ ਹੋਰ ਚੀਜ਼ ਅੱਗੇ ਲਿਆ ਰੱਖਦੀ।

"ਟੈਸਟ ਤਾਂ ਤੇਰਾ ਕਲੀਅਰ ਹੋ ਈ ਜਾਣਾ ਭਾਮੇ ਲਿਖਾ ਲੈ ਮੈਥੋਂ।" ਉਹ ਪੂਰੇ ਭਰੋਸੇ ਨਾਲ ਆਖਦੀ। "ਟੈਸਟ ਦਾ ਕੀ ਐ, ਟੈਸਟ ਤਾਂ ਪਾਸ ਹੋਜੂਗਾ। ਅੱਗੇ ਕਿਹੜਾ ਕੋਈ ਕੀਤਾ ਨ੍ਹੀਂ। ਮਸਲਾ ਤਾਂ ਇੰਟਰਵਿਊ ਦਾ ਐ।"

"ਤੂੰ ਟੈਸਟ ਤਾਂ ਦੇਹ। ਅਗਾਂਹਾਂ ਦੀ ਵੀ ਵੇਖੀ ਜਾਊ। ਆਪੇ ਢੋਅ ਮੇਲਾ ਲੱਗ ਜਾਂਦਾ ਹੁੰਦਾ ਕਿਸੇ ਪਾਸਿਓਂ।" ਉਸਦਾ ਵਿਸ਼ਵਾਸ ਵੇਖ ਕੇ ਮੈਂ ਫੇਰ ਹੌਂਸਲਾ ਫੜ੍ਹ ਜਾਂਦਾ।ਜਿਸ ਦਿਨ ਟੈਸਟ ਦਾ ਨਤੀਜ਼ਾ ਆਇਆ, ਸਿਮਰਜੀਤ ਦਾ ਚਾਅ ਨਹੀਂ ਸੀ ਚੱਕਿਆ ਜਾਂਦਾ। ਮੈਂ ਆਪਣੇ ਸੁਭਾਅ ਮੁਤਾਬਕ ਖੁਸ਼ ਹੋਣ ਦੇ ਨਾਲ ਨਾਲ ਅੰਦਰੋਂ ਉਦਾਸ ਵੀ ਸਾਂ। ਅਸਲ ਤੇ ਵੱਡੀ ਪ੍ਰੀਖਿਆ ਤਾਂ ਅਜੇ ਬਕਾਇਆ ਸੀ। ਇੰਟਰਵਿਊ ਦਾ ਪਹਾੜ ਲੰਘਣਾ ਕੋਈ ਸੌਖਾ ਤਾਂ ਨਹੀਂ ਸੀ। ਕਦੇ ਕਦੇ ਮਨ ਅੰਦਰੋਂ ਹੁਲਾਰਾ ਵੀ ਮਾਰਦਾ। ਮੈਨੂੰ ਦਿਨ ਰਾਤ ਕਾਲਜ ਪ੍ਰੋਫੈਸਰੀ ਦੇ ਸੁਪਨੇ ਆਉਂਦੇ ਰਹਿੰਦੇ। ਸੁਪਨੇ ਵਿੱਚ ਮੈਂ ਕਲਾਸ ਰੂਮ 'ਚ ਲੈਕਚਰ ਸਟੈਂਡ ਅੱਗੇ ਖੜ੍ਹ ਕੇ ਵਿਦਿਆਰਥੀਆਂ ਨੂੰ ਪੜ੍ਹਾ ਰਿਹਾ ਹੁੰਦਾ। ਕਦੇ ਵਿਦਿਆਥੀਆਂ ਨੂੰ ਕਵਿਤਾ ਜਾਂ ਭਾਸ਼ਣ ਮੁਕਾਬਲਿਆਂ ਦੀ ਤਿਆਰੀ ਕਰਾਉਂਦਾ ਤੇ ਕਦੇ ਕਿਸੇ ਫੈਸਟੀਵਲ ਲਈ ਨਾਟਕ ਦੀ ਰੀਹਰਸਲ ਕਰਾ ਰਿਹਾ ਹੁੰਦਾ। ਆਪਣੇ ਵਿਦਿਆਰਥੀਆਂ ਨਾਲ ਚੰਗੀਆਂ ਕਿਤਾਬਾਂ ਤੇ ਚੰਗੀਆਂ ਫਿਲਮਾਂ ਬਾਰੇ ਗੱਲਾਂ ਕਰਦਾ। ਹਿਸਟਰੀ ਸ਼ੁਰੂ ਤੋਂ ਹੀ ਹੀ ਮੇਰਾ ਮਨਪਸੰਦ ਵਿਸ਼ਾ ਰਿਹਾ ਹੈ, ਇਸੇ ਕਰਕੇ ਮੈਂ ਮੱਧਕਾਲੀ ਪੰਜਾਬੀ ਸਾਹਿਤ ਪੜ੍ਹਾਉਂਦਾ-ਪੜ੍ਹਾਉਂਦਾ ਵਿਦਿਆਰਥੀਆਂ ਨੂੰ ਇਤਿਹਾਸ 'ਚ ਲੈ ਵੜਦਾ। ਹੀਰ ਵਾਰਸ ਸ਼ਾਹ ਦੇ ਸਮੇਂ ਦੇ ਸਮਾਜ ਦੀ ਚਰਚਾ ਕਰਦਿਆਂ ਆਧੁਨਿਕ ਰਾਜਨੀਤੀ ਛੇੜ ਬਹਿੰਦਾ। ਅਰਸਤੂ ਤੋਂ ਲੈ ਕੇ ਅੰਬੇਦਕਰ ਤੱਕ, ਬਹੁਤ ਸਾਰੇ ਚਿੰਤਕਾਂ ਦੀ ਵਿਚਾਰਧਾਰਾ ਬਾਰੇ ਦੱਸ ਜਾਂਦਾ। ਨੌਜਵਾਨੀ ਨੂੰ ਬਦਲਾ ਲਿਆਉਣ ਲਈ ਪ੍ਰੇਰਿਤ ਕਰਦਾ ਤੇ ਉਕਸਾਉਂਦਾ। ਕਦੇ ਕਦੇ ਐਨ. ਐਸ. ਐਸ. ਕੈਂਪ ਲਾਉਣ ਲਈ ਵਿਦਿਆਰਥੀਆਂ ਨੂੰ ਲੈ ਕੇ ਦੂਰ ਦਰਾਜ ਦੇ ਪਿੰਡਾਂ ਵੱਲੀਂ ਨਿਕਲ ਜਾਂਦਾ। ਅਸੀਂ ਪਿੰਡ ਦੇ ਉਭੜ-ਖਾਬੜ ਰਸਤਿਆਂ 'ਤੇ ਮਿੱਟੀ ਪਾਉਂਦੇ। ਰਾਹਾਂ ਦੀ ਸਫਾਈ ਕਰਕੇ ਨਵੇਂ ਰੁੱਖ ਲਾਉਂਦੇ। ਆਥਣ ਵੇਲੇ ਕੈਂਪ 'ਚ ਰੰਗਾ ਰੰਗ ਪ੍ਰੋਗਰਾਮ ਚੱਲਦਾ। ਵਿਦਿਆਰਥੀ ਭੰਡਾਂ ਦੇ ਟੋਟਕੇ, ਗੀਤ ਸੰਗੀਤ, ਕਵਿਤਾਵਾਂ, ਚੁਟਕਲੇ ਤੇ ਕਈ ਕੁੱਝ ਹੋਰ ਸੁਣਾਉਂਦੇ।

ਇਹਨਾਂ ਦਿਨਾਂ 'ਚ ਘਰ ਵਿਚ ਹਰ ਵਕਤ ਗੱਲਾਂ ਵੀ ਕਾਲਜ ਲੈਕਚਰਾਰੀ ਦੀਆਂ ਹੀ ਹੋਣ ਲੱਗੀਆਂ। ਉੱਠਦਿਆਂ, ਬਹਿੰਦਿਆਂ, ਸੌਂਦਿਆਂ, ਖਾਂਦਿਆਂ ਤੇ ਪੀਂਦਿਆਂ-ਕਾਲਜ ਲੈਕਚਰਾਰੀ ਨਾਲ ਨਾਲ ਰਹਿੰਦੀ। ਕਾਲਜ ਲੈਕਚਰਾਰੀ ਤੋਂ ਅੱਗੇ ਹੁਣ ਤਾਂ ਮੈਂ ਤੇ ਸਿਮਰ ਯੂਨੀਵਰਸਿਟੀ ਦੀ ਪ੍ਰੋਫੈਸਰੀ ਦੀਆਂ ਵੀ ਗੱਲਾਂ ਕਰਦੇ। ਲੈਕਚਰਾਰ ਵਜੋਂ ਪੜ੍ਹਾਉਣ ਦਾ ਪੰਜ ਸਾਲ ਦਾ ਤਜ਼ਰਬਾ ਪੂਰਾ ਕਰਦਿਆਂ ਹੀ ਕਿਸੇ ਯੂਨੀਵਰਸਿਟੀ 'ਚ ਜਾ ਘੁਸਣ ਦੀ ਖਾਹਿਸ਼ ਨੇ ਧੁਰ ਅੰਦਰੋਂ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ ਸੀ।

ਸਿਮਰਜੀਤ ਬਾਬੇ ਨਾਨਕ ਦੀ ਫੋਟੋ ਅੱਗੇ ਖੜ੍ਹ ਕੇ ਕਦੇ ਕਦੇ ਅਰਦਾਸ ਕਰਦੀ ਤੇ ਨੋਬਲ ਨੂੰ ਵੀ ਅਜਿਹੀ ਅਰਦਾਸ ਕਰਨ ਲਈ ਆਖਦੀ। ਨੋਬਲ ਉਦੋਂ ਮਸੀਂ ਤਿੰਨ ਕੁ ਸਾਲ ਦੀ। ਉਹ ਵੀ ਬਾਬੇ ਦੀ ਫੋਟੋ ਅੱਗੇ ਜਾ ਹੱਥ ਜੋੜਦੀ, "ਬਾਬਾ ਜੀ! ਮੇਰੇ ਪਾਪਾ ਨੂੰ ਕਾਲਜ ਲੈਕਚਰ ਬਣਾਦੋ।" ਉਸਦੀ ਭੋਲੀ ਭਾਲੀ ਗੱਲ ਸੁਣ ਕੇ ਅਸੀਂ ਹੱਸਣ ਲੱਗਦੇ।

"ਬੱਚਿਆਂ ਦੀ ਨ੍ਹੀਂ ਮੋੜਦਾ ਰੱਬ। ਵੇਖਲੀਂ! ਹੁਣ ਤੂੰ ਪੱਕਾ ਲੈਕਚਰਾਰ ਬਣ ਜਾਣੈ। ਇੰਟਰਵਿਊ ਵੀ ਕਲੀਅਰ ਕਰ ਲੈਣੀ ਐ।" ਸਿਮਰਜੀਤ ਦਾ ਵਿਸ਼ਵਾਸ ਦਿਨੋ ਦਿਨ ਪੱਕਾ ਹੁੰਦਾ ਜਾਂਦਾ ਸੀ।

ਉਸਦੇ ਮਹਿਕਮੇ ਦੇ ਇੱਕ ਡਾਕਟਰ ਦੀ ਭੈਣ ਨੇ ਵੀ ਅਰਥ ਸ਼ਾਸਤਰ ਦੇ ਲੈਕਚਰਾਰ ਲਈ ਟੈਸਟ ਕਲੀਅਰ ਕੀਤਾ ਸੀ। ਉਹ ਆਪਣੀ ਭੈਣ ਨੂੰ ਲੈਕਚਰਾਰ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਸੀ। ਪੰਜਾਬ ਸਰਕਾਰ ਵਿੱਚ ਇੱਕ ਪ੍ਰਭਾਵਸ਼ਾਲੀ ਕੈਬਨਿਟ ਵਜ਼ੀਰ ਉਸਦਾ ਨੇੜਲਾ ਰਿਸ਼ਤੇਦਾਰ ਸੀ। ਉਸ ਰਾਹੀਂ ਮੁੱਖ ਮੰਤਰੀ ਤੋਂ ਸਿਫਾਰਸ਼ ਕਰਾਉਣ ਦੀਆਂ ਗੱਲਾਂ ਉਹ ਕਰਦਾ। ਪੈਸੇ ਧੇਲੇ ਦੀ ਵੀ ਕੋਈ ਕਮੀ ਨਹੀਂ ਸੀ ਉਹਨਾਂ ਕੋਲ। ਡਾਕਟਰਾਂ ਨੂੰ ਉਹਨੀਂ ਦਿਨੀਂ ਪੈਸੇ ਬਣਦੇ ਵੀ ਬਹੁਤ ਸਨ। ਸਰਕਾਰੀ ਹਸਪਤਾਲਾਂ 'ਚ ਲੜ ਭਿੜ ਕੇ ਆਏ ਲੋਕਾਂ ਦੀਆਂ ਪੱਚੀਆਂ-ਛੱਬੀਆਂ ਬਣਾਉਣ ਦੀ ਰਵਾਇਤ ਪੂਰੀ ਜ਼ੋਰਾਂ 'ਤੇ ਸੀ। ਇਸ ਕੰਮ ਲਈ ਪਿੰਡਾਂ ਵਾਲੇ ਜ਼ਮੀਨਾਂ ਵੇਚ ਕੇ ਵੀ ਪੈਸੇ ਡਾਕਟਰਾਂ ਦੀਆਂ ਜੇਬਾਂ 'ਚ ਪਾਉਂਦੇ ਸਨ। ਸਿਮਰ ਦੇ ਮਹਿਕਮੇ ਵਾਲਾ ਡਾਕਟਰ ਆਪਣੀ ਭੈਣ ਦੀ ਲੈਕਚਰਾਰੀ ਲਈ ਮੋਟੇ ਪੈਸੇ ਖਰਚ ਕਰ ਦੇਣ ਦੀਆਂ ਗੱਲਾਂ ਕਰਦਾ ਤਾਂ ਮੇਰਾ ਦਿਲ ਨਿਰਾਸ਼ਾ 'ਚ ਗੋਤੇ ਖਾਣ ਲੱਗਦਾ। ਮੈਂ ਫਿਰ ਤੋਂ ਦਿਲ ਢਾਊ ਗੱਲਾਂ ਕਰਨ ਲੱਗਦਾ।

"ਇੰਟਰਵਿਊ ਦੇਣ ਦਾ ਕੋਈ ਹਰਜ਼ ਐ?"

"ਕੋਈ ਹਰਜ਼ ਨ੍ਹੀਂ।"

"ਹੋਰ ਨ੍ਹੀਂ ਤਾਂ ਆਊਟਿੰਗ ਹੀ ਹੋਜੂ। ਏਸੇ ਬਹਾਨੇ ਨਾਲ ਘੁੰਮ ਫਿਰ ਆਵੀਂ ਪਟਿਆਲੇ। ਜੇ ਕਹੇਂਗਾ ਤਾਂ ਮੈਂ ਤੇ ਨੋਬਲ ਵੀ ਚੱਲ ਚੱਲਾਂਗੇ ਨਾਲ ਈ।" ਉਸਨੇ ਤਾਂ ਜਿਵੇਂ ਸਾਰਾ ਪ੍ਰੋਗਰਾਮ ਈ ਉਲੀਕ ਦਿੱਤਾ ਸੀ।

"ਹਾਂ! ਇਹ ਤਾਂ ਠੀਕ ਹੈ। ਅਮਰਜੀਤ ਕੌਂਕੇ ਬਾਈ ਕੋਲ ਰਹਾਂਗੇ ਜਾ ਕੇ। ਕਵਿਤਾਵਾਂ ਸੁਣਾਂਗੇ ਨਵੀਆਂ। ਭਾਸ਼ਾ ਵਿਭਾਗ ਵੀ ਜਾ ਆਊਂ। ਬੈਗ ਭਰ ਲਿਆਊਂ ਸਸਤੀਆਂ ਕਿਤਾਬਾਂ ਦਾ।"

"ਹੋਰ ਕੀ? ਬਾਹਲਾ ਨ੍ਹੀਂ ਸੋਚੀਦਾ।"

"ਨਾਲੇ ਰਾਜਿੰਦਰਾ ਹਸਪਤਾਲ ਮੂਹਰ ਦੀ ਹੋਕੇ ਜਾਣਾ। ਤੇਰਾ ਹੋਸਟਲ ਵੇਖਲੂੰ। ਪੁਰਾਣੀਆਂ ਯਾਦਾਂ ਤਾਜ਼ਾ ਹੋ ਜਾਣਗੀਆਂ।" ਸ਼ਰਾਰਤ ਮੱਲੋਮੱਲੀ ਮੇਰੀਆਂ ਅੱਖਾਂ 'ਚ ਉੱਤਰ ਆਈ ਸੀ। "ਹਾਏ! ਕਰ ਆਵੀਂ ਯਾਦਾਂ ਤਾਜ਼ੀਆਂ। ਕੀ ਪਤਾ ਤੈਨੂੰ ਆਵਦੇ ਵਾਅਦੇ ਈ ਯਾਦ ਆ ਜਾਣ। ਵਿਆਹ ਤੋਂ ਬਾਅਦ ਤਾਂ ਤੂੰ ਊਈਂ ਬਦਲ ਗਿਆ।" ਉਹ ਨਿਹੋਰੇ ਮਾਰਨ ਲੱਗੀ ਸੀ।

"ਹੱਛਾ!"

"ਹੋਰ ਕੀ।" ਆਖਦੀ ਉਹ ਮੇਰੇ ਨਾਲ ਲਿਜਾਣ ਵਾਲਾ ਬੈਗ ਤਿਆਰ ਕਰਾਉਣ ਲੱਗ ਪਈ ਸੀ।

ਜਿਸ ਦਿਨ ਮੈਂ ਇੰਟਰਵਿਊ ਲਈ ਆਉਣਾ ਸੀ ਸਿਮਰਜੀਤ ਢਾਈ ਸਾਲ ਦੀ ਬੇਟੀ ਨੋਬਲ ਨੂੰ ਉਂਗਲੀ ਲਾਈ ਦੂਰ ਤੱਕ ਛੱਡਣ ਆਈ ਸੀ। ਫੱਗਣ ਦੀ ਬਸੰਤ ਰੁੱਤ 'ਚ ਪੰਜਾਬ



ਪਬਲਿਕ ਸਰਵਿਸ ਕਮਿਸ਼ਨ ਦੇ ਵਿਹੜੇ ਦੀਆਂ ਬਗੀਚੀਆਂ ਰੰਗ ਬਿਰੰਗੇ ਫੁੱਲਾਂ ਨਾਲ ਭਰੀਆਂ ਪਈਆਂ ਸਨ। ਡੇਲੀਏ ਦੇ ਵੱਡੇ ਵੱਡੇ ਫੁੱਲ ਝਾਤੀਆਂ ਮਾਰਦੇ ਲੱਗਦੇ ਸਨ। ਛੋਟੇ ਤੇ ਪੀਲੇ ਫੁੱਲਾਂ ਵਾਲੀ ਗੁਲਦਾਉਦੀ ਦੇ "ਲੰਘ ਆਉ ਜੀ" ਕਹਿੰਦਿਆਂ ਹੀ ਇੰਟਰਵਿਊ ਦੇਣ ਵਾਲੇ ਕਮਰੇ ਦੇ ਬਾਹਰ ਉਡੀਕ ਘਰ 'ਚ ਪਹੁੰਚ ਗਿਆ ਸਾਂ। "ਤੁਸੀਂ ਪੀ. ਐਚ. ਡੀ. ਨ੍ਹੀ ਕੀਤੀ?" ਸ਼ਿਲਪਾ ਸ਼ੈਟੀ ਵਰਗੀ ਮੁਸਕਾਨ ਵਾਲੀ ਕੁੜੀ ਨੇ ਉੱਤਰ ਨਾ ਮਿਲਣ 'ਤੇ ਦੁਬਾਰਾ ਸਵਾਲ ਦਾਗ ਦਿੱਤਾ ਸੀ।

"ਬਸ ਟੈਮ ਜਿਆ ਈ ਨ੍ਹੀਂ ਲੱਗਿਆ।" ਭਾਰੇ ਥੀਸਸਾਂ ਵਿਚਕਾਰ ਘਿਰਿਆ ਮੈਂ ਹੀਣਤਾ ਭਾਵ 'ਚ ਡੁਬਿਆ ਜਾ ਰਿਹਾ ਸਾਂ।

"ਕਿੱਟ ਤਾਂ ਬੜੀ ਭਰੀ ਹੋਈ ਐ। ਕੀ ਹੈ ਇਹਦੇ 'ਚ ?" ਉਹਨਾਂ ਕੁੜੀਆਂ ਦੇ ਜਾਣਕਾਰ ਇੱਕ ਉਮੀਦਵਾਰ ਨੇ ਪੁੱਛਿਆ ਸੀ। ਇਹ ਮੁੰਡਾ ਐਮ. ਫ਼ਿਲ. ਦਾ ਥੀਸਸ ਅਤੇ ਆਲੋਚਨਾ ਦੀ ਇੱਕ ਪੁਸਤਕ ਬੁੱਕਲ 'ਚ ਘੁੱਟੀ ਬੈਠਾ ਸੀ।

"ਕਿਤਾਬਾਂ ਤੇ ਕੁੱਝ ਰਿਸਾਲੇ ਵਗੈਰਾ ਹੈਗੇ ਜਿਨ੍ਹਾਂ 'ਚ ਮੇਰਾ ਕੁੱਝ ਨਾ ਕੁੱਝ ਛਪਿਆ।" ਮੈਂ ਬੈਗ ਦੀ ਅੱਧੀ ਕੁ ਜਿੱਪ ਖੋਹਲ ਕੇ ਆਪਣੇ ਭੰਡਾਰੇ ਦੇ ਦਰਸ਼ਨ ਕਰਵਾ ਦਿੱਤੇ।

"ਇਹਦਾ ਮਤਲਬ ਤੁਸੀਂ ਲਿਖਦੇ ਵੀ ਓਂ।"

"ਮਾੜਾ ਮੋਟਾ।"

"ਕੀ ਨਾਓਂ ਐਂ ਤੁਹਾਡਾ? ਮੇਰਾ ਮਤਲਬ ਕਿਹੜੇ ਨਾਂ 'ਤੇ ਲਿਖਦੇ ਹੁੰਨੇ ਓਂ?"

ਮੇਰੇ ਵੱਲੋਂ ਦੱਸਣ 'ਤੇ ਉਹ ਹੱਸਦੀਆਂ ਅੱਖਾਂ ਵਾਲੀਆਂ ਕੁੜੀਆਂ ਦਿਮਾਗ 'ਤੇ ਜ਼ੋਰ ਪਾਉਣ ਦਾ ਵਿਖਾਵਾ ਕਰਨ ਲੱਗੀਆਂ।

"ਨਾਂ ਤਾਂ ਸੁਣਿਆ ਸੁਣਿਆ ਲੱਗਦਾ। ਸ਼ਾਇਦ ਕਿਸੇ ਅਖ਼ਬਾਰ ਰਿਸਾਲੇ 'ਚ। ਕਿੱਥੇ ਪੜ੍ਹਿਆ ਇਹ ਯਾਦ ਨ੍ਹੀਂ ਆ ਰਿਹਾ।"

"ਐਨਾ ਬੋਝ ਨਾ ਪਾਓ ਦਿਮਾਗ 'ਤੇ। ਐਡਾ ਮਸ਼ਹੂਰ ਲੇਖਕ ਹੈਨੀ ਮੈਂ। ਬਸ ਆਹ ਇੰਟਰਵਿਊ ਵਾਸਤੇ ਥੋੜ੍ਹਾ ਬਹੁਤਾ ਛਪਵਾ ਲਿਆ ਕਹਿ ਕਹਾ ਕੇ।" ਮੈਨੂੰ ਹੈਰਾਨੀ ਹੋਈ ਕਿ ਭਾਰੇ ਥੀਸਸਾਂ ਵਾਲੀਆਂ ਇਹ ਸ਼ਖ਼ਸੀਅਤਾਂ ਕਾਲਜਾਂ ਵਿੱਚ ਮਾਂ ਬੋਲੀ ਪੰਜਾਬੀ ਪੜ੍ਹਾਉਣ ਲਈ ਅਧਿਆਪਕ ਲੱਗਣ ਵਾਸਤੇ ਆਈਆਂ ਸਨ। ਹੈਰਾਨੀ ਇਸ ਗੱਲ ਦੀ ਹੋ ਰਹੀ ਸੀ ਕਿ "ਸੋਨੀਆ ਗਾਈਡਾਂ" ਤੋਂ ਪੜ੍ਹ ਕੇ ਐਮ ਏ ਕਰਨ ਵਾਲੀਆਂ ਇਹ ਬੀਬੀਆਂ ਟੈਸਟ ਕਿਵੇਂ ਪਾਸ ਕਰ ਗਈਆਂ ਸਨ। ਫਿਰ ਮੈਨੂੰ ਲੱਗਿਆ ਇਸ ਵਿੱਚ ਉਹਨਾਂ ਦੇ 'ਰੱਟੇ' ਦਾ ਵੱਡਾ ਯੋਗਦਾਨ ਹੋਵੇਗਾ। ਇੰਟਰਵਿਊ ਲਈ ਮੇਰੀ ਵਾਰੀ ਆਉਣ ਤੋਂ ਪਹਿਲਾਂ ਦਸ -ਬਾਰਾਂ ਉਮੀਦਵਾਰ ਭੁਗਤ ਆਏ ਸਨ। ਹੱਸਦੀਆਂ ਅੱਖਾਂ ਵਾਲੀਆਂ ਕੁੜੀਆਂ 'ਚੋਂ ਵੀ ਇੱਕ ਕੁੜੀ, ਉਸਦੇ ਆਪਣੇ ਆਖਣ ਅਨੁਸਾਰ ਇੰਟਰਵਿਊ ਤੋਂ ਫਾਰਗ ਹੋ ਆਈ ਸੀ। ਇੰਟਰਵਿਊ ਵਾਲੇ ਹਰ ਇੱਕ ਉਮੀਦਵਾਰ 'ਤੇ ਪੰਜ ਤੋਂ ਸੱਤ ਮਿੰਟ ਤੱਕ ਲਾ ਰਹੇ ਸਨ। ਵੱਡੀਆਂ ਡਿਗਰੀਆਂ ਤੇ ਭਾਰੇ ਥੀਸਸਾਂ ਵੱਲ ਵੇਖਦਿਆਂ ਮੈਨੂੰ ਆਪਣਾ ਆਪ ਹੀਣਾ ਹੀਣਾ ਲੱਗੀ ਜਾਂਦਾ ਸੀ। ਇੰਟਰਵਿਊ ਤਾਂ ਮੈਨੂੰ ਮਹਿਜ਼ ਜ਼ਾਬਤਾ ਪੂਰਾ ਕਰਨ ਵਾਲੀ ਕਾਰਵਾਈ ਲੱਗਦੀ ਸੀ।

ਸਿਲੈਕਸ਼ਨ ਕਮੇਟੀ ਦੇ ਮੈਂਬਰਾਂ ਨੂੰ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਹੀ ਮੈਂ ਬੈਗ 'ਚੋਂ ਕਿਤਾਬਾਂ-ਰਸਾਲੇ ਕੱਢ ਕੇ ਟੇਬਲ 'ਤੇ ਢੇਰ ਲਾ ਦਿੱਤਾ। ਮੇਰੀਆਂ ਬਚਕਾਨਾ ਕਿਸਮ ਦੀਆਂ ਹਰਕਤਾਂ ਨੂੰ ਵੇਖ ਕੇ ਕਮੇਟੀ ਵਾਲੇ ਮਿੰਨਾ ਮਿੰਨਾ ਮੁਸਕਰਾ ਰਹੇ ਸਨ।

"ਕਿੱਥੋਂ ਆਏ ਓਂ ?" ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਲੰਮੇ ਦਾਹੜੇ ਵਾਲੇ ਮੈਂਬਰ ਨੇ ਪਹਿਲਾ ਸਵਾਲ ਕੀਤਾ ਸੀ।

"ਮੋਗੇ ਤੋਂ।"

"ਮੋਗੇ ਦਾ ਕੀ ਖਾਸ ਐ ?" ਅਗਲਾ ਸਵਾਲ ਸੀ।

"ਸਭ ਤੋਂ ਖਾਸ ਤਾਂ ਮੋਗੇ ਦੀ ਢਾਬ ਐ ਜਿੱਥੇ ਸਾਧ ਰਹਿੰਦਾ ਹੁੰਦਾ ਸੀ ਤੇ ਆਉਂਦੀ ਜਾਂਦੀ ਨੂੰ ਘੜਾ ਚੁਕਾ ਕੇ ਮਗਰੋਂ ਗੋਡਾ ਮਾਰਦਾ ਸੀ।" ਮੇਰੇ ਜਵਾਬ ਨਾਲ ਉਹ ਸਾਰੇ ਖਿੜ ਖਿੜ ਕਰਕੇ ਹੱਸਣ ਲੱਗੇ।

"ਹੋਰ ਵੀ ਬਹੁਤ ਖਾਸ ਸ਼ਖ਼ਸੀਅਤਾਂ ਨੇ। ਬਾਬਾ ਨਿਧਾਨ ਸਿੰਘ ਚੁੱਘਾ, ਬਾਬਾ ਪਾਲਾ ਸਿੰਘ ਢੁੱਡੀਕੇ, ਬਾਬਾ ਨਿਧਾਨ ਸਿੰਘ ਮਹੇਸ਼ਰੀ ਵਰਗੇ ਗਦਰੀ ਬਾਬੇ। ਆਜ਼ਾਦ ਹਿੰਦ ਫੌਜ ਦੇ ਯੋਧੇ। ਜਸਵੰਤ ਸਿੰਘ ਕੰਵਲ ਵਰਗੇ ਵੱਡੇ ਲਿਖਾਰੀ। ਵੱਡੇ ਗਵਈਏ, ਖਿਡਾਰੀ, ਸੰਤ, ਬਦਮਾਸ਼ ਤੇ ਸਿਆਸਤਦਾਨ। ਤੁਸੀਂ ਵੀ ਤਾਂ ਖਾਸ ਈ ਓਂ ਮੋਗੇ ਦੇ।" ਪੀ. ਪੀ. ਐਸ. ਸੀ. ਦੇ ਉਸ ਮੈਂਬਰ ਦਾ ਪਿਛੋਕੜ ਮੋਗੇ ਦਾ ਸੀ। ਮੇਰਾ ਜਵਾਬ ਸੁਣ ਕੇ ਉਹ ਖੁੱਲ੍ਹਕੇ ਹੱਸਣ ਲੱਗਾ।

"ਮੈਨੂੰ ਤਾਂ ਤੂੰ ਵੀ ਖਾਸ ਈ ਲੱਗਦਾਂ।" ਉਸਨੇ ਲੰਮੇ ਦਾਹੜੇ 'ਤੇ ਹੱਥ ਫੇਰਿਆ।

"ਮੰਨ ਲੈਣ 'ਚ ਕੀ ਹਰਜ਼ ਐ। ਨਾਲੇ ਈਗੋ ਸ਼ਾਂਤ ਹੋਜੂ ਘੜੀ ਪਲ।" ਮੈਂ ਮੋੜਾ ਦੇ ਦਿੱਤਾ।

"ਤੁਸੀਂ ਪੀ. ਐਚ. ਡੀ. ਕਿਉਂ ਨਹੀਂ ਕੀਤੀ ?" ਵਿਸ਼ਾ ਮਾਹਰ ਨੇ ਬੜੇ ਨਪੇ ਤੁਲੇ ਸ਼ਬਦਾਂ 'ਚ ਪੁੱਛਿਆ।

"ਮੈਡਮ ਜੀ! ਮੈਂ ਜਿੱਥੋਂ ਆਇਆਂ ਉੱਥੇ ਐਮ ਏ ਕਰਨੀ ਵੱਡੀ ਗੱਲ ਹੈ ਤੇ ਉਹ ਮੈਂ ਕਰ ਲਈ ਹੈ। ਪੀ. ਐਚ. ਡੀ. ਕੋਈ ਵੱਡੀ ਜਾਂ ਖਾਸ ਗੱਲ ਨਹੀਂ ਹੈ। ਉਹ ਤਾਂ ਇੱਧਰੋਂ-ਉਧਰੋਂ ਕਿਤਾਬਾਂ 'ਚੋਂ ਚੱਕ ਕੇ ਕਾਪੀ ਪੇਸਟ ਈ ਕਰਨਾ, ਕਦੋਂ ਵੀ ਕਰਲੂੰ ਜਦੋਂ ਟਾਈਮ ਮਿਲਿਆ।" ਮੇਰੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ। ਹੁਣ ਕੀ ਹੋ ਸਕਦਾ ਸੀ, ਗੱਲ ਤਾਂ ਜ਼ੁਬਾਨੋਂ ਬਾਹਰ ਨਿਕਲ ਚੁੱਕੀ ਸੀ। ਕਮੇਟੀ ਮੈਂਬਰ ਹੋਰ ਜ਼ੋਰ ਦੀ ਖੁੱਲ੍ਹ ਕੇ ਹੱਸੇ ਸਨ।

"ਪੰਜਾਬੀ ਦੇ ਕਹਾਣੀਕਾਰ ਕਿਹੜੇ ਕਿਹੜੇ ਨੇ ?" ਮੇਰੀ ਕਿਤਾਬ 'ਅੱਕ ਦਾ ਬੂਟਾ' ਫਰੋਲਦਿਆਂ ਵਿਸ਼ਾ ਮਾਹਰ ਬੀਬੀ ਨੇ ਪੁੱਛਿਆ।

"ਕੁਲਵੰਤ ਸਿੰਘ ਵਿਰਕ ਤੋਂ ਕੜਿਆਲਵੀ ਤੱਕ ਬਥੇਰੇ ਨੇ, ਤੁਸੀਂ ਦੱਸੋ ਕਿਹੜੇ ਬਾਰੇ ਪੁੱਛਣਾ ?" ਮੈਂ ਉਲਟਾ ਸਵਾਲ ਕੱਢ ਮਾਰਿਆ।

"ਤੁਹਾਨੂੰ ਕਿਹੜਾ ਪਸੰਦ ਐ ਜਾਂ ਤੁਸੀਂ ਕਿਹੜੇ ਕਹਾਣੀਕਾਰ ਤੋਂ ਜ਼ਿਆਦਾ ਪ੍ਰਭਾਵਿਤ ਹੋ ?"

"ਕੁਲਵੰਤ ਸਿੰਘ ਵਿਰਕ ਤੋਂ।"

"ਕਿਉਂ ?" ਉਸਦੇ ਇਸ ਸਵਾਲ ਦੇ ਜਵਾਬ 'ਚ ਮੈਂ ਉਸ ਮਹਾਨ ਕਹਾਣੀਕਾਰ ਦੀ ਕਹਾਣੀ ਕਲਾ ਬਾਰੇ ਆਪਣੀ ਸਮਝ ਦਾ ਪਟਾਰਾ ਖੋਹਲ ਦਿੱਤਾ। ਮੇਰੀਆਂ ਝੱਲ ਵਲੱਲੀਆਂ 'ਤੇ ਠਾਹ ਸੋਟੇ ਵਰਗੀਆਂ ਗੱਲਾਂ ਸੁਣ ਕੇ ਵਿਸ਼ਾ ਮਾਹਰ ਬੀਬੀ ਖੁਸ਼ੀ 'ਚ ਝੂਮ ਰਹੀ ਸੀ। ਉਹ ਵੇਖਣ ਨੂੰ ਹੀ ਕਾਫੀ ਬੁੱਧੀਮਾਨ, ਸੰਜੀਦਾ ਤੇ ਸਹਿਜ ਲੱਗਦੀ ਸੀ। ਮੈਨੂੰ ਤਾਂ ਬਾਅਦ 'ਚ ਪਤਾ ਲੱਗਾ ਕਿ ਉਹ ਚੰਡੀਗੜ੍ਹ ਯੂਨੀਵਰਸਿਟੀ ਤੋਂ ਸੀ ਤੇ ਉਸਦਾ ਨਾਂ ਡਾ: ਜਸਪਾਲ ਕੌਰ ਕਾਂਗ ਸੀ।ਫਿਰ ਲੰਮੇ ਦਾਹੜੇ



ਵਾਲੇ ਗੁਰਸਿੱਖ ਮੈਂਬਰ ਨੇ ਸਵਾਲ ਪੁੱਛ ਲਿਆ ਜਿਸਦਾ ਜਵਾਬ ਦੇਣ ਲਈ ਮੈਂ ਦਸ ਮਿੰਟ ਲਾ ਦਿੱਤੇ। ਉਹ ਸੁਣੀ ਵੀ ਜਾਂਦੇ ਸਨ ਤੇ ਹੱਸੀ ਵੀ ਜਾਂਦੇ ਸਨ। ਸ਼ਾਇਦ ਐਨਾ ਬੇਬਾਕ ਉਮੀਦਵਾਰ ਪਹਿਲੀ ਵਾਰ ਇੰਟਰਵਿਊ ਦੇਣ ਆਇਆ ਹੋਵੇ। ਦਰਅਸਲ ਮੈਂ ਇਹ ਮੰਨ ਕੇ ਚੱਲ ਰਿਹਾ ਸਾਂ ਕਿ ਚੁਣੇ ਜਾਣ ਵਾਲੇ ਉਮੀਦਵਾਰ ਤਾਂ ਪਹਿਲਾਂ ਹੀ ਚੁਣੇ ਜਾ ਚੁੱਕੇ ਨੇ ਤੇ ਮੇਰੀ ਸਿਲੈਕਸ਼ਨ ਤਾਂ ਹੋਣੀ ਹੀ ਨਹੀਂ। ਏਸੇ ਕਰਕੇ ਮੈਂ ਬੇਪਰਵਾਹੀ ਨਾਲ ਜੋ ਮੇਰੇ ਅੰਦਰੋਂ ਨਿਕਲਦਾ ਆਉਂਦਾ ਸੀ, ਉਹ ਬੋਲੀ ਜਾ ਰਿਹਾ ਸਾਂ। ਹੁਣ ਜਦੋਂ ਉਹਨਾਂ ਨੇ ਪੰਜਾਬੀ ਭਾਸ਼ਾ ਨੂੰ ਆਏ ਸੰਕਟਾਂ ਲਈ ਜਿੰਮੇਵਾਰਾਂ ਬਾਰੇ ਪੁੱਛ ਲਿਆ ਸੀ ਤਾਂ ਮੈਨੂੰ ਜਿਵੇਂ ਅੰਦਰਲੀ ਭੜਾਸ ਕੱਢਣ ਦਾ ਖੁੱਲ੍ਹਾ ਮੌਕਾ ਬਖ਼ਸ਼ ਦਿੱਤਾ ਸੀ। ਮੈਂ ਮੌਕੇ ਦੀਆਂ ਸਰਕਾਰਾਂ, ਸ਼੍ਰੋਮਣੀ ਕਮੇਟੀ, ਲੇਖਕ ਸੰਸਥਾਵਾਂ, ਯੂਨੀਵਰਸਿਟੀਆਂ, ਭਾਸ਼ਾ ਵਿਭਾਗ ਤੇ ਹੋਰ ਕਈ ਅਦਾਰਿਆਂ ਨੂੰ ਰਗੜ ਦਿੱਤਾ ਸੀ।

"ਚਾਵਲਾ ਸਾਹਿਬ! ਏਸ ਮੁੰਡੇ ਬਾਰੇ ਤਾਂ ਕੁੱਝ ਕਰਨਾ ਈ ਪਊ ਤੁਹਾਨੂੰ।" ਵਿਸ਼ਾ ਮਾਹਰ ਨੇ ਆਪਣਾ ਵਿਚਾਰ ਦਿੱਤਾ।

"ਕੋਸ਼ਿਸ਼ ਕਰਾਂਗੇ ਤੇਰੀ ਸ਼ਿਲੈਕਸ਼ਨ ਕਰਨ ਦੀ।" ਮੈਂਬਰ ਨੇ ਮੇਰੀ ਚੋਣ ਵੱਲ ਇਸ਼ਾਰਾ ਕਰ ਦਿੱਤਾ ਸੀ।

"ਵੇਖ ਲਿਓ ਜੀ ਕੋਸ਼ਿਸ਼ ਕਰਕੇ। ਚੰਗੀ ਗੱਲ ਐ ਜੇ ਸ਼ਿਲੈਕਸ਼ਨ ਹੋਜੇ ਤਾਂ।" ਮੈਨੂੰ ਧੰਨਵਾਦ ਕਰਨ ਲਈ ਇਹੋ ਸ਼ਬਦ ਢੁੱਕਵੇਂ ਲੱਗੇ ਸਨ।

"ਪਰ ਤੂੰ ਇਹ ਤਾਂ ਦੱਸਿਆ ਨਹੀਂ ਕਾਲਜ ਲੈਕਚਰਾਰ ਬਣਨਾ ਕਿਉਂ ਚਾਹੁੰਨੈ ?" ਮੈਂਬਰ ਵੱਲੋਂ ਅਚਾਨਕ ਸਵਾਲ ਆ ਗਿਆ ਸੀ।

"ਮੈਂ ਚਾਹੁੰਨੈ ਕਿ ਆਪਣੇ ਅੰਦਰਲੇ ਚੰਗੇ ਗੁਣ ਬੱਚਿਆਂ ਅੰਦਰ ਵੰਡਾਂ।" ਮੈਂ ਕਹਿਣਾ ਤਾਂ ਇਹ ਸੀ ਕਿ ਮੈਂ ਚਹੁੰਨੈ ਕਿ ਆਪਣੇ ਅੰਦਰਲਾ ਗਿਆਨ ਬੱਚਿਆਂ ਅੰਦਰ ਵੰਡਾਂ ਪਰ ਕਹਿ ਹੋਰ ਹੋ ਗਿਆ ਸੀ।

"ਤੈਨੂੰ ਪਤਾ ਤੇਰੇ ਅੰਦਰ ਚੰਗੇ ਗੁਣ ਹੈਗੇ ?" ਉਸਨੇ ਮੈਨੂੰ ਘੇਰ ਲਿਆ।

"ਹਾਂ! ਮੈਨੂੰ ਆਪਣੇ ਕੁੱਝ ਚੰਗੇ ਗੁਣਾਂ 'ਤੇ ਮਾਣ ਹੈ। ਹਰ ਇਨਸਾਨ ਨੂੰ ਆਪਣੇ ਗੁਣਾਂ 'ਤੇ ਮਾਣ ਹੋਣਾ ਚਾਹੀਦਾ। ਹਾਂ, ਮਾਣ ਤੇ ਹੰਕਾਰ ਵਿੱਚ ਫ਼ਰਕ ਜ਼ਰੂਰ ਹੋਣਾ ਚਾਹੀਦਾ ਤੇ ਮੈਨੂੰ ਮਾਣ ਹੈ ਕਿ ਮੇਰੇ ਅੰਦਰ ਕੁੱਝ ਚੰਗੇ ਗੁਣ ਹੈਗੇ ਨੇ।" ਕਮੇਟੀ ਮੈਂਬਰ ਹੁਣ ਕੇਵਲ ਮੁਸਕਰਾਏ ਤੇ "ਥੈਂਕਸ! ਬੈਸਟ ਆਫ ਲੱਕ।" ਆਖਦਿਆਂ ਮੈਨੂੰ ਜਾਣ ਦਾ ਇਸ਼ਾਰਾ ਕਰ ਦਿੱਤਾ ਸੀ। ਪਟਿਆਲੇ ਤੋਂ ਵਾਪਸ ਘਰ ਤੱਕ ਆਉਂਦਿਆਂ ਸਿਲੈਕਸ਼ਨ ਕਮੇਟੀ ਮੈਂਬਰ ਵੱਲੋਂ ਬੋਲੇ ਗਏ "ਕੋਸ਼ਿਸ਼ ਕਰਾਂਗੇ" ਦੇ ਬੋਲ ਵਾਰ ਵਾਰ ਮੇਰੇ ਕੰਨਾਂ 'ਚ ਗੂੰਜਦੇ ਰਹੇ ਸਨ। ਦਰਅਸਲ ਅਜਿਹੇ ਬੋਲ ਕੁੱਝ ਸਾਲ ਪਹਿਲਾਂ ਵੀ ਸੁਣੇ ਸਨ। ਉਦੋਂ ਮੈਂ ਤਹਿਸੀਲ ਭਲਾਈ ਅਫਸਰ ਦੀ ਅਸਾਮੀ ਲਈ ਇੰਟਰਵਿਊ ਦੇਣ ਗਿਆ ਸਾਂ। ਭਰਤੀ ਬੋਰਡ ਦਾ ਚੇਅਰਮੈਨ ਪਟਿਆਲੇ ਵਾਲਾ ਜਸਦੇਵ ਸਿੰਘ ਸੰਧੂ ਸੀ ਜੋ ਕਈ ਵਾਰ ਪੰਜਾਬ ਵਿਧਾਨ ਸਭਾ ਦਾ ਮੈਂਬਰ ਰਹਿ ਚੁੱਕਾ ਸੀ। ਉਹ ਪੂਰਾ ਟਕਸਾਲੀ ਅਕਾਲੀ ਸੀ ਤੇ ਪੰਥਕ ਰਾਜਨੀਤਕ ਹਲਕਿਆਂ 'ਚ ਉਸਦੀ ਛਵੀ ਇੱਕ ਦਰਵੇਸ਼ ਸਿਆਸਤਦਾਨ ਵਾਲੀ ਸੀ। ਸੰਧੂ ਪੂਰਾ ਕੱਟੜ ਕਿਸਮ ਦਾ ਸਿੱਖ ਸੀ, ਇਸੇ ਕਰਕੇ ਮੇਰੇ ਵਰਗੇ ਬਹੁਤੇ ਉਮੀਦਵਾਰ ਉਸ ਅੱਗੇ ਇੰਟਰਵਿਊ ਲਈ ਪੇਸ਼ ਹੋਣ ਸਮੇਂ ਪੱਗ ਬੰਨ੍ਹ ਕੇ ਜਾਂਦੇ ਸਨ। ਮੈਂ ਤਾਂ ਕਈ ਦਿਨ ਦਾਹੜੀ ਵੀ ਨਹੀਂ ਸੀ ਕਟਾਈ ਬਲਕਿ ਵਾਰ ਵਾਰ ਹੱਥਾਂ ਨਾਲ ਉਸਨੂੰ ਬਾਹਰ ਵੱਲ ਨੂੰ ਕਰਦਾ ਰਹਿੰਦਾ ਸਾਂ। "ਨਵਾਂ ਨਵਾਂ ਸਿੰਘ ਸੱਜਿਆਂ ਲੱਗਦਾਂ ?"

ਮੇਰੀ ਅੱਗੇ ਨੂੰ ਕੀਤੀ ਦਾਹੜੀ ਵੱਲ ਵੇਖਦਿਆਂ ਚੇਅਰਮੈਨ ਨੇ ਪਹਿਲਾ ਸਵਾਲ ਹੀ ਇਹ ਕੀਤਾ ਸੀ। ਉਹ ਇਹ ਸਵਾਲ ਮੇਰੇ ਵਰਗੇ ਸਾਰਿਆਂ ਨੂੰ ਹੀ ਕਰਦਾ ਸੀ।

"ਪਹਿਲਾਂ ਵੀ ਆਇਆ ਸੀ ਨਾ ਇੰਟਰਵਿਊ ਦੇਣ ਲਈ ?" ਉਸਨੇ ਪਛਾਣ ਲਿਆ ਸੀ।

ਉਸਦੇ ਕੋਲ ਇਹ ਮੇਰੀ ਚੌਥੀ ਇੰਟਰਵਿਊ ਸੀ। ਇਸਤੋਂ ਪਹਿਲਾਂ ਨੈਬ ਤਹਿਸੀਲਦਾਰ ਵਰਗੀ ਮਹੱਤਵਪੂਰਨ ਅਸਾਮੀ ਲਈ ਵੀ ਟੈਸਟ ਪਾਸ ਕਰਕੇ ਇੰਟਰਵਿਊ ਦੇਣ ਲਈ ਪੇਸ਼ ਹੋਇਆ ਸਾਂ। ਉਦੋਂ ਇੰਟਰਵਿਊ ਵਧੀਆ ਹੋਣ ਦੇ ਬਾਵਜੂਦ ਚੋਣ ਨਹੀਂ ਸੀ ਹੋ ਸਕੀ। ਚੁਣੇ ਗਏ ਲੱਗਪਗ ਸਾਰੇ ਹੀ ਉਮੀਦਵਾਰ ਵੱਡੇ ਵੱਡੇ ਲੀਡਰਾਂ ਦੇ ਪੁੱਤ ਜਾਂ ਜਵਾਈ ਸਨ। ਇਹਨਾਂ 'ਚੋਂ ਵੀ ਜਵਾਈਆਂ ਦੀ ਗਿਣਤੀ ਜ਼ਿਆਦਾ ਸੀ।

"ਹਾਂ ਜੀ ਪਹਿਲਾਂ ਵੀ ਤਿੰਨ ਵਾਰ ਆਇਆਂ। ਜੇ ਇਸ ਵਾਰ ਵੀ ਸਿਲੈਕਸ਼ਨ ਨਾ ਹੋਈ ਤਾਂ ਅੱਗੇ ਤੋਂ ਫੇਰ ਆਊਂ। ਟੈਸਟ ਇੰਟਰਵਿਊ ਦੇਣ ਤੋਂ ਤਾਂ ਹਟਣਾ ਨ੍ਹੀਂ।" ਮੇਰਾ ਜਵਾਬ ਸੁਣਕੇ ਬੋਰਡ ਦੇ ਮੈਂਬਰ ਮੁਨੱਵਰ ਮਸੀਹ, ਪ੍ਰਕਾਸ਼ ਸਿੰਘ ਗੜਦੀਵਾਲਾ ਸਮੇਤ ਬਾਕੀ ਵੀ ਹੱਸਣ ਲੱਗੇ ਸਨ। "ਆਪਣੇ ਇਲਾਕੇ ਦੇ ਕਿਸੇ ਪੁਰਾਣੇ ਜਥੇਦਾਰ ਨੂੰ ਜਾਣਦੈਂ ?" ਚੇਅਰਮੈਨ ਸੰਧੂ ਦਾ ਅਗਲਾ ਸਵਾਲ ਸੀ।

ਮੈਂ ਬਹੁਤਿਆਂ ਨੂੰ ਤਾਂ ਨਹੀਂ ਸਾਂ ਜਾਣਦਾ ਪਰ ਐਮਰਜੈਂਸੀ ਅਤੇ ਬਾਅਦ ਦੇ ਅਕਾਲੀ ਮੋਰਚਿਆਂ ਸਮੇਂ ਜੇਲ੍ਹ ਯਾਤਰਾ ਕਰਨ ਵਾਲੇ ਕੁੱਝ ਪੁਰਾਣੇ ਜਥੇਦਾਰਾਂ ਬਾਜ਼ ਸਿੰਘ ਕਾਦਰਵਾਲਾ, ਕਰਤਾਰ ਸਿੰਘ ਮੂਸੇਵਾਲੀਆ, ਮੁਖਤਿਆਰ ਸਿੰਘ ਕਾਦਰਵਾਲਾ, ਧਰਮ ਸਿੰਘ ਸਿੰਘ ਤਲਵੰਡੀ, ਕਿਰਪਾਲ ਸਿੰਘ ਢੋਸ ਵਰਗਿਆਂ ਦੇ ਨਾਂ ਲੈ ਦਿੱਤੇ। ਬਾਜ਼ ਸਿੰਘ ਕਾਦਰਵਾਲਾ ਅਤੇ ਕਰਤਾਰ ਸਿੰਘ ਮੂਸੇਵਾਲੀਏ ਦਾ ਨਾਂ ਸੁਣਦਿਆਂ ਹੀ ਉਸਨੇ ਕੰਨ ਚੁੱਕ ਲਏ। ਫੇਰ ਉਹ ਕਿੰਨਾ ਹੀ ਚਿਰ ਇਹਨਾਂ ਜਥੇਦਾਰਾਂ ਬਾਰੇ ਗੱਲਾਂ ਕਰਦਾ ਰਿਹਾ।

"ਕੀ ਕਰਦਾ ਹੁੰਨੈ ?"

"ਜੀ ਪੱਤਰਕਾਰੀ।" ਮੈਂ ਵੱਖ ਵੱਖ ਅਖ਼ਬਾਰਾਂ 'ਚ ਛਪੀਆਂ ਰਿਪੋਰਟਾਂ ਅਤੇ ਆਰਟੀਕਲ ਅੱਗੇ ਕਰ ਦਿੱਤੇ। ਮੈਨੂੰ ਸੰਧੂ ਦੇ ਲਿਖਣ ਪੜ੍ਹਨ ਵਾਲੇ ਸ਼ੌਂਕ ਬਾਰੇ ਪਤਾ ਸੀ। ਸੰਨ 1973 ਦਾ ਅਨੰਦਪੁਰ ਸਾਹਬ ਦਾ ਮਤਾ ਲਿਖਣ ਵਿੱਚ ਵੀ ਉਹਨਾਂ ਦੀ ਪ੍ਰਮੁੱਖ ਭੂਮਿਕਾ ਰਹੀ ਸੀ।

"ਪੰਜਾਬੀ 'ਚ ਕਿਹੜੇ ਕਿਹੜੇ ਅਖ਼ਬਾਰ ਛਪਦੇ ਆ ?"

"ਅਜੀਤ, ਜੱਗਬਾਣੀ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ, ਅੱਜ ਦੀ ਆਵਾਜ਼, ਅਕਾਲੀ ਪ੍ਰੱਤਿਕਾ, ਰਣਜੀਤ—।" ਮੈਂ ਇੱਕ ਦੋ ਬਹੁਤ ਹੀ ਘੱਟ ਜਾਣੇ ਜਾਂਦੇ ਅਖ਼ਬਾਰਾਂ ਦੇ ਨਾਂ ਵੀ ਲੈ ਦਿੱਤੇ।

"ਪੰਜਾਬੀ ਦਾ ਅਸਲ ਅਖ਼ਬਾਰ ਤਾਂ ਛੱਡ ਹੀ ਗਿਆਂ। "ਨਵਾਂ ਜ਼ਮਾਨਾ'। ਕਾਮਰੇਡਾਂ ਦਾ ਇੱਕੋ ਇੱਕ ਤਾਂ ਅਖ਼ਬਾਰ ਐ। ਬਹੁਤ ਪੁਰਾਣਾ। ਪਹਿਲਾਂ ਉਰਦੂ 'ਚ ਨਿਕਲਦਾ ਹੁੰਦਾ ਸੀ। ਅਰਜਨ ਸਿੰਘ ਗੜਗੱਜ ਵਰਗੇ, ਸੁਰਜਨ ਜੀਰਵੀ ਵਰਗੇ ਵੱਡੇ ਲੀਡਰ ਜੁੜੇ ਰਹੇ ਨੇ ਇਹਦੇ ਨਾਲ।" ਉਸਨੇ ਮੇਰੀ ਭੁੱਲ ਫੜ ਲਈ ਸੀ।

"ਹਾਂ ਜੀ ! ਹਾਂ ਜੀ। ਮੇਰਾ ਤਾਂ ਫੇਵਰਟ ਅਖ਼ਬਾਰ ਐ ਜੀ। ਇਸੇ ਵਿੱਚ ਤਾਂ ਸਭ ਤੋਂ ਵੱਧ ਛਪਿਆਂ।" ਮੈਂ ਕਾਹਲੀ ਕਾਹਲੀ ਬੋਲਿਆ ਸੀ।



"ਜਗਜੀਤ ਸਿੰਘ ਆਨੰਦ ਨੂੰ ਪੜ੍ਹਿਆ ? ਉਹਦੇ ਵਰਗੀ ਪੰਜਾਬੀ ਨ੍ਹੀਂ ਲਿਖਣੀ ਆਉਂਦੀ ਕਿਸੇ ਹੋਰ ਸੰਪਾਦਕ ਨੂੰ।" ਮੈਂ ਹੈਰਾਨ ਹੋ ਰਿਹਾ ਸਾਂ ਕਿ ਇੱਕ ਕੱਟੜ ਅਕਾਲੀ ਤੇ ਕੱਟੜ ਸਿੱਖ ਮਾਈਂਡਡ ਬੰਦਾ ਕਾਮਰੇਡਾਂ ਦੇ ਅਖ਼ਬਾਰ ਅਤੇ ਉਸਦੇ ਸੰਪਾਦਕ ਦੀ ਪ੍ਰਸ਼ੰਸਾ ਕਰ ਰਿਹਾ ਸੀ। ਦਰਅਸਲ ਉਹਨਾਂ ਵੇਲਿਆਂ 'ਚ ਆਪਣੇ ਵਿਰੋਧੀ ਦੇ ਕਿਸੇ ਚੰਗੇ ਗੁਣ ਅਤੇ ਵਿਚਾਰਧਾਰਾ ਦੀ ਕਦਰ ਕੀਤੀ ਜਾਂਦੀ ਸੀ। ਫਿਰ ਉਸਨੇ ਦੇਸ਼ ਸੇਵਕ ਅਖ਼ਬਾਰ ਜਿਸਦੀ ਮੈਂ ਪੱਤਰਕਾਰੀ ਕਰ ਰਿਹਾ ਸਾਂ, ਦੇ ਸੰਪਾਦਕ ਡਾ: ਪ੍ਰੇਮ ਸਿੰਘ ਬਾਰੇ ਵੀ ਪੁੱਛਿਆ। ਉਹਨੀਂ ਦਿਨੀਂ ਸੁਸ਼ੀਲ ਦੁਸਾਂਝ, ਸ਼ਮੀਲ ਅਤੇ ਸਬਦੀਸ਼ ਵਰਗੇ ਮਿੱਤਰ ਦੇਸ਼ ਸੇਵਕ ਦੇ ਸੰਪਾਦਕੀ ਅਮਲੇ 'ਚ ਹੁੰਦੇ ਸਨ। ਭਾਰਤ ਦੀ ਸਿਆਸਤ 'ਤੇ ਬੋਹੜ ਵਾਂਗ ਛਾਂ ਕਰੀ ਬੈਠੇ ਸੀ ਪੀ ਐਮ ਆਗੂ ਹਰਕਿਸ਼ਨ ਸਿੰਘ ਸੁਰਜੀਤ ਦੀ ਛਤਰ-ਛਾਇਆ ਹੇਠ ਚੱਲਣ ਵਾਲੇ ਇਸ ਅਖ਼ਬਾਰ ਦੀ ਉਦੋਂ ਚੰਗੀ ਪੈਂਠ ਸੀ ਤੇ ਇਹ ਚੰਡੀਗੜ੍ਹੋਂ ਛਪਦੇ ਦੂਜੇ ਮਹੱਤਵਪੂਰਨ ਅਖਬਾਰ "ਪੰਜਾਬੀ ਟ੍ਰਿਬਿਊਨ" ਨਾਲ ਵਰ ਮੇਚਣ ਲੱਗਾ ਸੀ।

"ਡਾ: ਪ੍ਰੇਮ ਸਿੰਘ ਸਾਡਾ ਮਿੱਤਰ ਐ, ਜਾਣਦਾਂ ਉਹਨੂੰ ?"

"ਉਹ ਤਾਂ ਜੀ ਬਹੁਤ ਵੱਡੇ ਬੰਦੇ ਨੇ। ਸਾਡੇ ਅਖ਼ਬਾਰ ਦੇ ਸੰਪਾਦਕ ਨੇ। ਮੈਂ ਤਾਂ ਉਹਨਾਂ ਨੂੰ ਜਾਣਦਾ ਹੀ ਹੋਊਂਗਾ, ਤੁਸੀਂ ਆਪਣੇ ਮਿੱਤਰ ਨੂੰ ਪੁੱਛ ਲਿਓ ਮੈਨੂੰ ਜਾਣਦੇ ਨੇ ਕਿ ਨਹੀਂ ?" ਮੈਂ ਪੂਰੇ ਹੌਂਸਲੇ ਨਾਲ ਜਵਾਬ ਦਿੱਤਾ ਸੀ। ਅਖ਼ਬਾਰ ਦੇ ਮੁੱਖ ਪੰਨ੍ਹੇ 'ਤੇ ਛਪਦੀਆਂ ਰਿਪੋਰਟਾਂ ਕਾਰਨ ਸੰਪਾਦਕ ਸਾਹਬ ਮੇਰੇ ਕਦਰਦਾਨ ਸਨ। ਬਹੁਤ ਸਾਰੀਆਂ ਕਹਾਣੀਆਂ ਵੀ ਇਸੇ ਅਖ਼ਬਾਰ 'ਚ ਛਪੀਆਂ ਸਨ।

"ਕਾਕਾ ਜਦੋਂ ਇੰਟਰਵਿਊ ਖ਼ਤਮ ਹੋ ਗਈ, ਦੁਬਾਰਾ ਆ ਕੇ ਮਿਲੀਂ।" ਉਸਨੇ ਆਦੇਸ਼ ਦਿੱਤੇ ਸਨ। ਉਸਦੇ ਇਹਨਾਂ ਆਦੇਸ਼ਾਂ ਦੀ ਪਾਲਣਾ ਕਰਦਿਆਂ ਮੈਂ ਇੰਟਰਵਿਊ ਤੋਂ ਬਾਅਦ ਦੁਬਾਰਾ ਜਾ ਮਿਲਿਆ ਸਾਂ। ਬੋਰਡ ਮੈਂਬਰ ਉਦੋਂ ਬੜੇ ਆਰਾਮਦਾਇਕ ਮੂਡ 'ਚ ਬੈਠੇ ਹੋਏ ਸਨ। "ਕਾਕਾ ਤੈਨੂੰ ਸੱਚੀ ਗੱਲ ਦੱਸਦੇ ਹਾਂ। ਸਾਨੂੰ ਉੱਪਰੋਂ ਬਣਕੇ ਲਿਸਟ ਆ ਜਾਂਦੀ ਐ। ਪੋਸਟਾਂ ਦੀਆਂ ਅੱਡੋ-ਅੱਡ ਵੰਡੀਆਂ ਪੈ ਜਾਂਦੀਆਂ। ਮੈਨੂੰ ਯਾਦ ਹੈ ਮੈਂ ਤੈਨੂੰ ਨੈਬ ਤਹਿਸੀਲਦਾਰ ਵੀ ਰੱਖਣਾ ਚਾਹੁੰਦਾ ਸਾਂ ਪਰ ਮੇਰੀ ਪੇਸ਼ ਨਹੀਂ ਸੀ ਗਈ। ਵੱਡੀਆਂ ਪੋਸਟਾਂ 'ਚੋਂ ਮਸਾਂ ਇੱਕ ਅੱਧ ਸੀਟ ਆਉਂਦੀ ਮੇਰੇ ਹਿੱਸੇ। ਮੈਂ ਤੇਰੇ ਨਾਲ ਵਾਅਦਾ ਕਰਦਾਂ, ਤੇਰੀ ਸਿਲੈਕਸ਼ਨ ਲਈ ਪੂਰੀ ਕੋਸ਼ਿਸ਼ ਕਰੂੰ।" ਉਸਨੇ ਮੇਰੇ ਤੋਂ ਨਾਂ ਅਤੇ ਰੋਲ ਦੀ ਸਲਿਪ ਲਿਖਵਾਈ ਤੇ ਮਲਕੜ੍ਹੇ ਜਿਹੇ ਆਪਣੀ ਡਾਇਰੀ 'ਚ ਰੱਖ ਲਈ। ਮੈਂ ਚੰਡੀਗੜ੍ਹੋਂ ਘਰ ਤੱਕ ਉੱਡਿਆ ਆਇਆ ਸਾਂ। ਰੋਡਵੇਜ਼ ਦੀ ਰੌਲਾ ਪਾਉਂਦੀ ਬੱਸ ਮੈਨੂੰ ਹਵਾਈ ਜਹਾਜ਼ ਵਰਗੀ ਲੱਗੀ ਸੀ। ਇਸ ਇੰਟਰਵਿਊ ਵਾਲੀ ਸੂਚੀ ਅਜੇ ਜਾਰੀ ਨਹੀਂ ਸੀ ਹੋਈ ਕਿ ਚੇਅਰਮੈਨ ਜਸਦੇਵ ਸਿੰਘ ਸੰਧੂ ਦੀ ਰਾਜਪੁਰੇ ਕੋਲ ਭਿਆਨਕ ਸੜਕ ਹਾਦਸੇ 'ਚ ਮੌਤ ਹੋ ਗਈ। ਮਸਾਂ ਕਿਤੇ ਕੋਈ ਨੌਕਰੀ ਮਿਲਣ ਦੀ ਆਸ ਜਾਗੀ ਸੀ ਜੋ ਚੇਅਰਮੈਨ ਦੀ ਅਣਆਈ ਮੌਤ ਨਾਲ ਜਾਂਦੀ ਲੱਗੀ ਸੀ। ਉਂਜ ਚੰਗੀ ਗੱਲ ਇਹ ਹੋਈ ਕਿ ਉਸਦੀ ਮੌਤ ਬਾਅਦ ਸਰਕਾਰ ਨੇ ਉਸਦੇ ਵਕੀਲ ਪੁੱਤ ਤੇਨਜਿੰਦਰਪਾਲ ਸਿੰਘ ਸੰਧੂ ਨੂੰ ਬੋਰਡ ਦਾ ਚੇਅਰਮੈਨ ਲਾ ਦਿੱਤਾ ਸੀ। ਮੇਰੀ ਉਮੀਦ ਅਨੁਸਾਰ ਨਵੇਂ ਚੇਅਰਮੈਨ ਨੇ ਬਾਪੂ ਵਾਲੀ ਡਾਇਰੀ ਹੀ ਚੁੱਕ ਲਈ ਸੀ।ਹੁਣ ਤਿੰਨਾਂ ਸਾਲਾਂ ਬਾਅਦ ਫੇਰ ਕਿਸੇ ਸਿਲੈਕਸ਼ਨ ਕਮੇਟੀ ਦੇ ਮੁਖੀ ਨੇ "ਕੋਸ਼ਿਸ਼ ਕਰਾਂਗੇ" ਸ਼ਬਦ ਬੋਲਿਆ ਸੀ। ਮੈਨੂੰ ਇਸ ਚੋਣ ਕਮੇਟੀ ਦੀ "ਕੋਸ਼ਿਸ਼ ਕਰਾਂਗੇ" ਨੂੰ ਵੀ ਚੇਅਰਮੈਨ ਜਗਦੇਵ ਸਿੰਘ ਸੰਧੂ ਵਾਲੀ ਕਮੇਟੀ ਦੇ "ਕੋਸ਼ਿਸ਼" ਵਾਂਗ ਹੀ ਬੂਰ ਪੈਣ ਦੀ ਆਸ ਸੀ। ਮੈਂ ਆਏ ਦਿਨ ਅਖ਼ਬਾਰ 'ਚੋਂ ਚੁਣੇ ਗਏ ਉਮੀਦਵਾਰਾਂ ਦੇ ਨਾਂ

ਭਾਲਣ ਲੱਗਿਆਂ ਸਾਂ। ਇਸਦੀ ਬਹੁਤੇ ਦਿਨ ਉਡੀਕ ਵੀ ਨਹੀਂ ਸੀ ਕਰਨੀ ਪਈ। ਚੁਣੇ ਗਏ ਉਮੀਦਵਾਰਾਂ 'ਚ ਆਪਣਾ ਨਾਂ ਵੇਖਕੇ ਰਜਾਈ 'ਚੋਂ ਉੱਛਲ ਹੀ ਪਿਆ ਸਾਂ। ਕਿਸੇ ਕਾਲਜ ਜਾਂ ਯੂਨੀਵਰਸਿਟੀ 'ਚ ਪੜ੍ਹਨ ਦੀ ਰੀਝ ਤਾਂ ਭਾਵੇਂ ਪੂਰੀ ਨਹੀਂ ਸੀ ਹੋ ਸਕੀ ਪਰ ਹੁਣ ਕਾਲਜ ਤੇ ਫਿਰ ਕਿਸੇ ਯੂਨੀਵਰਸਿਟੀ 'ਚ ਜਾਕੇ ਪੜ੍ਹਾਉਣ ਦੀ ਰੀਝ ਪੂਰੀ ਹੋਣ ਜਾ ਰਹੀ ਸੀ। ਚੁਣੇ ਗਏ ਉਮੀਦਵਾਰਾਂ 'ਚ ਸਾਂਵਲ ਧਾਮੀ, ਸਰਘੀ, ਡਾ: ਜਗਤਾਰ ਦੀ ਬੇਟੀ ਕੰਚਨ, ਡਾ: ਰਵਿੰਦਰ ਰਵੀ, ਡਾ: ਕੁਲਵੀਰ ਗੋਜਰਾ, ਡਾ: ਗੁਰਜੀਤ ਸੰਧੂ ਤੇ ਡਾ: ਅਮਨਦੀਪ ਵਾਤਿਸ਼ ਵਰਗੇ ਕਹਾਣੀਕਾਰ, ਕਵੀ ਤੇ ਆਲੋਚਕ ਸ਼ਾਮਲ ਸਨ। ਅਜਿਹੇ ਪੜ੍ਹੇ ਲਿਖੇ ਵਿਦਵਾਨ ਲੋਕਾਂ ਦੇ ਨਾਲ ਚੁਣੇ ਜਾਣਾ ਕੋਈ ਛੋਟੀ ਗੱਲ ਤਾਂ ਨਹੀਂ ਸੀ।

ਮੈਂ ਨਵੀਂ ਨੌਕਰੀ ਸ਼ੁਰੂ ਕਰਨ ਲਈ ਕਾਲਜ ਵੇਖਣੇ ਸ਼ੁਰੂ ਕਰ ਦਿੱਤੇ ਸਨ। ਢੁੱਡੀਕੇ, ਰੋਡੇ ਤੇ ਜ਼ੀਰਾ ਦੇ ਸਰਕਾਰੀ ਕਾਲਜ ਘਰ ਤੋਂ ਬਹੁਤੀ ਦੂਰ ਨਹੀਂ ਸਨ। ਇਹਨਾਂ 'ਚੋਂ ਵੀ ਢੁੱਡੀਕੇ ਮੇਰੇ ਦਿਲ ਨੂੰ ਵਧੇਰੇ ਪੋਂਹਦਾ ਸੀ। ਗਦਰੀ ਬਾਬਿਆਂ, ਜਸਵੰਤ ਸਿੰਘ ਕੰਵਲ ਅਤੇ ਖੇਡ ਲੇਖਕ ਪ੍ਰਿੰ: ਸਰਵਣ ਸਿੰਘ ਕਰਕੇ ਢੁੱਡੀਕੇ ਹਮੇਸ਼ਾਂ ਦਿਲ ਨੂੰ ਧੂਹ ਪਾਉਂਦਾ ਰਿਹਾ ਸੀ। ਮੈਂ ਦਿਨ ਰਾਤ ਢੁੱਡੀਕਿਆਂ ਵਾਲੇ ਕਾਲਜ ਦੇ ਸੁਪਨੇ ਲੈਣ ਲੱਗਿਆ। ਢੁੱਡੀਕੇ ਰਹਿੰਦੇ ਯਾਰਾਂ ਦੋਸਤਾਂ ਨੂੰ ਵੀ ਆਪਣੇ ਸੁਪਨਿਆਂ ਦਾ ਭਾਈਵਾਲ ਬਣਾ ਲਿਆ ਸੀ।

ਉਹਨਾਂ ਦਿਨਾਂ 'ਚ ਹੀ ਪੰਜਾਬ ਵਿਧਾਨ ਸਭਾ ਦੀਆਂ ਹੋਈਆਂ ਚੋਣਾਂ ਦਾ ਨਤੀਜਾ ਆ ਗਿਆ ਸੀ। ਪੁਰਾਣੇ ਹਾਕਮਾਂ ਨੂੰ ਹਰਾ ਕੇ ਪੰਜਾਬ ਦੀ ਰਾਜਗੱਦੀ ਨਵੇਂ ਹਾਕਮ ਨੇ ਆ ਸੰਭਾਲੀ ਸੀ। ਪੰਜਾਬ ਦੀ ਅਫ਼ਸਰਸ਼ਾਹੀ ਦੀਆਂ ਭੀੜਾਂ ਹੁਣ ਰਾਜਿਆਂ ਦੇ ਸ਼ਹਿਰ ਜੁੜਨ ਲੱਗੀਆਂ ਸਨ। ਇਹ ਫੱਗਣ ਦੀ ਰੰਗ ਬਿਰੰਗੇ ਫੁੱਲਾਂ ਤੇ ਮਹਿਕਾਂ ਵਾਲੀ ਰੁੱਤ ਸੀ। ਧਰਤੀ 'ਤੇ ਚਾਰ ਚੁਫੇਰੇ ਹਰਿਆਲੀ ਸੀ। ਪੰਜਾਬ ਦੇ ਖੇਤਾਂ ਵਿਚਲੀ ਸਰ੍ਹੋਂ ਦੇ ਪੀਲੇ ਫੁੱਲਾਂ ਨਾਲ ਜਿਵੇਂ ਸਾਰੀ ਧਰਤੀ ਹੀ ਪੀਲੀ ਹੋਈ ਪਈ ਸੀ। ਅਜਿਹੀ ਰੁੱਤੇ ਬਹੁਤ ਹੀ ਖੂਬਸੂਰਤ ਸੁਪਨੇ ਅੱਖਾਂ 'ਚ ਤੈਰਨ ਲੱਗਦੇ ਹਨ। ਮੈਨੂੰ ਤਾਂ ਉੱਕਾ ਚਿੱਤ ਚੇਤੇ ਨਹੀਂ ਸੀ ਕਿ ਪੰਜਾਬ ਦੀ ਗੱਦੀ 'ਤੇ ਬਹਿਣ ਵਾਲਾ ਨਵਾਂ ਹਾਕਮ ਆਪਣੇ ਇੱਕੋ ਹੁਕਮ ਨਾਲ ਹੀ ਮੇਰੇ ਸੁਪਨਿਆਂ ਦੀ ਫਸਲ ਸਾੜ ਕੇ ਰਾਖ ਕਰ ਦੇਵੇਗਾ।

---


**ਚਿੱਕੜ (ਨਾਵਲ)**

ਬਲਬੀਰ ਕੌਰ ਸੰਘੇੜਾ

ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

**ਪੈਰਾਂ ਵਾਲਾ ਚੰਦਰਮਾ (ਚੋਣਵੀਂ ਕਵਿਤਾ)**

ਅੰਮ੍ਰਿਤ ਦੀਵਾਨਾ

ਪਰਵਾਜ਼ ਪ੍ਰਕਾਸ਼ਨ, ਜਲੰਧਰ




## *ਹੁਸਨ ਦਾ ਵਿਰੋਧੀ ਸ਼ਬਦ: ਉਲਫ਼ਤ ਬਾਜਵਾ*

**ਸੁਰਿੰਦਰ ਸੋਹਲ**

ਖੇਸੀ ਦੀ ਬੁੱਕਲ ਮਾਰੀ ਇਕ ਮੁੰਡਾ ਗਿਆਨੀ ਕਾਲਜ ਅੰਦਰ ਵੜ੍ਹਿਆ। ਕਲਰਕ ਕੋਲ਼ ਜਾ ਕੇ ਖਲੋ ਗਿਆ। ਪੇਂਡੂ ਦਿੱਖ ਵਾਲ਼ੇ ਮੁੰਡੇ ਵੱਲ ਕੁਨੱਖਾ ਝਾਕਦੇ ਹੋਏ ਕਲਰਕ ਨੇ ਪੁੱਛਿਆ, "ਦੱਸੋ ?"

"ਜੀ ਨਤੀਜਾ ਪਤਾ ਕਰਨ ਆਇਆ ਸੀ ?" ਮੁੰਡੇ ਦੇ ਧੜਕਦੇ ਦਿਲ ਨਾਲ਼ ਖੇਸੀ ਦੀ ਬੁੱਕਲ ਹੋਰ ਘੁੱਟ ਲਈ।

"ਕੀ ਨਾਂ ਐਂ ?" ਕਲਰਕ ਨੇ ਰਜਿਸਟਰ ਚੁੱਕਦੇ ਨੇ ਪੁੱਛਿਆ।

"ਜੀ ਮਿਲਖਾ ਸਿੰਘ," ਠੁਰ-ਠੁਰ ਕਰਦੇ ਮੁੰਡੇ ਦੀ ਆਵਾਜ਼ ਮਸਾਂ ਹੀ ਨਿਕਲ਼ੀ।

"ਤੂੰ ਐਂ ਮਿਲਖਾ ਸਿੰਘ ? ਲਓ ਜੀ ! ਆਹ ਐ ਮਿਲਖਾ ਸਿੰਘ। ਤੂੰ ਕਿੱਥੇ ਸੀ ਉਇ ? ਅਸੀਂ ਤੈਨੂੰ ਪੰਦਰ੍ਹਾਂ ਦਿਨਾਂ ਦੇ ਲੱਭਣ ਡਏ੍ਹ ਆਂ। ਚੱਲ ਤੁਰ ਮੇਰੇ ਨਾਲ਼," ਕਲਰਕ ਨੇ ਬਾਕੀਆਂ ਨੂੰ ਦੱਸਿਆ, "ਲਓ ਬਈ ਲੱਭ ਗਿਐ ਮਿਲਖਾ ਸਿੰਘ।"

ਕਲਰਕ ਉਸ ਨੂੰ ਨਾਲ਼ ਲੈ ਕੇ ਫਟਾ-ਫਟ ਫੋਟੋਗਰਾਫ਼ਰ ਦੀ ਦੁਕਾਨ 'ਤੇ ਪਹੁੰਚਾ। ਫੋਟੋ ਖਿੱਚੀ ਤੇ ਦੋ ਦਿਨਾਂ ਬਾਅਦ ਜਲੰਧਰ ਦੀਆਂ ਸੜਕਾਂ 'ਤੇ ਗਿਆਨੀ ਸਕੂਲ ਦਾ ਇਸ਼ਤਿਹਾਰ ਲੱਗਾ ਹੋਇਆ ਸੀ, ਜਿਸ 'ਤੇ ਮਿਲਖਾ ਸਿੰਘ ਦੀ ਫੋਟੋ ਛਪੀ ਹੋਈ ਸੀ। ਹੇਠ ਲਿਖਿਆ ਹੋਇਆ ਸੀ, ਸਾਡੇ ਸਕੂਲ ਦਾ ਵਿਦਿਆਰਥੀ, ਜੋ ਗਿਆਨੀ ਵਿੱਚੋਂ ਫ਼ਸਟ ਆਇਆ ਹੈ।

ਉਲਫ਼ਤ ਬਾਜਵਾ ਨੇ ਖਿੜ-ਖਿੜਾਅ ਕੇ ਹੱਸਦੇ ਹੋਏ ਦੱਸਿਆ, "ਮੈਂ ਕਲਾਸ 'ਚ ਸਾਰਿਆਂ ਤੋਂ ਪਿੱਛੇ ਬੈਠਦਾ ਸੀ। ਕਿਸੇ ਨਾਲ਼ ਗੱਲਬਾਤ ਨਹੀਂ ਸੀ ਕਰਦਾ। ਕੋਈ ਮੇਰਾ ਦੋਸਤ ਨਹੀਂ ਸੀ। ਜਦੋਂ ਮੈਂ ਫ਼ਸਟ ਆਇਆ, ਸਕੂਲ ਵਾਲ਼ੇ ਲੱਭਦੇ ਫਿਰਨ ਬਈ ਇਹ ਮਿਲਖਾ ਸਿੰਘ ਹੈ ਕੌਣ ? ਨਾਲ਼ ਦੇ ਮੁੰਡਿਆਂ ਨੂੰ ਪੁੱਛਿਆ। ਸਾਰੇ ਕਹਿਣ, ਜੀ ਸਾਨੂੰ ਤਾਂ ਪਤਾ ਨਈਂ। ਕੋਈ ਮੇਰੇ ਨਾਂ ਤੋਂ ਜਾਣੂੰ ਹੈ ਈ ਨਈਂ ਸੀ ਤੇ ਜਨਾਬ ਆਪਾਂ ਦੋ ਦਿਨਾਂ 'ਚ ਸਾਰੇ ਜਲੰਧਰ 'ਚ ਮਸ਼ਹੂਰ ਹੋ ਗਏ।"

ਜਨਤਾ ਕਾਲਜ ਕਰਤਾਰਪੁਰ। ਪਲੱਸ ਟੂ ਦੀ ਕਲਾਸ।

ਇਕ ਵਿਦਿਆਰਥੀ ਨੇ ਅਚਾਨਕ ਮੈਨੂੰ ਸਵਾਲ ਕੀਤਾ, "ਸਰ ! 'ਹੁਸਨ' ਦਾ ਵਿਰੋਧੀ ਸ਼ਬਦ ਕੀ ਹੁੰਦਾ ?"

ਮੇਰੀ ਸੋਚ ਚਕਰੀਲੀ ਵਾਂਗ ਚੱਲੀ-ਕਰੂਪ ! ਨਹੀਂ ਇਹ ਰੂਪ ਦਾ ਵਿਰੋਧੀ ਸ਼ਬਦ ਹੈ। ਬਦਸੂਰਤ ? ਇਹ ਸੂਰਤ ਦਾ ਵਿਰੋਧੀ ਹੈ। ਬਦਸ਼ਕਲ ? ਇਹ ਸ਼ਕਲ ਦਾ। ਮੈਂ ਆਪਣੀ ਬਿਰਤੀ ਨੂੰ ਆਪਣੀ ਪਕੜ ਵਿਚ ਲਿਆ ਕੇ ਆਖਿਆ, "ਬੜਾ ਔਖਾ ਸਵਾਲ ਐ ਕਾਕਾ। ਮੈਂ ਕਿਸੇ ਨੂੰ ਪੁੱਛ ਕੇ ਤੈਨੂੰ ਦੱਸੂੰਗਾ।"

ਸਿੱਧੀ ਗੱਲ ਸੀ, 'ਕਿਸੇ ਤੋਂ' ਮੇਰਾ ਮਤਲਬ 'ਉਲਫ਼ਤ ਬਾਜਵਾ' ਸੀ।

ਮੇਰਾ ਸਵਾਲ ਸੁਣ ਕੇ ਬਾਜਵਾ ਸਾਹਿਬ ਦਾ ਤਪੇ ਹੋਏ ਕੈਂਹੇਂ ਵਰਗਾ ਰੰਗ ਹੋਰ ਗੂੜ੍ਹਾ ਹੋ ਗਿਆ। ਉਹਨਾਂ ਦੇ ਬੁੱਲ੍ਹਾਂ 'ਤੇ ਦੰਦਾਸੇ ਰੰਗੀ ਮੁਸਕਾਨ ਫੈਲ ਗਈ। ਫਿਰ ਉਹਨਾਂ ਡੂੰਘੀ, ਗੰਭੀਰ ਅਤੇ ਗਿਆਨ ਦੇ ਖੂਹ ਵਿਚੋਂ ਆਉਂਦੀ ਆਵਾਜ਼ ਵਿਚ ਕਿਹਾ, "ਇਹ ਸਵਾਲ ਏਨੀ ਛੋਟੀ ਉਮਰ ਦਾ ਮੁੰਡਾ ਨਹੀਂ ਕਰ ਸਕਦਾ। ਅਸਲ 'ਚ ਓਨੇ ਕਿਸੇ ਬਜ਼ੁਰਗ ਤੋਂ ਸੁਣਿਆ ਹੋਣੈ। 'ਹੁਸਨ' ਦਾ

ਵਿਰੋਧੀ ਸ਼ਬਦ ਸ਼ਾਇਰੀ ਦੇ ਹਵਾਲੇ ਨਾਲ 'ਇਸ਼ਕ' ਹੁੰਦੈ, ਹੋਰ ਕੋਈ ਨਹੀਂ।"

ਮੈਂ ਜਦੋਂ ਪ੍ਰੈੱਪ ਵਿਚ ਡੀ. ਏ. ਵੀ. ਕਾਲਜ ਜਲੰਧਰ ਗਿਆ ਤਾਂ ਮੇਰੀ ਮੁਲਾਕਾਤ ਬਲਵਿੰਦਰ ਸਿੰਘ ਸੋਹਲ ਨਾਲ਼ ਹੋ ਗਈ। ਉਹ ਪੋਲੀਟੀਕਲ ਸਾਇੰਸ ਦੀ ਐੱਮ. ਏ. ਕਰ ਰਿਹਾ ਸੀ ਤੇ ਅਖ਼ਬਾਰਾਂ ਵਿਚ ਬੀ. ਐੱਸ. ਸੋਹਲ ਦੇ ਨਾਂ ਹੇਠ ਛਪਦਾ ਸੀ। 'ਮਨੂੰ ਬੁੱਕ ਸ਼ਾਪ' ਤੋਂ ਮੈਂ 'ਸਮਰਾਟ' ਖ਼ਰੀਦਿਆ। ਮਨੂੰ ਨੇ ਬੀ. ਐੱਸ. ਸੋਹਲ ਨੂੰ ਦੱਸਿਆ, "ਇਹ ਵੀ ਗ਼ਜ਼ਲਾਂ ਲਿਖਦੈ। ਕਦੇ-ਕਦੇ 'ਸਮਰਾਟ' 'ਚ ਛਪਦੀਆਂ।"

ਉਦੋਂ ਬੀ. ਐੱਸ. ਸੋਹਲ ਨੇ ਮੈਨੂੰ ਕਿਹਾ ਸੀ, "ਗ਼ਜ਼ਲ ਲਿਖਣੀ ਹੈ ਤਾਂ ਦੀਪਕ ਜੈਤੋਈ ਦੀ ਸ਼ਾਗਿਰਦੀ ਕਰ ਲੈ। ਪਰ ਤੈਨੂੰ ਜੈਤੋ ਜਾਣਾ ਔਖਾ ਹੋਊ। ਜਲੰਧਰ ਵਿਚ ਸਿਰਫ਼ ਇੱਕੋ ਬੰਦਾ ਤੈਨੂੰ ਰਾਹੇ ਪਾ ਸਕਦੈ, ਉਹ ਐ ਉਲਫ਼ਤ ਬਾਜਵਾ।"

ਇਹ ਨਾਮ ਮੇਰੀ ਰੂਹ 'ਤੇ ਲਿਖਿਆ ਗਿਆ। ਮੈਂ 'ਲੋਕ ਲਿਖਾਰੀ ਸਭਾ, ਜਲੰਧਰ' ਦਾ ਮੈਂਬਰ ਬਣ ਕੇ ਮੀਟਿੰਗਾਂ ਵਿਚ ਜਾਣ ਲੱਗਾ। ਜਦੋਂ ਵੈਦ ਕਿਹਰ ਸਿੰਘ ਮੋਤੀ ਨੇ ਕਿਹਾ, "ਪੁੱਤਰ ਤੂੰ ਗ਼ਜ਼ਲ ਲਿਖਣੀ ਚਾਹੁੰਨੈਂ। ਆਪਣੇ ਕੋਲ਼ ਐਹੋ ਜਿਹੇ ਬੰਦੇ ਐ ਉਹ ਤੈਨੂੰ ਦੱਸਣਗੇ ਬਈ ਚੰਗੇ ਗੰਨੇ ਦੀ ਪਛਾਣ ਕਿੱਦਾਂ ਕਰਨੀ ਐਂ, ਗੰਨਾ ਛਿੱਲਣਾ ਕਿੱਦਾਂ, ਟੋਟੇ ਕਿੱਦਾਂ ਕਰਨੇ ਐਂ, ਸਿਆੜ ਕਿੱਦਾਂ ਕੱਢਣੇ ਐਂ ਅਤੇ ਗੰਨਾ ਬੀਜਣਾ ਕਿੱਦਾਂ। ਗ਼ਜ਼ਲ ਵਾਲ਼ੇ ਆਪਣੇ ਕੋਲ਼ ਬਹੁਤ ਐ। ਆਰਿਫ਼ ਗੋਬਿੰਦਪੁਰੀ ਵੀ ਆਉਂਦਾ, ਡੀ. ਆਰ. ਧਵਨ ਵੀ ਤੇ ਉਲਫ਼ਤ ਬਾਜਵਾ ਵੀ ਆਉਂਦੈ।" ਤਾਂ ਮੈਨੂੰ ਮਹਿਸੂਸ ਹੋਇਆ, ਜਿਵੇਂ ਮੇਰੀ ਤਲਾਸ਼ ਖ਼ਤਮ ਹੋਣ ਵਾਲ਼ੀ ਹੈ।

ਜ਼ੋਲੋਟੋ ਇੰਡਸਟਰੀ ਵਿਚ 'ਲੋਕ ਲਿਖਾਰੀ ਸਭਾ' ਨੇ 'ਪੰਜਾਬੀ ਸਾਹਿਤ ਸੰਗਮ' ਨਾਲ਼ ਮਿਲ਼ ਕੇ ਕਵੀ ਦਰਬਾਰ ਕਰਵਾਇਆ। ਮੌਧਰਾ ਕਦ। ਲਾਲ ਗੂੜ੍ਹੀ ਪੱਗ। ਸੰਘਣੀ ਕਾਲ਼ੀ ਕੱਟੀ ਹੋਈ ਦਾਹੜੀ ਵਾਲ਼ਾ ਸ਼ਖ਼ਸ ਮੇਰੇ ਬਿਲਕੁਲ ਕੋਲ਼ ਬੈਠਾ ਸੀ। ਜਦੋਂ ਸਟੇਜ ਸਕੱਤਰ ਨੇ 'ਉਲਫ਼ਤ ਬਾਜਵਾ' ਨੂੰ ਦਾਅਵਤ ਦਿੱਤੀ ਤਾਂ ਮੇਰੇ ਕੰਨ ਖੜ੍ਹੇ ਹੋ ਗਏ। ਮੈਂ ਚੁਫ਼ੇਰੇ ਨਜ਼ਰ ਮਾਰੀ ਕਿ ਉਲਫ਼ਤ ਬਾਜਵਾ ਕਿੱਥੋਂ ਉੱਠਦਾ ਹੈ। ਮੈਂ ਦੇਖਿਆ, ਮੇਰੇ ਨਾਲ਼ ਦੀ ਕੁਰਸੀ ਖ਼ਾਲੀ ਹੋ ਗਈ ਸੀ। ਉਲਫ਼ਤ ਬਾਜਵਾ ਸਟੇਜ ਵੱਲ ਜਾ ਰਿਹਾ ਸੀ।

ਉਸ ਨੇ ਪਹਿਲਾ ਮਿਸਰਾ ਪੜ੍ਹਿਆ:

ਨਾ ਇਹ ਸਤਾਨ ਮੇਰਾ ਨਾ ਉਹ ਸਤਾਨ ਮੇਰਾ।

ਇਹ ਮਿਸਰਾ ਉਸਨੇ ਤਿੰਨ ਵਾਰ ਦੁਹਰਾਇਆ। ਹਲਕੀ ਜਿਹੀ 'ਵਾਹ ਵਾਹ' ਹੋਈ। ਜਦੋਂ ਉਸਨੇ ਦੂਸਰਾ ਮਿਸਰਾ ਪੜ੍ਹਿਆ: 'ਸਾਰੇ ਜਹਾਨ ਦਾ ਮੈਂ ਸਾਰਾ ਜਹਾਨ ਮੇਰਾ।' 'ਵਾਹ ਵਾਹ' ਵਾਸਤੇ ਕਮਰਾ ਛੋਟਾ ਪੈ ਗਿਆ।

ਹਰ ਸ਼ਿਅਰ 'ਤੇ 'ਵਾਹ ਵਾਹ' ਦੇ ਨਾਲ਼-ਨਾਲ਼ ਵਜਦੀਆਂ ਤਾੜੀਆਂ ਗ਼ਜ਼ਲ ਦੀ ਬੁਲੰਦੀ ਦੀ ਸਾਖੀ ਭਰ ਰਹੀਆਂ ਸਨ।

ਦੂਜੀ ਗ਼ਜ਼ਲ ਦਾ ਸ਼ਿਅਰ ਆਇਆ:

ਦਿਲ ਪਿਆਰ ਦਾ ਜੋ ਵਿੰਨ੍ਹੇ, ਸਿਰ ਪਿਆਰ ਦਾ ਜੋ ਲਾਹੇ,<br>ਤਿਰਸ਼ੂਲ ਹਾਏ-ਹਾਏ, ਕਿਰਪਾਨ ਹਾਏ-ਹਾਏ।

ਮੇਰੇ ਕੋਲ਼ ਬੈਠੇ ਬੰਦੇ ਨੇ ਕਿਹਾ, "ਵਾਹ ਤਿਰਸ਼ੂਲ ਵਿੰਨ੍ਹਦੀ ਹੈ ਤੇ ਕਿਰਪਾਨ ਸਿਰ ਲਾਹੁੰਦੀ ਹੈ। ਕਿਆ ਉਸਤਾਦੀ ਰੰਗ ਹੈ!" ਮਗਰੋਂ ਮੈਨੂੰ ਪਤਾ ਲੱਗਾ ਇਹ ਪੰਜਾਬੀ ਦਾ ਲੋਕ-ਕਵੀ



ਊਧਮ ਸਿੰਘ ਮੌਜੀ ਸੀ। (ਬਾਅਦ ਵਿਚ ਬਾਜਵਾ ਸਾਹਿਬ ਨੇ ਆਪਣੀ ਗ਼ਜ਼ਲ 'ਚੋਂ ਇਹ ਸ਼ਿਅਰ ਕੱਟ ਦਿੱਤਾ ਸੀ।)

ਬੀ. ਏ. ਫ਼ਾਈਨਲ ਕਰਨ ਲਈ ਮੈਂ ਖ਼ਾਲਸਾ ਕਾਲਜ, ਜਲੰਧਰ 'ਚ ਦਾਖ਼ਲਾ ਲੈ ਲਿਆ। ਕਹਾਣੀਕਾਰ ਦਵਿੰਦਰ ਮੰਡ (ਹੁਣ ਡਾਕਟਰ) ਮੇਰਾ ਕਲਾਸ-ਫ਼ੈਲੋ ਸੀ। ਗ਼ਜ਼ਲਗੋਅ ਉਂਕਾਰਪ੍ਰੀਤ ਓਥੇ ਐੱਮ. ਐੱਸ. ਸੀ. (ਮੈਥ) ਕਰ ਰਿਹਾ ਸੀ। ਮੇਰੀ ਤੇ ਉਂਕਾਰਪ੍ਰੀਤ ਦੀ ਸਾਂਝ 'ਲੋਕ ਲਿਖਾਰੀ ਸਭਾ, ਜਲੰਧਰ' ਵਿਚ ਬਣ ਗਈ ਸੀ। ਉਲਫ਼ਤ ਬਾਜਵਾ ਲਾਡੋਵਾਲੀ ਰੋਡ 'ਤੇ ਸਕੂਲ 'ਚ ਪੜ੍ਹਾਉਂਦੇ ਸਨ। ਮੈਂ ਤੇ ਉਂਕਾਰਪ੍ਰੀਤ ਖ਼ਾਲਸਾ ਕਾਲਜ ਤੋਂ ਤੁਰ ਕੇ ਹੀ ਉਹਨਾਂ ਕੋਲ਼ ਪਹੁੰਚ ਜਾਂਦੇ।

ਅੱਧ-ਸੁੱਕੀਆਂ ਟਾਹਲੀਆਂ ਦੀ ਡੱਬ-ਖੜੱਬੀ ਛਾਂ ਹੇਠ ਢੀਚਕ-ਢੀਚਕ ਕਰਦੇ ਬੈਂਚ ਹੁੰਦੇ। ਨਾਲ਼ ਚਾਹ ਦੀ ਦੁਕਾਨ। ਆਰਿਫ਼ ਗੋਬਿੰਦਪੁਰੀ ਪਹਿਲਾਂ ਹੀ ਆ ਕੇ ਬੈਠਾ ਹੁੰਦਾ। ਉਲਫ਼ਤ ਬਾਜਵਾ ਹੋਰੀਂ ਅੱਧੀ-ਛੁੱਟੀ ਵੇਲ਼ੇ ਸਾਡੇ ਕੋਲ਼ ਆਉਂਦੇ। ਚਾਹ ਦਾ ਆਰਡਰ ਦਿੰਦੇ। ਆਰਿਫ਼ ਰੋਟੀਆਂ ਦੁਆਲਿਓਂ ਅਖ਼ਬਾਰ ਉਤਾਰਦਾ। ਇਕ-ਇਕ ਰੋਟੀ ਸਾਡੇ ਹੱਥਾਂ 'ਤੇ ਰੱਖਦਾ। ਲੂਣ ਵਾਲੀ ਸ਼ੀਸ਼ੀ 'ਚੋਂ ਰੋਟੀਆਂ 'ਤੇ ਲੂਣ ਭੁੱਕਦਾ। ਚਾਹ ਨਾਲ਼ ਇਹ ਰੋਟੀ ਅਸੀਂ 'ਗੁਰਭਾਈ' ਵੱਲੋਂ ਮਿਲ਼ਿਆ ਪ੍ਰਸ਼ਾਦ ਸਮਝ ਕੇ ਖਾਂਦੇ। ਸੁੱਕੀਆਂ ਟਾਹਲੀਆਂ 'ਤੇ ਤਾਂ ਭਾਵੇਂ ਕਦੇ ਰੌਅਬ ਨਾ ਆਇਆ ਪਰ ਸਾਡੇ ਅੰਦਰ ਗ਼ਜ਼ਲ ਦੀਆਂ ਨਵੀਆਂ ਕਰੂੰਬਲਾਂ ਫੁੱਟਣ ਲੱਗ ਪਈਆਂ ਸਨ। ਡਾ. ਨਰੇਸ਼ ਦੀ ਕਿਤਾਬ 'ਗ਼ਜ਼ਲ ਦੀ ਪਰਖ' ਅਤੇ ਦੀਪਕ ਜੈਤੋਈ ਦੀ ਪ੍ਰਸਿੱਧ ਕਿਤਾਬ 'ਗ਼ਜ਼ਲ ਕੀ ਹੈ?' ਪੜ੍ਹ ਕੇ ਗ਼ਜ਼ਲ ਪ੍ਰਤੀ ਜਿਹੜਾ ਖ਼ੌਫ਼ ਸਾਡੇ ਅੰਦਰ ਬੈਠਾ ਸੀ, ਬਾਜਵਾ ਸਾਹਿਬ ਨੇ ਸਿਰਫ਼ ਇਕੋ ਮਿਸਰੇ 'ਕਿਸੇ ਨਾਲ ਵੀ ਤੂੰ ਨਿਭਾਈ ਨਹੀਂ ਹੈ' ਦੀ ਤਕਤੀਹ ਕਰ ਕੱਢ ਦਿੱਤਾ। ਉਹ 'ਲਘੂ-ਗੁਰੂ', 'ਰੁਕਨ', 'ਰਦੀਫ਼', 'ਵਜ਼ਨ' ਸਾਨੂੰ ਇਵੇਂ ਸਮਝਾਉਂਦੇ ਜਿਵੇਂ ਪਹਿਲੀ ਦੀ ਜਮਾਤ ਦੇ ਨਿਆਣਿਆਂ ਦੀਆਂ ਫੱਟੀਆਂ 'ਤੇ ਪੂਰਨੇ ਪਾ ਰਹੇ ਹੋਣ। ਇਹ ਪੂਰਨੇ ਕਾਗ਼ਜ਼ ਤੋਂ ਉੱਤਰ ਕੇ ਸਾਡੇ ਦਿਲੋ-ਦਿਮਾਗ਼ ਵਿਚ ਕਦੋਂ ਅੱਕਾਸੀ ਕਰ ਗਏ, ਪਤਾ ਹੀ ਨਾ ਲੱਗਾ। ਨੁਕਤੇ ਸਮਝ ਆਉਣ ਦੀ ਦੇਰ ਸੀ, ਸਾਡੇ ਅੰਦਰ ਖ਼ਿਆਲਾਂ ਦੇ ਫੁੱਲ ਖਿੜਨ ਲੱਗ ਪਏ।

ਇਕ ਦਿਨ ਮੈਂ ਤੇ ਆਰਿਫ਼ ਬਾਜਵਾ ਸਾਹਿਬ ਕੋਲ਼ ਬੈਠੇ ਸਾਂ। ਸਾਦਾ ਕੱਪੜੇ, ਪੈਰੀਂ ਚਪਲਾਂ ਪਾਈ ਦੀਪਕ ਜੈਤੋਈ ਸਾਹਿਬ ਤੁਰੇ ਆ ਰਹੇ ਸਨ। ਬਾਜਵਾ ਸਾਹਿਬ ਦੀ ਰੀਸੇ ਅਸੀਂ ਵੀ ਨੀਵੇਂ ਹੋ ਕੇ ਉਹਨਾਂ ਦੇ ਗੋਡੇ ਛੂਹੇ।

"ਬਾਜਵਾ ਉਹ ਮੇਰੀ ਬੇਇੱਜ਼ਤੀ ਕਰਨ 'ਤੇ ਤੁਲੇ ਹੋਏ ਐ। ਹੱਕ ਮੇਰਾ ਬਣਦਾ ਇਨਾਮ ਦਾ, ਉਹ ਤਖ਼ਤ ਸਿੰਹੁ ਨੂੰ ਦੇ ਰਹੇ ਐ," ਦੀਪਕ ਜੈਤੋਈ ਦੀ ਆਵਾਜ਼ ਵਿਚ ਬੇਬਸੀ ਤੇ ਰੋਸ ਸੀ।

"ਉਸਤਾਦ ਜੀ! ਉਲਫ਼ਤ ਬਾਜਵਾ ਦੇ ਹੁੰਦਿਆਂ ਕਿਹੜਾ ਜੰਮਿਆਂ ਤੁਹਾਡੀ ਬੇਇੱਜ਼ਤੀ ਕਰਨ ਵਾਲ਼ਾ," ਬਾਜਵਾ ਸਾਹਿਬ ਨੇ ਦੀਪਕ ਹੋਰਾਂ ਦੇ ਗੋਡੇ ਘੁੱਟੇ, "ਜਿਸ ਦਿਨ ਤਖ਼ਤ ਸਿਹੁੰ ਦਾ ਸਨਮਾਨ ਹੋਊ, ਓਸੇ ਦਿਨ ਅਸੀਂ ਤੁਹਾਡਾ ਸਨਮਾਨ ਕਰਾਂਗੇ। ਤੁਹਾਨੂੰ 'ਰੁਸਤਮੇ-ਗ਼ਜ਼ਲ' ਦਾ ਖ਼ਿਤਾਬ ਦਿਆਂਗੇ। ਉਹਨਾਂ ਨਾਲ਼ੋਂ ਵੱਧ ਰੌਣਕ, ਵੱਧ ਕਵੀ। ਦੁਨੀਆ ਦੇਖੂ ਤੁਹਾਡਾ ਸਨਮਾਨ।"

ਜਦੋਂ ਦੀਪਕ ਸਾਹਿਬ ਤੁਰਨ ਲੱਗੇ ਤਾਂ ਬਾਜਵਾ ਸਾਹਿਬ ਨੇ ਬਟੂਏ 'ਚੋਂ ਕੁਝ ਨੋਟ ਕੱਢ ਕੇ ਦੀਪਕ ਹੋਰਾਂ ਦੀ ਮੁੱਠੀ ਵਿਚ ਦੇ ਦਿੱਤੇ।

ਤੇ ਬਾਜਵਾ ਸਾਹਿਬ ਦੇ ਸਕੂਲ 'ਚ ਹੋਇਆ ਉਹ ਸਨਮਾਨ-ਸਮਾਰੋਹ ਸੱਚਮੁੱਚ ਦੇਖਣਯੋਗ ਸੀ। ਬਾਹਰ ਲੋਕ ਤਾਜ਼ਾ ਫੁੱਲਾਂ ਦੇ ਹਾਰ ਲੈ ਕੇ ਖਲੋਤੇ ਸਨ। ਸਭ ਤੋਂ ਮਗਰ ਅਸੀਂ ਨਵੇਂ ਮੁੰਡੇ। ਹਾਰ

ਪੁਆਉਂਦੇ ਜਦੋਂ ਦੀਪਕ ਸਾਹਿਬ ਸਟੇਜ ’ਤੇ ਪਹੁੰਚੇ ਤਾਂ ਸਿਰਫ਼ ਹਾਰ ਹੀ ਹਾਰ ਨਜ਼ਰ ਆ ਰਹੇ ਸਨ। ਦੀਪਕ ਸਾਹਿਬ ਖਿੜੀ ਗੁਲਜ਼ਾਰ ਜਾਪਦੇ ਸਨ। ਉਹਨਾਂ ਨੂੰ ਗੁਰਜ ਭੇਂਟ ਕੀਤੀ ਗਈ ਜਿਸ ’ਤੇ ਮੋਟਾ-ਮੋਟਾ ‘ਰੁਸਤਮੇ-ਗ਼ਜ਼ਲ’ ਲਿਖਿਆ ਹੋਇਆ ਸੀ।

ਇਕ ਕਵੀ ਸ਼ਰਾਬ ਨਾਲ਼ ਰੱਜਿਆ ਹੋਇਆ ਵਾਰ-ਵਾਰ ਸ਼ੋਰ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਲੋਕਾਂ ਨੇ ਉਹਨੂੰ ਬਾਹੋਂ ਫੜ ਕੇ ਬਾਹਰ ਕੱਢ ਦਿੱਤਾ। ਕੋਈ ਕਹਿ ਰਿਹਾ ਸੀ, “ਇਹ ਦੂਜਿਆਂ ਨੇ ਭੇਜਿਆ ਸ਼ਰਾਬ ਪਿਲਾਅ ਕੇ ਸਾਡੇ ਰੰਗ ’ਚ ਭੰਗ ਪਾਉਣ ਨੂੰ।”

ਦੀਪਕ ਜੈਤੋਈ ਦਾ ਸਾਹਿਬ ਦਾ ‘ਸਨਮਾਨ-ਸਮਾਗਮ’ ਸਾਡੇ ਮਨਾਂ ’ਤੇ ਤਾਂ ਗੂੜ੍ਹੀਆਂ ਪੈੜਾਂ ਛੱਡ ਹੀ ਗਿਆ, ਨਾਲ਼ ਉਲਫ਼ਤ ਬਾਜਵਾ ਸਾਹਿਬ ਦੀ ਛਬੀ ਦਾ ਮਜੀਠੀ ਰੰਗ ਸਾਡੀ ਰੂਹ ’ਤੇ ਚੜ੍ਹ ਗਿਆ।

ਫਗਵਾੜੇ ਕਵੀ ਦਰਬਾਰ ਹੋਣਾ ਸੀ। ਉਲਫ਼ਤ ਬਾਜਵਾ ਨੇ ਗੁਰਦਿਆਲ ਰੌਸ਼ਨ ਨੂੰ ਕਿਹਾ, “ਕਵੀ ਦਰਬਾਰ ’ਤੇ ਪੱਗ ਲੈ ਕੇ ਆਵੀਂ।”

ਸਟੇਜ ਤੋਂ ਬਾਜਵਾ ਸਾਹਿਬ ਨੇ ਰੌਸ਼ਨ ਨੂੰ ਆਵਾਜ਼ ਮਾਰੀ। ਰੌਸ਼ਨ ਲਿਫ਼ਾਫ਼ਾ ਲੈ ਕੇ ਸਟੇਜ ’ਤੇ ਗਿਆ। ਬਾਜਵਾ ਨੇ ਆਪਣੇ ਲਿਫ਼ਾਫ਼ੇ ’ਚੋਂ ਪੱਗ ਕੱਢ ਕੇ ਰੌਸ਼ਨ ਨੂੰ ਦੇ ਦਿੱਤੀ ਤੇ ਰੌਸ਼ਨ ਤੋਂ ਪੱਗ ਆਪ ਲੈ ਲਈ ਤੇ ਐਲਾਨ ਕੀਤਾ, “ਅੱਜ ਤੋਂ ਬਾਜਵਾ ਤੇ ਰੌਸ਼ਨ ਪੱਗ-ਵੱਟ ਭਰਾ ਐ।”

ਤੇ ਫਿਰ ਦੋਹਾਂ ਨੇ ਵਟਾਈ ਪੱਗ ਦੀ ਲਾਜ ਰੱਖੀ। ਉਲਫ਼ਤ ਬਾਜਵਾ ਨੂੰ ਸਾਰੇ ਲੋਕ ਛੱਡ ਗਏ। ਜਲੰਧਰ ਦੇ ਅਮੀਰ ਕਵੀਆਂ ਨਾਲ਼ ਬਾਜਵਾ ਸਾਹਿਬ ਦਾ ਮੱਥਾ ਲੱਗ ਗਿਆ ਸੀ।

ਸਾਨੂੰ ਬਾਜਵਾ ਸਾਹਿਬ ਕਹਿੰਦੇ, “ਦੇਖੋ! ਜੇ ਤੁਸੀਂ ਓਧਰ ਜਾਣਾ ਚਲੇ ਜਾਓ। ਤੁਹਾਡੀ ਓਧਰ ‘ਬੱਲੇ-ਬੱਲੇ’ ਵੀ ਬਹੁਤ ਹੋਊਗੀ। ਜੇ ਏਧਰ ਰਹਿਣਾ ਤਾਂ ‘ਬੱਲੇ-ਬੱਲੇ’ ਤਾਂ ਭਾਵੇਂ ਨਾ ਹੋਵੇ ਪਰ ਗ਼ਜ਼ਲ ਕਹਿਣ ਲੱਗ ਪਓਗੇ।”

ਜਦੋਂ ਮੈਂ ਆਬਾਦਪੁਰੇ ਉਹਨਾਂ ਨੂੰ ਮਿਲ਼ਣ ਜਾਂਦਾ ਤਾਂ ਕਈ ਵਾਰ ਆਖਦੇ, “ਜੇ ਤੁਸੀਂ ਇਕੱਲੇ ਵੀ ਰਹਿ ਜਾਂਦੇ ਓ ਨਾ, ਘਬਰਾਓ ਨਾ। ਘੱਟੋ-ਘੱਟੋ ਤੁਸੀਂ ਆਪਣੇ ਪੈਰਾਂ ’ਤੇ ਤਾਂ ਖੜ੍ਹੇ ਹੁੰਦੇ ਓਂ। ਦੂਜੇ ਬੰਨੇ ਭੀੜ ਹੈ, ਇਕ-ਦੂਜੇ ਦੇ ਸਹਾਰੇ ਖੜ੍ਹੀ ਹੈ। ਇਕ ਬੰਦਾ ਡਿੱਗਿਆ ਨਈਂ, ਬਾਕੀ ਵੀ ਮੂਧੇ ਮੂੰਹ ਜਾ ਪੈਂਦੇ ਐ।”

ਵਿਰੋਧੀਆਂ ਦਾ ਵਿਚਾਰ ਸੀ, ਗੁਰਦਿਆਲ ਰੌਸ਼ਨ ਨੂੰ ਭੰਨ੍ਹ ਲਓ, ਉਲਫ਼ਤ ਬਾਜਵਾ ਨੇ ਆਤਮਿਕ ਤੌਰ ’ਤੇ ਆਪੇ ਟੁੱਟ ਜਾਣਾ। ਅਮੀਰ ਲੋਕ ਕਾਰ ਲੈ ਕੇ ਗੁਰਦਿਆਲ ਰੌਸ਼ਨ ਦੇ ਸਕੂਲੇ ਔੜ ਪਹੁੰਚੇ, “ਅਸੀਂ ਤੈਨੂੰ ਲੈਣ ਆਏ ਆਂ। ਕਾਰ ’ਚ ਬੈਠ।”

ਰੌਸ਼ਨ ਸਾਹਿਬ ਨੇ ਕਿਹਾ, “ਤੁਹਾਡੀ ਕਾਰ ’ਚ ਬੈਠਣ ’ਤੇ ਮੈਨੂੰ ਕੋਈ ਇਤਰਾਜ਼ ਨਹੀਂ ਪਰ ਪਹਿਲਾਂ ਜਲੰਧਰੋਂ ਬਾਜਵਾ ਸਾਹਿਬ ਨੂੰ ਕਾਰ ’ਚ ਬਿਠਾਅ ਲਿਆਓ, ਮੈਂ ਵੀ ਬੈਠ ਜਾਊਂ।”

ਕਾਰ ਨਾਲ਼ ਜੁੜੀ ਇਕ ਗੱਲ ਬਾਜਵਾ ਸਾਹਿਬ ਹੋਰ ਸੁਣਾਉਂਦੇ ਹੁੰਦੇ ਸਨ। ਇਕ ਵਾਰ ਕਿਤੇ ਕਵੀ ਦਰਬਾਰ ’ਤੇ ਜਾਣਾ ਸੀ। ਜਲੰਧਰ ਦੇ ਅਮੀਰ ਕਵੀ ਨੇ ਬਾਜਵਾ ਸਾਹਿਬ ਨੂੰ ਆਪਣੀ ਕਾਰ ’ਚ ਲਿਜਾਣ ਲਈ ਕਹਿ ਦਿੱਤਾ। ਜਦੋਂ ਬਾਜਵਾ ਸਾਹਿਬ ਉਸ ਦੇ ਘਰ ਪਹੁੰਚੇ ਤਾਂ ਨੌਕਰਾਂ ਨੇ ਦੱਸਿਆ ਕਿ ਕਾਰ ’ਚ ਬੰਦੇ ਪੂਰੇ ਸਨ। ਉਹ ਤਾਂ ਕਦੋਂ ਦੇ ਨਿਕਲ਼ ਗਏ। ਬਾਜਵਾ ਸਾਹਿਬ ਦੱਸਦੇ, “ਮੈਂ ਜਦੋਂ ਪਹੁੰਚਾ ਪ੍ਰੋਗਰਾਮ ’ਤੇ ਉਹ ਜਨਾਬ ਪ੍ਰਧਾਨਗੀ ਮੰਡਲ ’ਚ ਬੈਠੇ ਸੀ। ਮੇਰੀ ਵਾਰੀ ਆਈ। ਮੈਂ ਕਿਹਾ, ਦੋਸਤੋ! ਮੈਂ ਅੱਜ ਲੇਟ ਹੋ ਗਿਆ। ਉਹਦਾ ਕਾਰਨ ਐ। ਪਹਿਲਾਂ ਮੈਨੂੰ ਕਿਸੇ ਆਪਣੀ ਕਾਰ



’ਚ ਲਿਆਉਣ ਦਾ ਵਾਅਦਾ ਕੀਤਾ। ਫਿਰ ਲਿਆਂਦਾ ਨਾ। ਬੱਸ-ਸਟੈਂਡ ਤੋਂ ਬੱਸ ਫੜੀ। ਫਿਰ ਅੱਗੇ ਆਉਣ ਦਾ ਕੋਈ ਸਾਧਨ ਨਾ। ਇਕ ਕਾਰ ਆਉਂਦੀ ਸੀ। ਮੈਂ ਕਾਰ ਨੂੰ ਹੱਥ ਦਿੱਤਾ। ਉਹ ਕਾਰ ਵਾਲ਼ਾ ਮੈਨੂੰ ਲੈ ਕੇ ਆਇਆ। ਪਰ ਪਰਾਈ ਕਾਰ ’ਚ ਬੈਠਣ ਦੀ ਹੀਣਤਾ ’ਚੋਂ ਇਕ ਸ਼ਿਅਰ ਨਿਕਲ਼ਿਆ ਮੈਂ ਸਾਂਝਾ ਕਰਦਾਂ- ‘ਪਰਾਈ ਕਾਰ ਵਿਚ ਬਹਿ ਕੇ ਅਣਖ ਅਪਣੀ ਗਵਾਈ ਹੈ। ਮੈਂ ਏਥੇ ਆਪ ਨਈਂ ਆਇਆ ਇਹ ਮੇਰੀ ਲਾਸ਼ ਆਈ ਹੈ।’ ਲੋਕਾਂ ਨੇ ਖ਼ੂਬ ਤਾੜੀਆਂ ਮਾਰੀਆਂ ਤੇ ਉਹ ਜਨਾਬ ਪ੍ਰਧਾਨਗੀ ਮੰਡਲ ਦੀ ਕੁਰਸੀ ’ਤੇ ਬੈਠੇ ਸੀ, ਉਹਨਾਂ ਨੀਵੀਂ ਨਹੀਂ ਚੁੱਕੀ।”

1991 ਵਿਚ ਉਲਫ਼ਤ ਬਾਜਵਾ ਹੋਰਾਂ ਦੀ ਕਿਤਾਬ ‘ਸਾਰਾ ਜਹਾਨ ਮੇਰਾ’ ਦਾ ਖਰੜਾ ਮੈਂ ਤਿਆਰ ਕੀਤਾ। ਉਦੋਂ ਖ਼ਿਆਲ ਹੀ ਨਾ ਆਇਆ ਕਿ ਕਾਰਬਨ-ਪੇਪਰ ਵਰਤ ਲਿਆ ਜਾਵੇ। ਮੈਂ ਤਿੰਨ ਕਾਪੀਆਂ ਹੱਥ ਨਾਲ਼ ਤਿਆਰ ਕੀਤੀਆਂ। ਇਕ-ਇਕ ਸ਼ਿਅਰ ਮੇਰੀ ਰੂਹ ਵਿਚ ਉੱਤਰਦਾ ਗਿਆ। ਉਹਨਾਂ ਦੀ ਬੇਟੀ ਅਰਸ਼ਦੀਪ ਬਾਰੇ ਲਿਖੇ ਮਰਸੀਏ ਦਾ ਉਤਾਰਾ ਕਰਨ ਵੇਲ਼ੇ ਮੇਰੀਆਂ ਅੱਖਾਂ ਹੰਝੂਆਂ ਨਾਲ਼ ਭਰੀਆਂ ਹੀ ਰਹੀਆਂ।

ਇਹ ਕਿਤਾਬ ਛਪੀ ਤੇ ਹੱਥੋ-ਹੱਥ ਵਿਕ ਗਈ ਤੇ ਫਿਰ ਵਾਰ-ਵਾਰ ਛਪੀ।

ਇੰਗਲੈਂਡ ਦੇ ਇਕ ਕਵੀ ਨੇ ਉਲਫ਼ਤ ਬਾਜਵਾ ਹੋਰਾਂ ਦੀਆਂ ਗ਼ਜ਼ਲਾਂ ਚੋਰੀ ਕਰ ਕੇ ਕਿਤਾਬ ਵਿਚ ਆਪਣੇ ਨਾਂ ਛਪਵਾਅ ਲਈਆਂ। ਦੋਸਤਾਂ ਨੇ ਸਲਾਹ ਦਿੱਤੀ, “ਬਾਜਵਾ ਸਾਹਿਬ! ਬਾਹਰਲੀ ਸਾਮੀ ਐਂ। ਕਰ ਦਿਓ ਕੇਸ। ਝਾੜ ਲਓ ਪੌਂਡ।”

ਬਾਜਵਾ ਸਾਹਿਬ ਦਾ ਆਪਣਾ ਤਰਕ ਸੀ। ਕਹਿਣ ਲੱਗੇ, “ਜਦੋਂ ਚੋਰ ਤੁਹਾਡੇ ਘਰ ਚੋਰੀ ਕਰਨ ਆਉਂਦਾ, ਉਹ ਪੁਰਾਣੀਆਂ ਰਜ਼ਾਈਆਂ, ਗਧੇਲੇ ਥੋੜ੍ਹੋਂ ਚੋਰੀ ਕਰਦੈ। ਉਹ ਤਾਂ ਦੌਲਤ, ਸੋਨਾ ਜਾਂ ਕੀਮਤੀ ਚੀਜ਼ਾਂ ਚੋਰੀ ਕਰਦੈ। ਜੇ ਉਸ ਬੰਦੇ ਨੇ ਮੇਰੀਆਂ ਗ਼ਜ਼ਲਾਂ ਚੋਰੀ ਕੀਤੀਆਂ ਮਤਲਬ ਕੀਮਤੀ ਸਮਝ ਕੇ ਈ ਕੀਤੀਆਂ। ਹੋਰ ਕਿਸੇ ਦੀਆਂ ਨਾ ਕਰ ਲਈਆਂ।”

ਬਾਅਦ ’ਚ ਉਹ ਬਜ਼ੁਰਗ ਸ਼ਾਇਰ ਉਲਫ਼ਤ ਬਾਜਵਾ ਹੋਰਾਂ ਨੂੰ ਜਲੰਧਰ ਮਿਲਣ ਵੀ ਆਇਆ। ਬਾਜਵਾ ਦੱਸਦੇ ਸਨ, “ਉਹ ਕਹਿੰਦਾ ਮੇਰੀ ਘਰਵਾਲ਼ੀ ਮਰ ਗਈ ਐ। ਤੁਹਾਡੀਆਂ ਗ਼ਜ਼ਲਾਂ ਪੜ੍ਹ ਕੇ ਲੱਗਾ ਤੁਸੀਂ ਮੇਰੇ ਦਿਲ ਦੇ ਦਰਦ ਨੂੰ ਜ਼ਬਾਨ ਦਿੱਤੀ ਐ। ਇਸੇ ਭਾਵੁਕਤਾ ਵਿਚ ਹੀ ਮੈਂ ਤੁਹਾਡੀਆਂ ਗ਼ਜ਼ਲਾਂ ਆਪਣੀਆਂ ਬਣਾਅ ਲਈਆਂ।”

ਇਕ ਦਿਨ ਦੱਸਣ ਲੱਗੇ, “ਯਾਰ ਕਮਾਲ ਈ ਹੋ ਗਈ। ਮੈਂ ਬੈਠਾ ਸਕੂਲੇ ਕਲਾਸ ’ਚ। ਇਕ ਬੰਦਾ ਆਇਆ। ਮੇਰੇ ਪੈਰੀਂ ਹੱਥ ਲਾਇਆ ਤੇ ਰੋਣ ਲੱਗ ਪਿਆ। ਮੈਂ ਪੁੱਛਿਆ-ਕੀ ਹੋਇਆ? ਕਹਿਣ ਲੱਗਾ-‘ਤੁਸੀਂ ਮੈਨੂੰ ਬਚਾ ਲਿਆ। ਮੈਂ ਘਰੋਂ ਬਹੁਤ ਦੁੱਖੀ ਹੋ ਕੇ ਆਤਮ-ਹੱਤਿਆ ਕਰਨ ਦੀ ਸੋਚੀ। ਮੈਂ ਤੁਰਿਆ ਜਾਵਾਂ। ਮੇਰੇ ਮੂਹਰੇ ਅਖ਼ਬਾਰ ਦਾ ਵਰਕਾ ਪਿਆ। ਮੈਂ ਸਹਿਵਨ ਹੀ ਵਰਕਾ ਚੁੱਕ ਲਿਆ। ਇਕ ਗ਼ਜ਼ਲ ਪੜ੍ਹਨ ਲੱਗ ਪਿਆ-ਜਾਗ ਪਿਆ ਹਾਂ ਪੱਤਿਆਂ ਦੀ ਖੜ-ਖੜ ਦੇ ਨਾਲ਼। ਮੈਂ ਵੀ ਇਕ ਦਿਨ ਝੜ ਜਾਣਾ ਪਤਝੜ ਦੇ ਨਾਲ਼। ਮੈਂ ਸੋਚਿਆ ਯਾਰ ਜਦੋਂ ਮੌਤ ਆਉਣੀ ਐਂ ਉਦੋਂ ਤਾਂ ਮਰਨਾ ਈ ਪੈਣਾ। ਫਿਰ ਹੁਣ ਆਪ ਮਰਨ ਬਾਰੇ ਕਿਉਂ ਸੋਚੀ ਜਾ ਰਿਹਾਂ? ਮੈਂ ਵਾਪਸ ਆ ਗਿਆ। ਵਰਕਾ ਮੈਂ ਸੰਭਾਲ਼ ਲਿਆ। ਪੁੱਛਦੇ-ਪੁਛਾਉਂਦੇ ਨੂੰ ਤੁਹਾਡਾ ਪਤਾ ਮਿਲ਼ ਗਿਆ।’ ਸੋ ਜਨਾਬ ਏਨੀ ਜਾਨ ਹੁੰਦੀ ਐ ਸ਼ਬਦਾਂ ਵਿਚ।”

ਪਾਕਿਤਸਾਨ ਦੀ ਫੇਰੀ ਉਹਨਾਂ ਦੀ ਦਿਲਚਸਪ ਫੇਰੀ ਸੀ। ਉਹ ਹੱਸਦੇ-ਹੱਸਦੇ ਦੱਸਦੇ, “ਜਨਾਬ ਜਦੋਂ ਵਾਪਸ ਮੁੜੇ ਵਾਹਗੇ ਬਾਰਡਰ ’ਤੇ। ਕਸਟਮ ਵਾਲ਼ੇ ਕਹਿੰਦੇ ਸਾਮਾਨ ਖੋਲ੍ਹ ਕੇ ਦਿਖਾਅ।

ਜਦੋਂ ਮੈਂ ਬੈਗ ਖੋਲ੍ਹਿਆ ਵਿਚ ਮਿੱਟੀ ਦੇ ਡਲ਼ੇ ਤੇ ਰੁੱਖਾਂ ਦੇ ਸੱਕ। ਕਸਮਟ ਵਾਲ਼ਾ ਸੋਚੀਂ ਪੈ ਗਿਆ। ਕਹਿੰਦਾ- ਸਰਦਾਰ ਜੀ, ਲੋਕੀਂ ਤਾਂ ਕਾਜੂ-ਬਦਾਮ ਲੈ ਕੇ ਆਉਂਦੇ ਐ ਤੁਸੀਂ ਆ ਮਿੱਟੀ ਤੇ ਸੱਕਾਂ ਦਾ ਕੀ ਕਰਨਾ ਸੀ? ਮੈਂ ਕਿਹਾ ਭਾਈ ਇਹ ਨਨਕਾਣੇ ਦੀ ਮਿੱਟੀ ਐ। ਇਹਦੇ ਉੱਤੇ ਬਾਬਾ ਨਾਨਕ ਘੁੰਮਦਾ-ਫਿਰਦਾ ਰਿਹਾ। ਇਹ ਰੁੱਖਾਂ ਦੇ ਸੱਕ ਐ। ਇਹਨਾਂ ਰੁੱਖਾਂ ਦੀ ਛਾਂਵੇਂ ਬਾਬਾ ਨਾਨਕ ਬੈਠਦਾ ਹੋਊ। ਕਦੇ ਇਹਨਾਂ ਨਾਲ਼ ਢੋਅ ਲਾਉਂਦਾ ਹੋਊ। ਮੇਰੇ ਲਈ ਇਹ ਕਾਜੂ-ਬਦਾਮਾਂ ਤੋਂ ਮਹਿੰਗੀਆਂ ਚੀਜ਼ਾਂ।"

ਉਲਫ਼ਤ ਬਾਜਵਾ ਹੋਰੀਂ ਆਬਾਦਪੁਰੇ ਜਿਸ ਮਕਾਨ ਵਿਚ ਰਹਿੰਦੇ ਸਨ, ਉਸਦਾ ਵਿਹੜਾ ਉੱਚਾ ਸੀ ਤੇ ਪਿੱਛੇ ਕਮਰਾ ਨੀਵਾਂ ਸੀ। ਜਦੋਂ ਬਾਰਿਸ਼ ਹੁੰਦੀ, ਵਿਹੜੇ ਦਾ ਪਾਣੀ ਵੀ ਕਮਰੇ ਵਿਚ ਆ ਜਾਂਦਾ। ਕੰਧਾਂ ਨੂੰ ਸਲਾਬ੍ਹਾ ਚੜ੍ਹਿਆ ਰਹਿੰਦਾ। ਦਵਿੰਦਰ ਮੰਡ ਆਖਦਾ-"ਜੇ ਮੈਂ ਬਾਜਵਾ ਹੋਰਾਂ ਦਾ ਸ਼ਬਦ-ਚਿੱਤਰ ਲਿਖਿਆ, ਨਾਂ ਰੱਖਣਾ 'ਭਿੱਜਿਆ ਵਰਕਾ-ਉਲਫ਼ਤ ਬਾਜਵਾ'।"

ਮੇਰੀ ਪਤਨੀ ਦੀ ਭੂਆ ਇੰਗਲੈਂਡ ਰਹਿੰਦੀ ਸੀ। ਉਸਦੀ ਕੋਠੀ ਸੀ ਜਲੰਧਰ। ਕਈ-ਕਈ ਸਾਲ ਉਹ ਵਾਪਸ ਨਹੀਂ ਸੀ ਮੁੜਦੇ। ਮੈਂ ਸੋਚਿਆ ਕਿਉਂ ਨਾ ਬਾਜਵਾ ਸਾਹਿਬ ਉਸ ਕੋਠੀ ਵਿਚ ਰਹਿਣ ਲੱਗ ਪੈਣ। ਕਿਰਾਇਆ ਕੋਈ ਨਹੀਂ ਸੀ। ਬਿਜਲੀ ਦਾ ਖ਼ਰਚਾ ਵੀ ਇੰਗਲੈਂਡ ਵਾਲ਼ਿਆਂ ਨੇ ਦੇਣਾ ਸੀ। ਬਾਜਵਾ ਸਾਹਿਬ ਨੇ ਕੋਠੀ ਦੀ ਚਾਬੀ ਤਾਂ ਲੈ ਲਈ ਪਰ ਰਿਹਾਇਸ਼ ਆਬਾਦਪੁਰੇ ਹੀ ਰੱਖੀ। ਫਿਰ ਇਕ ਦਿਨ ਚਾਬੀ ਵੀ ਵਾਪਸ ਕਰ ਦਿੱਤੀ।

'ਪਾਤਾਲ ਹੇਠਲੀਆਂ ਧਰਤੀਆਂ' ਗਾਹੁੰਦਾ ਬਲਵੰਤ ਗਾਰਗੀ ਇਕ ਵਾਰ ਜਲੰਧਰ ਆ ਗਿਆ। ਜਲੰਧਰ ਉਸ ਨਾਲ਼ ਇਕ ਵੱਡੀ ਮੀਟਿੰਗ ਕੀਤੀ ਗਈ। ਕੁਝ ਬੁਲਾਰੇ ਬਲਵੰਤ ਗਾਰਗੀ ਦੀ ਦੇਣ ਬਾਰੇ ਬੋਲ ਰਹੇ ਸਨ। ਕੁਝ ਉਸਨੂੰ ਸਵਾਲ ਪੁੱਛ ਰਹੇ ਸਨ। ਬਾਜਵਾ ਸਾਹਿਬ ਨੇ ਵੀ ਸਵਾਲ ਪੁੱਛਣ ਦੀ ਆਗਿਆ ਲਈ, "ਗਾਰਗੀ ਸਾਹਿਬ! ਤੁਹਾਡੀ ਸਵੈ-ਜੀਵਨੀ ਦਾ ਨਾਂ ਐ 'ਨੰਗੀ ਧੁੱਪ'। ਇਹਦਾ ਕੀ ਮਤਲਬ ਐ?"

ਗਾਰਗੀ ਅਚਨਚੇਤ ਹੋਇਆ ਅਜੀਬ ਸਵਾਲ ਸੁਣ ਕੇ ਭਮੰਤਰ ਗਿਆ ਤੇ ਸੋਚਣ ਲੱਗ ਪਿਆ। ਬਾਜਵਾ ਸਾਹਿਬ ਨੇ ਗੱਲ ਅਗਾਂਹ ਤੋਰੀ, "ਇਹ ਵੀ ਦੱਸ ਦੇਣਾ ਨੰਗੀ ਧੁੱਪ ਕੀ ਹੁੰਦੀ ਐ ਤੇ ਢਕੀ ਹੋਈ ਧੁੱਪ ਕਿਹੜੀ ਹੁੰਦੀ ਐ?"

"ਇਹ ਸਿੰਬੌਲੀਕਲ ਐ," ਗਾਰਗੀ ਸਾਹਿਬ ਜਿਵੇਂ ਪਿੱਛਾ ਛੁਡਾਇਆ।

"ਉਹ ਤਾਂ ਮੈਨੂੰ ਵੀ ਪਤੈ," ਬਾਜਵਾ ਸਾਹਿਬ ਨੇ ਗੱਲ ਹੋਰ ਘਰੋੜੀ, "ਇਹੀ ਤਾਂ ਮੈਂ ਪੁੱਛਦਾਂ ਬਈ ਇਸ ਸਿੰਬਲ ਦਾ ਮਤਲਬ ਕੀ ਐ?"

ਗੱਲ ਰੌਲ਼ੇ-ਗੌਲ਼ੇ 'ਚ ਪੈ ਗਈ।

ਉਲਫ਼ਤ ਬਾਜਵਾ ਹੋਰੀਂ ਪੰਜਾਬੀ ਦੇ ਵੱਡੇ ਕਵੀਆਂ ਦੇ ਤਕਨੀਕੀ ਨੁਕਸ ਕੱਢਣ ਦੇ ਬਹੁਤ ਮਾਹਿਰ ਸਨ। ਅੰਮ੍ਰਿਤਾ ਪ੍ਰੀਤਮ ਮਗਰ ਬਹੁਤ ਪੈਂਦੇ, "ਲਓ ਜੀ ਅੰਮ੍ਰਿਤਾ 'ਦੀਦੀ' ਲਿਖਦੀ ਐ- ਖੇਤ ਜੋ ਗੁੱਡੇ, ਬੀਜੇ, ਵਾਹੇ। ਦੱਸੋ! ਪਹਿਲਾਂ ਖੇਤ ਵਾਹਿਆ ਜਾਂਦਾ, ਫਿਰ ਬੀਜਿਆ ਜਾਂਦਾ, ਫਿਰ ਫ਼ਸਲ ਗੁੱਡੀ ਜਾਂਦੀ ਐ। ਉਹ ਕਹਿੰਦੀ ਐ ਨਾ ਜੀ ਨਾ ਏਦਾਂ ਨਈਂ। ਪਹਿਲਾਂ ਗੁੱਡੋ, ਫਿਰ ਬੀਜੋ ਤੇ ਬੀਜਣ ਮਗਰੋਂ ਵ੍ਹਾ ਕੇ ਫ਼ਸਲ ਤਬਾਹ ਕਰ ਦਿਉ।"

ਕਹਿ ਕੇ ਉਹ ਖਿੜਖਿੜਾਅ ਕੇ ਹੱਸਦੇ।

ਜਦੋਂ ਮੈਂ 'ਜੱਗ ਬਾਣੀ' ਵਿਚ ਪਰੂਫ਼-ਰੀਡਰ ਲੱਗਿਆ ਤਾਂ ਉਲਫ਼ਤ ਬਾਜਵਾ ਹੋਰਾਂ ਨੂੰ ਮਿਲ਼ਣ ਦਾ ਵੱਧ ਮੌਕਾ ਲੱਗਣ ਲੱਗਾ। ਜਿਸ ਦਿਨ ਮੀਂਹ-ਹਨ੍ਹੇਰੀ ਹੋਣੀ, ਮੈਂ ਸਾਢੇ ਨੌਂ ਵਜੇ ਛੁੱਟੀ



ਕਰ ਕੇ ਉਹਨਾਂ ਕੋਲ਼ ਅਬਾਦਪੁਰੇ ਆ ਜਾਂਦਾ। ਉਹ ਮੈਨੂੰ ਲਾਗਲੇ ਹੋਟਲ ਤੋਂ ਰੋਟੀ ਖੁਆਉਣ ਲੈ ਕੇ ਜਾਂਦੇ। ਨਾਲ਼ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਰਹਿੰਦੇ, "ਜਨਾਬ ਹਮਦਰਦ ਸਾਹਿਬ ਨਾਲ਼ ਮੇਰੇ ਬੜੇ ਸਿੰਙ ਫਸਦੇ ਸੀ। ਇਕ ਵਾਰੀ ਹਮਦਰਦ ਸਾਹਿਬ ਮੈਨੂੰ ਕਹਿੰਦੇ, ਗੱਲ ਸੁਣ ਤੂੰ ਸਾਰਿਆਂ ਦੇ ਨੁਕਸ ਕੱਢਦਾ ਰਹਿੰਨਾਂ, ਲੈ ਮੇਰੇ ਸ਼ਿਅਰ 'ਚ ਨੁਕਸ ਕੱਢ ਕੇ ਦਿਖਾਅ," ਇਹੋ ਜਿਹੇ ਮੌਕਿਆਂ 'ਤੇ ਬਾਜਵਾ ਸਾਹਿਬ ਦਾ ਪੱਕੇ ਕੈਂਹੇਂ ਵਰਗਾ ਰੰਗ ਤਪਦੇ ਲੋਹੇ ਵਰਗਾ ਹੋ ਜਾਂਦਾ ਸੀ, "ਜਨਾਬ ਸ਼ਿਅਰ ਸੁਣਾਇਆ ਹਮਦਰਦ ਸਾਹਿਬ ਨੇ- ਏਧਰ ਹੈ 'ਹਮਦਰਦ' ਚੁਰਾਸੀ ਹੈ ਓਧਰ, ਗਿੱਦੜਾਂ ਦੇ ਵਿਚ ਸ਼ੇਰ ਇਕੱਲਾ ਬੁਕਿਆ ਹੈ।' ਕਹਿੰਦੇ ਕੱਢ ਨੁਕਸ। ਮੈਂ ਕਿਹਾ, ਜਨਾਬ ਇਹ ਸ਼ਿਅਰ ਤਾਂ ਬੁਨਿਆਦੀ ਤੌਰ 'ਤੇ ਈ ਗ਼ਲਤ ਐ। ਚੁਰਾਸੀ ਤੋਂ ਤੁਹਾਡਾ ਮਤਲਬ ਚੁਰਾਸੀ ਲੱਖ ਜੂਨ ਈ ਐ ਨਾ? ਕਹਿੰਦੇ ਹਾਂ। ਮੈਂ ਕਿਹਾ, ਏਧਰ ਹੈ 'ਹਮਦਰਦ' ਚੁਰਾਸੀ ਹੈ ਓਧਰ। ਮਤਲਬ 'ਹਮਦਰਦ' ਚੁਰਾਸੀ ਲੱਖ ਜੂਨਾਂ ਵਿਚ ਨਹੀਂ ਆਉਂਦਾ। ਇਹਦਾ ਮਤਲਬ ਜੂਨ 'ਚੁਰਾਸੀ ਲੱਖ ਇਕ' ਹੈ। ਦੂਜਾ ਸ਼ੇਰ ਗਿੱਦੜਾਂ 'ਚ ਬੁੱਕੂਗਾ ਤਾਂ ਕਿੱਡੀ ਕੁ ਬਹਾਦਰੀ ਦੀ ਗੱਲ ਐ! ਗਿੱਦੜ ਤਾਂ ਪਹਿਲਾਂ ਹੀ ਡਰਪੋਕ ਹੁੰਦੇ ਐ। ਹਮਦਰਦ ਸਾਹਿਬ ਕਹਿੰਦੇ, ਤੂੰ ਬਾਜ਼ ਨਈਂ ਆ ਸਕਦਾ।"

ਮੈਂ ਬੁਰਕੀਆਂ ਚਬਾਉਣ ਦੇ ਨਾਲ਼-ਨਾਲ਼ ਕੰਨਾਂ ਰਾਹੀਂ ਨੁਕਤਿਆਂ ਦਾ ਅੰਮ੍ਰਿਤ ਵੀ ਡੀਕੀ ਜਾਂਦਾ।

ਆਬਾਦਪੁਰੇ ਵਾਲਾ ਉਹ ਸਿੱਲ੍ਹਾ-ਸਲ੍ਹਾਬਿਆ ਕਮਰਾ ਜਿਵੇਂ ਹੁਜਰਾ ਸੀ। ਉਸ ਦੀਆਂ ਕੰਧਾਂ ਵਿਚੋਂ ਵੀ ਗਿਆਨ ਫੁੱਟਦਾ ਸੀ। ਉਲਫ਼ਤ ਬਾਜਵਾ ਬਹੁਤ ਦੂਰੋਂ ਆਉਂਦੀ ਗਹਿਰ-ਗੰਭੀਰ ਆਵਾਜ਼ ਵਿਚ ਪ੍ਰਵਚਨ ਕਰਦੇ ਲੱਗਦੇ ਤੇ ਅਸੀਂ ਕਿਤੇ ਦਾ ਕਿਤੇ ਜਾ ਪਹੁੰਚਦੇ।

ਜਦੋਂ ਮਹਿੰਦਰ ਭੱਟੀ ਦਾ ਨਾਵਲ 'ਡੁੱਬਦੇ ਜਹਾਜ਼ਾਂ ਦੀ ਦਾਸਤਾਨ' ਛਪਿਆ ਤਾਂ ਸੁਖਵੰਤ ਚਿੱਤਰਕਾਰ ਨੇ ਬਹੁਤ ਹੀ ਸਿਰਜਣਾਤਮਕ ਮਜ਼ਾਕ ਕੀਤਾ। ਉਸਨੇ ਅਸਲੀ ਟਾਈਟਲ ਬਣਾਇਆ- 'ਡੁੱਬਦੇ ਜਹਾਜ਼ਾਂ ਦੀ ਦਾਸਤਾਨ' -ਮਹਿੰਦਰ ਭੱਟੀ। ਨਾਲ਼ ਹੀ ਦੂਜਾ ਟਾਈਟਲ ਵੀ ਬਣਾ ਦਿੱਤਾ- 'ਡੁੱਬਦੇ ਭੱਟੀ ਦੀ ਦਾਸਤਾਨ' -ਮਹਿੰਦਰ ਜਹਾਜ਼।

ਮੈਂ ਇਹ ਸਾਹਿਤਕ ਲਤੀਫ਼ਾ ਬਾਜਵਾ ਸਾਹਿਬ ਨੂੰ ਸੁਣਾਇਆ। ਪਹਿਲਾਂ ਉਹਨਾਂ ਜ਼ੋਰਦਾਰ ਕਹਿਕਹਾ ਲਾਇਆ। ਫਿਰ ਕਹਿਣ ਲੱਗੇ, "ਅੱਛਾ, ਹੁਣ ਨਾਵਲ ਵੀ ਲਿਖ ਲਿਆ," ਤੇ ਪੁੱਛਿਆ, "ਤੂੰ ਪੜ੍ਹਿਆ ਨਾਵਲ?" ਮੈਂ 'ਨਹੀਂ' ਕਿਹਾ ਤਾਂ ਬੋਲੇ, "ਪਤਾ ਨਹੀਂ ਕਹਾਣੀ ਕੀ ਹੋਊ? ਨਾਂ ਤਾਂ ਵਧੀਆ। ਅਸਲ 'ਚ ਇਹ ਡੁੱਬਦੇ ਜਹਾਜ਼ ਦੀ ਕਹਾਣੀ ਨਹੀਂ ਹੋਣੀ ਚਾਹੀਦੀ, ਸਗੋਂ ਜਿਵੇਂ ਜਹਾਜ਼ ਡੁੱਬਣ ਵੇਲੇ ਹਾਲਾਤ ਹੁੰਦੇ ਐ ਖ਼ੌਫ਼ਨਾਕ, ਉਸ ਖ਼ੌਫ਼ ਦਾ ਬਿਰਤਾਂਤ ਹੋਣਾ ਚਾਹੀਦਾ। ਸਾਡੇ ਜੀਵਨ ਵਿਚ ਕਈ ਵਾਰ ਏਨੇ ਖ਼ੌਫ਼ਨਾਕ ਹਾਲਾਤ ਬਣ ਜਾਂਦੇ ਐ, ਜਿੱਦਾਂ ਜਹਾਜ਼ ਦੇ ਡੁੱਬਣ ਵੇਲ਼ੇ ਹੁੰਦੇ ਐ। ਪਤਾ ਨਹੀਂ ਭੱਟੀ ਇਹ ਗੱਲ ਪੇਸ਼ ਕਰ ਸਕਿਆ ਵੀ ਹੋਏਗਾ ਕਿ ਨਹੀਂ।"

ਬਾਜਵਾ ਸਾਹਿਬ ਵੱਲੋਂ ਪੇਸ਼ ਕੀਤਾ ਗਿਆ ਨਿੱਕਾ ਜਿਹਾ ਨੁਕਤਾ, ਸਾਹਿਤ ਵਿਚ ਪ੍ਰਤੀਕ, ਚਿੰਨ੍ਹ ਜਾਂ ਰੂਪਕ ਨੂੰ ਸਮਝਣ ਦੀ ਨੀਝ ਦੇ ਜਾਂਦਾ।

ਸ਼ਬਦਾਂ ਬਾਰੇ ਕਈ ਵਾਰ ਉਹ ਅਜਿਹੀ ਗੱਲ ਕਰ ਜਾਂਦੇ ਜਿਹੜੀ ਭਾਵੇਂ ਠੀਕ ਨਾ ਹੁੰਦੀ ਪਰ ਲੱਗਦੀ ਠੀਕ। ਡੀ ਆਰ ਧਵਨ, ਆਰਿਫ਼ ਗੋਬਿੰਦਪੁਰੀ ਅਤੇ ਮੈਂ ਬਾਜਵਾ ਸਾਹਿਬ ਨਾਲ਼ ਗੱਲੀਂ ਪਏ ਹੋਏ ਸਾਂ। ਅਚਾਨਕ ਆਰਿਫ਼ ਨੇ ਪੁੱਛ ਲਿਆ, "ਗੁਰੂ ਜੀ, ਇਹ 'ਧਵਨ' ਦਾ ਮਤਲਬ ਕੀ ਹੁੰਦਾ।"

ਬਾਜਵਾ ਸਾਹਿਬ ਛੱਡ ਬੋਲੇ, "ਪਤਾ ਨਹੀਂ ਡੀ ਆਰ 'ਧਵਨ' ਦੇ 'ਧਵਨ' ਦਾ ਕੀ ਅਰਥ ਹੋਊ। ਵੈਸੇ ਜੇ ਗੁਰਬਾਣੀ ਮੁਤਾਬਕ ਦੇਖੀਏ ਤਾਂ 'ਧੌਣ' ਬਣਦਾ। ਜਿੱਦਾਂ 'ਪਵਨ' ਪੌਣ, 'ਕਵਨ' ਕੌਣ ਏਦਾਂ ਈ 'ਧਵਨ' ਧੌਣ।"

ਉਲਫ਼ਤ ਬਾਜਵਾ ਹੋਰਾਂ ਦਾ 'ਹਾਇਰ ਸੈਕੰਡਰੀ ਸਕੂਲ' ਸਾਡੇ ਲਈ 'ਗ਼ਜ਼ਲ ਦਾ ਸਕੂਲ' ਸੀ। ਉਥੇ ਅਸੀਂ ਦਵਿੰਦਰ ਜੋਸ਼ ਦੀ ਮਸਤੀ ਦੇਖੀ। ਪ੍ਰੋ. ਦੀਦਾਰ ਦੀਆਂ ਖ਼ੁਮਾਰੀਆਂ ਅੱਖਾਂ 'ਚ ਨੱਚਦੇ ਸ਼ਿਅਰ ਦੇਖੇ। ਪ੍ਰੀਤਮ ਸਿੰਘ ਪ੍ਰੀਤਮ ਦੀ ਪਾਕ ਤੇ ਬੇਬਾਕ ਸ਼ਖ਼ਸੀਅਤ ਦੇ ਦੀਦਾਰ ਕੀਤੇ। ਮੁਰਸ਼ਿਦ ਬੁਟਰਵੀ ਦੀ ਬੇਪ੍ਰਵਾਹੀ ਦੇਖੀ। ਮੁਰਸ਼ਿਦ ਬੁਟਰਵੀ ਆਪਣੇ ਅਨੁਭਵ ਪ੍ਰਗਟ ਕਰ ਰਿਹਾ ਸੀ, "ਜਦੋਂ ਮੇਰੀ ਪਹਿਲੀ ਕਿਤਾਬ ਛਪੀ ਗ਼ਜ਼ਲਾਂ ਦੀ, ਮੈਂ ਝੋਲੇ 'ਚ ਕਿਤਾਬਾਂ ਪਾਉਂਦਾ। ਪੈਦਲ ਜਾ-ਜਾ ਕੇ ਵੇਚਦਾ। ਪਹਿਲਾ ਐਡੀਸ਼ਨ ਵਿਕਦੇ-ਵਿਕਦੇ ਮੈਂ ਦੋ ਜੋੜੀ ਚਪਲਾਂ ਘਸਾਈਆਂ। ਦੂਜੀ ਕਿਤਾਬ ਆਈ। ਇਕ ਜੋੜਾ ਚਪਲਾਂ ਦਾ ਘਸਿਆ ਵੇਚਦਿਆਂ। ਤੀਜੀ ਕਿਤਾਬ ਵੇਚਣ ਵੇਲੇ ਜੋੜਾ ਪੂਰਾ ਨਹੀਂ ਸੀ ਘਸਿਆ।"

ਆਰਿਫ਼ ਗੋਬਿੰਦਪੁਰੀ ਨੇ ਇਕ ਵਾਰ ਨਵੀਂ ਗ਼ਜ਼ਲ ਪੜ੍ਹੀ। ਅਸੀਂ ਨਵੇਂ ਸਾਂ ਵਾਹ! ਵਾਹ! ਕਰਨੀ ਸੀ। ਆਰਿਫ਼ ਨੇ ਸ਼ਿਅਰ ਪੜ੍ਹਿਆ- 'ਜੇ ਰਿਸ਼ਵਤ ਹੀ ਖ਼ੁਆਉਣੀ ਏਂ ਤਾਂ ਲੱਭ ਤੂੰ ਸੂਰ ਦਾ ਬੱਚਾ, ਕਿ ਹੰਸਾਂ ਨੂੰ ਨਹੀਂ ਹੁੰਦੀ ਇਹ ਗੰਦਗੀ ਖਾਣ ਦੀ ਆਦਤ।'

ਬਾਜਵਾ ਸਾਹਿਬ ਸ਼ਿਅਰ ਸੁਣ ਕੇ ਚੁੱਪ ਹੋ ਗਏ। ਕੁਝ ਚਿਰ ਸੋਚਦੇ ਰਹੇ ਤੇ ਫਿਰ ਬੋਲੇ, "ਸ਼ਿਅਰ ਦਾ ਵਧੀਆ ਐ ਪਰ ਨੁਕਸ ਐ ਇਹਦੇ ਵਿਚ। ਸੂਰ ਚਾਰ ਲੱਤਾਂ ਵਾਲ਼ਾ ਜਾਨਵਰ ਹੁੰਦਾ ਤੇ ਹੰਸ ਦੋ ਲੱਤਾਂ ਵਾਲ਼ਾ ਪੰਛੀ। ਇਹ ਤੁਲਨਾ ਠੀਕ ਨਹੀਂ ਬੈਠਦੀ। ਤਬਦੀਲੀ ਕਰਨੀ ਪਊ।"

ਅਦਬੀ ਦਰਬਾਰ ਵੱਲੋਂ ਕਰਵਾਏ ਕਵੀ ਦਰਬਾਰ 'ਚ ਆਰਿਫ਼ ਨੇ ਇਹ ਸ਼ਿਅਰ ਇੰਞ ਪੜ੍ਹਿਆ- 'ਖ਼ੁਆ ਕਾਵਾਂ ਨੂੰ ਹੀ ਜੇ ਗੰਦ ਰਿਸ਼ਵਤ ਦਾ ਖ਼ੁਆਉਣਾ ਹੈ, ਕਿ ਹੰਸਾਂ ਨੂੰ ਨਹੀਂ ਹੁੰਦੀ ਇਹ ਗੰਦਗੀ ਖਾਣ ਦੀ ਆਦਤ।'

ਇਹੋ ਜਿਹੇ ਨੁਕਤੇ ਸਾਡੇ ਜ਼ਿਹਨ 'ਚ ਅਚੇਤ ਹੀ ਵਸਦੇ ਗਏ। ਹੁਣ ਜਦੋਂ ਕੋਈ ਸ਼ਿਅਰ ਕਹਿੰਦੇ ਆਂ ਤਾਂ ਇਹੋ ਜਿਹੀਆਂ ਵਿਚਾਰਾਂ ਆਪਣੇ-ਆਪ ਹੀ ਸ਼ਿਅਰ ਤਰਾਸ਼ਣ ਲੱਗ ਪੈਂਦੀਆਂ ਨੇ।

ਉਲਫ਼ਤ ਬਾਜਵਾ ਹੋਰਾਂ ਦਾ ਜਨਮ 11 ਫ਼ਰਵਰੀ 1938 ਨੂੰ ਪਿੰਡ ਕੁਰਾਰਾ ਬੇਲਾ ਸਿੰਘ ਵਾਲ਼ਾ (ਪਾਕਿਸਤਾਨ) ਵਿਚ ਹੋਇਆ ਸੀ। 16 ਮਈ 2008 ਨੂੰ ਉਹਨਾਂ ਦੀ ਮੌਤ ਹੋ ਗਈ।

ਕਈ ਵਾਰ ਬੈਠੇ-ਬੈਠੇ ਮਨ ਵਿੱਚ ਵਿਚਾਰ ਆ ਜਾਂਦੀ ਹੈ, ਦੁਨੀਆ ਰੂਪੀ ਕਲਾਸ ਵਿਚ ਜੇ ਕਿਸੇ ਨੇ 'ਹੁਸਨ' ਦੇ ਵਿਰੋਧੀ ਸ਼ਬਦ ਵਰਗਾ 'ਫ਼ਲਸਫ਼ਾਨਾ' ਸਵਾਲ ਪੁੱਛ ਲਿਆ ਤਾਂ ਜਵਾਬ ਲੱਭਣ ਲਈ ਕਿਸ ਕੋਲ਼ ਜਾਵਾਂਗਾ?





# ਪਹੁ-ਫੁਟਾਲਾ / ਹਰਮਹਿੰਦਰ ਚਹਿਲ

ਮੈਰੀਆ ਨੇ ਗਰਾਸਰੀ ਖਰੀਦ ਕੇ ਕਾਰ ਵਿਚ ਰੱਖੀ। ਦਰਵਾਜ਼ਾ ਬੰਦ ਕੀਤਾ। ਕਾਰ ਸਟਾਰਟ ਕੀਤੀ ਤੇ ਤੋਰ ਲਈ। ਇਸ ਪਾਸੇ ਉਹ ਘੱਟ ਹੀ ਆਉਂਦੀ ਸੀ। ਜ਼ਿਆਦਾਤਰ ਆਪਣੇ ਨੇੜਲੇ ਸਟੋਰ ਤੋਂ ਹੀ ਖਰੀਦਦਾਰੀ ਕਰਦੀ ਸੀ। ਪਰ ਕਈ ਵਾਰੀ ਕੋਈ ਖਾਸ ਚੀਜ਼ ਲੈਣੀ ਹੁੰਦੀ ਤਾਂ ਇਸ ਦੂਰ ਵਾਲੇ ਹੋਲਫੂਡ ਆਊਟਲੈੱਟ 'ਤੇ ਆ ਜਾਂਦੀ ਸੀ। ਉਸਨੇ ਕਾਰ, ਮੇਨ ਰੋਡ 'ਤੇ ਪਾ ਲਈ ਤੇ ਅੱਧਾ ਕੁ ਮੀਲ ਅੱਗੇ ਜਾ ਕੇ ਲਾਈਟਾਂ ਰੈੱਡ ਹੋਣ ਕਾਰਨ ਖੜ੍ਹੋ ਗਈ। ਉਸਨੇ ਸੱਜੇ ਹੱਥ ਨਿਗ੍ਹਾ ਮਾਰੀ। ਨਾਲ ਹੀ ਬੇਘਰਿਆਂ ਲਈ ਬਣੀ ਵੱਡੀ ਬਿਲਡਿੰਗ ਸੀ। ਉਹ ਜਾਣਦੀ ਸੀ ਕਿ ਇੱਥੇ ਉਹ ਲੋਕ ਰਹਿੰਦੇ ਹਨ ਜਿਨ੍ਹਾਂ ਦਾ ਕੋਈ ਘਰ-ਘਾਟ ਜਾਂ ਕੋਈ ਪਰਿਵਾਰ ਨਹੀਂ ਹੁੰਦਾ। ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਸਰੀਰਕ ਤੌਰ 'ਤੇ ਅਤੇ ਮਾਨਸਿਕ ਬਿਮਾਰ ਹੁੰਦੇ ਹਨ। ਉੱਧਰ ਝਾਕਦਿਆਂ ਉਸਨੇ ਵੇਖਿਆ ਕਿ ਦੋ-ਚੌਂਹ ਜਣੇ ਤਾਂ ਬੈਂਚਾਂ ਉੱਪਰ ਬੈਠੇ ਸਨ। ਕਈ ਉਵੇਂ ਹੀ ਇੱਧਰ ਉੱਧਰ ਤੁਰੇ ਫਿਰਦੇ ਸਨ। ਅਗਾਂਹ ਇਕ ਜਣਾ ਲਾਈਟਾਂ ਕੋਲ ਖੜ੍ਹਾ ਭੀਖ ਮੰਗ ਰਿਹਾ ਸੀ। ਉਸਨੇ ਹੱਥ ਵਿਚ ਤਖਤੀ ਚੁੱਕੀ ਹੋਈ ਸੀ ਜਿਸ ਉੱਪਰ ਲਿਖਿਆ ਹੋਇਆ ਸੀ-'ਨੋ ਫੂਡ, ਪਲੀਜ਼ ਹੈਲਪ ਮੀ।' ਉਹ ਉਸ ਸਖਸ਼ ਵੱਲ ਵੇਖ ਹੀ ਰਹੀ ਸੀ ਕਿ ਬੱਤੀ ਹਰੀ ਹੋ ਗਈ ਤੇ ਉਸਨੇ ਕਾਰ ਤੋਰ ਲਈ। ਜਦੋਂ ਉਹ ਤਖਤੀ ਚੁੱਕੀ ਖੜ੍ਹੇ ਮੰਗਤੇ ਦੇ ਕੋਲ ਦੀ ਲੰਘੀ ਤਾਂ ਉਸਨੂੰ ਕੋਈ ਝੌਲਾ ਜਿਹਾ ਪਿਆ ਤੇ ਉਸਨੇ ਕਾਰ ਹੌਲੀ ਕਰ ਲਈ। ਅਗਾਂਹ ਜਾ ਕੇ ਉਹ ਸੱਜੇ ਹੱਥ ਮੁੜ ਗਈ ਤੇ ਅੱਗੋਂ ਟਰਨ ਮਾਰ ਕੇ ਵਾਪਸ ਆ ਗਈ। ਕਾਰ ਇਕ ਪਾਸੇ ਪਾਰਕ ਕਰਕੇ ਉਹ ਮੰਗਤੇ ਵੱਲ ਨੂੰ ਤੁਰ ਪਈ। ਕੋਲ ਪਹੁੰਚਦਿਆਂ ਉਸਨੇ ਵੇਖਿਆ ਕਿ ਇਹ ਦਰਮਿਆਨੇ ਜਿਹੇ ਕੱਦ ਦਾ ਵਿਅਕਤੀ ਸੀ ਜਿਸਦੀ ਦਾਹੜੀ ਵਧੀ ਹੋਈ, ਸਿਰ ਗੰਜਾ ਅਤੇ ਸਰੀਰ ਉੱਪਰ ਪਾਟੇ ਪੁਰਾਣੇ ਕੱਪੜੇ ਸਨ। ਇਉਂ ਲੱਗਦਾ ਸੀ ਜਿਵੇਂ ਉਹ ਮਹੀਨਿਆਂ ਤੋਂ ਨਹਾਤਾ ਨਾ ਹੋਵੇ। ਉਸਨੇ ਕੋਲ ਹੋ ਕੇ ਸਿੱਧਾ ਉਸਦੀਆਂ ਅੱਖਾਂ 'ਚ ਵੇਖਿਆ। ਰਾਤ ਵਰਗੀ ਸੰਘਣੀ ਉਦਾਸੀ ਤੇ ਸੱਖਣਾਪਣ ਅੱਖਾਂ 'ਚ ਫੈਲਿਆ ਹੋਇਆ ਸੀ। ਉਹ ਕੰਬ ਗਈ, 'ਇਹ ਤਾਂ ਡੇਵ ਹੈ'। ਡੇਵ ਨੇ ਵੀ ਮੈਰੀਆ ਵੱਲ ਵੇਖਦਿਆਂ ਹੀ ਨੀਵੀਂ ਪਾ ਲਈ।

ਮੈਰੀਆ ਨੇ ਅਗਾਂਹ ਹੋ ਕੇ ਉਸਦੇ ਮੋਢੇ 'ਤੇ ਹੱਥ ਰੱਖਦਿਆਂ ਪੁੱਛਿਆ, "ਇਹ ਸਭ ਕੀ ਹੈ?"

ਡੇਵ ਕੁਝ ਨਾ ਬੋਲਿਆ ਪਰ ਮੈਰੀਆ ਨੂੰ ਅੰਤਾਂ ਦੀ ਹੈਰਾਨੀ ਹੋਈ। ਉਹ ਤਾਂ ਸੋਚ ਵੀ ਨਹੀਂ ਸੀ ਸਕਦੀ ਕਿ ਡੇਵ ਇਸ ਹਾਲਤ ਵਿਚ ਹੋਵੇਗਾ। ਡੇਵ ਸ਼ਰਮ ਨਾਲ ਸਿਰ ਝੁਕਾਈ ਖੜ੍ਹਾ ਸੀ। ਮੈਰੀਆ ਨੇ ਅਗਾਂਹ ਹੋ ਕੇ ਉਸਦੀ ਬਾਂਹ ਫੜ੍ਹ ਲਈ ਤੇ ਉਸਨੂੰ ਨਾਲ ਲੱਗਦੇ ਬੈਂਚ 'ਤੇ ਬਿਠਾ ਕੇ ਆਪ ਵੀ ਕੋਲ ਹੀ ਬੈਠ ਗਈ। ਫਿਰ ਉਸਨੇ ਪੁੱਛਿਆ,

"ਡੇਵ ਇਹ ਸਭ ਕੀ ਐ? ਤੈਨੂੰ ਕੀ ਹੋ ਗਿਆ? ਇਸ ਤਰ੍ਹਾਂ ਦੀ ਹਾਲਤ ਕਿਉਂ ਬਣਾਈ ਐ?"

ਡੇਵ ਕੁਝ ਨਾ ਬੋਲਿਆ। ਉਸ ਦੀਆਂ ਅੱਖਾਂ 'ਚੋਂ ਤਰਿੱਪ-ਤਰਿੱਪ ਹੰਝੂ ਡਿੱਗਣ ਲੱਗੇ। ਮੈਰੀਆ ਉਸ ਵੱਲ ਵੇਖਦੀ ਰਹੀ। ਉਹ ਕੁਝ ਦੇਰ ਬਾਅਦ ਸਾਵਾਂ ਹੋਇਆ ਤਾਂ ਉਸਨੇ ਬੜੇ ਥੋੜੇ ਲਫਜ਼ਾਂ 'ਚ ਮੈਰੀਆ ਨੂੰ ਹੋਈ ਬੀਤੀ ਸੁਣਾ ਦਿੱਤੀ। ਉਸਨੇ ਗੱਲ ਖਤਮ ਕੀਤੀ ਤਾਂ ਉਸਦੀ ਹਾਲਤ

ਵੇਖਦਿਆਂ ਮੈਰੀਆ ਨੂੰ ਪੁਰਾਣੇ ਦਿਨ ਯਾਦ ਆਏ। ਉਸਦਾ ਮਨ ਪਿਛਾਂਹ ਨੂੰ ਪਰਤ ਗਿਆ....।

ਡੇਵ ਦਾ ਪਿਉ ਤਰਖਾਣਾ ਕੰਮ ਕਰਦਾ ਸੀ। ਡੇਵ ਨੂੰ ਸ਼ੁਰੂ ਤੋਂ ਹੀ ਪਿਉ ਦੇ ਕੰਮ 'ਚ ਦਿਲਚਸਪੀ ਸੀ। ਉਹ ਛੁੱਟੀਆਂ ਦੇ ਦਿਨੀਂ ਪਿਉ ਨਾਲ ਕੰਮ 'ਤੇ ਜਾਂਦਾ ਰਹਿੰਦਾ ਸੀ। ਆਖਰ ਉਸਨੇ ਸਕੂਲ ਵਿਚਕਾਰ ਹੀ ਛੱਡ ਦਿੱਤਾ ਤੇ ਪੂਰੀ ਤਰ੍ਹਾਂ ਨਾਲ ਪਿਉ ਕੰਮ ਕਰਵਾਉਣ ਲੱਗ ਪਿਉ। ਛੇਤੀ ਹੀ ਉਹ ਇਕ ਚੰਗਾ ਮਾਹਰ ਇਮਾਰਤਸਾਜ਼ ਬਣ ਗਿਆ। ਪਿਉ ਤੋਂ ਮਗਰੋਂ ਸਾਰਾ ਕੰਮ ਉਸਨੇ ਖੁਦ ਸੰਭਾਲ ਲਿਆ। ਉਸਨੇ ਕੰਮ ਨੂੰ ਵਧਾਇਆ ਵੀ। ਉਸਦਾ ਕੰਮ ਨਵੇਂ ਬਣਦੇ ਘਰਾਂ ਦੀ ਉਸਾਰੀ ਨਾਲ ਸੰਬੰਧਤ ਹੁੰਦਾ ਸੀ। ਜਿੱਥੇ ਕਿਤੇ ਵੀ ਘਰ ਬਣਦੇ, ਉਨ੍ਹਾਂ ਘਰਾਂ ਦੀ ਨੀਂਹਾਂ ਦੀ ਉਸਾਰੀ ਦਾ ਠੇਕਾ, ਡੇਵ ਲੈ ਲੈਂਦਾ ਸੀ। ਫਿਰ ਉਹ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਇਸ ਕੰਮ ਨੂੰ ਨੇਪਰੇ ਚਾੜਦਾ ਸੀ। ਜਦੋਂ ਕਿਸੇ ਇਕ ਥਾਂ ਉੱਪਰ ਘਰਾਂ ਦੀ ਉਸਾਰੀ ਮੁੱਕ ਜਾਂਦੀ ਤੇ ਕੰਪਨੀ ਕਿਧਰੇ ਹੋਰ ਚਲੀ ਜਾਂਦੀ ਤਾਂ ਡੇਵ ਵੀ ਨਾਲ ਹੀ ਜਾਂਦਾ। ਉਸਨੇ ਆਪਣੀ ਰਿਹਾਇਸ਼ ਹਮੇਸ਼ਾ ਆਪਣੇ ਜੱਦੀ ਇਲਾਕੇ ਜਾਣੀ ਕਿ ਵਰਜੀਨੀਆਂ ਦੇ ਫਰੰਟ ਰੋਇਲ ਸ਼ਹਿਰ ਵਿਚ ਹੀ ਰੱਖੀ। ਪਰ ਕੰਮ ਲਈ ਉਹ ਦੂਰ ਦੂਰ ਤੱਕ ਜਾਂਦਾ ਰਹਿੰਦਾ ਸੀ। ਉਹ ਸੰਦੇਹਾਂ ਹੀ ਘਰੋਂ ਤੁਰਦਾ ਸੀ। ਉਸਦੇ ਕੁਝ ਕਾਮੇ ਉਸਦੇ ਨਾਲ ਹੀ ਟਰੱਕ ਵਿਚ ਜਾਂਦੇ ਸਨ।

ਆਪਣੀ ਉਮਰ ਦਾ ਬਹੁਤਾ ਭਾਗ ਉਸਨੇ ਨਵੀਆਂ ਇਮਾਰਤਾਂ ਬਣਾਉਂਦਿਆਂ ਲੰਘਾਇਆ। ਇਸ ਦਰਮਿਆਨ ਉਸ ਨੇ ਚੰਗਾ ਪੈਸਾ ਵੀ ਬਣਾਇਆ। ਉਸਦੀ ਕੰਪਨੀ ਦੀ ਕੀਮਤ ਕਈ ਲੱਖ ਡਾਲਰ ਸੀ। ਉਸਦਾ ਘਰ ਪਰਿਵਾਰ ਵੀ ਠੀਕ ਠਾਕ ਸੀ। ਉਸਦੀ ਧੀ ਜੂਲੀ ਅਤੇ ਅਗਾਂਹ ਉਸਦੀ ਧੀ, ਜਾਣੀ ਕਿ ਡੇਵ ਦੀ ਦੋਹਤਰੀ ਲੈਲੀ, ਉਸਦੇ ਨਾਲ ਹੀ ਰਹਿੰਦੀਆਂ ਸਨ। ਲੈਲੀ ਹਾਈ ਸਕੂਲ ਦੀ ਵਿਦਿਆਰਥਣ ਸੀ। ਡੇਵ ਦੀ ਘਰਵਾਲੀ ਮੈਰੀਆ, ਰੱਬ ਦੀ ਰਜ਼ਾ ਵਿਚ ਰਹਿਣ ਵਾਲੀ ਇਕ ਰੱਜੀ ਰੂਹ ਅਤੇ ਸੁਘੜ ਸੁਆਣੀ ਔਰਤ ਸੀ। ਉਸਨੇ ਕਦੇ ਕੰਮ ਨਹੀਂ ਕੀਤਾ ਸੀ। ਕੰਮ ਇਕੱਲਾ ਡੇਵ ਹੀ ਕਰਦਾ ਸੀ ਪਰ ਮੈਰੀਆ ਨੇ ਘਰ ਨੂੰ ਠੀਕ ਠਾਕ ਸੰਭਾਲਿਆ ਹੋਇਆ ਸੀ।

ਹੁਣ ਡੇਵ ਪੰਜਾਹ ਦੀ ਉਮਰ ਲੰਘ ਚੁੱਕਿਆ ਸੀ। ਉਸਨੇ ਹੱਥੀਂ ਕੰਮ ਕੁਝ ਘੱਟ ਕਰ ਦਿੱਤਾ ਸੀ। ਪਰ ਉਸਨੇ ਕੰਪਨੀ ਕਾਮੇ ਵਧਾ ਲਏ ਸਨ। ਕੰਮ 'ਤੇ ਉਹ ਹੁਣ ਵੀ ਉਹ ਸੰਦੇਹਾਂ ਘਰੋਂ ਤੁਰਦਾ ਸੀ। ਘਰੋਂ ਤੁਰਦਿਆਂ ਅੱਗੇ ਇਕ ਕਨਵੀਨੀਐਂਟ ਸਟੋਰ ਸੀ ਜਿੱਥੋਂ ਉਹ ਹਮੇਸ਼ਾ ਕੌਫੀ ਬਗੈਰਾ ਪੀਂਦਾ ਸੀ। ਇਸਦੇ ਨਾਲ ਹੀ ਉਸਦਾ ਸ਼ੌਕ ਸੀ ਲਾਟਰੀ ਖੇਡਣਾ। ਉਹ ਹਰ ਰੋਜ਼ ਕਾਫੀ ਪੀਣ ਵੇਲੇ ਕੋਈ ਨਾ ਕੋਈ ਲਾਟਰੀ ਜ਼ਰੂਰ ਪਾਉਂਦਾ ਸੀ। ਛੋਟੀਆਂ ਲਾਟਰੀਆਂ ਜਿਨ੍ਹਾਂ 'ਚ ਕਿ ਤੁਰੰਤ ਹੀ ਕੁਝ ਕੁ ਸੌ ਡਾਲਰ ਨਿਕਲਦੇ ਸਨ, ਅਜਿਹੀਆਂ ਤਾਂ ਉਹ ਰੋਜ਼ਾਨਾ ਹੀ ਪਾਉਂਦਾ ਸੀ। ਪਰ ਵੱਡੀਆਂ ਲਾਟਰੀਆਂ ਨੂੰ, ਜਿਨ੍ਹਾਂ ਦੇ ਨਤੀਜੇ ਦੋ ਮਹੀਨਿਆਂ ਪਿੱਛੋਂ ਨਿਕਲਦੇ ਸਨ, ਉਹ ਬੜੇ ਧਿਆਨ ਨਾਲ ਵੇਖਦਾ ਸੀ। ਇਹ ਲਾਟਰੀਆਂ ਮਿਲੀਅਨਜ਼ ਡਾਲਰਾਂ ਦੀਆਂ ਹੁੰਦੀਆਂ ਸਨ। ਇਨ੍ਹਾਂ ਵਿਚੋਂ ਹੀ ਇਕ ਵੱਡੀ ਲਾਟਰੀ 'ਵਰਜੀਨੀਆ ਮੈਗਾ ਮਿਲੀਅਨ ਜੈਕਪਾਟ' ਸੀ ਅਤੇ ਡੇਵ ਜ਼ਿਆਦਤਰ ਇਹੀ ਲਾਟਰੀ ਪਾਉਂਦਾ ਸੀ। ਉਂਝ ਅਜੇ ਤੱਕ ਉਸਨੂੰ ਕਦੇ ਕੋਈ ਵੱਡੀ ਲਾਟਰੀ ਨਹੀਂ ਨਿਕਲੀ ਸੀ।

ਉਸ ਦਿਨ ਉਹ ਸਵੇਰੇ ਘਰੋਂ ਤੁਰਿਆ ਤੇ ਚਾਰ ਵਜਦੇ ਨੂੰ ਕਨਵੀਨੀਐਂਟ ਸਟੋਰ 'ਤੇ ਜਾ ਪਹੁੰਚਿਆ। ਕਾਫੀ ਬਗੈਰਾ ਪੀਂਦਿਆਂ ਉਹ ਛੋਟੀ ਲਾਟਰੀ ਖੇਡਦਾ ਰਿਹਾ। ਪੰਜ ਸੱਤ ਟਿਕਟਾਂ 'ਚ ਤਾਂ ਕੁਝ ਵੀ ਨਹੀਂ ਨਿਕਲਿਆ ਪਰ ਫਿਰ ਉਸਨੂੰ ਇਕ 'ਚੋਂ ਪੰਜ ਡਾਲਰ ਨਿਕਲ ਆਏ। ਖੁਸ਼ ਹੁੰਦਿਆਂ ਉਸਨੇ ਕਈ ਹੋਰ ਟਿਕਟਾਂ ਖਰੀਦੀਆਂ ਪਰ ਸਭ ਖਾਲੀ ਗਈਆਂ। ਫਿਰ ਉਸਨੇ ਵੱਡੀ ਲਾਟਰੀ ਜਾਣੀ



ਕਿ ਵਰਜੀਨੀਆਂ ਮੈਗਾ ਮਿਲੀਅਨ ਲਾਟਰੀ ਪਾਉਣ ਲਈ ਕਾਰਡ ਲੈ ਕੇ ਉਸ ਉੱਪਰ ਨੰਬਰ ਭਰੇ। ਕਾਰਡ ਲੈ ਕੇ ਉਹ ਕੈਸ਼ ਰਜਿਸਟਰ ਵੱਲ ਆਇਆ ਤਾਂ ਕੈਸ਼ੀਅਰ ਉਸਤੋਂ ਨੰਬਰ ਲੈ ਕੇ ਉਸਦੀ ਲਾਟਰੀ ਪਾਉਣ ਲੱਗੀ। ਇਹ ਜੇਨੀ ਨਾਂ ਦੀ ਪੰਝੀ ਕੁ ਸਾਲਾ ਕੈਸ਼ੀਅਰ ਕੁੜੀ ਇਸ ਸਟੋਰ 'ਤੇ ਨਵੀਂ ਹੀ ਆਈ ਸੀ। ਉਹ ਪਹਿਲਾਂ ਹੀ ਡੇਵ ਵੱਲ ਗੌਹ ਨਾਲ ਝਾਕ ਰਹੀ ਸੀ। ਜੇਨੀ ਨੇ ਵੇਖਿਆ ਸੀ ਕਿ ਡੇਵ ਰੋਜ਼ ਹੀ ਬੜੇ ਧਿਆਨ ਨਾਲ ਲਾਟਰੀ ਪਾਉਂਦਾ ਸੀ। ਜੇਨੀ ਨੇ ਉਸਦਾ ਨੰਬਰ ਕੰਮਪਿਊਟਰ 'ਚ ਐਂਟਰ ਕਰਦਿਆਂ ਪਰਿੰਟ ਆਊਟ ਕੱਢ ਕੇ ਉਸਨੂੰ ਫੜ੍ਹਾ ਦਿੱਤਾ। ਰਸੀਦ ਨੂੰ ਬਟੂਏ ਵਿਚ ਸਾਂਭਦਿਆਂ ਡੇਵ ਨੇ ਮੁਸਕਰਾਉਂਦਿਆਂ ਪੁੱਛਿਆ,

"ਜੇਨੀ, ਵਰਜੀਨੀਆਂ ਮੈਗਾ ਮਿਲੀਅਨ ਕਿੰਨੇ ਕੁ ਦੀ ਹੋ ਗਈ ਐ ?"

"ਤੈਨੂੰ ਪਤੈ ਈ ਐ ਕਿ ਪਰਸੋਂ ਡਰਾ ਕੱਢਿਆ ਗਿਆ ਸੀ ਪਰ ਲਾਟਰੀ ਕਿਸੇ ਨੂੰ ਵੀ ਨਹੀਂ ਨਿਕਲੀ। ਇਸ ਕਰਕੇ ਪਿਛਲੀ ਰਾਸ਼ੀ ਜੋੜਦਿਆਂ ਐਤਰੀ ਵਾਰ ਇਸਦੀ ਕੁੱਲ ਰਾਸ਼ੀ ਸਾਢੇ ਤਿੰਨ ਸੌ ਮਿਲੀਅਨ ਹੋ ਗਈ ਐ।"

"ਹੁਣ ਤਾਂ ਫਿਰ ਮਹੀਨੇ ਭਰ ਦੀ ਉਡੀਕ ਹੋਰ ਕਰਨੀ ਪਵੇਗੀ।"

"ਉਹ ਤਾਂ ਹੈ, ਪਰ ਮੈਂ ਦੁਆ ਕਰਦੀ ਆਂ ਕਿ ਇਹ ਲਾਟਰੀ ਤੈਨੂੰ ਨਿਕਲ ਆਵੇ। ਮੈਂ ਵੇਖਿਐ ਕਿ ਤੈਨੂੰ ਲਾਟਰੀ 'ਚ ਬੜੀ ਦਿਲਚਸਪੀ ਐ।"

"ਤੇਰੀ ਮਿਹਰਬਾਨੀ। ਪਰ ਤੈਨੂੰ ਪਤੈ ਕਿ ਮੈਂ ਸਾਰੀ ਉਮਰ ਦਾ ਲਾਟਰੀ ਖੇਡਦਾ ਆ ਰਿਹਾ ਆਂ ?"

"ਅੱਛਾ ! ਇਹ ਤਾਂ ਬੜੀ ਦਿਸਚਲਪ ਗੱਲ ਐ।"

"ਤੇਰਾ ਸਟੋਰ ਮਾਲਕ ਮੇਰਾ ਬੜਾ ਪੁਰਾਣਾ ਜਾਣੂੰ ਐਂ। ਉਸਨੇ ਤਾਂ ਮੇਰਾ ਨਾਂ ਵੀ ਲਾਟਰੀਮੈਨ ਰੱਖ ਛੱਡਿਆ ਐ। ਕਿਉਂਕਿ ਮੈਂ ਹਰ ਰੋਜ਼ ਬਿਨਾ ਨਾਗਾ ਲਾਟਰੀ ਪਾਉਂਦਾ ਹਾਂ। ਅਤੇ ਇਸ ਤੋਂ ਵੀ ਦਿਲਚਸਪ ਗੱਲ ਇਹ ਐ ਕਿ ਮੈਂ ਰੋਜ਼ਾਨਾ ਇਕੋ ਨੰਬਰ ਹੀ ਖੇਡਦਾ ਹਾਂ।"

"ਹੈਂ ! ਪਰ ਇਕੋ ਈ ਨੰਬਰ ਕਿਵੇਂ ?"

"ਵੇਖ, ਵਰਜੀਨੀਆ ਮੈਗਾ ਮਿਲੀਅਨ ਜੈਕਪਾਟ ਤੈਨੂੰ ਪਤਾ ਈ ਐ ਕਿ ਕਿਵੇਂ ਭਰੀ ਜਾਂਦੀ ਐ। ਚਾਲੀ ਤੱਕ ਦੇ ਨੰਬਰਾਂ 'ਚੋਂ ਪੰਜ ਨੰਬਰ ਪਹਿਲਾਂ ਭਰ ਕੇ ਉਪਰੋਂ ਇਕ ਹੋਰ ਨੰਬਰ ਚੁਣਨਾ ਹੁੰਦਾ ਹੈ। ਇਸ ਤਰਾਂ ਪੰਜ ਅਤੇ ਇਕ ਨੰਬਰ ਦਾ ਇਹ ਸੈੱਟ ਬਣ ਜਾਂਦਾ ਹੈ। ਜੇਕਰ ਕਦੇ ਇਹ ਪੂਰੇ ਸੈੱਟ ਵਾਲੇ ਨੰਬਰ ਦਾ ਡਰਾ ਆਵੇ ਤਾਂ ਹੀ ਲਾਟਰੀ ਨਿਕਲੇਗੀ। ਮੇਰੇ ਇਹ ਪੰਜ ਅਤੇ ਆਖਰੀ ਇਕ ਨੰਬਰ ਹਰ ਵਾਰ ਉਹੀ ਹੁੰਦੇ ਹਨ। ਬਲਕਿ ਪਿਛਲੇ ਚਾਲੀ ਸਾਲਾਂ ਤੋਂ ਉਹੀ ਨੰਬਰ ਮੈਂ ਹਰ ਵਾਰ ਭਰਦਾ ਆ ਰਿਹਾ ਹਾਂ। ਮੈਂ ਕਦੇ ਨੰਬਰ ਨੀਂ ਬਦਲੇ।"

"ਪਰ ਇਸ ਦਾ ਕਾਰਨ ਕੀ ਐ ?

"ਇਹ ਖਿਆਲ ਮੈਨੂੰ ਮੇਰੇ ਚਾਚੇ ਤੋਂ ਮਿਲਿਆ ਸੀ। ਉਸਨੇ ਸਾਰੀ ਉਮਰ ਇਕੋ ਹੀ ਨੰਬਰ ਭਰਿਆ ਸੀ। ਅਸਲ 'ਚ ਲਾਟਰੀ ਦੀ ਆਦਤ ਵੀ ਮੈਨੂੰ ਮੇਰੇ ਚਾਚੇ ਤੋਂ ਹੀ ਪਈ ਸੀ।"

"ਉਹ ਤਾਂ ਠੀਕ ਐ ਪਰ ਕੀ ਤੇਰੇ ਚਾਚੇ ਨੂੰ ਕਦੇ ਲਾਟਰੀ ਨਿਕਲੀ ਸੀ ?"

"ਹਾਂ ! ਨਿਕਲੀ ਸੀ ਪਰ ਉਸਦੀ ਕਿਸਮਤ ਖੋਟੀ ਰਹੀ। ਉਸਨੇ ਸਾਰੀ ਉਮਰ ਲਾਟਰੀ ਖੇਡੀ। ਹਮੇਸ਼ਾ ਇਕੋ ਹੀ ਨੰਬਰ ਭਰਿਆ। ਉਹ ਕਿਹਾ ਕਰਦਾ ਸੀ ਕਿ ਆਪਣਾ ਇਕ ਲੱਕੀ ਨੰਬਰ ਚੁਣ ਲਵੋ। ਹਮੇਸ਼ਾ ਉਹੀ ਨੰਬਰ ਖੇਡੋ। ਜੇ ਰੱਬ ਦਿਆਲੂ ਹੋਇਆ ਤਾਂ ਜ਼ਰੂਰ ਬਹੁੜੂਗਾ। ਫਿਰ ਇਕ

ਦਿਨ ਸੱਚ ਵਿਚ ਹੀ ਰੱਬ ਉਸਤੇ ਮਿਹਰਬਾਨ ਹੋ ਗਿਆ। ਉਸਦੀ ਸੁਣੀ ਗਈ। ਉਸਨੂੰ ਲਾਟਰੀ ਨਿਕਲ ਆਈ। ਪਰ ਉਹ ਬਦਕਿਸਮਤ ਹੀ ਰਿਹਾ....।"

"ਉਹ ਕਿਵੇਂ ?"

"ਲਾਟਰੀ ਨਿਕਲਣ ਵੇਲੇ ਚਾਚਾ ਅੱਸੀਆਂ ਨੂੰ ਪਹੁੰਚ ਚੁੱਕਿਆ ਸੀ। ਜਦੋਂ ਉਸਦੀ ਲਾਟਰੀ ਨਿਕਲੀ ਤਾਂ ਮਾੜੇ ਭਾਗੀਂ ਉਸਦੀ ਟਿਕਟ ਗੁਆਚ ਗਈ। ਲਾਟਰੀ ਵਾਲੇ ਆਖਣ ਕਿ ਪੈਸੇ ਲੈ ਜਾਵੇ। ਪਰ ਉਹ ਦਾਅਵਾ ਕਿਵੇਂ ਕਰਦਾ ਕਿਉਂਕਿ ਕੋਲ ਟਿਕਟ ਤਾਂ ਹੈ ਹੀ ਨਹੀਂ ਸੀ। ਕਾਫੀ ਭਾਲਣ 'ਤੇ ਉਸਨੂੰ ਅਹਿਸਾਸ ਹੋਇਆ ਕਿ ਉਸਦੀ ਟਿਕਟ ਕੱਪੜੇ ਧੋਣ ਵੇਲੇ ਪੇਂਟ ਦੀ ਜੇਬ ਵਿਚ ਹੀ ਰਹਿ ਗਈ। ਮਸ਼ੀਨ 'ਚ ਹੀ ਟਿਕਟ ਖਤਮ ਹੋ ਗਈ। ਉਸਨੇ ਬੜੀ ਚਾਰਾਜੋਹੀ ਕੀਤੀ ਪਰ ਬਿਨਾਂ ਟਿਕਟੋਂ ਪੈਸੇ ਕਿਵੇਂ ਮਿਲ ਸਕਦੇ ਸਨ। ਅਖੀਰ ਮਯੂਸੀ ਅਤੇ ਪਛਤਾਵੇ ਦੇ ਆਲਮ ਵਿਚ ਹੀ ਉਹ ਦੁਨੀਆਂ ਛੱਡ ਗਿਆ।"

ਪੂਰੀ ਗੱਲ ਸੁਣਦਿਆਂ ਜੇਨੀ ਨੇ ਵੀ ਅਫਸੋਸ 'ਚ ਸਿਰ ਮਾਰਿਆ। ਫਿਰ ਡੇਵ ਤੁਰਨ ਲੱਗਿਆ ਤਾਂ ਬੋਲਿਆ,

"ਵਿਚਾਰਾ ਬਦਕਿਸਮਤ ਚਾਚਾ! ਲੇਕਿੰਨ ਜੇਨੀ ਮੈਂ ਬਦਕਿਸਮਤ ਨਹੀਂ ਹਾਂ। ਮੈਨੂੰ ਪੂਰਾ ਯਕੀਨ ਹੈ ਕਿ ਇਕ ਦਿਨ ਮੇਰੀ ਲਾਟਰੀ ਜ਼ਰੂਰ ਨਿਕਲੇਗੀ। ਪਰ ਮੈਂ ਟਿਕਟ ਨਹੀਂ ਗੁਆਚਣ ਦਿਆਂਗਾ।"

ਡੇਵ ਨੇ ਗੱਲ ਮੁਕਾਈ ਤਾਂ ਜੇਨੀ ਦੇ ਮੂੰਹੋਂ ਵੀ ਨਿਕਲਿਆ, "ਵਿਚਾਰਾ ਬਦਕਿਸਮਤ ਚਾਚਾ।" ਡੇਵ ਨੇ ਜੇਨੀ ਨੂੰ 'ਬਾਏ' ਕਹੀ ਤੇ ਕੰਮ ਨੂੰ ਤੁਰ ਗਿਆ।

ਹਫਤਾ ਭਰ ਡੇਵ ਕੰਮ 'ਚ ਰੁੱਝਿਆ ਰਿਹਾ। ਐਤਵਾਰ ਸਵੇਰੇ ਉਹ ਮੈਰੀਆ ਨਾਲ ਚਰਚ ਗਿਆ। ਦੁਪਹਿਰ ਬਾਅਦ ਘਰੇ ਪਹੁੰਚ ਕੇ ਡੇਵ, ਮੈਰੀਆ ਨੂੰ ਉਤਾਰਦਾ ਵਾਪਸ ਮੁੜਨ ਲੱਗਿਆ ਤਾਂ ਮੈਰੀਆ ਬੋਲੀ,

"ਡੇਵ ਬੱਸ ਕਰ। ਸਾਰੀ ਉਮਰ ਤੂੰ ਇਕੋ ਕੰਮ 'ਚ ਲੰਘਾ ਦਿੱਤੀ। ਇਨ੍ਹਾਂ ਲਾਟਰੀਆਂ ਬਗੈਰਾ 'ਚ ਕੁਝ ਨ੍ਹੀਂ ਪਿਆ।"

"ਤੂੰ ਵੇਖਦੀ ਜਾਹ। ਕਦੇ ਨਾ ਕਦੇ ਤਾਂ ਲਾਟਰੀ ਨਿਕਲ ਈ ਆਉਣੀ ਐਂ।"

"ਫਿਰ ਕੀ ਹੋਜੂਗਾ ?"

"ਫਿਰ ਮੈਂ ਮਿਲੀਅਨਏਅਰ ਬਣ ਜਾਊਗਾ। ਬਹੁਤ ਹੀ ਪੈਸੇ ਵਾਲਾ ਬੰਦਾ।" ਡੇਵ ਹੱਸਿਆ।

"ਪੈਸਾ ਤਾਂ ਹੁਣ ਵੀ ਤੇਰੇ ਕੋਲ ਬਹੁਤ ਐ। ਸਖਤ ਮਿਹਨਤ ਨਾਲ ਕਮਾਇਆ ਹੋਇਆ ਪੈਸਾ। ਵੈਸੇ ਲਾਟਰੀ ਵਰਗਾ ਮੁਫਤ ਦਾ ਪੈਸਾ ਫਲਦਾ ਨ੍ਹੀਂ ਹੁੰਦਾ। ਨਾਲੇ ਕੀ ਪਤੈ ਚਾਚੇ ਦੀ ਤਰ੍ਹਾਂ ਲਾਟਰੀ ਕਿਸਮਤ ਵਿਚ ਹੈ ਕਿ ਨਹੀਂ।"

"ਚਾਚਾ ਬਦਕਿਸਮਤ ਸੀ, ਜੋ ਅਰਬਪਤੀ ਬਣਦਾ ਬਣਦਾ ਰਹਿ ਗਿਆ। ਮੈਂ ਬਦਕਿਸਮਤ ਨਹੀਂ ਆਂ।" ਕਹਿੰਦਿਆਂ ਡੇਵ ਨੇ ਗੱਡੀ ਘੁਮਾਈ ਤੇ ਕੁਝ ਹੀ ਮਿੰਟਾਂ 'ਚ ਕਨਵੀਨੀਐਂਟ ਸਟੋਰ 'ਤੇ ਜਾ ਪਹੁੰਚਿਆ। ਉਸਨੇ ਪਹਿਲਾਂ ਅਜਿਹੀਆਂ ਟਿਕਟਾਂ ਖਰੀਦੀਆਂ ਜਿਨ੍ਹਾਂ ਦਾ ਤੁਰੰਤ ਹੀ ਨੰਬਰ ਨਿਕਲਦਾ ਸੀ। ਪੰਜਾਹ ਡਾਲਰ ਦੀਆਂ ਟਿਕਟਾਂ 'ਚੋਂ ਉਸਨੂੰ ਸਿਰਫ ਦਸ ਡਾਲਰ ਨਿਕਲੇ। ਜੇਨੀ ਨੇ ਹਸਦਿਆਂ ਕਿਹਾ,



"ਹਫਤਾ ਭਰ ਤਾਂ ਤੈਨੂੰ ਕੁਝ ਨ੍ਹੀਂ ਨਿਕਲਿਆ ਚਲੋ ਅੱਜ ਕੁਝ ਪੈਸੇ ਤਾਂ ਪੂਰੇ ਹੋਏ।"

"ਪੂਰਾ ਹਫਤਾ ਖਾਲੀ ਗਿਆ। ਅੱਜ ਹੀ ਨਿਕਲੇ ਐ। ਪਰ ਜੇਨੀ ਮੇਰੀਆਂ ਅਸਲੀ ਉਮੀਦਾਂ ਤਾਂ ਵਰਜੀਨੀਆਂ ਮੈਗਾ ਮਿਲੀਅਨ ਜੈਕਪਾਟ 'ਤੇ ਨੇ।"

"ਡੇਵ, ਕਰੋੜਾਂ ਲੋਕ ਜੈਕਪਾਟ ਉਡੀਕਦੇ ਦੁਨੀਆਂ ਤੋਂ ਤੁਰ ਜਾਂਦੇ ਨੇ। ਇਹ ਤਾਂ ਕਦੇ ਕਦਾਈਂ ਕਿਸੇ ਕਿਸਮਤ ਵਾਲੇ ਨੂੰ ਈ ਨਿਕਲਦੀ ਐ।"

"ਬਸ ਮੈਂ ਉਹੀ ਕਿਸਮਤ ਵਾਲਾ ਆਂ। ਤੂੰ ਵੇਖਦੀ ਜਾਹ। ਇਕ ਦਿਨ ਮੈਂ ਮਿਲੀਅਨਏਅਰ ਬਣ ਹੀ ਜਾਣਾ ਐਂ।"

"ਤੇਰੇ ਚਾਚੇ ਦੀ ਤਰ੍ਹਾਂ ?" ਜੇਨੀ ਨੇ ਮਾਖੌਲ ਕੀਤਾ ਤਾਂ ਅੱਗੇ ਡੇਵ ਹਸਦਾ ਹੋਇਆ ਬੋਲਿਆ,

"ਵਿਚਾਰਾ ਬਦਕਿਸਮਤ ਚਾਚਾ।"

ਉਹ ਜੈਕਪਾਟ ਦੇ ਟਿਕਟ ਭਰਨ ਲੱਗਿਆ। ਨੰਬਰ ਭਰ ਕੇ ਉਸਨੇ ਸਲਿੱਪ ਜੇਨੀ ਨੂੰ ਫੜਾਈ ਤੇ ਉਹ ਕੰਪਿਊਟਰ ਵਿਚ ਪਾਉਣ ਲੱਗੀ। ਉਸਨੇ ਨੰਬਰਾਂ ਵੱਲ ਧਿਆਨ ਮਾਰਿਆ। ਹੁਣ ਤੱਕ ਤਾਂ ਜੇਨੀ ਨੂੰ ਵੀ ਡੇਵ ਦੇ ਨੰਬਰ ਯਾਦ ਹੋ ਗਏ ਸਨ। ਉਸਨੇ ਸਲਿੱਪ ਵਾਪਸ ਕਰਦਿਆਂ ਨਾਲ ਰਸੀਦ ਵੀ ਫੜਾਈ ਤੇ ਮਜ਼ਾਕ 'ਚ ਬੋਲੀ,

"ਡੇਵ, ਜੇਕਰ ਕਦੇ ਤੈਨੂੰ ਲਾਟਰੀ ਨਿਕਲ ਆਈ ਤਾਂ ਮੈਨੂੰ ਕੀ ਦਏਂਗਾ ?"

"ਤੈਨੂੰ ਮੈਂ ਘਰ ਲੈ ਕੇ ਦਿਆਂਗਾ।"

"ਉਹ ਗਾਡ! ਪੱਕੀ ਗੱਲ ਐ ?"

"ਬਿਲਕੁਲ ਪੱਕੀ। ਤੂੰ ਮੇਰੇ ਵਾਸਤੇ ਪ੍ਰਾਰਥਨਾ ਕਰਿਆ ਕਰ। ਲਾਟਰੀ ਨਿਕਲੇ ਸਹੀ ਤੇਰਾ ਘਰ ਪੱਕਾ ਰਿਹਾ।"

ਜੇਨੀ ਨੇ ਉਸਦਾ ਧੰਨਵਾਦ ਕਰਦਿਆਂ ਮਨ 'ਚ ਸੋਚਿਆ ਕਿ ਕਿੱਡਾ ਸੁਪਨਸਾਜ਼ ਹੈ। ਥੋੜ੍ਹੀ ਗੱਲਬਾਤ ਕਰਦਾ ਡੇਵ ਘਰ ਨੂੰ ਤੁਰ ਗਿਆ। ਇੰਝ ਹਰ ਰੋਜ਼ ਉਹ ਸਟੋਰ 'ਤੇ ਆਉਂਦਾ, ਟਿਕਟ ਖਰੀਦਦਾ, ਜੇਨੀ ਨਾਲ ਗੱਪ-ਸ਼ੱਪ ਕਰਦਾ ਤੇ ਕੰਮ ਨੂੰ ਨਿਕਲ ਜਾਂਦਾ। ਇਸ ਤਰ੍ਹਾਂ ਕਈ ਮਹੀਨੇ ਬੀਤ ਗਏ।

ਇਕ ਰਾਤ, ਬਾਰਾਂ ਵਜੇ ਤੋਂ ਬਾਅਦ ਜੇਨੀ ਨੇ ਡੇਵ ਨੂੰ ਘਰ ਫੋਨ ਕੀਤਾ। ਪਹਿਲਾਂ ਤਾਂ ਉਸਨੇ ਫੋਨ ਨਾ ਚੁੱਕਿਆ ਪਰ ਤੀਸਰੀ ਵਾਰ ਫੋਨ ਚੁੱਕ ਲਿਆ। ਜੇਨੀ ਨੇ ਬੜੇ ਉਤਸ਼ਾਹ ਨਾਲ ਪੁੱਛਿਆ,

"ਕੀ ਮੈਂ ਸਹੀ ਫੋਨ ਕਰ ਰਹੀ ਆਂ ? ਕੀ ਤੂੰ ਵਾਕਿਆ ਈ ਕਿਸਮਤ ਦਾ ਧਨੀ ਬਣ ਗਿਐਂ ?"

"ਹਾਂ ਜੇਨੀ, ਤੂੰ ਸਹੀ ਕਹਿ ਰਹੀ ਐਂ। ਮੈਂ ਟੀ ਵੀ ਮੂਹਰੇ ਈ ਬੈਠਾ ਆਂ। ਮੇਰੀ ਵਰਜੀਨੀਆਂ ਮੈਗਾ ਮਿਲੀਅਨ ਜੈਕਪਾਟ ਲਾਟਰੀ ਨਿਕਲ ਆਈ ਐ। ਰੱਬ ਬੜਾ ਦਿਆਲੂ ਐ। ਉਸਨੇ ਮੇਰੀ ਫਰਿਆਦ ਸੁਣ ਈ ਲਈ।"

"ਉਹ ਰੱਬਾ! ਇਹ ਤਾਂ ਬੜੀ ਵੱਡੀ ਗੱਲ ਹੋਈ ਐ। ਪਰ ਡੇਵ ਟਿਕਟ ਤਾਂ ਸੰਭਾਲੀ ਹੋਈ ਐ ਨਾ ?"

"ਬਿਲਕੁਲ ਸੰਭਾਲੀ ਹੋਈ ਐ। ਮੈਂ ਚਾਚੇ ਵਰਗਾ ਬਦਕਿਸਮਤ ਨ੍ਹੀਂ ਆਂ। ਟਿਕਟ ਇਸ

ਵੇਲੇ ਮੇਰੇ ਹੱਥ 'ਚ ਐ। ਮੈਂ ਤਾਂ ਮੈਰੀਆ ਨੂੰ ਕਹਿ ਰਿਹਾ ਸੀ ਕਿ ਇਸ ਟਿਕਟ ਨੂੰ ਉਹ ਸੰਭਾਲ ਲਵੇ। ਪਰ ਉਹ ਕਹਿੰਦੀ ਐ ਕਿ ਇਸ ਟਿਕਟ ਨੂੰ ਹੱਥ ਲਾਉਣਾ ਵੀ ਉਸਦੇ ਲਈ ਪਾਪ ਐ। ਉਸਦਾ ਕਹਿਣਾ ਐਂ ਕਿ ਮੈਨੂੰ ਲਾਟਰੀ ਨ੍ਹੀਂ ਨਿਕਲੀ ਬਲਕਿ ਸਰਾਪ ਮਿਲਿਆ ਐ। ਵਿਚਾਰੀ ਮੈਰੀਆ ਕੁਝ ਜ਼ਿਆਦਾ ਹੀ ਧਾਰਮਿਕ ਐ। ਚਲੋ ਠੀਕ ਐ।"

"ਡੇਵ ਤੈਨੂੰ ਬਹੁਤ-ਬਹੁਤ ਵਧਾਈ ਹੋਵੇ। ਮੈਂ ਤੈਨੂੰ ਸਵੇਰੇ ਫੋਨ ਕਰਾਂਗੀ। ਨਾਲੇ ਕਿਤੇ ਮੈਨੂੰ ਘਰ ਦਿਵਾਉਣ ਵਾਲਾ ਵਾਅਦਾ ਨਾ ਭੁੱਲ ਜਾਈਂ।"

"ਨ੍ਹੀਂ ਉਹ ਨ੍ਹੀਂ ਭੁੱਲਦਾ। ਪਰ ਤੂੰ ਹੁਣ ਫੋਨ ਨਾ ਕਰੀਂ। ਇਸ ਪਿੱਛੋਂ ਨਾ ਮੈਂ ਕਿਸੇ ਦਾ ਫੋਨ ਚੁੱਕਣੈ ਤੇ ਨਾ ਹੀ ਕਿਸੇ ਨੂੰ ਮਿਲਣੈਂ। ਤੂੰ ਵੀ ਕਿਸੇ ਹੋਰ ਨੂੰ ਅਜੇ ਨਾ ਦੱਸੀਂ ਪਲੀਜ਼।"

ਜੇਨੀ ਨੇ ਉਸਦੀ ਗੱਲ ਦੀ ਹਾਮੀ ਭਰਦਿਆਂ ਫੋਨ ਕੱਟ ਦਿੱਤਾ। ਫਿਰ ਡੇਵ ਨੇ ਆਪਣੇ ਵਕੀਲ ਅਤੇ ਅਕਾਊਂਟੈਂਟ ਨੂੰ ਬੁਲਾ ਲਿਆ। ਉਨ੍ਹਾਂ ਨਾਲ ਉਸਨੇ ਸਲਾਹ ਮਸ਼ਵਰਾ ਕਰਨਾ ਸੀ। ਰਾਤ ਭਰ ਉਸਨੂੰ ਨੀਂਦ ਨਾ ਆਈ। ਉਹ ਭਵਿੱਖ ਦੇ ਸੁਪਨੇ ਬੁਣਦਾ ਰਿਹਾ। ਇਸਦੇ ਤੀਸਰੇ ਦਿਨ ਡੇਵ, ਜੂਲੀ ਅਤੇ ਲੈਲੀ ਨੂੰ ਨਾਲ ਲੈ ਕੇ ਵਰਜੀਨੀਆਂ ਲਾਟਰੀ ਦੇ ਦਫਤਰ ਪਹੁੰਚਿਆ। ਬਹੁਤ ਕਹਿਣ ਦੇ ਬਾਵਜੂਦ ਵੀ ਮੈਰੀਆ ਉਸ ਨਾਲ ਨਹੀਂ ਗਈ। ਡੇਵ ਦਾ ਵਕੀਲ ਅਤੇ ਅਕਾਊਂਟੈਂਟ ਉਸਦੇ ਨਾਲ ਸਨ। ਸਾਰੇ ਡੇਵ ਨੂੰ ਵਧਾਈਆਂ ਦੇ ਰਹੇ ਸਨ। ਦਫਤਰ ਵਾਲਿਆਂ ਨੇ ਡੇਵ ਦੇ ਵਕੀਲ ਅਤੇ ਅਕਾਊਂਟੈਂਟ ਨਾਲ ਗੱਲਬਾਤ ਕਰਕੇ ਸਾਰਾ ਹਿਸਾਬ ਕਿਤਾਬ ਕੀਤਾ। ਡੇਵ ਨੇ ਕਿਹਾ ਸੀ ਕਿ ਉਹ ਸਾਰੀ ਰਾਸ਼ੀ ਇਕੋ ਵਾਰ ਲੈਣਾ ਚਾਹੁੰਦਾ ਹੈ। ਕੱਟ ਕਟਾ ਕੇ ਉਸਨੂੰ ਤਕਰੀਬਨ ਤਿੰਨ ਸੌ ਮਿਲੀਅਨ ਡਾਲਰ ਦੀ ਰਾਸ਼ੀ ਦਾ ਚੈੱਕ ਮਿਲ ਗਿਆ। ਉਸੇ ਦਿਨ ਡੇਵ ਨੇ ਚੈੱਕ ਆਪਣੇ ਬੈਂਕ ਖਾਤੇ ਵਿਚ ਜਮਾ ਕਰਵਾ ਦਿੱਤਾ। ਉਸਦੇ ਸ਼ੁਭਚਿੰਤਕ ਉਸ 'ਤੇ ਰਸ਼ਕ ਰਹੇ ਸਨ। ਛੋਟੇ ਜਿਹੇ ਸ਼ਹਿਰ, ਫਰੰਟ ਰੋਇਲ ਵਿਚ ਘਰ-ਘਰ ਖ਼ਬਰ ਪਹੁੰਚ ਗਈ ਸੀ ਕਿ ਡੇਵ ਨੂੰ ਮੈਗਾ ਮਿਲੀਅਨ ਜੈਕਪਾਟ ਲਾਟਰੀ ਦਾ ਤਿੰਨ ਸੌ ਮਿਲੀਆਨ ਡਾਲਰ ਮਿਲਿਆ ਹੈ।

ਅਗਲੇ ਕਈ ਹਫਤੇ ਉਹ ਕਿਸੇ ਨੂੰ ਨਾ ਮਿਲਿਆ। ਲੋਕ ਵੇਖ ਰਹੇ ਸਨ ਕਿ ਉਸ ਜੇ ਘਰ ਨੂੰ ਜੰਦਰਾ ਵੱਜਿਆ ਹੋਇਆ ਸੀ। ਅਸਲ 'ਚ ਉਹ ਪਰਿਵਾਰ ਨਾਲ ਘੁੰਮਣ ਫਿਰਨ ਨਿਕਲ ਗਿਆ ਸੀ। ਉੱਧਰੋਂ ਮੁੜਦਿਆਂ ਹੀ ਉਸਨੇ ਆਪਣੀ ਕੰਪਨੀ, ਮੁਫਤ ਵਿਚ ਹੀ ਆਪਣੇ ਮੈਨੇਜ਼ਰ ਨੂੰ ਦੇ ਦਿੱਤੀ। ਆਪ ਬਿਲਕੁਲ ਵਿਹਲਾ ਹੋ ਗਿਆ। ਉਸਦਾ ਦਿਮਾਗ ਹੋਰ ਹੀ ਕੁਝ ਸੋਚਣ ਲੱਗ ਪਿਆ ਸੀ ਕਿ ਉਹ ਹੁਣ ਇਤਨੇ ਪੈਸੇ ਦਾ ਕੀ ਕਰੇ। ਇਸਨੂੰ ਕਿੱਥੇ ਖਰਚ ਕਰੇ। ਉਸਨੇ ਇਹ ਵੀ ਮਹਿਸੂਸ ਕੀਤਾ ਕਿ ਹਰ ਰੋਜ਼ ਉਸਨੂੰ ਮਿਲਣ ਵਾਲਿਆਂ ਦੀ ਗਿਣਤੀ ਵਧ ਗਈ ਹੈ। ਕਦੇ ਸਕੂਲ ਵਾਲੇ, ਕਦੇ ਚਰਚ ਵਾਲੇ ਤੇ ਕਦੇ ਹੋਰ ਸਮਾਜ ਸੇਵੀ ਉਸਨੂੰ ਮਿਲਣ ਆ ਰਹੇ ਹਨ। ਭਾਵੇਂ ਹੁਣ ਤੱਕ ਕਿਸੇ ਨੇ ਕੁਝ ਮੰਗਿਆ ਨਹੀਂ ਸੀ ਪਰ ਡੇਵ ਸਮਝ ਚੁੱਕਿਆ ਸੀ ਕਿ ਉਹ ਸਭ ਕੁਝ ਨਾ ਕੁਝ ਚਾਹੁੰਦੇ ਹਨ। ਇਹ ਖਿਆਲ ਆਉਂਦਿਆਂ ਉਸਨੇ ਸੋਚਿਆ ਕਿ ਉਹ ਬਹੁਤ ਵੱਡਾ ਬੰਦਾ ਬਣ ਚੁੱਕਾ ਹੈ। ਫਿਰ ਉਸਨੂੰ ਇਕਦਮ ਕਨਵੀਨੀਐਂਟ ਸਟੋਰ ਦੀ ਯਾਦ ਆਈ ਤੇ ਉਹ ਉਸੇ ਵੇਲੇ ਉੱਥੇ ਪਹੁੰਚ ਗਿਆ। ਉਸਨੂੰ ਵੇਖਦਿਆਂ ਹੀ ਜੇਨੀ ਬੋਲੀ,

"ਡੇਵ ਤੂੰ ਬਹੁਤ ਵੱਡਾ ਆਦਮੀ ਬਣ ਗਿਐਂ। ਪਰ ਕਿਤੇ ....।"

"ਨ੍ਹੀਂ ਨ੍ਹੀਂ ਇਹ ਗੱਲ ਨ੍ਹੀਂ ਐ। ਇਸੇ ਲਈ ਤਾਂ ਮੈਂ ਆਇਆ ਹਾਂ। ਹਾਂ ਦੱਸ ਘਰ ਲਈ ਕਿੰਨੇ ਪੈਸੇ ਚਾਹੀਦੇ ਨੇ ?"



ਜੇਨੀ ਨੂੰ ਇੰਨਾ ਯਕੀਨ ਨਹੀਂ ਸੀ ਕਿ ਡੇਵ ਵਾਕਿਆ ਹੀ ਉਸਨੂੰ ਪੈਸੇ ਦੇਵੇਗਾ। ਪਰ ਹੁਣ ਡੇਵ ਹੱਥ 'ਚ ਚੈੱਕ ਬੁੱਕ ਫੜ੍ਹੀ ਉਸਦੇ ਸਾਹਮਣੇ ਖੜ੍ਹਾ ਸੀ। ਜੇਨੀ ਨੇ ਉਸਨੂੰ ਦੱਸਿਆ, "ਉਸ ਕੋਲ ਘਰ ਤਾਂ ਪਹਿਲਾਂ ਹੀ ਹੈ।"

ਤਾਂ ਡੇਵ ਨੇ ਪੁੱਛਿਆ, "ਤਾਂ ਫਿਰ ਦੱਸ ਕਿ ਘਰ ਉੱਪਰ ਲੋਨ ਕਿਤਨਾ ਐਂ ? ਮੈਂ ਤੇਰਾ ਘਰ ਪੇਆਫ ਕਰ ਦਿੰਨਾ ਆਂ।"

ਜੇਨੀ ਮਨ 'ਚ ਹਿਸਾਬ ਜਿਹਾ ਲਗਾਉਂਦੀ ਰਹੀ। ਉਸਦਾ ਟਾਊਨ-ਹਾਊਸ ਡੇਢ ਕੁ ਲੱਖ ਦਾ ਸੀ। ਪਰ ਉਹ ਡੇਵ ਵੱਲ ਵੇਖਦਿਆਂ ਬੋਲੀ,

"ਮੇਰੇ ਘਰ ਉੱਪਰ ਤਿੰਨ ਲੱਖ ਦਾ ਲੋਨ ਐਂ।"

ਇਹ ਸੁਣਦਿਆਂ ਡੇਵ ਚੈੱਕ ਲਿਖਣ ਲੱਗਿਆ। ਉਸਨੇ ਚੈੱਕ ਲਿਖ ਕੇ ਜੇਨੀ ਦੇ ਹੱਥ ਫੜ੍ਹਾ ਦਿੱਤਾ। ਜੇਨੀ ਨੇ ਡੇਵ ਦਾ ਹੱਥ ਚੁੰਮਦਿਆਂ ਚੈੱਕ ਵੱਲ ਵੇਖਿਆ। ਵਾਕਿਆ ਹੀ ਉਸਨੇ ਤਿੰਨ ਲੱਖ ਦਾ ਚੈੱਕ ਜੇਨੀ ਦੇ ਨਾਮ ਲਿਖ ਦਿੱਤਾ ਸੀ। ਜੇਨੀ ਨੇ ਉਸਦਾ ਧੰਨਵਾਦ ਕੀਤਾ ਤੇ ਨਾਲ ਹੀ ਬੇਨਤੀ ਕਰਦਿਆਂ ਕਿਹਾ, "ਸ਼ੁਕਰਾਨੇ ਵਜੋਂ ਤੈਨੂੰ ਅੱਜ ਸ਼ਾਮ ਦੇ ਖਾਣੇ 'ਤੇ ਬੁਲਾਉਣਾਂ ਚਾਹੁੰਦੀ ਆਂ।"

ਡੇਵ ਨੇ ਹਾਮੀ ਭਰਦਿਆਂ ਕਿਹਾ, "ਉਸਨੂੰ ਫੋਨ ਕਰਾਂਗਾ।" ਇਸ ਤੋਂ ਪਹਿਲਾਂ ਡੇਵ ਦੀ ਧੀ ਕਿਸੇ ਕੰਪਨੀ 'ਚ ਕਲਰਕ ਦੀ ਨੌਕਰੀ ਕਰਦੀ ਹੁੰਦੀ ਸੀ। ਦੋਹਤਰੀ ਲੈਲੀ ਵੀ ਵੀਕ ਐਂਡ 'ਤੇ ਮੈਕਡਾਨਲਡ 'ਤੇ ਕੁਝ ਘੰਟੇ ਲਾ ਕੇ ਜੇਬ ਖਰਚ ਬਣਾ ਲੈਂਦੀ ਸੀ। ਪਰ ਹੁਣ ਡੇਵ ਨੇ ਦੋਨਾਂ ਦੀ ਨੌਕਰੀ ਛੁਡਵਾ ਦਿੱਤੀ। ਉਹ ਦੋਨਾਂ ਨੂੰ ਕੈਸ਼ ਪੈਸੇ ਦੇਣ ਲੱਗਿਆ। ਕੁਝ ਕੁ ਹਫਤਿਆਂ ਬਾਅਦ ਹੀ ਉਸਦੀ ਦੋਹਤਰੀ ਨੇ ਕਿਹਾ ਕਿ ਉਸਦੇ ਪੈਸੇ ਵਧਾ ਦਿੱਤੇ ਜਾਣ ਕਿਉਂਕਿ ਉਸਦਾ ਪੂਰਾ ਨਹੀਂ ਪੈਂਦਾ। ਡੇਵ ਨੇ ਖੁਸ਼ ਹੁੰਦਿਆਂ ਇਕਦਮ ਉਸਨੂੰ ਹਫਤੇ ਦਾ ਪੰਜ ਸੌ ਡਾਲਰ ਦੇਣ ਦਾ ਕਿਹਾ ਤਾਂ ਲੈਲੀ ਦਾ ਮੂੰਹ ਟੱਡਿਆ ਰਹਿ ਗਿਆ। ਜੁਆਬ 'ਚ ਡੇਵ ਬੋਲਿਆ ਕਿ ਉਹ ਹੁਣ ਮਿਲੀਅਨਏਅਰ ਦੀ ਦੋਹਤਰੀ ਹੈ। ਪੈਸੇ ਦਾ ਫਿਕਰ ਨਾ ਕਰੇ। ਸ਼ੁਰੂ 'ਚ ਪੂਰਾ ਖਰਚ ਕਰਨ ਤੋਂ ਬਾਅਦ ਵੀ ਕੁਝ ਪੈਸੇ ਬਚ ਰਹਿੰਦੇ ਸਨ। ਪਰ ਹੌਲੀ ਹੌਲੀ ਉਸਦੇ ਖਰਚ ਵਧਣ ਲੱਗੇ। ਇਵੇਂ ਹੀ ਲੈਲੀ ਦੀ ਮਾਂ ਵੀ ਪੈਰ ਛੱਡਣ ਲੱਗੀ।

ਡੇਵ ਵੱਡਾ ਘਰ ਭਾਲਣ ਲੱਗਿਆ। ਜਦੋਂ ਘਰ ਦਿਵਾਉਣ ਵਾਲੇ ਨੂੰ ਪਤਾ ਲੱਗਿਆ ਕਿ ਡੇਵ ਕੋਲ ਲਾਟਰੀ ਦੇ ਬਹੁਤ ਪੈਸੇ ਹਨ ਤਾਂ ਉਹ ਕਹਿਣ ਲੱਗਿਆ ਕਿ ਡੇਵ ਦੀ ਪਸੰਦ ਦਾ ਘਰ ਇੱਥੇ ਕੋਈ ਨਹੀਂ ਹੈ। ਨਾਲ ਹੀ ਉਸਨੇ ਡੇਵ ਨੂੰ ਮਨਾ ਲਿਆ ਕਿ ਉਹ ਨਵਾਂ ਘਰ ਬਣਵਾਏ। ਡੇਵ ਨੇ 'ਹਾਂ' ਕਰ ਦਿੱਤੀ ਤੇ ਏਜੈਂਟ ਉਸ ਲਈ ਨਵਾਂ ਘਰ ਬਣਵਾਉਣ ਲੱਗਿਆ।

ਇਕ ਦਿਨ ਡੇਵ ਨੂੰ ਜੇਨੀ ਦਾ ਦਿੱਤਾ ਨਿਮੰਤਰਣ ਯਾਦ ਆਇਆ। ਉਸਨੇ ਜੇਨੀ ਨੂੰ ਫੋਨ ਕਰਕੇ ਉਸੇ ਦਿਨ, ਉਸਦੇ ਘਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸ਼ਾਮ ਹੁੰਦਿਆਂ ਹੀ ਉਹ ਜੇਨੀ ਦੇ ਘਰ ਪਹੁੰਚ ਗਿਆ। ਅਗਾਂਹ ਜੇਨੀ ਨੇ ਬੜੇ ਚਾਅ ਨਾਲ ਉਸਦਾ ਸੁਆਗਤ ਕੀਤਾ। ਡੇਵ ਨੇ ਵੇਖਿਆ ਕਿ ਛੋਟਾ ਜਿਹਾ ਟਾਊਨਹਾਊਸ ਮਹਿੰਗੇ ਸਾਮਾਨ ਨਾਲ ਭਰਿਆ ਹੋਇਆ ਸੀ। ਜੇਨੀ ਨੇ ਡੇਵ ਲਈ ਬਾਹਰੋਂ ਬਹੁਤ ਵਧੀਆ ਖਾਣਾ ਆਰਡਰ ਕੀਤਾ ਹੋਇਆ ਸੀ। ਗੱਲਾਂਬਾਤਾਂ ਤੋਂ ਹੀ ਡੇਵ ਨੇ ਅੰਦਾਜ਼ਾ ਲਗਾਇਆ ਕਿ ਜੇਨੀ ਇਕੱਲੀ ਹੀ ਇਸ ਘਰ ਚ ਰਹਿੰਦੀ ਸੀ ਤੇ ਸ਼ਾਦੀ-ਸ਼ੁਦਾ ਨਹੀਂ ਸੀ।

ਉਹ ਆਲੇ-ਦੁਆਲੇ ਵੇਖ ਹੀ ਰਿਹਾ ਸੀ ਕਿ ਜੇਨੀ ਨੇ ਮਹਿੰਗੀ ਵਿਸਕੀ ਦਾ ਪੈੱਗ ਲਿਆ ਕੇ ਡੇਵ ਦੇ ਹੱਥ ਫੜ੍ਹਾਇਆ ਤੇ ਇਕ ਪੈੱਗ ਆਪ ਲੈ ਕੇ ਉਸਦੇ ਸਾਹਮਣੇ ਬੈਠ ਗਈ। ਦੋਨੋਂ ਛੋਟੀਆਂ ਛੋਟੀਆਂ ਗੱਲਾਂ ਕਰਦੇ ਸ਼ਰਾਬ ਦਾ ਆਨੰਦ ਮਾਣਨ ਲੱਗੇ। ਪੈੱਗ ਖਤਮ ਹੋਇਆ ਤਾਂ ਜੇਨੀ, ਇਕ ਡੱਬਾ ਅਤੇ ਹੋਰ ਨਿੱਕ-ਸੁੱਕ ਜਿਹਾ ਚੁੱਕ ਲਿਆਈ। ਡੇਵ ਸਮਝ ਗਿਆ ਕਿ ਇਹ ਸਭ ਕੁਝ ਕੋਕੀਨ ਪੀਣ ਦਾ ਸਾਮਾਨ ਹੈ। ਉਹ ਆਦੀ ਤਾਂ ਭਾਵੇਂ ਨਹੀਂ ਸੀ ਪਰ ਪਾਰਟੀਆਂ ਬਗੈਰਾ 'ਚ ਕਦੇ ਕਦਾਈਂ ਕੋਕੀਨ ਦਾ ਨਸ਼ਾ ਕਰ ਲੈਂਦਾ ਹੁੰਦਾ ਸੀ। ਜੇਨੀ ਨੇ ਤਿਆਰ ਕਰਕੇ ਚਿਲਮ ਡੇਵ ਨੂੰ ਫੜ੍ਹਾਈ। ਡੇਵ ਨੇ ਲੰਬਾ ਸੂਟਾ ਮਾਰ ਕੇ ਚਿਲਮ ਵਾਪਸ ਜੇਨੀ ਦੇ ਹੱਥ ਫੜ੍ਹਾ ਦਿੱਤੀ। ਪੰਜ ਸੱਤ ਮਿੰਟ ਉਹ ਕੋਕੀਨ ਪੀਂਦੇ ਰਹੇ। ਇੰਨੇ ਨੂੰ ਡੇਵ ਦੀਆਂ ਅੱਖਾਂ 'ਚ ਲਾਲੀ ਤੈਰਨ ਲੱਗੀ ਤਾਂ ਜੇਨੀ ਨੇ ਉਸਦੇ ਲੱਕ ਦੁਆਲੇ ਬਾਂਹ ਵਲੀ ਤੇ ਉਸਨੂੰ ਬੈੱਡਰੂਮ ਵੱਲ ਲੈ ਤੁਰੀ।

ਘੰਟੇ ਕੁ ਬਾਅਦ ਡੇਵ ਵਾਪਸ ਜਾਣ ਲੱਗਿਆ ਤਾਂ ਜੇਨੀ ਨੇ ਉਸਨੂੰ ਘੁੱਟ ਕੇ ਜੱਫੀ ਪਾਉਂਦਿਆਂ ਵਿਦਾਅ ਕੀਤਾ ਤੇ ਨਾਲ ਹੀ ਅਗਾਹ ਕੀਤਾ ਕਿ ਉਹ ਲੰਘਦਾ ਟੱਪਦਾ ਉਸਨੂੰ ਮਿਲਦਾ ਰਿਹਾ ਕਰੇ।

ਉੱਧਰ ਕੁਝ ਮਹੀਨਿਆਂ 'ਚ ਪੂਰੇ ਪੰਜ ਮਿਲੀਅਨ ਦਾ ਮਹਿਲ ਜਿੱਡਾ ਘਰ ਬਣ ਕੇ ਤਿਆਰ ਹੋ ਗਿਆ। ਹੋਰ ਸਭ ਖੁਸ਼ ਸਨ ਪਰ ਮੈਰੀਆ ਖੁਸ਼ ਨਹੀਂ ਸੀ। ਉਹ ਹਮੇਸ਼ਾ ਡੇਵ ਨੂੰ ਕਹਿੰਦੀ ਸੀ ਕਿ ਉਹ ਪੈਰ ਨਾ ਛੱਡੇ। ਪਰ ਡੇਵ ਨੇ ਉਸਦੀ ਗੱਲ ਹੀ ਨਾ ਗੌਲੀ। ਮੈਰੀਆ ਤਾਂ ਨਵੇਂ ਘਰ ਵਿਚ ਜਾਣਾ ਵੀ ਨਹੀਂ ਚਾਹੁੰਦੀ ਸੀ ਪਰ ਉਸਦੀ ਧੀ ਅਤੇ ਦੋਹਤਰੀ ਮੱਲੋ-ਮੱਲੀ ਉਸਨੂੰ ਲੈ ਗਈਆਂ। ਪਰ ਉਸਨੇ ਪੁਰਾਣਾ ਘਰ ਵੇਚਿਆ ਨਾ। ਉਹ ਕਹਿੰਦੀ ਸੀ ਕਿ ਉਸਨੂੰ ਇਸੇ ਪੁਰਾਣੇ ਘਰ 'ਚ ਸਕੂਨ ਮਿਲਦਾ ਹੈ। ਇਸ ਕਰਕੇ ਨਵਾਂ ਘਰ ਭਾਵੇਂ ਬਣ ਗਿਆ ਪਰ ਮੈਰੀਆ ਮੌਕਾ ਮਿਲਦਿਆਂ ਹੀ ਪੁਰਾਣੇ ਘਰ ਗੇੜਾ ਮਾਰਦੀ ਰਹਿੰਦੀ ਸੀ।

ਇਕ ਦਿਨ ਫਿਰ ਲੈਲੀ ਨੇ ਆਪਣੀ ਨਾਨੀ ਨੂੰ ਕਿਹਾ ਕਿ ਉਸਦਾ ਪੰਜ ਸੌ ਡਾਲਰ ਨਾਲ ਸਰਦਾ ਨਹੀਂ ਹੈ। ਮੈਰੀਆ ਹੈਰਾਨ ਹੁੰਦਿਆਂ ਬੋਲੀ ਕਿ ਇੰਨੇ ਪੈਸੇ ਉਹ ਕੀ ਕਰਦੀ ਹੈ। ਲੈਲੀ ਉਸਦੇ ਸੁਆਲਾਂ ਤੋਂ ਤੰਗ ਆ ਗਈ ਤੇ ਉਸਨੇ ਸਿੱਧਾ ਡੇਵ ਨਾਲ ਗੱਲ ਕੀਤੀ। ਡੇਵ ਨੇ ਬਿਨਾਂ ਕੁਝ ਸੋਚਿਆਂ ਹੀ ਉਸਦੇ ਪੈਸੇ ਵਧਾ ਕੇ ਹਫਤੇ ਦਾ ਹਜ਼ਾਰ ਡਾਲਰ ਕਰ ਦਿੱਤਾ। ਮੈਰੀਆ ਨੇ ਮੱਥੇ ਵੱਟ ਪਾਉਂਦਿਆਂ ਕਿਹਾ,

"ਤੂੰ ਲੈਲੀ ਦੀਆਂ ਆਦਤਾਂ ਖਰਾਬ ਕਰ ਰਿਹਾ ਐਂ।"

ਪਰ ਡੇਵ ਦਾ ਜੁਆਬ ਸੀ, "ਇਹ ਹੁਣ ਮਿਲੀਅਨਏਅਰ ਪਰਿਵਾਰ ਦੀ ਦੋਹਤਰੀ ਹੈ।"

ਮੈਰੀਆ ਚੁੱਪ ਹੋ ਗਈ।

ਕੁਝ ਹੀ ਦਿਨ ਲੰਘੇ ਸਨ ਕਿ ਸ਼ਹਿਰ ਦਾ ਇਕ ਆਈਸਕਰੀਮ ਦੀ ਰੇਹੜੀ ਲਾਉਣ ਵਾਲਾ ਵਿਅਕਤੀ ਡੇਵ ਨੂੰ ਮਿਲਣ ਆਇਆ। ਉਹ ਸਿੱਧਾ ਹੀ ਡੇਵ ਦੇ ਘਰ ਆ ਪਹੁੰਚਿਆ। ਉਸਨੇ ਆਪਣੀ ਜਾਣ-ਪਛਾਣ ਕਰਵਾਉਂਦਿਆਂ ਡੇਵ ਨੂੰ ਦੱਸਿਆ ਕਿ ਉਸਦਾ ਮੁੰਡਾ, ਲੈਲੀ ਨਾਲ ਹਾਈਸਕੂਲ 'ਚ ਪੜ੍ਹਦਾ ਹੈ ਤੇ ਲੈਲੀ ਦਾ ਦੋਸਤ ਹੈ। ਡੇਵ ਨੇ ਰੁਖਾਈ ਨਾਲ ਉਸਦੇ ਘਰ ਆਉਣ ਦਾ ਕਾਰਨ ਪੁੱਛਿਆ ਤਾਂ ਉਹ ਬੋਲਿਆ,

"ਡੇਵ, ਮੈਂ ਤੈਨੂੰ ਅਗਾਹ ਕਰਨ ਆਇਆਂ ਕਿ ਤੇਰੀ ਦੋਹਤਰੀ ਗਲਤ ਰਾਹ ਵੱਲ ਜਾ ਰਹੀ ਐ।"



"ਕੀ ਮਤਲਬ?" ਡੇਵ ਨੇ ਅੱਖਾਂ ਕੱਢੀਆਂ।

"ਤੇਰਾ ਉਸਨੂੰ ਦਿੱਤਾ ਜ਼ਿਆਦਾ ਪੈਸਾ ਉਸਦੀਆਂ ਆਦਤਾਂ ਖਰਾਬ ਕਰ ਰਿਹਾ ਹੈ। ਪਿਛਲੇ ਵੀਕ ਐਂਡ 'ਤੇ ਉਸਦੀ ਕਲਾਸ ਟੂਰ 'ਤੇ ਗਈ ਸੀ। ਮੇਰਾ ਮੁੰਡਾ ਵੀ ਨਾਲ ਸੀ। ਮੈਨੂੰ ਪਤਾ ਲੱਗਿਐ ਕਿ ਉਨ੍ਹਾਂ ਕੋਈ ਗੈਰ ਨਸ਼ਾ ਕੀਤਾ ਸੀ। ਮੈਂ ਤੈਨੂੰ ਦੱਸਣ ਆਇਆਂ ਕਿ ਇਹ ਸ਼ੁਰੂਆਤ ਐ। ਜੇਕਰ ਜੁਆਕ ਇਕ ਵਾਰ ਨਸ਼ੇ 'ਤੇ ਲੱਗ ਗਏ ਤਾਂ ਔਖਾ ਹੋਜੂਗਾ।"

ਉਸਦੀ ਗੱਲ ਸੁਣ ਕੇ ਡੇਵ ਨੇ ਅੱਖਾਂ ਕੱਢੀਆਂ। ਉਸਨੂੰ ਨਾ ਉਸਦਾ ਘਰੇ ਆਉਣਾ ਚੰਗਾ ਲੱਗਿਆ ਸੀ ਤੇ ਨਾ ਹੀ ਉਸ ਦੁਆਰਾ ਲੈਲੀ ਦੀ ਬਦਖੋਈ ਕਰਨਾ। ਉਹ ਮੱਥੇ ਤਿਊੜੀ ਪਾਉਂਦਾ ਬੋਲਿਆ,

"ਲੈਲੀ ਮਿਲੀਅਨਏਅਰ ਦੀ ਦੋਹਤਰੀ ਐ। ਉਹ ਜੋ ਮਰਜ਼ੀ ਕਰੇ ਤੂੰ ਇਸ ਵਿਚ ਦਖਲ ਨਾ ਦੇਹ। ਨਾਲੇ ਅੱਗੇ ਤੋਂ ਇਸ ਤਰ੍ਹਾਂ ਮੇਰੇ ਘਰ ਨਾ ਆਈਂ।" ਇੰਨਾ ਕਹਿੰਦਿਆਂ ਡੇਵ ਦਰਵਾਜ਼ੇ ਵੱਲ ਨੂੰ ਹੋਇਆ ਤਾਂ ਆਈਸਕਰੀਮ ਵਾਲਾ ਨਿਰਾਸ਼ ਜਿਹਾ ਹੋ ਕੇ ਤੁਰ ਗਿਆ। ਇਸਦੇ ਥੋੜ੍ਹੀ ਦੇਰ ਬਾਅਦ ਹੀ ਚਰਚ ਵਾਲਿਆਂ ਨੇ ਆ ਡੋਰ ਬੈੱਲ ਮਾਰੀ। ਉਹ ਵੀ ਆਨੀ ਬਹਾਨੀ ਚਰਚ ਲਈ ਚੰਦਾ ਮੰਗ ਰਹੇ ਸਨ। ਡੇਵ ਨੇ ਪੁੱਛਿਆ,

"ਤੁਸੀਂ ਪੈਸਾ ਕੀ ਕਰਨਾ ਐਂ?"

"ਚਰਚ ਲਈ ਚੰਗੀਆਂ ਕੁਰਸੀਆਂ ਤੇ ਹੋਰ ਸਾਜੋ ਸਮਾਨ ਖਰੀਦ ਲਵਾਂਗੇ। ਹੋਰ ਵੀ ਕਈ ਕੰਮ ਕਰਨ ਵਾਲੇ ਹਨ।"

"ਪਰ ਉਸ ਸਭ ਦਾ ਫਾਇਦਾ ਕੀ ਹੋਊਗਾ?" ਡੇਵ ਨੇ ਰੁੱਖੇ ਢੰਗ ਨਾਲ ਪੁੱਛਿਆ ਤਾਂ ਪਾਦਰੀ ਹੈਰਾਨ ਹੋਇਆ। ਕਿਉਂਕਿ ਉਸਨੇ ਹੁਣ ਤੱਕ ਡੇਵ ਨੂੰ ਬੜਾ ਧਾਰਮਿਕ ਵੇਖਿਆ ਸੀ। ਉਹ ਕੁਝ ਸੋਚਦਾ ਹੋਇਆ ਬੋਲਿਆ,

"ਮਿਸਟਰ ਡੇਵ, ਇਹ ਚਰਚ, ਰੱਬ ਦਾ ਘਰ ਐ। ਜਿੰਨੀ ਮੱਦਦ ਕੀਤੀ ਜਾਵੇ ਚੰਗੀ ਐ।"

"ਮੇਰੇ ਖਿਆਲ 'ਚ ਸਭ ਤੋਂ ਵੱਡਾ ਰੱਬ, ਪੈਸਾ ਐ। ਜਿਸ ਕੋਲ ਪੈਸਾ ਐ ਜੋ ਮਰਜ਼ੀ ਖਰੀਦ ਲਵੇ। ਖੈਰ! ਮੇਰੇ ਕੋਲ ਇਸ ਤਰ੍ਹਾਂ ਦੇਣ ਨੂੰ ਕੋਈ ਪੈਸਾ ਨ੍ਹੀਂ ਐ।" ਕਹਿੰਦਿਆਂ ਡੇਵ ਉੱਠ ਖੜ੍ਹਾ ਹੋਇਆ। ਚਰਚ ਵਾਲੇ ਮਸੋਸੇ ਜਿਹੇ ਚਲੇ ਗਏ। ਉਦੋਂ ਹੀ ਡੇਵ ਨੂੰ ਖਿਆਲ ਆਇਆ ਕਿ ਹੁਣ ਉਹ ਵੱਡਾ ਬੰਦਾ ਹੈ ਤੇ ਇਸ ਤਰ੍ਹਾਂ ਕੋਈ ਵੀ ਉਸਦੇ ਘਰ ਆ ਵੜੇ, ਇਹ ਉਸਦੀ ਸ਼ਾਨ ਦੇ ਖਿਲਾਫ ਐ। ਇਸੇ ਖਿਆਲ ਨਾਲ ਉਸਨੇ ਸ਼ਹਿਰ ਦੀ ਇਕ ਵੱਡੀ ਸਕਿਉਰਟੀ ਕੰਪਨੀ ਨੂੰ ਫੋਨ ਮਿਲਾਇਆ। ਅਗਲੇ ਹੀ ਦਿਨ ਉਸਦੇ ਘਰ ਚਾਰ ਹਥਿਆਰਬੰਦ ਸਕਿਉਰਟੀ ਗਾਰਡ ਪਹਿਰਾ ਦੇ ਰਹੇ ਸਨ। ਇਹ ਚੌਵੀ ਘੰਟੇ ਦਾ ਪਹਿਰਾ ਸੀ।

ਉਸ ਦਿਨ ਡੇਵ ਦੇ ਘਰ ਖੁੱਲ੍ਹ ਕੇ ਲੜਾਈ ਹੋਈ। ਮੈਰੀਆ ਕਹਿ ਰਹੀ ਸੀ ਕਿ ਡੇਵ, ਲਾਟਰੀ ਦਾ ਪੈਸਾ ਆਉਣ ਪਿੱਛੋਂ ਪੈਰ ਛੱਡ ਗਿਆ ਹੈ। ਉਸਨੂੰ ਰੱਬ ਦਾ ਡਰ ਨ੍ਹੀਂ ਰਿਹਾ। ਉਹ ਹਰ ਰੋਜ਼ ਨਵੇਂ ਨਵੇਂ ਛੋਛੇ ਕਰ ਰਿਹਾ ਹੈ, ਹੋਛੀਆਂ ਹਰਕਤਾਂ ਕਰ ਰਿਹਾ ਹੈ। ਪਰ ਲੜਾਈ ਦੌਰਾਨ ਲਿੱਲੀ ਅਤੇ ਜੂਲੀ ਨੇ ਡੇਵ ਦਾ ਸਾਥ ਦਿੱਤਾ। ਮੈਰੀਆ ਮਨ ਮਸੋਸ ਕੇ ਰਹਿ ਗਈ। ਉਸਨੇ ਥੱਕੀ ਜਿਹੀ ਆਵਾਜ਼ 'ਚ ਧਮਕੀ ਦਿੱਤੀ,

"ਡੇਵ ਜੇਕਰ ਤੂੰ ਇਹੀ ਕੁਝ ਜਾਰੀ ਰੱਖਿਆ ਤਾਂ ਮੈਂ ਪੁਰਾਣੇ ਘਰ ਜਾ ਕੇ ਰਹਿਣ ਲੱਗ

ਪਵਾਂਗੀ।"

ਲੜਾਈ ਤੋਂ ਪਰੇਸ਼ਾਨ ਡੇਵ ਨੇ ਜੇਨੀ ਨੂੰ ਫੋਨ ਕੀਤਾ। ਉਹ ਹੁਣ ਜੇਨੀ ਨੂੰ ਹਰ ਦੂਜੇ ਤੀਜੇ ਦਿਨ ਮਿਲਣ ਲੱਗ ਪਿਆ ਸੀ। ਡੇਵ ਨੇ ਉਹ ਰਾਤ ਜੇਨੀ ਦੇ ਘਰ ਬਿਤਾਈ। ਅਗਲੇ ਹੀ ਦਿਨ ਉਸਨੇ ਜੇਨੀ ਨੂੰ ਨਵੀਂ ਕਾਰ ਵੀ ਖਰੀਦ ਕੇ ਦੇ ਦਿੱਤੀ। ਮੈਰੀਆ ਨੂੰ ਵੀ ਇਸਦੀ ਕਨਸੋਹ ਮਿਲ ਗਈ ਕਿ ਡੇਵ ਕਿਸੇ ਜੇਨੀ ਨਾਂ ਦੀ ਜੁਆਨ ਕੁੜੀ ਕੋਲ ਰਾਤ ਬਿਤਾ ਕੇ ਆਇਆ ਹੈ। ਉਸਨੇ ਡੇਵ ਨੂੰ ਲਾਹਨਤਾਂ ਪਾਈਆਂ,

"ਡੇਵ, ਤੂੰ ਘਰ ਪਰਿਵਾਰ ਵਾਲਾ ਅਤੇ ਸੱਠਾਂ ਦੀ ਉਮਰ ਨੂੰ ਪਹੁੰਚਿਆ ਵਿਅਕਤੀ ਐਂ। ਇਸ ਕਰਕੇ ਇਹੋ ਜਿਹੀਆਂ ਕਰਤੂਤਾਂ ਤੈਨੂੰ ਸੋਭਾ ਨਹੀਂ ਦਿੰਦੀਆਂ।"

ਪਰ ਡੇਵ ਦੇ ਕੰਨ 'ਤੇ ਜੂੰ ਨਾ ਸਰਕੀ ਤੇ ਉਹ ਬਹਾਨਾ ਬਣਾ ਕੇ ਮੁੱਕਰ ਗਿਆ।

ਇਸ ਤਰ੍ਹਾਂ ਵਕਤ ਅਗਾਂਹ ਚੱਲਣ ਲੱਗਿਆ ਤੇ ਡੇਵ ਦੀਆਂ ਆਪ ਹੁਦਰੀਆਂ ਵਧਦੀਆਂ ਗਈਆਂ। ਉਸਦੇ ਜੋ ਮਨ 'ਚ ਆਉਂਦਾ ਸੀ ਉਹੀ ਕਰਦਾ ਸੀ। ਕਿਉਂਕਿ ਪੈਸਾ ਇਤਨਾ ਸੀ ਜੋ ਅੱਗ ਲਾਇਆਂ ਵੀ ਖਤਮ ਹੋਣ ਵਾਲਾ ਨਹੀਂ ਸੀ। ਉਹ ਕਲੱਬਾਂ 'ਚ ਜਾਂਦਾ, ਮਨ ਆਈਆਂ ਕਰਦਾ। ਸ਼ਰਾਬ ਪੀ ਕੇ ਖਰੂਦ ਕਰਦਾ। ਕਲੱਬਾਂ ਵਾਲੇ ਉਸਦੀਆਂ ਆਪ ਹੁਦਰੀਆਂ ਝੱਲ ਲੈਂਦੇ ਸਨ ਕਿਉਂਕਿ ਉਹ ਉਨ੍ਹਾਂ ਨੂੰ ਖੁੱਲ੍ਹੇ ਪੈਸੇ ਦਿੰਦਾ ਸੀ।

ਜੂਲੀ ਅਤੇ ਲੈਲੀ ਦੀ ਹਾਲਤ ਇਹ ਸੀ ਕਿ ਪਹਿਲਾਂ ਡੇਵ ਉਨ੍ਹਾਂ ਨੂੰ ਹਫਤੇ ਦੇ ਪੈਸੇ ਦਿੰਦਾ ਸੀ। ਪਰ ਹੁਣ ਉਹ ਜਦੋਂ ਹੀ ਪੈਸਾ ਮੰਗਦੀਆਂ ਅਤੇ ਜਿੰਨਾ ਵੀ ਮੰਗਦੀਆਂ ਡੇਵ ਤੁਰੰਤ ਫੜ੍ਹਾ ਦਿੰਦਾ। ਉਸਨੇ ਕਦੇ ਇਹ ਵੀ ਨਹੀਂ ਪੁੱਛਿਆ ਸੀ ਕਿ ਇੰਨਾ ਪੈਸਾ ਉਹ ਕੀ ਕਰਦੀਆਂ ਹਨ। ਉਂਝ ਉਹ ਵੀ ਪੈਸਾ ਗੁਲਛਰਰੇ 'ਚ ਹੀ ਉਡਾ ਰਹੀਆਂ ਸਨ।

ਇਕ ਦਿਨ ਫਿਰ ਆਈਸਕਰੀਮ ਵਾਲਾ ਉਸਦੇ ਘਰ ਆ ਗਿਆ। ਸਕਿਉਰਟੀ ਵਾਲਿਆਂ ਨੇ ਉਸਨੂੰ ਬਾਹਰ ਹੀ ਰੋਕ ਲਿਆ। ਪਰ ਉਸਦੀ ਆਵਾਜ਼ ਸੁਣ ਕੇ ਡੇਵ ਆਪ ਹੀ ਬਾਹਰ ਆ ਗਿਆ। ਆਈਸਕਰੀਮ ਵਾਲੇ ਨੇ ਪਹਿਲਾਂ ਵਾਲੀ ਗੱਲ ਦੁਹਰਾਉਂਦਿਆਂ ਕਿਹਾ ਕਿ ਲੈਲੀ, ਉਸਦੇ ਮੁੰਡੇ ਦੀ ਗਰਲ ਫਰੈਂਡ ਹੈ। ਅਤੇ ਉਸਨੇ, ਉਸਦੇ ਮੁੰਡੇ ਨੂੰ ਵੀ ਨਸ਼ਿਆਂ ਉੱਪਰ ਲਾ ਦਿੱਤਾ ਹੈ। ਉਹ ਕਹਿਣਾ ਚਾਹੁੰਦਾ ਸੀ ਕਿ ਡੇਵ ਆਪਣੀ ਦੋਹਤਰੀ ਨੂੰ ਸਮਝਾਵੇ ਪਰ ਡੇਵ ਨੇ ਪੁਲਸ ਥਾਣੇ ਫੋਨ ਕੀਤਾ ਕਿ ਕੋਈ ਉਸਦੇ ਘਰ ਆ ਕੇ ਉਸਨੂੰ ਧਮਕੀ ਦੇ ਰਿਹਾ ਹੈ। ਪੰਜ ਮਿੰਟ ਵਿਚ ਪੁਲਸ ਵਾਲੇ ਆਏ ਤੇ ਆਈਸਕਰੀਮ ਵਾਲੇ ਨੂੰ ਗ੍ਰਿਫ਼ਤਾਰ ਕਰਕੇ ਲੈ ਗਏ। ਸ਼ਹਿਰ 'ਚ ਇਸ ਗੱਲ ਦੀ ਚਰਚਾ ਸੀ ਪਰ ਕੋਈ ਕੁਝ ਕਰ ਨਹੀਂ ਸਕਦਾ ਸੀ। ਉਂਝ ਹਰ ਕੋਈ ਵੇਖ ਰਿਹਾ ਸੀ ਕਿ ਲੈਲੀ ਸਕੂਲ ਦਾ ਮਾਹੌਲ ਖਰਾਬ ਕਰ ਰਹੀ ਹੈ। ਉਸਦੇ ਖੁੱਲ੍ਹੇ ਖਰਚਾਂ ਅਤੇ ਨਸ਼ਿਆਂ ਨੇ ਹੋਰ ਵਿਦਿਆਰਥੀਆਂ ਨੂੰ ਵੀ ਨਸ਼ੇ ਦੀ ਲੱਤ ਲਾ ਦਿੱਤੀ ਹੈ। ਹੋਰ ਬੱਚਿਆਂ ਦੇ ਮਾਪੇ ਸਕੂਲ ਜਾ ਕੇ ਸ਼ਿਕਾਇਤ ਕਰਦੇ ਤਾਂ ਕੋਈ ਅਸਰ ਨਾ ਹੁੰਦਾ ਕਿਉਂਕਿ ਜਦੋਂ ਹੀ ਸਕੂਲ ਵਾਲੇ ਡੇਵ ਨੂੰ ਬੁਲਾਉਂਦੇ ਤਾਂ ਉਹ ਸਕੂਲ ਲਈ ਖੁੱਲ੍ਹੀ ਮੱਦਦ ਦੇ ਦਿੰਦਾ। ਇਵੇਂ ਹੀ ਉਹ ਪੁਲਸ ਸਟੇਸ਼ਨ ਜਾਂਦਾ ਰਹਿੰਦਾ ਅਤੇ ਖੁੱਲ੍ਹ ਕੇ ਥਾਣੇ ਵਾਲਿਆਂ ਨੂੰ ਡੋਨੇਸ਼ਨ ਦੇ ਆਉਂਦਾ।

ਫਿਰ ਉਸ ਦਿਨ ਇਹ ਗੱਲ ਸਾਰੇ ਸ਼ਹਿਰ ਅੰਦਰ ਪਲਾਂ ਵਿਚ ਹੀ ਘੁੰਮ ਗਈ ਕਿ ਆਈਸਕਰੀਮ ਵਾਲੇ ਦਾ ਮੁੰਡਾ ਨਸ਼ੇ ਦੀ ਉਵਰਡੋਜ਼ ਨਾਲ ਮਰ ਗਿਆ। ਪਿਛਲੇ ਦਿਨ ਸਕੂਲੀ ਬੱਚਿਆਂ ਦਾ ਟੂਰ ਗਿਆ ਸੀ। ਰਾਤ ਵੇਲੇ ਬੱਚਿਆਂ ਨੂੰ ਇਕ ਹੋਟਲ ਵਿਚ ਠਹਿਰਾਇਆ ਗਿਆ ਸੀ।



ਉਹ ਮੁੰਡਾ ਅਤੇ ਲੈਲੀ ਇਕੋ ਕਮਰੇ ਵਿਚ ਸਨ। ਰਾਤ ਵੇਲੇ ਉਨ੍ਹਾਂ ਦਿਲ ਖੋਲ੍ਹ ਕੇ ਨਸ਼ਾ ਕੀਤਾ। ਸਵੇਰ ਵੇਲੇ ਲੈਲੀ ਨੇ ਵੇਖਿਆ ਕਿ ਮੁੰਡਾ ਸੁੱਤਾ ਹੀ ਨਹੀਂ ਉੱਠਿਆ। ਐਂਬੂਲੈਂਸ ਕਾਲ ਕੀਤੀ ਗਈ। ਉਹ ਮੁੰਡੇ ਨੂੰ ਚੁੱਕ ਕੇ ਹਸਪਤਾਲ ਲੈ ਗਏ। ਕੁਝ ਹੀ ਦੇਰ ਵਿਚ ਉਨ੍ਹਾਂ ਦੱਸ ਦਿੱਤਾ ਕਿ ਮੁੰਡਾ ਮਰ ਚੁੱਕਿਆ ਹੈ। ਪੁਲਸ, ਲੈਲੀ ਨੂੰ ਥਾਣੇ ਤੱਕ ਲੈ ਗਈ। ਇਸ ਤੋਂ ਪਹਿਲਾਂ ਕਿ ਉਸਦੀ ਪੁੱਛ-ਗਿੱਛ ਹੁੰਦੀ, ਡਾਕਟਰ ਨੇ ਐਲਾਨ ਕਰ ਦਿੱਤਾ ਕਿ ਮੁੰਡੇ ਦੀ ਮੌਤ ਨਸ਼ੇ ਦੀ ਉਵਰਡੋਜ਼ ਨਾਲ ਹੋਈ ਹੈ। ਪੁਲਸ ਵਾਲਿਆਂ ਨੇ ਡੇਵ ਨੂੰ ਬੁਲਾਇਆ ਤੇ ਵਾਰਨਿੰਗ ਦਿੰਦਿਆਂ ਲੈਲੀ ਉਸਦੇ ਹਵਾਲੇ ਕਰ ਦਿੱਤੀ।

ਇਸਦੇ ਅਗਲੇ ਦਿਨ ਜੂਲੀ ਲੇਟ ਰਾਤ ਤੱਕ ਘਰ ਨਾ ਆਈ। ਕੋਈ ਵੀ ਉਸਨੂੰ ਉਡੀਕ ਨਹੀਂ ਰਿਹਾ ਸੀ। ਕਿਉਂਕਿ ਉਹ ਨਿੱਤ ਦਿਨ ਦੇਰ ਰਾਤ ਤੱਕ ਦੋਸਤਾਂ ਨਾਲ ਕਲੱਬਾਂ ਵਿਚ ਘੁੰਮਦੀ ਸੀ। ਹਰ ਦੂਜੇ ਤੀਜੇ ਦਿਨ ਮਹਿੰਗੀਆਂ ਪਾਰਟੀਆਂ ਕਰਦੀ ਸੀ। ਕਈ ਕਈ ਦਿਨ ਘਰ ਨਹੀਂ ਮੁੜਦੀ ਸੀ। ਖੈਰ! ਉਸ ਦਿਨ ਸਵੇਰੇ ਹੀ ਪੁਲਸ ਵਾਲਾ ਡੇਵ ਦੇ ਘਰ ਮੂਹਰੇ ਖੜ੍ਹਾ ਸੀ। ਮੈਰੀਆ ਨੇ ਪਹਿਲਾਂ ਤਾਂ ਕੋਈ ਧਿਆਨ ਨਾ ਦਿੱਤਾ ਕਿਉਂਕਿ ਪੁਲਸ ਵਾਲੇ ਤਾਂ ਉੱਥੇ ਘੁੰਮਦੇ ਹੀ ਰਹਿੰਦੇ ਸਨ। ਪਰ ਜਦੋਂ ਪੁਲਸ ਵਾਲੇ ਨੇ ਆਪਣੇ ਆਉਣ ਦਾ ਕਾਰਨ ਦੱਸਿਆ ਤਾਂ ਮੈਰੀਆ ਦੇ ਪੈਰਾਂ ਹੇਠੋਂ ਧਰਤੀ ਖਿਸਕ ਗਈ। ਪੁਲਸੀਏ ਨੇ ਅਗਾਂਹ ਹੁੰਦਿਆਂ ਉਦਾਸ ਆਵਾਜ਼ 'ਚ ਕਿਹਾ,

"ਆਈ ਐਮ ਸੌਰੀ ਨੂੰ ਇਨਫਾਰਮ ਯੂ। ਰਾਤੀਂ ਜੂਲੀ ਦਾ ਐਕਸੀਡੈਂਟ ਹੋ ਗਿਆ। ਉਸਨੇ ਬਹੁਤ ਜ਼ਿਆਦਾ ਸ਼ਰਾਬ ਪੀਤੀ ਹੋਈ ਸੀ।"

ਮੈਰੀਆ ਧਾਹ ਮਾਰ ਕੇ ਪੁਲਸ ਵਾਲੇ ਨੂੰ ਚੰਬੜ ਗਈ। ਉਸਨੇ ਮੈਰੀਆ ਨੂੰ ਧਰਵਾਸ ਦਿੰਦਿਆਂ ਸੋਫੇ 'ਤੇ ਬਿਠਾਇਆ। ਇੰਨੇ ਨੂੰ ਡੇਵ ਆਇਆ ਤੇ ਉਸਨੂੰ ਵੀ ਗੱਲ ਦਾ ਪਤਾ ਲੱਗਿਆ। ਉਹ ਵੀ ਸੁੰਨ ਹੋ ਗਿਆ।

ਹਫਤੇ ਬਾਅਦ ਘਰ ਦਾ ਮਾਹੌਲ ਕੁਝ ਕੁ ਸਾਵਾਂ ਹੋਇਆ ਤਾਂ ਮੈਰੀਆ ਨੇ ਡੇਵ ਨੂੰ ਉਲਾਂਭਾ ਦਿੰਦਿਆਂ ਕਿਹਾ,

"ਡੇਵ ਮੈਂ ਤੈਨੂੰ ਪਹਿਲਾਂ ਹੀ ਕਿਹਾ ਸੀ ਕਿ ਤੇਰਾ ਇਹ ਲਾਟਰੀ ਦਾ ਪੈਸਾ, ਪੈਸਾ ਨ੍ਹੀਂ ਇਕ ਸਰਾਪ ਐ। ਵੇਖ ਲਿਆ ਇਸਨੇ ਮੇਰੀ ਧੀ ਖਾ ਲਈ।"

"ਪੈਸੇ ਦਾ ਇਸ ਵਿਚ ਕੀ ਕਸੂਰ ਐ?"

"ਪਹਿਲਾਂ ਵੀ ਤਾਂ ਉਹ ਇੱਥੇ ਹੀ ਹੁੰਦੀ ਸੀ। ਉਦੋਂ ਨਾ ਕਦੇ ਉਸਨੇ ਕੋਈ ਗਲਤ ਕੰਮ ਕੀਤਾ। ਤੂੰ ਉਸਨੂੰ ਖੁੱਲ੍ਹਾ ਪੈਸਾ ਦਿੰਦਾ ਸੀ ਤਾਂ ਉਹ ਗਲਤ ਰਾਹ ਪੈ ਗਈ।"

"ਮੇਰਾ ਕੀ ਕਸੂਰ ਐ। ਖੁੱਲ੍ਹਾ ਪੈਸਾ ਮੈਨੂੰ ਮੇਰੀ ਕਿਸਮਤ ਨੇ ਦਿੱਤਾ ਐ। ਉਸਦਾ ਪਿਉ ਮਿਲੀਅਨਏਅਰ ਐ ਤਾਂ ਉਸਨੇ ਪੈਸਾ ਖੁੱਲ੍ਹਾ ਹੀ ਲੈਣਾ ਸੀ।"

"ਤੂੰ ਰੱਬ ਦੀ ਰਜ਼ਾ ਨੂੰ ਮੰਨਣ ਵਾਲਾ ਵਿਅਕਤੀ ਨਹੀਂ ਰਿਹਾ। ਮੈਂ ਤੇਰੇ ਨਾਲ ਨ੍ਹੀਂ ਰਹਿ ਸਕਦੀ।" ਕਹਿੰਦਿਆਂ ਮੈਰੀਆ ਘਰੋਂ ਨਿਕਲ ਗਈ ਤੇ ਪੁਰਾਣੇ ਘਰ ਜਾ ਪਹੁੰਚੀ। ਉਸਨੇ ਮਿੱਥ ਲਿਆ ਸੀ ਕਿ ਉਹ ਇਕੱਲੀ ਹੀ ਇਸ ਘਰ ਰਹੇਗੀ। ਇਸਦੇ ਚੌਥੇ ਦਿਨ ਉਸਨੇ ਆਪਣੇ ਵਕੀਲ ਰਾਹੀਂ, ਡੇਵ ਨੂੰ ਤਲਾਕ ਦੇ ਕਾਗਜ਼ ਭਿਜਵਾ ਦਿੱਤੇ। ਡੇਵ ਨੇ ਕਾਗਜ਼ ਵੇਖੇ ਤਾਂ ਉਸਨੂੰ ਕੋਈ ਹੈਰਾਨੀ ਨਾ ਹੋਈ। ਸਗੋਂ ਉਹ ਖੁਸ਼ ਹੋਇਆ ਕਿ ਮੈਰੀਆ ਤੋਂ ਉਸਦਾ ਖਹਿੜਾ ਛੁੱਟ ਗਿਆ। ਉਨ੍ਹੀਂ ਦਿਨੀਂ ਉਹ ਜੇਨੀ ਦੇ ਬਹੁਤ ਨੇੜੇ ਜਾ ਚੁੱਕਿਆ ਸੀ।

ਸਕੂਲ ਵਾਲੇ ਲੈਲੀ ਤੋਂ ਬਹੁਤ ਔਖੇ ਸਨ। ਉਸਨੇ ਸਾਰੇ ਸਕੂਲ ਦਾ ਹੀ ਮਾਹੌਲ ਖਰਾਬ ਕੀਤਾ ਹੋਇਆ ਸੀ। ਦੂਰ ਪੇਂਡੂ ਇਲਾਕੇ ਦਾ ਇਹ ਸਕੂਲ ਬੜਾ ਸ਼ਾਂਤ ਹੁੰਦਾ ਸੀ। ਪਰ ਲੈਲੀ ਦੇ ਵਰਤਾਰਿਆਂ ਨੇ ਇਸਨੂੰ ਨਸ਼ਿਆਂ ਦਾ ਅੱਡਾ ਬਣਾ ਦਿੱਤਾ। ਉਹ ਹਰ ਰੋਜ਼ ਪੰਜ ਸੱਤ ਜੁਆਕਾਂ ਨੂੰ ਨਾਲ ਲੈ ਕੇ ਕਦੇ ਕੋਕੀਨ ਦਾ ਨਸ਼ਾ ਕਰਦੀ ਤੇ ਕਦੇ ਹੈਰੋਇਨ ਦਾ। ਕਦੇ ਦੋਸਤਾਂ ਦਾ ਗਰੁੱਪ ਲੈ ਕੇ ਉਹ ਰਾਤ ਕਿਧਰੇ ਬਾਹਰ ਬਿਤਾਉਣ ਨਿੱਕਲ ਤੁਰਦੀ। ਉਸਨੇ ਬੜੀ ਅੱਤ ਚੁੱਕੀ ਹੋਈ ਸੀ ਪਰ ਕਿਸੇ ਦੀ ਜੁਅਰਤ ਨਹੀਂ ਸੀ ਕਿ ਉਹ ਡੇਵ ਨੂੰ ਸਮਝਾ ਸਕੇ। ਨਾਲੇ ਹੁਣ ਤਾਂ ਲੈਲੀ ਵੀ ਸਮਝਣ ਸਮਝਾਉਣ ਤੋਂ ਅੱਗੇ ਲੰਘ ਚੁੱਕੀ ਸੀ। ਸ਼ਹਿਰ ਦੇ ਲੋਕ ਵੀ ਦੁਖੀ ਸਨ। ਉਨ੍ਹਾਂ ਦੀ ਨਜ਼ਰਾਂ ਦੇ ਸਾਹਮਣੇ ਹੀ ਬਹੁਤ ਜੁਆਕ ਨਸ਼ੇ ਦੀ ਲੱਤ ਲੁਆ ਚੁੱਕੇ ਸਨ। ਪਰ ਆਈਸਕਰੀਮ ਵਾਲਾ ਚੁੱਪ ਨਹੀਂ ਸੀ ਬੈਠਿਆ। ਉਸਨੇ ਅਗਾਂਹ ਤੋਂ ਅਗਾਂਹ ਜਾਂਦਿਆਂ ਸਟੇਟ ਅਟਾਰਨੀ ਨਾਲ ਮੁਲਾਕਾਤ ਜਾ ਕੀਤੀ। ਇਸ ਸਰਕਾਰੀ ਵਕੀਲ ਨੂੰ ਉਸਨੇ ਸਾਰੀ ਗੱਲ ਸਮਝਾਈ। ਫਰੰਟ ਰੋਇਲ ਦੀ ਪੁਲਸ ਬਾਰੇ ਦੱਸਿਆ ਜੋ ਕਿ ਡੇਵ ਦੇ ਹੱਥਾਂ ਵਿਚ ਖੇਡ ਰਹੀ ਸੀ। ਆਖਰ ਸਟੇਟ ਅਟਾਰਨੀ ਨੇ ਐਕਸ਼ਨ ਲਿਆ ਤੇ ਸ਼ਹਿਰ ਦੇ ਪੁਲਸ ਚੀਫ ਨੂੰ ਡਿਸਮਿੱਸ ਕਰ ਦਿੱਤਾ। ਨਵੇਂ ਪੁਲਸ ਮੁਖੀ ਨੇ ਆ ਕੇ ਹਾਲਾਤ ਸੰਭਾਲਣੇ ਸ਼ੁਰੂ ਕੀਤੇ। ਉਸਨੇ ਸਖਤ ਕਾਰਵਾਈ ਕਰਦਿਆਂ ਡੇਵ ਨੂੰ ਸਾਵਧਾਨ ਕੀਤਾ ਕਿ ਉਹ ਸ਼ਹਿਰ ਦਾ ਮਾਹੌਲ ਖਰਾਬ ਨਾ ਕਰੇ।

ਇਸ ਪਿੱਛੋਂ ਆਈਸਕਰੀਮ ਵਾਲੇ ਨੇ ਲੈਲੀ ਨੂੰ, ਆਪਣੇ ਪੁੱਤਰ ਦੇ ਕੇਸ ਵਿਚ ਗ੍ਰਿਫਤਾਰ ਕਰਵਾਉਣ ਦਾ ਬੀੜਾ ਚੁੱਕ ਲਿਆ। ਮੁਢਲੀ ਕਾਰਵਾਈ ਕਰਦਿਆਂ ਨਵੇਂ ਪੁਲਸ ਮੁਖੀ ਨੇ ਉਸਦੇ ਮੁੰਡੇ ਦੀ ਮੌਤ ਵਾਲਾ ਕੇਸ ਫਿਰ ਤੋਂ ਖੋਲ੍ਹ ਲਿਆ। ਸਾਰੀ ਫਾਈਲ ਨੂੰ ਧਿਆਨ ਨਾਲ ਵੇਖਦਿਆਂ ਉਸਨੇ ਲੈਲੀ ਨੂੰ ਗ੍ਰਿਫਤਾਰ ਕਰਨ ਦਾ ਮਨ ਬਣਾ ਲਿਆ। ਉਸਦਾ ਖਿਆਲ ਸੀ ਕਿ ਲੈਲੀ ਉੱਪਰ ਨਸ਼ੇ ਮੁਹੱਈਆ ਕਰਵਾਉਣ ਦਾ ਕੇਸ ਬਣਦਾ ਹੈ। ਲੈਲੀ ਨੂੰ ਗ੍ਰਿਫਤਾਰ ਕਰਨ ਦੇ ਮੰਤਵ ਨਾਲ ਪੁਲਸ ਡੇਵ ਦੇ ਘਰ ਗਈ ਪਰ ਲੈਲੀ ਘਰ ਨਹੀਂ ਸੀ। ਉਹ ਸਕੂਲ ਗਏ ਤਾਂ ਪਤਾ ਲੱਗਿਆ ਕਿ ਲੈਲੀ ਸਕੂਲ ਦੇ ਪੰਜ ਸੱਤ ਹੋਰ ਦੋਸਤਾਂ ਨਾਲ ਘੁੰਮਣ ਫਿਰਨ ਗਏ ਹੋਏ ਸਨ। ਉਸੇ ਰਾਤ ਨੂੰ ਉਨ੍ਹਾਂ ਦੇ ਮੁੜਨ ਦੀ ਉਮੀਦ ਸੀ। ਅਗਲੇ ਦਿਨ ਸਵੇਰੇ ਹੀ ਪੁਲਸ ਪੂਰੀ ਤਿਆਰੀ ਨਾਲ, ਲੈਲੀ ਨੂੰ ਫੜ੍ਹਨ ਲਈ, ਡੇਵ ਦੇ ਘਰ ਜਾ ਪਹੁੰਚੀ। ਪਰ ਉਨ੍ਹਾਂ ਨੂੰ ਕੁਝ ਵੀ ਕਰਨ ਦੀ ਲੋੜ ਨਾ ਪਈ। ਲੈਲੀ ਵਰਜੀਨੀਆਂ ਬੀਚ ਦੇ ਕਿਸੇ ਹੋਟਲ ਵਿਚ, ਨਸ਼ੇ ਦੀ ਉਵਰਡੋਜ਼ ਕਾਰਨ ਮਰੀ ਹੋਈ ਪਾਈ ਗਈ ਸੀ। ਉਸਦੇ ਦੋ ਸਾਥੀ ਬੇਹੋਸ਼ ਸਨ, ਤੇ ਹਸਪਤਾਲ ਦਾਖਲ ਸਨ। ਸਾਰਾ ਸ਼ਹਿਰ ਸੰਨਾਟੇ ਵਿਚ ਸੀ।

ਲੈਲੀ ਦੀ ਮੌਤ ਨੇ ਡੇਵ ਨੂੰ ਵੀ ਹਿਲਾ ਦਿੱਤਾ ਸੀ। ਉਹ ਸੰਭਲਦਿਆਂ ਹੋਇਆਂ ਜੇਨੀ ਕੋਲ ਚਲਾ ਗਿਆ। ਜੇਨੀ ਨੇ ਉਸਨੂੰ ਪੂਰੀ ਮੁਹੱਬਤ ਦਿੱਤੀ। ਉਸਦੀ ਮੁਹੱਬਤ ਨੇ ਹੌਲੀ ਹੌਲੀ ਡੇਵ ਨੂੰ ਨਿਰਾਸ਼ਾ ਵਿਚੋਂ ਕੱਢ ਲਿਆ। ਉਹ ਜੇਨੀ ਨਾਲ ਰਲ ਕੇ ਜ਼ਿੰਦਗੀ ਦੇ ਮਜ਼ੇ ਮਾਣਨ ਲੱਗਿਆ। ਇਸ ਵਿਚਕਾਰ ਡੇਵ ਦਾ ਮੈਰੀਆ ਨਾਲੋਂ ਤਲਾਕ ਹੋ ਚੁੱਕਿਆ ਸੀ। ਜੇਨੀ ਨੇ ਪੂਰੀ ਤਰ੍ਹਾਂ ਡੇਵ ਨੂੰ ਆਪਣੇ ਕਾਬੂ ਵਿਚ ਕੀਤਾ ਹੋਇਆ ਸੀ। ਹੌਲੀ ਹੌਲੀ ਉਹ ਡੇਵ ਨੂੰ ਜਿਸ ਕੰਮ ਲਈ ਤਿਆਰ ਕਰ ਰਹੀ ਸੀ ਉਹ ਦਿਨ ਆਖਰ ਆ ਹੀ ਪਹੁੰਚਿਆ। ਡੇਵ ਨੇ ਜੇਨੀ ਨਾਲ ਵਿਆਹ ਕਰ ਲਿਆ। ਹੁਣ ਡੇਵ ਜੇਨੀ ਨਾਲ ਨਵੀਂ ਜ਼ਿੰਦਗੀ ਸ਼ੁਰੂ ਕਰ ਚੁੱਕਿਆ ਸੀ। ਉਹ ਵਿਹਲੇ ਸਨ। ਇਸ ਕਰਕੇ ਘੁੰਮਣ ਫਿਰਨ ਤੁਰੇ ਫਿਰਦੇ। ਜਦੋਂ ਘਰ ਹੁੰਦੇ ਤਾਂ ਸ਼ਰਾਬ ਪੀਂਦੇ ਜਾਂ ਹੋਰ ਨਸ਼ੇ ਕਰਦੇ। ਇਸ ਵਿਚਕਾਰ ਡੇਵ ਨੇ ਲਾਸ ਵੇਗਸ ਦੇ ਕਸੀਨੋ ਜਾ ਕੇ ਜੂਆ ਖੇਡਣਾ ਵੀ ਸ਼ੁਰੂ ਕਰ ਦਿੱਤਾ। ਉਸਨੇ ਪੈਸੇ ਕਦੇ ਜਿੱਤੇ ਨਹੀਂ ਸਨ। ਹਮੇਸ਼ਾ ਹਾਰਦਾ ਹੀ ਸੀ। ਜੇਨੀ ਉਸਨੂੰ ਹੋਰ ਕਿਸੇ ਕੰਮ ਤੋਂ ਨਹੀਂ ਰੋਕਦੀ ਸੀ ਪਰ ਜੂਏ ਤੋਂ



ਜ਼ਰੂਰ ਵਰਜਦੀ ਸੀ। ਪਰ ਡੇਵ ਉਸਦੀ ਪ੍ਰਵਾਹ ਨਹੀਂ ਕਰਦਾ ਸੀ।

ਇਸ ਤਰ੍ਹਾਂ ਜ਼ਿੰਦਗੀ ਆਪਣੀ ਤੋਰੇ ਤੁਰਦੀ ਜਾ ਰਹੀ ਸੀ ਕਿ ਇਕ ਦਿਨ ਡੇਵ ਨੇ ਲਾਸ ਵੇਗਜ਼ ਜਾਣ ਦਾ ਪ੍ਰੋਗਰਾਮ ਬਣਾ ਲਿਆ। ਉਹ ਇਕੱਲਾ ਹੀ ਜਾ ਰਿਹਾ ਸੀ। ਪਰ ਏਅਰਪੋਰਟ ’ਤੇ ਜਾ ਕੇ ਉਸਦਾ ਮਨ ਬਦਲ ਗਿਆ ਤੇ ਉਸਨੇ ਲਾਸ ਵੇਗਜ਼ ਜਾਣਾ ਕੈਂਸਲ ਕਰ ਦਿੱਤਾ। ਉਹ ਘਰ ਵਾਪਸ ਮੁੜ ਆਇਆ। ਪਰ ਜਦੋਂ ਉਹ ਘਰ ਆਇਆ ਤਾਂ ਉਸਨੇ ਅੰਦਰ ਹੋਰ ਹੀ ਮਾਹੌਲ ਵੇਖਿਆ। ਜੇਨੀ ਇਕ ਨੌਜਵਾਨ ਨਾਲ ਘਿਉ ਖਿਚੜੀ ਸੀ। ਡੇਵ ਨੂੰ ਵੇਖਦਿਆਂ ਉਹ ਕੱਚੀ ਜਿਹੀ ਹੋ ਗਈ। ਫਿਰ ਉਸਨੇ ਬਹਾਨਾ ਬਣਾਇਆ ਕਿ ਇਹ ਜੇਮਜ਼ ਹੈ ਜੋ ਕਿ ਉਸਦੇ ਕਾਲਜ ਵੇਲੇ ਦਾ ਦੋਸਤ ਹੈ। ਪਰ ਡੇਵ ਦੇ ਮਨ ਅੰਦਰ ਸ਼ੰਕਾ ਦਾ ਕੀੜਾ ਖੁੱਭ ਚੁੱਕਿਆ ਸੀ।

ਇਸ ਪਿੱਛੋਂ ਉਹ ਆਮ ਹੀ ਵੇਖਦਾ ਕਿ ਜੇਮਜ਼ ਹਰ ਦੂਜੇ ਤੀਜੇ ਆਉਂਦਾ ਰਹਿੰਦਾ ਸੀ। ਕਦੇ ਜੇਨੀ ਵੀ ਕੋਈ ਬਹਾਨਾ ਬਣਾ ਕੇ ਬਾਹਰ ਚਲੀ ਜਾਂਦੀ ਸੀ। ਫਿਰ ਇਨ੍ਹੀਂ ਦਿਨੀਂ ਡੇਵ ਨੇ ਵੇਖਿਆ ਕਿ ਕੋਈ ਲਫੰਗਾ ਜਿਹਾ ਦਿਸਦਾ ਸਪੈਨਿਸ਼ ਮੁੰਡਾ ਉਸਦਾ ਪਿੱਛਾ ਕਰਦਾ ਹੈ। ਉਹ ਸਾਵਧਾਨ ਰਹਿਣ ਲੱਗਿਆ। ਅਤੇ ਆਖਰ ਇਕ ਦਿਨ ਉਹੀ ਮੁੰਡਾ ਉਸਨੂੰ ਕਲੱਬ ਬੈਠੇ ਨੂੰ ਜਾ ਮਿਲਿਆ। ਆਨੀ ਬਹਾਨੀ ਉਹ ਡੇਵ ਨੂੰ ਤੰਗ ਕਰਨ ਲੱਗਿਆ। ਡੇਵ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਅਜਿਹਾ ਕਿਉਂ ਕਰ ਰਿਹਾ ਹੈ। ਪਰ ਅਸਲ ਵਿਚ ਉਹ ਮੁੰਡਾ, ਡੇਵ ਨੂੰ ਲੜਨ ਲਈ ਉਕਸਾ ਰਿਹਾ ਸੀ। ਆਖਰ ਉਹ ਕਾਮਯਾਬ ਹੋ ਗਿਆ। ਉਸਦੀਆਂ ਹਰਕਤਾਂ ਤੋਂ ਖਿਝ ਕੇ ਡੇਵ ਨੇ ਕੁਰਸੀ ਚੁੱਕ ਕੇ ਉਸ ਵੱਲ ਮਾਰੀ। ਕੁਰਸੀ ਮੁੰਡੇ ਦੀ ਬਾਂਹ ’ਤੇ ਲੱਗੀ ਅਤੇ ਸੱਟ ਵੱਜੀ। ਇਕ ਉਂਗਲ ਵੀ ਟੁੱਟ ਗਈ। ਥੋੜੀ ਦੇਰ ਵਿਚ ਹੀ ਪੁਲਸ ਆ ਪਹੁੰਚੀ। ਉਨ੍ਹਾਂ ਡੇਵ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਡੱਕ ਦਿੱਤਾ। ਅਗਲੇ ਦਿਨ ਜੇਨੀ ਨੇ ਉਸਦੀ ਜ਼ਮਾਨਤ ਕਰਵਾਈ। ਮਹੀਨੇ ਬਾਅਦ ਇਸ ਕੇਸ ਦੀ ਤਾਰੀਖ ਪਈ। ਡੇਵ ਅਤੇ ਜੇਨੀ ਕੋਰਟ ਪਹੁੰਚੇ। ਜੱਜ ਨੇ ਮੁੰਡੇ ਦੇ ਮਾਰੀਆਂ ਸੱਟਾਂ ਕਾਰਨ ਡੇਵ ਨੂੰ ਇਕ ਸਾਲ ਦੀ ਕੈਦ ਸੁਣਾ ਦਿੱਤੀ। ਡੇਵ ਜੇਲ੍ਹ ਚਲਾ ਗਿਆ।

ਜਿਸ ਦਿਨ ਡੇਵ ਨੂੰ ਸਾਲ ਦੀ ਸਜ਼ਾ ਕੱਟਣ ਲਈ ਵੱਡੀ ਜੇਲ੍ਹ ਭੇਜ ਦਿੱਤਾ ਗਿਆ ਤਾਂ ਮੁੜ ਕੇ ਕਦੇ ਵੀ ਜੇਨੀ ਨੇ ਉਸਦੀ ਸਾਰ ਨਾ ਲਈ। ਉਹ ਕਦੇ ਵੀ ਮੁਲਾਕਤ ਕਰਨ ਨਾ ਗਈ। ਨਾ ਹੀ ਉਸਨੇ ਕੋਈ ਅਪੀਲ ਬਗੈਰਾ ਦੀ ਚਾਰਾਜੋਈ ਕੀਤੀ। ਡੇਵ ਉਸਦੇ ਵਤੀਰੇ ’ਤੇ ਹੈਰਾਨ ਸੀ। ਉਹ ਕਦੇ ਜੇਨੀ ਬਾਰੇ ਕੁਝ ਸੋਚਦਾ ਤੇ ਕਦੇ ਕੁਝ ਹੋਰ। ਇਸ ਤਰ੍ਹਾਂ ਸਾਲ ਲੰਘ ਗਿਆ। ਕੈਦ ਮੁੱਕਣ ’ਤੇ ਡੇਵ ਨੂੰ ਜੇਲ੍ਹ ਤੋਂ ਛੱਡ ਦਿੱਤਾ ਗਿਆ। ਉਹ ਟੈਕਸੀ ਲੈ ਕੇ ਘਰ ਪਹੁੰਚਿਆ। ਉਸਨੇ ਡੋਰ ਬੈੱਲ ਮਾਰੀ। ਜਿਸ ਨੇ ਦਰਵਾਜ਼ਾ ਖੋਲ੍ਹਿਆ ਉਹ ਜੇਨੀ ਨਹੀਂ ਸੀ। ਉਹ ਕੋਈ ਹੋਰ ਸੀ। ਉਸ ਨੇ ਡੇਵ ਨੂੰ ਦੱਸਿਆ ਕਿ ਜੇਨੀ ਨੇ ਇਹ ਘਰ ਉਸਨੂੰ ਅੱਠ ਨੌਂ ਮਹੀਨੇ ਪਹਿਲਾਂ ਵੇਚ ਦਿੱਤਾ ਸੀ। ਪੁੱਛਣ ’ਤੇ ਉਸਨੇ ਕਿਹਾ ਕਿ ਉਸਨੂੰ ਕੋਈ ਜਾਣਕਾਰੀ ਨਹੀਂ ਕਿ ਜੇਨੀ ਕਿੱਥੇ ਹੈ।

ਇਸ ਪਿੱਛੋਂ ਡੇਵ ਆਪਣੇ ਬੈਂਕ ਗਿਆ। ਉਸਨੇ ਆਪਣੇ ਇਕ ਖਾਤੇ ’ਚੋਂ ਪੈਸੇ ਕੱਢਣੇ ਚਾਹੇ। ਪਰ ਕਲਰਕ ਨੇ ਉਸਨੂੰ ਦੱਸਿਆ ਕਿ ਅਕਾਉਂਟ ਵਿਚ ਕੋਈ ਪੈਸਾ ਨਹੀਂ। ਹੈਰਾਨ ਹੋਏ ਡੇਵ ਨੇ ਬਾਕੀ ਖਾਤੇ ਚੈੱਕ ਕੀਤੇ। ਉਸਦੇ ਹੋਸ਼ ਉੱਡ ਗਏ। ਕਿਸੇ ਖਾਤੇ ਵਿਚ ਕੁਝ ਵੀ ਨਹੀਂ ਸੀ। ਅਸਲ ਵਿਚ ਜਦੋਂ ਉਸਨੇ ਜੇਨੀ ਨਾਲ ਵਿਆਹ ਕਰਵਾ ਲਿਆ ਸੀ ਤਾਂ ਪਤਨੀ ਦੇ ਤੌਰ ’ਤੇ ਉਸਨੇ ਸਾਰੇ ਖਾਤਿਆਂ ਵਿਚ ਜੇਨੀ ਦਾ ਨਾਮ ਵੀ ਪੁਆ ਦਿੱਤਾ ਸੀ। ਜਿਸ ਨਾਲ ਉਹ ਆਪ ਪੈਸੇ ਕਢਾ ਸਕਦੀ ਸੀ। ਖਾਤੇ ਖਾਲੀ ਵੇਖਦਿਆਂ ਹੀ ਡੇਵ ਸਮਝ ਗਿਆ ਕਿ ਜੇਨੀ ਨੇ ਸਾਰੇ ਪੈਸੇ ਕਢਵਾ ਲਏ ਹਨ।

ਉਹ ਬੈਂਕ ਤੋਂ ਬਾਹਰ ਆਇਆ ਤੇ ਬੈਂਚ ਉੱਪਰ ਬਹਿ ਕੇ ਸੋਚਣ ਲੱਗਿਆ। ਸਾਰੀ ਗੱਲ ਉਸਦੇ ਮਨ ਵਿਚ ਸਾਫ ਹੁੰਦੀ ਗਈ। ਉਹ ਸਮਝ ਗਿਆ ਕਿ ਜੇਨੀ ਨੇ ਉਸ ਨਾਲ ਵਿਆਹ ਸਿਰਫ ਉਸਦਾ ਪੈਸਾ ਹੜੱਪਣ ਲਈ ਕੀਤਾ ਸੀ। ਫਿਰ ਉਸਨੂੰ ਉਸਦੇ ਘਰ ਜੇਮਜ਼ ਨਾਂ ਦੇ ਮੁੰਡੇ ਦਾ ਆਉਣਾ ਯਾਦ ਆਇਆ ਤਾਂ ਉਹ ਸਮਝ ਗਿਆ ਕਿ ਉਹ ਅਸਲ ਵਿਚ ਜੇਨੀ ਦਾ ਬੁਆਏਫਰੈਂਡ ਸੀ। ਉਸਨੂੰ ਖਿਆਲ ਆਇਆ ਕਿ ਕਲੱਬ ਵਿਚ ਜਿਸ ਸਪੈਨਿਸ਼ ਮੁੰਡੇ ਦੇ ਉਸਨੇ ਕੁਰਸੀ ਮਾਰੀ ਤੇ ਜਿਸ ਬਦਲੇ ਉਸਨੇ ਸਾਲ ਭਰ ਦੀ ਜੇਲ੍ਹ ਭੁਗਤੀ ਉਹ ਵੀ ਜੇਨੀ ਦੁਆਰਾ ਬੁਣਿਆਂ ਜਾਲ ਸੀ। ਤਾਂ ਕਿ ਉਹ ਜੇਲ੍ਹ ਚਲਾ ਜਾਵੇ ਤੇ ਪਿੱਛੋਂ ਜੇਨੀ ਮਨ ਆਈਆਂ ਕਰ ਸਕੇ। ਉਸਨੇ ਆਪਣੇ ਆਪ ਨੂੰ ਕਿਹਾ ਕਿ ਜੇਨੀ ਇਸ ਵਿਚ ਕਾਮਯਾਬ ਵੀ ਰਹੀ। ਉਹ ਉਸਦਾ ਸਾਰਾ ਪੈਸਾ ਕਢਾ ਕੇ ਲੈ ਗਈ ਤੇ ਉਸਨੂੰ ਕੰਗਾਲ ਕਰ ਗਈ। ਉਹ ਉੱਠਿਆ ਤੇ ਪੈਰ ਘੜੀਸਦਾ ਕਿਸੇ ਸਸਤੇ ਜਿਹੇ ਮੋਟਲ ਵੱਲ ਤੁਰ ਪਿਆ। ਮਾੜੀ ਮੋਟੀ ਬੱਚਤ-ਖੱਚਤ ਨਾਲ ਉਸਨੇ ਇੱਥੇ ਮਹੀਨਾ ਲੰਘਾਇਆ। ਫਿਰ ਨੰਗ ਮਲੰਗ ਹੋਇਆ ਉਹ ਬੇਘਰਿਆਂ ਦੇ ਸ਼ੈਲਟਰ ਵੱਲ ਨੂੰ ਤੁਰ ਪਿਆ। ਇੱਥੇ ਉਸਨੇ ਬੜੀ ਮੁਸ਼ਕਲ ਕੁਝ ਕੁ ਦਿਨ ਕੱਟੇ। ਫਿਰ ਉਸਦੀ ਜੇਬ ਬਿਲਕੁਲ ਖਾਲੀ ਹੋ ਗਈ ਤਾਂ ਭੁੱਖਾ ਮਰਨ ਲੱਗਿਆ। ਹੋਰਾਂ ਦੀ ਵੇਖਾ ਵੇਖੀ ਉਸਨੇ ਵੀ ਤਖਤੀ ਚੁੱਕੀ 'ਤੇ ਉੱਪਰ ਲਿਖ ਲਿਆ, 'ਨੋ ਫੂਡ ਪਲੀਜ਼ ਹੈਲਪ ਮੀ।" ਫਿਰ ਉਹ ਫੱਟੀ ਲੈ ਕੇ ਲਾਈਟਾਂ ਕੋਲ, ਮੰਗਣ ਵਾਸਤੇ ਜਾ ਖੜ੍ਹਾ ਹੋਇਆ। ਇਸ ਤਰ੍ਹਾਂ ਮੰਗਦੇ ਨੂੰ ਘੰਟਾ ਕੁ ਹੋਇਆ ਸੀ ਕਿ ਕੋਲ ਦੀ ਲੰਘਦੀ ਮੈਰੀਆ ਨੇ ਉਸਨੂੰ ਵੇਖ ਲਿਆ....।

ਇੰਨੇ ਨੂੰ ਮੈਰੀਆ ਯਾਦਾਂ 'ਚੋਂ ਨਿਕਲੀ। ਉਸਨੇ ਆਲੇ ਦੁਆਲੇ ਵੇਖਿਆ। ਉਹ ਹੋਮਲੈੱਸ ਸ਼ੈਲਟਰ ਦੇ ਸਾਹਮਣੇ, ਕੋਲ ਹੀ ਬੈਂਚ ਉੱਪਰ ਬੈਠੀ ਹੋਈ ਸੀ। ਉਸਦੇ ਸੱਜੇ ਹੱਥ ਡੇਵ ਬੈਂਚ ਉੱਪਰ, ਟੇਹਡਾ ਜਿਹਾ ਹੋਇਆ ਅੱਖਾਂ ਮੀਚੀ ਪਿਆ ਸੀ। ਮੈਰੀਆ ਨੇ ਇਕਦਮ ਕੋਈ ਫੈਸਲਾ ਲਿਆ ਤੇ ਡੇਵ ਦੀ ਬਾਂਹ ਹਲੂਣਦਿਆਂ ਬੋਲੀ,

"ਡੇਵ ਉੱਠ, ਚੱਲ ਮੇਰੇ ਨਾਲ।"

ਡੇਵ ਇਕਦਮ ਅੱਭੜਵਾਹਾ ਜਿਹਾ ਉੱਠਿਆ ਤੇ ਉਸਨੇ ਮੈਰੀਆ ਵੱਲ ਝਾਕਦਿਆਂ ਪੁੱਛਿਆ,

"ਤੇਰੇ ਨਾਲ ਚੱਲਾਂ? ਪਰ ਕਿੱਧਰ ਨੂੰ?"

"ਘਰ ਨੂੰ।" ਇੰਨਾ ਕਹਿੰਦਿਆਂ ਮੈਰੀਆ ਨੇ ਡੇਵ ਨੂੰ ਆਪਣੇ ਨਾਲ ਤੋਰ ਲਿਆ। ਗੱਡੀ 'ਚ ਬਹਿੰਦਿਆਂ ਮੈਰੀਆ ਨੇ ਡੇਵ ਦੀਆਂ ਅੱਖਾਂ 'ਚ ਵੇਖਿਆ। ਉਸਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ ਤੇ ਵਿੱਚ ਲੋਅ ਵਰਗਾ ਕੁਝ ਲਿਸ਼ਕ ਰਿਹਾ ਸੀ।

---


**ਬੋਧ ਕਹਾਣੀਆਂ**

ਮਨਮੋਹਨ ਬਾਵਾ

ਨਵਯੁਗ ਪਬਲਿਸ਼ਰਜ਼, ਦਿੱਲੀ




# ਨਿਸ਼ਾਨ /ਸਿਮਰਨ ਧਾਲੀਵਾਲ

"ਛੱਲਾ ਲੈ ਜਾ ਸੋਹਣੀਏ ਨੀ ਦੇ ਜਾ ਮੈਨੂੰ ਮੁੰਦਰੀ"-ਮੈਂ ਕਿਸੇ ਪੁਰਾਣੀ ਪੰਜਾਬੀ ਫ਼ਿਲਮ ਦਾ ਗੀਤ ਗਾਉਂਦੇ ਹੋਏ, ਨੀਰੂ ਵੱਲ ਦੇਖ ਕੇ ਮੁਸਕੁਰਾਇਆ। ਨੀਰੂ ਵੀ ਹੱਸ ਪਈ।

"ਛੱਲੇ । ਭਾਵੇਂ ਸੌ ਲੈ ਦੇ ਬਾਊ ਪਰ ਏਸ ਮੁੰਦਰੀ 'ਚ ਤਾਂ ਜਾਨ ਏ ਮੇਰੀ," ਨੀਰੂ ਨੇ ਵਿਚਲੀ ਉਂਗਲੀ ਵਿੱਚ ਪਾਈ ਮੁੰਦਰੀ ਨੂੰ ਚੁੰਮਦਿਆਂ ਆਖਿਆ ਸੀ। ਕਿਸੇ-ਕਿਸੇ ਦਿਨ ਨੀਰੂ ਉਹ ਮੰਦਰੀ ਪਾ ਕੇ ਆਉਂਦੀ। ਜਿਸ ਦਿਨ ਉਹਨੇ ਉਹ ਮੁੰਦਰੀ ਪਾਈ ਹੁੰਦੀ, ਮੈਂ ਮੁੰਦਰੀ ਨਾਲ ਛੱਲਾ ਵਟਾਉਣ ਵਾਲਾ ਗੀਤ ਗੁਣਗੁਣਾਉਣ ਲੱਗਦਾ। . ..ਤੇ ਨੀਰੂ ਅਗਿਓਂ ਉਹੋ ਜਿਹਾ ਕੋਈ ਜਵਾਬ ਦੇ ਦਿੰਦੀ ਤੇ ਆਖਦੀ, "ਇਹ ਤਾਂ ਉਹਦੀ ਚੰਦਰੇ ਦੀ ਪਿਆਰ ਨਿਸ਼ਾਨੀ ਏ। ਪੰਜਾਂ ਸਾਲਾਂ 'ਚ ਇੱਕ ਆਹੀ ਤਾਂ ਜੁੜੀ ਸੀ। " ਪਰ ਅੱਜ ਉਹੀ ਮੁੰਦਰੀ ਨੀਰੂ ਨੇ।

ਸਵੇਰੇ ਜਦੋਂ ਨੀਰੂ ਮੇਰੀ ਰੋਟੀ ਬਣਾਉਣ ਲਈ ਆਈ, ਉਹ ਮੈਨੂੰ ਆਮ ਨਾਲੋਂ ਵਧੇਰੇ ਚੁੱਪ-ਚੁੱਪ ਲੱਗੀ ਸੀ। ਮੈਂ ਉਹਨੂੰ ਬੁਲਾਉਣ ਲਈ ਤੇ ਹਸਾਉਣ ਲਈ ਕਿੰਨਾ ਹੀ ਚਿਰ ਊਟ-ਪਟਾਂਗ ਜਿਹੀਆਂ ਗੱਲਾਂ ਕਰਦਾ ਰਿਹਾ। ਪਰ ਉਹ ਬਸ ਫੋਕਾ ਜਿਹਾ ਹੱਸਦੀ ਤੇ ਫੇਰ ਚੁੱਪ ਕਰ ਜਾਂਦੀ। ਮੈਂ ਪੁਛਿਆ, "ਨੀਰੀਏ ਅੱਜ ਕੀ ਹੋ ਗਿਆ ਤੈਨੂੰ ? ਹੱਸ ਲੈ। ਕਿੱਦਾ ਮੂੰਹ ਸੁਜਾਈ ਫਿਰਦੀ ਹੈਂ?"

ਮੈਂ ਜਾਣਦਾ ਵੀ ਸੀ ਕਿ ਜ਼ਰੂਰ ਅੱਜ ਵੀ ਇਹਦਾ ਰਾਧੇ ਸ਼ਾਮ ਨਾਲ ਝਗੜਾ ਹੋਇਆ ਹੋਣਾ, ਪਰ ਝਗੜਾ ਹੋਣ 'ਤੇ ਇਹਨੂੰ ਇੰਨੀ ਚੁੱਪ ਮੈਂ ਪਹਿਲਾਂ ਕਦੀ ਨਹੀਂ ਸੀ ਦੇਖਿਆ। ਝਗੜਾ ਹੋਣ ਮਗਰੋਂ ਤਾਂ ਉਹ ਸਗੋਂ ਵਧੇਰੇ ਖੁਸ਼ ਹੁੰਦੀ ਸੀ। ਪਰ ਅੱਜ। ਉਹਨੇ ਮੇਰੀ ਗੱਲ ਦਾ ਕੋਈ ਸਿੱਧਾ ਜਵਾਬ ਦੇਣ ਦੀ ਥਾਂ ਮੈਨੂੰ ਹੀ ਸਵਾਲ ਕਰ ਦਿੱਤਾ ਸੀ , "ਆਪਣੀ ਮਾਸਟਰਾਨੀ ਨੂੰ ਕਿਉਂ ਨਹੀਂ ਮਨਾਉਂਦਾ ਤੂੰ। ਜਾ ਲੈ ਆ ਉਹਨੂੰ। ਬੰਦੇ ਇੱਕੋ ਜਿਹੇ ਈ ਹੁੰਦੇ ਸਾਰੇ। "

ਮੈਨੂੰ ਸਮਝ ਨਹੀਂ ਸੀ ਆਈ ਕਿ ਅੱਜ ਨੀਰੂ ਨੂੰ ਕੀ ਹੋ ਗਿਆ। ਛੇ ਮਹੀਨੇ ਹੋ ਗਏ ਸੀ ਮੇਰੇ ਤੇ ਰਮਨ ਦੇ ਝਗੜੇ ਨੂੰ, ਉਦੋਂ ਦੀ ਹੀ ਉਹ ਆਪਣੇ ਪੇਕੀਂ ਜਾ ਕੇ ਬੈਠੀ ਸੀ। ਪਹਿਲਾਂ ਤਾਂ ਕਦੇ ਨੀਰੂ ਨੇ ਇੰਜ ਨਹੀਂ ਸੀ ਆਖਿਆ। ਉਹ ਕਿੰਨੀ ਹੀ ਦੇਰ ਮੇਰੇ ਨਾਲ ਅਜੀਬ ਜਿਹੀਆਂ ਗੱਲਾਂ ਕਰਦੀ ਰਹੀ। ਮੈਂ ਉਹਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਕਮਰੇ ਅੰਦਰ ਇੱਕ ਚੁੱਪ ਫੈਲ ਗਈ। ਇਸ ਅਜੀਬ ਜਿਹੀ ਚੁੱਪ ਨੂੰ ਕੱਟਣ ਲਈ ਮੈਂ ਆਪਣੀ ਰਜਾਈ ਵਿੱਚੋਂ ਨਿਕਲਿਆਂ ਤੇ ਉਹਨੂੰ ਬਾਹੋਂ ਫੜ੍ਹ ਲਿਆ।

"ਮੇਰੀ ਮਾਸਟਰਾਨੀ ਤਾਂ ਤੂੰ ਹੀ ਹੈਂ। " ਮੈਂ ਉਹਨੂੰ ਕੋਲ ਨੂੰ ਕਰਨ ਲੱਗਾ ਹੀ ਸੀ ਕਿ ਉਹਨੇ ਬਾਂਹ ਛੁਡਾ ਲਈ।

"ਦੱਸ ਹੋਰ ਕੋਈ ਕੰਮ ਨਹੀਂ ਤੈਨੂੰ ਸਵੇਰੇ-ਸਵੇਰੇ। ਮੈਂ ਕੰਮ ਮੁਕਾ ਕੇ ਜਾਣਾ ਜਲਦੀ। " ਉਹ ਬਾਹਰ ਜਾ ਕੇ ਕੋਈ ਹੋਰ ਕੰਮ ਕਰਨ ਲੱਗੀ। ਮੈਂ ਮੁੜ ਰਜਾਈ ਵਿੱਚ ਵੜ ਗਿਆ। ਠੰਢ ਦਾ ਮੌਸਮ ਤੇ ਛੁੱਟੀ ਦਾ ਦਿਨ, ਕੀ ਕਰਨਾ ਸੀ ਉਠ ਕੇ। ਰਜਾਈ ਵਿੱਚ ਪਿਆ ਮੈਂ ਕਦੀ ਨੀਰੂ ਬਾਰੇ ਸੋਚਦਾ, ਕਦੀ ਆਪਣੇ ਬਾਰੇ। ਮੈਨੂੰ ਰਮਨ ਯਾਦ ਆਉਣ ਲੱਗਦੀ। ਕਦੀ ਨੀਰੂ ਵੱਲੋਂ ਦੱਸੀਆਂ ਰਾਧੇ ਸ਼ਾਮ ਦੀਆਂ ਗੱਲਾਂ।

ਜਦੋਂ ਦੀ ਰਮਨ ਝਗੜੇ ਤੋਂ ਬਾਅਦ ਪੇਕੀਂ ਜਾ ਬੈਠੀ ਸੀ , ਰੋਟੀ ਟੁੱਕ ਤੇ ਲੀੜੇ-ਕੱਪੜੇ ਦਾ ਔਖਾ ਹੋ ਗਿਆ। ਦੋ ਚਾਰ ਦਿਨ ਮੈਂ ਕੱਚੀਆਂ-ਪੱਕੀਆਂ ਰੋਟੀਆਂ ਵੇਲਦਾ ਰਿਹਾ। ਲੰਚ ਟਾਈਮ

ਜਦੋਂ ਦਫਤਰ ਵਿੱਚ ਰੋਟੀ ਖਾਣ ਬੈਠਦੇ, ਨਾਲ ਵਾਲੇ ਸਾਥੀ ਮੇਰੀ ਦਾਲ ਸਬਜ਼ੀ ਦੇਖ ਕੇ ਔਰਤ ਤੇ ਘਰ ਦੀਆਂ ਗੱਲਾਂ ਛੇੜ ਲੈਂਦੇ। ਭਿੰਡੀਆਂ ਵਿੱਚ ਪਾਣੀ । ਭੱਜਾ ਫਿਰਦਾ ਤੇ ਰੋਟੀ ਕੋਈ ਕੱਚੀ-ਕੋਈ ਪੱਕੀ।

"ਕਰਦੇਂ ਯਾਰ ਕੋਈ ਹੀਲਾ। ਅੱਜ ਕੱਲ੍ਹ ਟਿਫ਼ਨ ਸਿਸਟਮ ਜਿਹਾ ਚੱਲਿਆ ਉਹ ਲੈ ਲੈਂਦੇ। " ਮੈਂ ਕੱਚਾ ਜਿਹਾ ਹੋਇਆ ਆਖਦਾ। ਰਮਨ ਤੇ ਮੇਰੇ ਝਗੜੇ ਤੋਂ ਸਭ ਵਾਕਿਫ਼ ਸਨ। ਕੁਝ ਦਿਨ ਟਿਫ਼ਨ ਲਿਆ ਤੇ ਫਿਰ ਕਿਸੇ ਜਾਣਕਾਰ ਰਾਹੀਂ ਨੀਰੂ ਨੂੰ ਕੰਮ ਕਰਨ ਲਿਆ ਕਹਿ ਦਿੱਤਾ। ਨੀਰੂ ਸਵੇਰੇ ਆਉਂਦੀ। ਸਵੇਰ ਦੀ ਚਾਹ ਰੋਟੀ ਬਣਾ ਦਿੰਦੀ, ਦੁਪਹਿਰ ਦਾ ਟਿਫ਼ਨ ਪੈਕ ਕਰ ਜਾਂਦੀ। ਫਿਰ ਸ਼ਾਮ ਨੂੰ ਆਉਂਦੀ ਤੇ ਰਾਤ ਦਾ ਖਾਣਾ ਬਣਾ ਜਾਂਦੀ। ਕੱਪੜਾ ਲੱਤਾ ਧੋ ਦਿੰਦੀ। ਦਸਾਂ-ਵੀਹਾਂ ਦਿਨਾਂ ਵਿੱਚ ਹੀ ਨੀਰੂ ਮੇਰੇ ਨਾਲ ਖੁੱਲ੍ਹ ਗਈ ਸੀ। ਉਹ ਆਪਣੇ ਘਰ ਦੀਆਂ ਸਾਰੀਆਂ ਗੱਲਾਂ ਮੈਨੂੰ ਦੱਸ ਦਿੰਦੀ। ਕੰਧ ਤੇ ਲੱਗੀ ਮੇਰੀ, ਰਮਨ ਤੇ ਬੇਟੇ ਪੁਖਰਾਜ ਦੀ ਤਸਵੀਰ ਦੇਖ ਕੇ ਨੀਰੂ ਨੇ ਪੁੱਛਿਆ ਸੀ, "ਬਾਊ ਇਹ ਆ ਤੇਰੀ ਜ਼ਨਾਨੀ ਤੇ ਬੱਚਾ ?"

"ਆਹੋ! ਰੁੱਸੀ ਹੋਈ ਅੱਜ ਕੱਲ੍ਹ। ਮੁੰਡੇ ਨੂੰ ਲੈ ਕੇ ਪਿਉ ਕੋਲ ਬੈਠੀ ਜਾ ਕੇ। ਉਥੋਂ ਈ ਆਪਣੇ ਸਕੂਲ ਆਉਂਦੀ ਜਾਂਦੀ। " ਮੈਂ ਵੀ ਨੀਰੂ ਸੱਚ ਦੱਸ ਦਿੱਤਾ।

"ਲੈ ਰੁੱਸ ਕਾਹਤੋਂ ਗਈ?" ਉਹਨੇ ਹੋਰ ਸਵਾਲ ਕਰ ਦਿੱਤਾ।

"ਕਾਹਤੋਂ ਕਾਹਦੀ, ਸੌ ਲੜਾਈਆਂ-ਝਗੜੇ ਹੋ ਜਾਂਦੇ ਘਰਾਂ ਵਿੱਚ। " ਮੈਂ ਬੇਧਿਆਨਾ ਜਿਹਾ ਬੋਲੀ ਜਾਂਦਾ।

"ਬਾਊ! ਪੜ੍ਹਿਆਂ-ਲਿਖਿਆਂ ਦੇ ਵੀ ਝਗੜੇ ਹੁੰਦੇ?" ਉਹਨੇ ਜਿਵੇਂ ਹੈਰਾਨ ਹੁੰਦਿਆਂ ਪੁੱਛਿਆ ਸੀ।

"ਲੈ ਪੜ੍ਹਿਆ-ਲਿਖਿਆ ਨੂੰ ਕੀ ਗੱਲ ਲੜਨਾ ਨਹੀਂ ਆਉਂਦਾ। ਪੜ੍ਹੇ-ਲਿਖੇ ਸਗੋਂ ਬਹੁਤਾ ਲੜਦੇ। " ਮੈਨੂੰ ਉਹਦੇ ਨਾਲ ਇੰਜ ਬੇ-ਅਰਥ ਗੱਲਾਂ ਕਰਦਿਆਂ ਚੰਗਾ ਲੱਗ ਰਿਹਾ ਸੀ। ਫਿਰ ਉਹ ਗੱਲ ਆਪਣੇ ਘਰ 'ਤੇ ਲੈ ਆਈ।

"ਲੈ ਮੈਂ ਤਾਂ ਕਿਹਾ ਸਾਡੇ ਵਾਲਾ ਅਨਪੜ੍ਹ ਢੋਡਰ ਈ ਲੜਦਾ ਕਿਤੇ। ਅਨਪੜ੍ਹ ਬੰਦੇ ਦੀ ਮੱਤ ਤਾਂ ਚੱਲ ਮੋਟੀ ਹੁੰਦੀ।" ਤੇ ਇੰਜ ਦੀਆਂ ਗੱਲਾਂ ਕਰਦੇ-ਕਰਦੇ ਅਸੀਂ ਹੋਰ ਖੁੱਲ੍ਹ ਗਏ ਸਾਂ।

"ਮਾਸਟਰਾਨੀ ਤਾਂ ਕਮਲੀ ਲੱਗਦੀ ਮੈਨੂੰ। ਮੈਂ ਉਹਦੀ ਥਾਂ ਹੋਵਾਂ ਤਾਂ ਦਿਨ ਰਾਤ ਤੇਰੀ ਸੇਵਾ ਕਰਾਂ। " ਮੇਰੀਆਂ ਬਾਹਾਂ ਵਿੱਚੋਂ ਛੁਟਦਿਆਂ ਉਹ ਆਖਦੀ।

"ਹੁਣ ਵੀ ਤਾਂ ਬਥੇਰੀ ਸੇਵਾ ਕਰਦੀ ਤੂੰ।" ਮੈਂ ਉਹਨੂੰ ਹੋਰ ਕੋਲ ਨੂੰ ਕਰ ਲੈਂਦਾ। ਉਹ ਦੱਸਦੀ ਰਾਧੇ ਸ਼ਾਮ ਨਿੱਤ ਦਾਰੂ ਪੀਂਦਾ। ਦਾਰੂ ਪੀ ਕੇ ਘਰੇ ਕਲੇਸ਼ ਕਰਦਾ। ਜਦ ਜੀਅ ਕਰਦਾ, ਉਹਨੂੰ ਕੰਧ ਵਾਂਗੂੰ ਕੁੱਟ ਸੁੱਟਦਾ। ਉਹ ਕੰਮ ਕਰਕੇ ਜੋ ਕਮਾਉਂਦੀ ਉਹਦੇ ਵਿੱਚੋਂ ਵੀ ਪੈਸੇ ਦਾਰੂ ਲਈ ਖੋਹ ਲਿਜਾਂਦਾ। ਉਹਨਾਂ ਦੇ ਅਜੇ ਕੋਈ ਬੱਚਾ ਨਹੀਂ ਸੀ ਹੋਇਆ। ਇੱਕ ਦਿਨ ਸਵੇਰੇ-ਸਵੇਰੇ ਨੀਰੂ ਜਦੋਂ ਰੋਟੀ ਬਣਾਉਣ ਲਈ ਆਈ, ਉਹਦੀ ਧੌਣ ਦੇ ਕੋਲ ਨੀਲ ਪਿਆ ਹੋਇਆ ਸੀ।

"ਆਹ ਕੀ ਹੋਇਆ?" ਉਹਦੇ ਲੱਕ ਦੁਆਲੇ ਬਾਹਾਂ ਵਲਦਿਆਂ ਮੈਂ ਪੁੱਛਿਆ।

"ਹੋਣਾ ਕੀ ਆ! ਉਹ ਮੇਰੇ ਆਲਾ ਚੰਦਰਾ ਰਾਤ ਬਹੁਤਾ ਰੱਜਿਆ ਫਿਰਦਾ ਸੀ। ਪੀਤੀ 'ਚ ਕਿਚ-ਕਿਚ ਕਰਦਾ ਲੜ੍ਹਨ ਬਹਿ ਗਿਆ। ਰਸੋਈ 'ਚ ਤੇਲ ਕੱਢਣ ਵਾਲੀ ਪਾਈਪ ਪਈ ਸੀ। ਵੈਰੀ ਨੇ ਮੋਢੇ 'ਤੇ ਮਾਰੀ।" ਨੀਰੂ ਦੀ ਗੱਲ ਸੁਣ ਕੇ ਮੇਰੇ ਮੂੰਹੋਂ ਆਪ ਮੁਹਾਰੇ 'ਹਾਏ' ਨਿਕਲ ਗਈ।



"ਛੱਡ ਦੇ ਇਹੋ ਜਿਹੇ ਚਵਲ ਬੰਦੇ ਨੂੰ।" ਮੈਂ ਕੁਸੈਲੇ ਜਿਹੇ ਮੂੰਹ ਨਾਲ ਆਖਿਆ ਸੀ। ਸੋਚਿਆ ਸੀ ਨੀਰੂ ਹੁਣ ਰਾਧੇ ਸ਼ਾਮ ਨੂੰ ਚੰਗਾ-ਮੰਦਾ ਕਹੇਗੀ। ਆਖੇਗੀ, "ਮੈਂ ਛੱਡ ਦੇਣਾ ਏ ਉਹਨੂੰ ਢੋਡਰ ਨੂੰ। ਸਦਾ ਲਈ ਤੇਰੇ ਕੋਲ ਆ ਜਾਣਾ ਤੇਰੇ ਘਰ। ਦੇਖੀਂ ਮੈਂ ਮਾਸਟਰਾਨੀ ਦੀ ਕਮੀ ਪੂਰੀ ਕਰ ਦੇਣੀ।" ਮੈਂ ਇੱਕਦਮ ਤ੍ਰਭਕ ਗਿਆ। ਜੇ ਸੱਚੀਂ ਨੀਰੂ ਇੰਜ ਕਰੇ, ਮੈਂ ਕਿੱਥੇ ਰੱਖ ਸਕਦਾ ਉਹਨੂੰ ਆਪਣੇ ਘਰ?

"ਘਰਾਂ 'ਚ ਤਾਂ ਸੌ ਰੌਲੇ-ਰੱਪੇ ਪੈਂਦੇ। ਛੱਡ ਈ ਥੋੜ੍ਹਾ ਦਈ ਦਾ ਬੰਦੇ ਨੂੰ। ਚੰਦਰਾ ਪਿਆਰ ਵੀ ਬਥੇਰਾ ਕਰਦਾ। ਮੁੜਕੇ ਘੰਟੇ ਕੁ ਬਾਅਦ ਈ ਪਤਾ ਨਹੀਂ ਕੀ ਹੋਇਆ। ਉੱਠ ਕੇ ਮੇਰੇ ਮੰਜੇ 'ਤੇ ਆ ਗਿਆ। ਆਹ ਨੀਲ ਵਾਲੀ ਥਾਂ ਨੂੰ ਕਿੰਨੀ ਹੀ ਦੇਰ ਤੀਕ ਚੁੰਮਦਾ ਰਿਹਾ। ਕੀ ਦੱਸਾਂ ਬਾਊ ਮੈਂ ਤਾਂ ਜਿੱਦਾਂ ਪਾਣੀ ਬਣਗੀ ਉਹਦੇ ਅੱਗੇ।" ਨੀਰੂ ਦੀ ਗੱਲ ਸੁਣਕੇ ਉਹਦੀ ਗਰਦਨ ਵੱਲ ਵੱਧਦੇ ਮੇਰੇ ਬੁੱਲ੍ਹ ਥਾਏਂ ਰੁੱਕ ਗਏ। ਮੇਰੀ ਪਕੜ ਕੁਝ ਢਿੱਲੀ ਪੈ ਗਈ।

"ਅੱਜ ਕੀ ਗੱਲ ਹੋ ਗਈ ਬਾਊ !"-ਮੇਰੇ ਨਾਲੋਂ ਉੱਠਦਿਆਂ ਨੀਰੂ ਨੇ ਪੁੱਛਿਆ ਸੀ। ਮੈਂ ਉਹਦੀ ਗੱਲ ਦੇ ਅਰਥ ਸਮਝਦਾ ਸਾਂ। ਸ਼ਾਇਦ ਅਰਥਾਂ ਤੋਂ ਕੁਝ ਵਧੇਰੇ ਅੱਗੇ ਵੀ। ਪਰ ਚੁੱਪ ਰਿਹਾ। ਬਸ ਐਵੇਂ ਹੀ ਕਹਿ ਦਿੱਤਾ, "ਅੱਜ ਸਰੀਰ ਨਹੀਂ ਸੁਤ ਜਿਆ। "

ਉਹ ਆਪਣਾ ਕੰਮ ਮੁਕਾ ਕੇ ਮੁੜ ਗਈ। ਮੈਂ ਤਿਆਰ ਹੋ ਕੇ ਦਫ਼ਤਰ ਚਲਾ ਗਿਆ। ਦਫ਼ਤਰ ਬੈਠਿਆਂ ਕਦੇ ਮੇਰੇ ਦਿਮਾਗ਼ ਵਿੱਚ ਨੀਰੂ ਦੀਆਂ ਗੱਲਾਂ ਆਉਂਦੀਆਂ ਰਹੀਆਂ, ਕਦੀ ਰਮਨ ਦੀਆਂ। ਸਾਡਾ ਕਲੇਸ਼ ਵੀ ਐਵੇਂ ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਵੱਧ ਕੇ ਇਹ ਰੂਪ ਧਾਰ ਚੁੱਕਿਆ ਸੀ ਕਿ ਉਹਨੂੰ ਪੇਕੇ ਬੈਠੀ ਨੂੰ ਛੇ ਮਹੀਨੇ ਹੋ ਗਏ ਨੇ।

"ਇਹਦੇ ਨਾਲੋਂ ਤਾਂ ਨੀਰੂ ਚੰਗੀ ਜਿਹੜੀ ਲੜ ਕੇ ਵੀ ਇੱਜ਼ਤ ਤਾਂ ਕਰਦੀ ਘਰ ਵਾਲੇ ਦੀ। ਘਰ ਦੀ ਸਾਰ ਤਾਂ ਹੈਗੀ ਉਹਨੂੰ।" ਸਾਰਾ ਦਿਨ ਫ਼ਜ਼ੂਲ ਹੀ ਮੈਂ ਰਮਨ ਉੱਪਰ ਕੁੜਦਾ ਰਿਹਾ। ਸ਼ਾਮੀਂ ਘਰ ਮੁੜਦਿਆਂ ਠੇਕੇ ਤੋਂ ਅਧੀਆ ਫੜ੍ਹ ਲਿਆਇਆ। ਜਦੋਂ ਨੀਰੂ ਰੋਟੀ ਬਣਾਉਣ ਲਈ ਆਈ, ਮੈਂ ਦੋ ਕੁ ਪੈੱਗ ਲਗਾਈ ਬੈਠਾ ਸਾਂ।

"ਦਾਲ ਸਬਜ਼ੀ ਕਿਹੜੀ ਬਣਾਵਾਂ ਬਾਊ?" ਉਹਨੇ ਅੰਦਰ ਵੜਦਿਆਂ ਪੁੱਛਿਆ।

"ਜੋ ਜੀ ਕਰਦਾ ਤੇਰਾ ਬਣਾ ਦੇ। ਤੇਰੇ ਹੱਥ ਦਾ ਤਾਂ ਸਾਰਾ ਕੁਝ ਈ ਸਵਾਦ ਹੁੰਦਾ।" ਮੈਂ ਬਾਹੋਂ ਫੜ੍ਹ ਕੇ ਉਹਨੂੰ ਕੋਲ ਬਿਠਾ ਲਿਆ।

"ਤੂੰ ਵੀ ਲੈ ਕੇ ਬਹਿ ਗਿਆ ਆਹ ਢਹਿ ਜਾਣੀ।" ਉਹਦਾ ਇਸ਼ਾਰਾ ਦਾਰੂ ਵੱਲ ਸੀ।

"ਉਈਂ ਚਿੱਤ ਜਿਹਾ ਕਰ ਆਇਆ। ਤੂੰ ਛੱਡ ਅੱਜ ਦਾਲ ਸਬਜ਼ੀ। ਮੈਂ ਬਾਹਰੋਂ ਮੰਗਵਾਕੇ ਖਾ ਲਊ। ਚਾਰ ਗੱਲਾਂ ਕਰਦੇ ਆਪਾਂ। " ਮੈਂ ਉਹਦਾ ਹੱਥ ਫੜ੍ਹਦਿਆਂ ਆਖਿਆ।

"ਲੈ ਅੱਜ ਇਹੋ-ਜਿਹੀਆਂ ਕਿਹੜੀਆਂ ਗੱਲਾਂ ਕਰਨੀਆਂ ਤੂੰ ਜਿਹੜੀਆਂ ਅੱਗੇ ਨਹੀਂ ਕਰਦਾ? ਬੰਦਿਆਂ ਨੂੰ ਪੀ ਕੇ ਹੀ ਚੇਤਾ ਆਉਂਦਾ ਗੱਲਾਂ ਦਾ।" ਉਹ ਮੇਰੀ ਗੱਲ 'ਤੇ ਹੱਸਣ ਲੱਗੀ।

"ਚੱਲ ਦੱਸ ਜਦੋਂ ਰਾਧੇ ਸ਼ਾਮ ਲੜਦਾ , ਉਦੋਂ ਤੈਨੂੰ ਬੁਰਾ ਨਹੀਂ ਲੱਗਦਾ?" ਸਵੇਰ ਵਾਲੀ ਗੱਲ ਸ਼ਾਮ ਤੀਕ ਵੀ ਮੇਰੇ ਦਿਮਾਗ਼ ਵਿੱਚੋਂ ਨਹੀਂ ਸੀ ਨਿਕਲੀ।

"ਨਾ! ਸੱਚ ਦੱਸਾਂ, ਉਹ ਚੰਦਰਾਂ ਤਾਂ ਮੈਨੂੰ ਪਿਆਰ ਹੀ ਉਸ ਦਿਨ ਕਰਦਾ, ਜਿਸ ਦਿਨ ਉਹ ਮੇਰੇ ਨਾਲ ਲੜਦਾ। ਫੇਰ ਤਾਂ ਬਾਊ ਉਹਦੀਆਂ ਗੱਲਾਂ ਨਹੀਂ ਮੁਕਦੀਆਂ। ਮੇਰਾ ਖਹਿੜਾ ਨਾ ਛੱਡੂ। ਇਉਂ ਕਰੂ ਜਿੱਦਾਂ ਮੈਂ ਪਹਿਲੀ ਵਾਰ ਮਿਲੀ ਹੋਵਾਂ। ਮੈਂ ਤਾਂ ਕਹਿੰਦੀ ਬੇਸ਼ੱਕ ਦੀ ਉਹ ਮੈਨੂੰ ਰੋਜ਼

ਕੁੱਟ ਲਏ।" ਉਹਦੀਆਂ ਅੱਖਾਂ ਚਮਕ ਉੱਠੀਆਂ। ਪਰ ਮੈਂ ਹੈਰਾਨ ਜਿਹਾ ਹੋਇਆ ਉਹਦੇ ਮੰਹ ਵੱਲ ਦੇਖਦਾ ਰਿਹਾ।

"ਕੀ ਝਾਕਦਾ ਬਾਊ ? ਤੂੰ ਕਿਹੜਾ ਨਹੀਂ ਲੜਦਾ ਮਾਸਟਰਾਨੀ ਨਾਲ। ਲੜਾਈ ਵੀ ਪਿਆਰ ਦੀ ਨਿਸ਼ਾਨੀ ਹੁੰਦੀ। ਕਿਸੇ ਦਾ ਕੋਈ ਹੋਊ ਤਾਂ ਉਹ ਲੜੂ। ਨਾਲੇ ਹੁਣ ਤੂੰ ਇੱਕਲਾ ਕੰਧਾਂ ਨਾਲ ਥੋੜ੍ਹਾ ਲੜਦਾ ਹੋਏਗਾ। ਬਾਕੀ ਜ਼ਨਾਨੀ ਤਾਂ ਪਿਆਰ ਨਾਲ ਸਾਰੀਆਂ ਗੱਲਾਂ ਭੁੱਲ ਜਾਂਦੀ ਹੁੰਦੀ। ਬੰਦਾ ਪਿਆਰ ਕਰੇ ਤਾਂ ਸਹੀ। " ਮੈਨੂੰ ਉਹਦੀਆਂ ਗੱਲਾਂ ਬੜੀਆਂ ਸਿਆਣੀਆਂ-ਸਿਆਣੀਆਂ ਲੱਗੀਆਂ।

"ਅੱਜ ਤਾਂ ਬੜੀਆਂ ਕਮਾਲ ਦੀਆਂ ਗੱਲਾਂ ਕਰੀ ਜਾਂਦੀ ਤੂੰ। ਉਂਅ ਕਹਿੰਦੀ ਮੈਂ ਅਨਪੜ੍ਹ-ਸਿੱਧਰੀ ਆ।" ਮੈਂ ਹੱਸਦਿਆਂ ਆਖਿਆ ਸੀ।

"ਲੈ ਹੋਰ ਮੈਂ ਰਾਤੋ-ਰਾਤ ਕਿਹੜਾ ਕੋਰਸ ਕਰ ਆਈਂ। ਇਹ ਤਾਂ ਮਨ ਦੀ ਗੱਲ ਏ। ਮਨ ਤਾਂ ਇੱਕੋ ਹੁੰਦਾ ਸਭ ਦਾ, ਜਿਹੜਾ ਕੋਈ ਮਰਜ਼ੀ ਹੋਵੇ"-ਮੈਨੂੰ ਲੱਗਿਆ ਇਹ ਮੁੜ ਗੱਲ ਰਮਨ 'ਤੇ ਲੈ ਕੇ ਆਏਗੀ। ਰਮਨ ਬਾਰੇ ਸੋਚਣ ਲੱਗਿਆ ਤਾਂ ਸਾਰੀ ਰਾਤ ਇਹਨਾਂ ਹੀ ਸੋਚਾਂ ਵਿੱਚ ਬੀਤ ਜਾਣੀ। ਮੈਂ ਗੱਲ ਟਾਲਣ ਲਈ ਗੱਲ ਹੋਰ ਪਾਸੇ ਪਾ ਲਈ।

"ਪੈਸੇ ਲੈ ਜਾਈਂ ਲੋਹੜੀ ਆਉਣ ਵਾਲੀ ਕੋਈ ਸੂਟ ਲੈ ਲਵੀਂ ਨਵਾਂ। " ਮੈਂ ਪੈੱਗ ਵਿੱਚ ਖਾਰਾ ਮਿਲਾਉਂਦਿਆਂ ਆਖਿਆ। ਸੋਚਿਆ ਸੂਟ ਵਾਲੀ ਗੱਲ ਨਾਲ ਉਹ ਖੁਸ਼ ਹੋ ਜਾਏਗੀ। ਜ਼ਨਾਨੀਆਂ ਨੂੰ ਨਵੇਂ ਸੂਟਾਂ ਦਾ ਚਾਅ ਜੋ ਬਹੁਤ ਹੁੰਦਾ।

"ਚੰਗਾ ਬਾਊ ਦੇ ਦਈਂ। ਪਿਆਰ ਨਾਲ ਦਿੱਤਾ ਥੋੜ੍ਹੀ ਮੋੜ੍ਹਨਾ ਤੇਰਾ।"

ਤੇ ਉਸ ਦਿਨ ਅਸੀਂ ਦੋ ਘੰਟੇ ਇੱਧਰ-ਉੱਧਰ ਦੀਆਂ ਗੱਲਾਂ ਕਰਦਾ ਰਹੇ। ਉਹਨੂੰ ਜਾਣ ਲੱਗੀ ਨੂੰ ਜਦੋਂ ਮੈਂ ਗਲੇ ਲੱਗਾਇਆ। ਗਰਦਨ ਵਾਲਾ ਨਿਸ਼ਾਨ ਮੈਨੂੰ ਫੇਰ ਦਿਖਾਈ ਦਿੱਤਾ।

*******

ਲੋਹੜੀ ਵਾਲੇ ਦਿਨ ਨੀਰੂ ਆਮ ਨਾਲੋਂ ਥੋੜ੍ਹਾ ਲੇਟ ਆਈ। ਮੈਂ ਵੀ ਉਸ ਦਿਨ ਦਫ਼ਤਰ ਨਹੀਂ ਸੀ ਜਾਣਾ। ਉਹਨੇ ਨਵਾਂ ਸੂਟ ਪਾਇਆ ਹੋਇਆ ਸੀ। ਅੱਖਾਂ ਕੱਜਲ ਨਾਲ ਭਰੀਆਂ ਪਈਆਂ ਸਨ। ਕੰਨਾਂ ਵਿੱਚ ਨਿੱਕੇ-ਨਿੱਕੇ ਝੁਮਕੇ। ਸੱਜੇ ਹੱਥ ਦੀ ਵਿਚਕਾਰਲੀ ਉਂਗਲ ਵਿੱਚ ਸੋਨੇ ਦੀ ਝਾਲ ਉਹੀ ਵਾਲੀ ਮੁੰਦਰੀ। ਜਿਸਨੂੰ ਉਹ ਪਿਆਰ ਨਿਸ਼ਾਨੀ ਆਖਦੀ ਹੁੰਦੀ ਹੈ।

ਮੈਂ ਦੇਖ ਕੇ ਹੈਰਾਨ ਜਿਹਾ ਰਹਿ ਗਿਆ।

"ਕੀ ਗੱਲ ਅੱਜ ਬੜੀਆਂ ਟੌਹਰਾਂ ਕੱਢੀ ਫਿਰਦੀ ਹੈਂ। " ਉਹਦਾ ਸਾਂਵਲਾ ਜਿਹਾ ਰੰਗ, ਹੋਰ ਨਿਖਰ ਗਿਆ ਲੱਗਦਾ ਸੀ।

"ਮੈਂ ਕਿਹਾ ਫੇਰ ਕਹੇਗਾ ਸੂਟ ਪਾ ਕੇ ਨਹੀਂ ਦਿਖਾਇਆ। ਨਾਲੇ ਤਿੱਥ-ਤਿਉਹਾਰ ਏ ਅੱਜ। " ਹੱਸਦੀ ਹੋਈ ਉਹ ਰਸੋਈ ਵਿੱਚ ਜਾ ਕੇ ਨਾਸ਼ਤਾ ਬਣਾਉਣ ਲੱਗੀ। ਮੈਂ ਪਿੱਛੋਂ ਈ ਹਾਕ ਮਾਰੀ-

"ਮੈਨੂੰ ਤਾਂ ਹੋਰ ਗੱਲ ਲੱਗਦੀ। ਰਾਤ ਵੀ ਤੇਰੇ ਢੋਡਰ ਨੇ ਝਗੜਾ ਕੀਤਾ ਹੋਣਾ ਤੇ ਮੁੜਕੇ। " ਮੈਂ ਖਚਰਾ ਜਿਹਾ ਹੱਸਿਆ। ਨੀਰੂ ਵੀ ਮੇਰਾ ਇਸ਼ਾਰਾ ਸਮਝਦੀ ਹੋਈ, ਏਸ ਗੱਲ ਉੱਤੇ ਹੱਸ ਪਈ।

"ਸਾਡਾ ਤਾਂ ਫਿਰ ਆਹੀ ਢੰਗ ਏ ਬਾਊ ਪਿਆਰ ਕਰਨ ਦਾ। "



ਨੀਰੂ ਨਾਸ਼ਤਾ ਬਣਾ ਕੇ ਮੇਰੇ ਕੋਲ ਆ ਬੈਠੀ।

"ਆਹ ਮੁੰਦਰੀ ਦੀ ਵੀ ਅੱਜ ਸੁਣਲਾ ਬਾਊ! ਅਸੀਂ ਕੇਰਾਂ ਢੋਲੇ ਪੀਰ ਦੇ ਮੇਲੇ ਗਏ ਸਾਂ," ਉਂਗਲੀ 'ਚ ਪਾਈ ਸੋਨੇ ਰੰਗੀ ਬਜ਼ਾਰੀ ਮੁੰਦਰੀ ਵੱਲ ਇਸ਼ਾਰਾ ਕਰਦੀ ਨੀਰੂ ਮੁੰਦਰੀ ਕਥਾ ਸੁਣਾਉਣ ਲੱਗੀ, "ਉੱਥੋਂ ਸਾਡੇ ਵਾਲੇ ਨੇ ਇੱਕ ਆਹ ਮੁੰਦਰੀ ਤੇ ਇੱਕ ਸੁਰਖੀ ਲੈ ਕੇ ਦਿੱਤੀ ਸੀ ਮੈਨੂੰ ਲਾਲ ਰੰਗ ਦੀ। ਮੇਰੀ ਭਰਜਾਈ ਆ ਗਈ ਦੂਜੇ ਕੁ ਦਿਨ ਨੂੰ। ਮੈਨੂੰ ਕਹਿਣ ਲੱਗੀ , ਦੀਦੀ ਮੁੰਦਰੀ ਤਾਂ ਬਾਹਲੀ ਸੋਹਣੀ ਆ। ਮੈਂ ਕਿਹਾ, ਲੈ ਤੈਨੂੰ ਸੋਹਣੀ ਲੱਗਦੀ ਤਾਂ ਤੂੰ ਪਾ ਲੈ। ਉਹ ਰਾਤ ਕੱਟ ਕੇ ਪਿੰਡ ਨੂੰ ਮੁੜੀ, ਇਹ ਵੈਰੀ ਤਾਂ ਕਲੇਸ਼ ਪਾ ਕੇ ਬਹਿ ਗਿਆ। ਕਹਿੰਦਾ ਤੂੰ ਤਾਂ ਘਰ ਲੁਟਾਉਣ 'ਤੇ ਹੋਈ। ਮੈਂ ਕਹਾਂ ਬਈ ਘਰ ਲੁਟਾਉਣ ਨੂੰ ਇਹ ਕਿਹੜਾ ਸੋਨੇ ਦੀ ਘੜਾ ਕੇ ਲਿਆਇਆ ਸਾਂ ਤੂੰ ਸੁਨਿਆਰ ਤੋਂ। ਪਰ ਚੰਦਰਾ ਯੱਬ ਖੜਾ ਕਰਕੇ ਬਹਿ ਗਿਆ। ਕਹਿੰਦਾ ਮੇਰੀ ਤਾਂ ਅਜੇ ਰੀਝ ਨਹੀਂ ਲੱਥੀ ਤੂੰ ਮੁੰਦਰੀ ਭਰਜਾਈ ਨੂੰ ਫੜ੍ਹਾ 'ਤੀ। ਮੈਂ ਬਥੇਰਾ ਕਿਹਾ ਕਿ ਢਹਿ ਜਾਣਿਆ ਸ਼ਰਮ ਕਰ। ਪਰ ਕਾਹਨੂੰ ਕਈ ਦਿਨ ਕਲੇਸ਼ ਛੇੜੀ ਰੱਖਿਆ ਇਹਨੇ। ਅਸਲੀ ਗੱਲ ਤਾਂ ਇਹ ਸੀ ਬਾਊ ਇਹਨੂੰ ਮੇਰੇ ਪੇਕੇ ਈ ਚੰਗੇ ਨਹੀਂ ਲੱਗਦੇ। ਮੈਂ ਦੂਜੇ ਗੇੜੇ ਪੇਕੀ ਗਈ ਪੱਜ ਨਾਲ ਭਰਜਾਈ ਕੋਲੋਂ ਮੁੰਦਰੀ ਵਾਪਸ ਲੈ ਕੇ ਆਈ। ਹੁਣ ਜਿੱਦਣ ਵੀ ਇਹ ਮੁੰਦਰੀ ਪਾ ਲਾ ਲਵਾਂ ਕੱਢ ਕੇ, ਚੰਦਰਾ ਖੁਸ਼ ਹੋ ਜਾਂਦਾ। ਤੂੰ ਸਿਆਣਾ ਸਾਨੂੰ ਕਿਹੜਾ ਸੋਨੇ ਦੀ ਜੁੜਨੀ। ਦੋ ਸਾਲ ਹੋਗੇ ਜਾਨ ਵਾਂਗੂੰ ਸਾਂਭ ਕੇ ਰੱਖੀ ਹੋਈ ਮੈਂ ਇਹ। ਜੋ ਬੰਦੇ ਨੂੰ ਚੰਗਾ ਲੱਗੇ, ਤੀਵੀਂ ਨੂੰ ਕਰਨਾ ਚਾਹੀਦਾ ਬਾਊ। ਉਹਦਾ ਘੜੀ ਚਿੱਤ ਖੁਸ਼ ਹੋ ਜਾਂਦਾ ਮੇਰੇ ਮੁੰਦਰੀ ਪਾਇਆਂ।"

ਮੈਂ ਮਨ ਵਿੱਚ ਨੀਰੂ ਦੀਆਂ ਰੀਝਾਂ ਦੇ ਅੰਦਾਜ਼ੇ ਲੱਗਾਉਂਦਾ ਰਿਹਾ। ਉਹ ਕੰਮ ਮੁਕਾ ਕੇ ਹੱਸਦੀ-ਹਸਾਉਂਦੀ ਚਲੀ ਗਈ।

ਉਸ ਦਿਨ ਮੈਨੂੰ ਘਰ ਬੜਾ ਖਾਲੀ-ਖਾਲੀ ਲੱਗਦਾ ਰਿਹਾ। ਪੁਖਰਾਜ਼ ਘਰ ਹੁੰਦਾ ਤਾਂ ਪਤੰਗ ਉਡਾਉਣ ਦੀ ਜ਼ਿੱਦ ਕਰਦਾ। ਖਾਲ਼ੀਪਨ ਨੂੰ ਭਰਨ ਲਈ ਦੁਪਿਹਰ ਵੇਲੇ ਮੈਂ ਛੱਤ 'ਤੇ ਚਲਾ ਗਿਆ। ਅੰਬਰ ਰੰਗ-ਬੇਰੰਗੀਆਂ ਪਤੰਗਾਂ ਨਾਲ ਭਰਿਆ ਪਿਆ ਸੀ। ਮੰਜੇ 'ਤੇ ਪਿਆ ਆਸਮਾਨ ਵੱਲ ਝਾਕਦਾ, ਮੈਂ ਗੂੜ੍ਹੀ ਨੀਂਦੇ ਸੌਂ ਗਿਆ। ਕਦੀ-ਕਦੀ ਮੈਨੂੰ ਨੀਰੂ ਦੀਆਂ ਗੱਲਾਂ 'ਤੇ ਹਾਸਾ ਵੀ ਆਉਂਦਾ। ਪਰ ਅੱਜ ਨੀਰੂ ਨੂੰ ਇੰਨੀ ਚੁੱਪ ਦੇਖ ਕੇ ਮੈਨੂੰ ਚੈਂਨ ਨਹੀਂ ਸੀ ਆ ਰਿਹਾ। ਤੇ ਜਦ ਨੀਰੂ ਨੇ ਚੁੱਪ ਤੋੜੀ, ਮੈਨੂੰ ਫੇਰ ਕੋਈ ਗੱਲ ਨਾ ਸੁਝੀ। ਮੈਂ ਕੰਧ 'ਤੇ ਟੰਗੀ ਆਪਣੀ ਰਮਨ ਤੇ ਪੁਖਰਾਜ਼ ਦੀ ਤਸਵੀਰ ਵੱਲ ਇੱਕ ਟੱਕ ਦੇਖਦਾ ਰਿਹਾ ਤੇ ਨੀਰੂ ਚੁੱਪ-ਚਾਪ ਬੂਹਿਉਂ ਬਾਹਰ ਹੋ ਗਈ। ਲੋਹੇ ਦੇ ਗੇਟ ਦੇ ਖੜੱਚ ਕਰਕੇ ਵੱਜਣ ਨਾਲ ਮੇਰੀ ਸੁਰਤੀ ਟੁੱਟੀ।

ਔਰਤ ਇਉਂ ਵੀ ਸੋਚਦੀ ਹੋ ਸਕਦੀ! ਇਹ ਮੈਨੂੰ ਨਹੀਂ ਸੀ ਪਤਾ। ਮੈਨੂੰ ਤਾਂ ਨੀਰੂ ਦਾ ਇਹ 'ਢੰਗ' ਵੀ ਹੈਰਾਨ ਕਰਨ ਵਾਲਾ ਹੀ ਲੱਗਿਆ।

"ਇਹ ਵੀ ਕਮਾਲ ਹੈ। ਕਦੀ ਕਹਿੰਦੀ ਕੁੱਟ ਕੇ ਪਿਆਰ ਬਹੁਤ ਕਰਦਾ। ਹੁਣ ਕਹਿੰਦੀ। " ਮੈਂ ਨੀਰੂ ਦੀ ਅੱਜ ਵਾਲੀ ਗੱਲ ਨੂੰ ਸਵੇਰ ਦਾ ਹੀ ਸੋਚੀ ਜਾ ਰਿਹਾ।

"ਔਰਤ ਨੂੰ ਤਾਂ ਰਿਸ਼ੀ ਮੁੰਨੀ ਨਹੀਂ ਸਮਝ ਸਕੇ ਭਾਈ ਸਾਹਬ! ਆਪਾਂ ਤਾਂ ਤੁੱਛ ਪ੍ਰਾਣੀ ਹਾਂ। " ਦਫ਼ਤਰ ਵਾਲੇ ਸਾਥੀ ਮੇਰੀਆਂ ਤੇ ਰਮਨ ਦੀਆਂ ਨਾ ਸਮਝ ਆਉਣ ਵਾਲੀਆਂ ਗੱਲਾਂ ਸੁਣ ਕੇ ਆਹੀ ਸਿੱਟਾ ਕੱਢਿਆ ਕਰਦੇ ਸੀ। ਪਰ ਮੈਂ ਨੀਰੂ ਦੀਆਂ ਗੱਲਾਂ ਸੁਣ ਕੇ ਕੀ ਸਿੱਟਾ ਕੱਢਾਂ ਮੈਨੂੰ ਸਮਝ ਨਹੀਂ ਸੀ ਆ ਰਹੀ।

"ਰਾਤੀਂ ਫੇਰ ਲੜਿਆ ਤੇਰਾ ਰਾਧੇ ਸ਼ਾਮ ?" ਮੈਂ ਨੀਰੂ ਨੂੰ ਵਾਰ-ਵਾਰ ਪੁੱਛਦਾ ਰਿਹਾ ਸਾਂ।

"ਆਹੋ ! ਰਾਤੀਂ ਕੁੱਟਿਆ ਉਹਨੇ ਮੈਨੂੰ।" ਆਖਿਰ ਅੱਕ ਕੇ ਬੋਲੀ ਸੀ ਨੀਰੂ।

"ਲੈ ਕਿਹੜਾ ਪਹਿਲੀ ਵਾਰ ਕੁੱਟਿਆ ? ਰੋਜ਼ ਤਾਂ ਕਲੇਸ਼ ਕਰਦੇ ਤੁਸੀਂ। ਨਵੀਂ ਗੱਲ ਕਿਹੜੀ ਆ ਇਹਦੇ 'ਚ ?" ਝਗੜੇ ਤੋਂ ਪ੍ਰੇਸ਼ਾਨ ਹੋਈ ਨੀਰੂ ਦੀ ਪ੍ਰੇਸ਼ਾਨੀ ਮੈਨੂੰ ਸਮਝ ਨਹੀਂ ਸੀ ਆ ਰਹੀ।

"ਤੂੰ ਕੀ ਸਮਝੇਂਗਾ ਬਾਊ ! ਸਾਰੇ ਬੰਦੇ ਇੱਕੋ ਜਿਹੇ ਈ ਹੁੰਦੇ। ਜ਼ਨਾਨੀ ਨੂੰ ਤਾਂ ਖਬਰੇ ਕੀ ਸਮਝਦੇ। ਸਾਡੇ ਆਲਾ ਚਾਹੇ ਨਿੱਤ ਲੜਦਾ ਸੀ ਪਰ ਜਦ ਉਹ ਮੈਨੂੰ ਪਿਆਰ ਕਰਦਾ ਮੈਂ ਸਭ ਭੁੱਲ ਜਾਂਦੀ। ਪਰ ਰਾਤੀਂ ਤਾਂ। ਖੇਹ ਖਾ ਕੇ ਮੈਨੂੰ ਕੁੱਟਣ ਬਹਿ ਗਿਆ। ਢੋਡਰ ਕਿਸੇ ਥਾਂ ਦਾ। ਮੈਂ ਕਿਹੜਾ ਵਾਧੂ ਦੀ ਧਰੀ ਹੋਈਂ। ਆਖੀ ਜੇ ਹੁਣ ਹੱਥ ਵੀ ਲਾਉਣ ਦਿੱਤਾ। ਇਹ ਵੀ ਕੀ ਯਾਦ ਕਰੂ। " ਨੀਰੂ ਦੀਆਂ ਅੱਖਾਂ ਵਿੱਚ ਗੁੱਸਾ ਸੀ।

ਮੈਂ ਚੁੱਪ ਰਿਹਾ। ਮੇਰੀ ਚੁੱਪ ਨੂੰ ਉਹ ਸ਼ਾਇਦ ਸਮਝ ਗਈ ਸੀ।

"ਇਹ ਮਨ ਦੀਆਂ ਗੱਲਾਂ ਬਾਊ ! ਪਿਆਰ ਨਾਲ ਸਾਰੇ ਦੁੱਖ ਭੁੱਲ ਜਾਂਦੇ। ਪਰ ਜਦ ਬੰਦੇ ਨੂੰ ਪਿਆਰ ਬਦਲੇ। ਚੁੱਲ੍ਹੇ 'ਚ ਪਵੇ ਇਹੋ ਜਿਹਾ। ਨਾ ਬੰਦਾ ਨਾ ਬੰਦਿਆ ਜਿਆ। " ਵਿਚਕਾਰਲੀ ਉਂਗਲ ਵਿੱਚ ਪਾਈ ਉਹੀ ਸੋਨੇ ਦੀ ਝਾਲ ਵਾਲੀ ਮੁੰਦਰੀ ਨੀਰੂ ਨੇ ਉਂਗਲ ਵਿੱਚੋਂ ਲਾਹ ਕੇ ਦੂਰ ਵਗਾਹ ਮਾਰੀ। ਮੁੰਦਰੀ ਰਿੜ ਕੇ ਬੈੱਡ ਹੇਠਾਂ ਚਲੀ ਗਈ। ਦਰਵਾਜ਼ਾ ਵੱਜਣ ਦੀ ਆਵਾਜ਼ ਆਈ ਸੀ ਤੇ ਨੀਰੂ ਬੂਹਿਓਂ ਬਾਹਰ ਹੋ ਗਈ।

**94632-15168**

---

ਬਾਕੀ ਪੰਨਾ ਨੰ. 109 'ਤੇ

ਉਹ ਡਰਦੇ ਸੀੜ੍ਹੀ ਛੱਡ ਕੇ ਭੱਜ ਜਾਂਦੇ ਹਨ।.... ਮੈਂ ਸੀੜ੍ਹੀ ਉੱਪਰ ਪਿਆ ਹਵਾ ਵਿੱਚ ਹੀ ਲਟਕਿਆ ਹੋਇਆ ਹਾਂ।.....

ਵਿਹੜੇ ਦੇ ਇਕ ਪਾਸੇ ਕੁੜੀਆਂ ਗਿੱਧਾ ਪਾ ਰਹੀਆਂ ਹਨ। ਪਤਾ ਨਹੀਂ ਕਿਸਦਾ ਵਿਆਹ ਹੈ। ਮੈਂ ਉੱਠਕੇ ਗਿੱਧਾ ਵੇਖਣ ਲੱਗਦਾ ਹਾਂ। ਅਚਾਨਕ ਰੌਲਾ ਪੈ ਜਾਂਦਾ ਹੈ.... 'ਆਗੇ-ਆਗੇ....' ਗੋਲੀਆਂ ਚੱਲਣ ਲੱਗਦੀਆਂ ਹਨ। ਚੀਕ-ਚਿਹਾੜਾ ਮੱਚ ਜਾਂਦਾ ਹੈ...।

ਮੇਰੀ ਜਾਗ ਖੁੱਲ੍ਹ ਜਾਂਦੀ ਹੈ। ਸਾਰਾ ਸਰੀਰ ਮੁੜ੍ਹਕੇ ਨਾਲ ਭਿੱਜਿਆ ਹੋਇਆ ਹੈ। ਉੱਠ ਕੇ ਬੈਠ ਜਾਂਦਾ ਹਾਂ। ਸਾਰੇ ਸੁਫ਼ਨੇ ਨੂੰ ਫਿਰ ਫੜਨ ਦੀ ਕੋਸ਼ਿਸ਼ ਕਰਦਾ ਹਾਂ।.... ਕੁਝ ਦ੍ਰਿਸ਼ ਹੂਬਹੂ ਉਵੇਂ ਦੇ ਉਵੇਂ ਦਿੱਸਦੇ ਹਨ। ਸੀੜ੍ਹੀ ਤੇ ਪਿਆ ਹਾਂ, ਸੀੜ੍ਹੀ ਹਵਾ ਵਿੱਚ ਲਟਕ ਰਹੀ ਹੈ। ਸੋਚਦਾ ਹਾਂ, ਕਾਸ਼ ਕੋਈ ਅਜਿਹਾ ਅਵਿਸ਼ਕਾਰ ਹੋਵੇ, ਸੁਫ਼ਨਿਆਂ ਦੀ ਫਿਲਮ ਬਣ ਸਕੇ। ਚਾਹੇ ਦਿਮਾਗ ਵਿੱਚ ਕੋਈ ਚਿੱਪ ਫਿੱਟ ਕਰਨੀ ਪਵੇ। ਪਤਾ ਤਾਂ ਲੱਗੇ ਬੰਦਾ ਸੁਫ਼ਨਿਆਂ ਵਿੱਚ ਕਿੱਥੇ ਕਿੱਥੇ ਭਟਕਦਾ ਫਿਰਦਾ ਹੈ। ਆਖਰ ਇਹ ਰਹੱਸ ਹੈ ਕੀ। ਸ਼ਾਇਦ ਸਹੀ ਵਿਸ਼ਲੇਸ਼ਣ ਤਾਂ ਸਿਗਮੰਡ ਫਰਾਇਡ ਵੀ ਨਹੀਂ ਕਰ ਸਕਿਆ।

ਬਹੁਤ ਵਾਰ ਸ਼ੱਕ ਹੁੰਦੀ ਹੈ, ਕੀ ਸੱਚਮੁੱਚ ਪੁਰਾਣਾ ਜਨਮ ਹੈ ? ਜੇ ਨਹੀਂ ਤਾਂ ਫਿਰ ਸੁਫ਼ਨਿਆਂ ਵਿੱਚ, ਜਿਹੜੀਆਂ ਥਾਵਾਂ ਕਦੇ ਜ਼ਿੰਦਗੀ ਵਿੱਚ ਵੇਖੀਆਂ ਹੀ ਨਹੀਂ ਉਹ ਕਿਵੇਂ ਸੁਫ਼ਨਿਆਂ ਦੀ ਹਕੀਕਤ ਬਣਦੀਆਂ ਹਨ ? ਕੀ ਮਨੋਵਿਗਿਆਨੀ ਅਜਿਹੀ ਜਗਿਆਸਾ ਸ਼ਾਂਤ ਕਰ ਸਕਣਗੇ ?

ਮੋ : 98147-83069



**ਕਵਿਤਾਵਾਂ**

# ਅਧੂਰੇ/ਜਸਵਿੰਦਰ ਮਾਨ

1

ਨਿੱਤ ਬਣਾਈਏ, ਨਿੱਤ ਹੀ ਢਾਈਏ,
ਨਿੱਤ ਲਕੀਰਾਂ ਪਾਈਏ,
ਨਿੱਤ ਪੈਰਾਂ 'ਤੇ ਰੱਖੀਏ ਪੈੜਾਂ,
ਨਿੱਤ ਹੀ ਆਈਏ ਜਾਈਏ।
ਨਿੱਤ ਜੜ੍ਹਾਂ ਵਿੱਚ ਰੱਖੀਏ ਪਾਣੀ,
ਆਪੇ ਕਰੀਏ ਛਾਵਾਂ,
ਨਿੱਤ ਮਾਪੀਏ ਪੈਰ ਆਪਣੇ,
ਨਿੱਤ ਹੀ ਮਿਣੀਏਂ ਥਾਵਾਂ।
ਨਿੱਤ ਆਰਤੀ ਅੰਦਰ ਰੱਖੀਏ,
ਪੱਥ ਮੋਮ ਦੇ ਦੀਵੇ,
ਨਿੱਤ ਲੋਅ ਨੂੰ ਫੜਦੇ ਡਿਗੀਏ,
ਫਿਰ ਵੀ ਹੋਵੀਏ ਖੀਵੇ।
ਨਿੱਤ ਪਾਈਏ ਲਹੂ ਇਹਨਾਂ ਵਿੱਚ,
ਵੱਟ ਸਾਹਾਂ ਦੀਆਂ ਵੱਟੀਆਂ,
ਨਿੱਤ ਭਰੀਏ ਮਨ ਦੇ ਟੋਬ੍ਹੇ,
ਭਰੀਏ ਪਾ-ਪਾ ਮਿੱਟੀਆਂ।
ਨਿੱਤ ਸਰਦਲਾਂ ਉੱਤੇ ਰੱਖੀਏ,
ਲੰਘ ਗਿਆਂ ਦੀਆਂ ਪੈੜਾਂ,
ਨਿੱਤ ਹੀ ਵੱਢੀਏ ਹੱਥ ਉਹਨਾਂ ਦੇ,
ਨਿੱਤ ਹੀ ਮੰਗੀਏ ਖੈਰਾਂ।
ਨਿੱਤ ਇਹਨਾਂ ਰਾਹਾਂ 'ਚੋ ਚੁਗੀਏ,
ਕਿਰਦੀ ਆਪਣੀ ਮਿੱਟੀ,
ਨਿੱਤ ਨਿਵਾਜੀਏ ਚੰਨ ਤੇ ਤਾਰੇ,
ਨਿੱਤ ਸੂਰਜ ਦੀ ਟਿੱਕੀ।
ਨਿੱਤ ਇਹਨਾਂ ਖੂਹਾਂ 'ਚੋਂ ਲੱਭੀਏ,
ਆਪਣੀਆਂ ਹੀ ਆਵਾਜ਼ਾਂ,
ਮੁੜ ਮੁੜ ਧਰੀਏ ਮੱਥੇ ਦੇ ਵਿੱਚ,
ਤਿੜ ਚੁੱਕੀਆਂ ਜੋ ਯਾਦਾਂ।
ਆਪਣੀ ਚੁੱਪ ਨੂੰ ਬਹਿ ਕੇ ਸੁਣੀਏਂ
ਪਿਛਵਾੜੇ ਦੇ ਲਾਗੇ,
ਆਪੇ ਉੜੀਏ, ਆਪ ਉਡਾਈਏ,
ਆਪੇ ਕਟੀਏ ਧਾਗੇ।

2

ਤਾਣੇ ਬਾਣੇ ਦੌਣ ਮੰਜੀ ਦੀ,
ਪਾਵੇ ਸਰ੍ਹਾਣੇ ਜੀਣਾ,
ਨਿੱਤ ਮਿੱਟੀ ਨੂੰ ਮਲ੍ਹਣਾ ਹੱਥੀਂ,
ਨਿੱਤ ਮਿੱਟੀ ਨੂੰ ਧੋਣਾ।
ਨਾ ਨੱਕਾ , ਨਾ ਪੂਰ ਕੋਈ
ਸੱਭ ਕੁਝ ਇਥੇ ਊਣਾ,
ਨਿੱਤ ਖੂਹਾਂ ਦਾ ਡੁਲ੍ਹਦਾ ਪਾਣੀ,
ਨਿੱਤ ਤਿੜਕਦੀਆਂ ਮੌਣਾਂ।
ਨਿੱਤ ਉਹੀ ਅੰਬਰ ਸਿਰ 'ਤੇ,
ਧਰਤੀ ਨਿੱਤ ਵਿਛੌਣਾ।
ਨਿੱਤ ਢਿੱਡਾਂ ਵਿੱਚ ਧਰੀਏ ਭੁੱਖਾਂ,
ਖਾਈਏ ਪੀਈਏ ਪੌਣਾਂ।
ਸ਼ੀਸ਼ੇ ਦੇ ਵਿੱਚ ਰਖੀਏ ਆਪਣਾ,
ਤੇ ਸ਼ੀਸ਼ੇ ਤੋਂ ਡਰੀਏ,
ਨਿੱਤ ਡੋਲ੍ਹੀਏ ਧੂੜਾਂ ਅੰਦਰੋਂ,
ਨਿੱਤ ਧੂੜਾਂ ਨਾਲ ਭਰੀਏ।
ਆਪਣੇ ਸੇਕ ਵਿੱਚ ਬਲੀਏ ਆਪੇ,
ਆਪਣੇ ਸੇਕ ਵਿੱਚ ਠਰੀਏ,
ਆਪੇ ਅੰਦਰੋਂ ਤੋੜ ਕੇ ਆਪਾ
ਆਪਣੀ ਮਮਟੀ ਧਰੀਏ।
ਨਿੱਤ ਜੀਵੀਏ ਮੌਤ ਆਪਣੀ,
ਤੇ ਜੀਣ ਨੂੰ ਮਰੀਏ।
ਪਾਈਏ ਨਿੱਤ ਲਕੀਰਾਂ ਇਥੇ
ਨਿੱਤ ਲਕੀਰਾਂ ਢਾਈਏ,
ਆਪਣੀ ਛਾਂ ਹੇਠਾਂ ਹੀ ਆਪੇ
ਨਿੱਤ ਖੜੇ ਮੁਰਝਾਈਏ।

ਆਪਣੀ ਹੀ ਧੁੱਪ ਧਰੀਏ ਪੈਰੀਂ,
ਆਪਣੀ ਹੀ ਛਾਂ ਖਾਈਏ,
ਗੁੰਗੇ ਖੂਹਾਂ ਅੰਦਰ ਆਪਾਂ
ਮੁੜ-ਮੁੜ ਲਹਿੰਦੇ ਜਾਈਏ।

3
ਦੂਰ ਦੁਰਾਡੇ ਲੰਮੇ ਪੈਂਡੇ,
ਤੁਰਨਾ ਜਾਂ ਨਾ ਤੁਰਨਾ,
ਆਪਣੇ ਕੰਢੇ ਵੱਗਣਾ ਆਪੇ,
ਆਪਣੇ ਕੰਢੀਂ ਖੁਰਨਾ।
ਅਪਣੀ ਕੰਧ ਨਾਲ ਆਪੇ ਖਹਿਣਾ,
ਤੇ ਆਪੇ ਹੀ ਭੁਰਨਾ।
ਜੀਂਦੀ ਔੜ ਨਿਆਈਆਂ ਅੰਦਰ,
ਰੇਤਾ ਹੋ ਹੋ ਵਰ੍ਹਨਾ।
ਕਿਥੋਂ ਕਿਥੋਂ ਚੁੱਕਣਾ ਆਪਾ,
ਕਿਥੇ ਕਿਥੇ ਧਰਨਾ,
ਮਾਰੂਥਲ ਵਿੱਚ ਟੁਰਦੇ ਰਹਿਣਾ,
ਨਾ ਜੀਣਾ ਨਾ ਮਰਨਾ।
ਨਿੱਤ ਚਾੜ੍ਹਨੀ ਹਾਂਡੀ ਆਪਣੀ,
ਤੇ ਨਿੱਤ ਤੰਦੂਰ ਤਪਾਣਾ,
ਆਪਣੇ ਮਾਸ ਨੂੰ ਧਰਨਾ ਚੁੱਲ੍ਹੇ,
ਤੇ ਆਪੇ ਹੀ ਖਾਣਾ।
ਆਪਣੀ ਧਰਤੀ ਗੁੱਡਣੀ ਆਪੇ
ਤੇ ਆਪੇ ਹੀ ਵਾਹੁਣਾ।
ਮੁੜ ਮੁੜ ਖੁਲ੍ਹੀਆਂ ਬਾਹਾਂ ਨੂੰ
ਬਸ ਆਪਣੇ ਹੀ ਗਲ਼ ਲਾਣਾ।
ਆਪਣੀ ਤੇਹ ਉਪਰ ਆਖਿਰ
ਆਪੇ ਹੀ ਵਰ੍ਹ ਜਾਣਾ।
ਜੋ ਧਰਤੀ ਦੀ ਕੁੱਖ ਵਿੱਚ ਉਗ ਕੇ
ਉਹਨਾਂ ਸੰਗ ਜੁੜ ਜਾਈਏ,
ਲੱਖ ਬਰਫ ਦੇ ਪਿੰਡੇ ਆਪਾਂ
ਰਿਸ਼ਤੇ ਰੋਜ਼ ਹੰਢਾਈਏ।
ਖੜੇ ਖੜੋਤੇ ਪਾਣੀ
ਆਖਰ ਨੂੰ ਪੱਥਰ ਬਣ ਜਾਏ
ਅੱਖ ਅੰਬਰ ਦੀ ਵਿੱਚ ਕਿਰਦਾ,
ਸਭ ਅੱਖਰ ਬਣ ਜਾਏ।

4
ਚੁੱਲ੍ਹੇ ਘਰ ਦੇ ਤਾਂ ਬਸ ਸਾਨੂੰ
ਬਾਲਣ ਸਮਝੀ ਬੈਠੇ,
ਨਾਲ ਤੰਦੂਰਾਂ ਰੋਜ਼ ਤਪਾਉਂਦੇ
ਨਿੱਤ ਚੁੱਲ੍ਹੇ ਵਿੱਚ ਦੇ ਕੇ।
ਉਹਨਾਂ ਦਾ ਕੀ ਉਹਨਾਂ ਖਾਤਿਰ
ਬਸ ਪੈਰਾਂ ਦੀ ਮਿੱਟੀ,
ਸ਼ੀਸ਼ੇ ਉਤੇ ਰੋਜ਼ ਇਬਾਰਤ
ਪੱਥਰਾਂ ਦੇ ਨਾਲ ਲਿੱਖੀ।
ਜੁੱਗਾਂ ਜੁੱਗਾਂ ਤੋਂ ਤੁਰਦਾ ਆਇਆ,
ਦੰਭ ਇਹ ਨਹੀਂ ਟੁੱਟਾ।
ਲੱਖ ਆਵਾਜ਼ਾਂ, ਲੱਖਾਂ ਜਾਗਾਂ,
ਸੁੱਤਾ ਆਖਿਰ ਸੁੱਤਾ।
ਹੌਲੀ ਹੌਲੀ ਸਿੰਮਿਆਂ ਪਾਣੀ,
ਜੀਭਾਂ ਜੁੱਗ ਤਿਹਾਈਆਂ,
ਆਪਣੀ ਤੇਹ ਨੂੰ ਛੋਹ ਕੇ,
ਆਪਣੇ ਤਕ ਮੁੜ ਆਈਆਂ।
ਨਦੀਆਂ ਨੇ ਵਿਸਾਰੇ ਸਾਗਰ,
ਆਪੇ ਵੱਲ ਤੁਰ ਗਈਆਂ,
ਪਿਛਵਾੜੇ ਇਕ ਵਗਦਾ ਪਾਣੀ
ਸਭ ਕੰਧਾਂ ਖੁਰ ਗਈਆਂ।

(ਇਕ ਲੰਮੀ ਨਜ਼ਮ ਵਿੱਚੋਂ)





# ਸੁਫ਼ਨਿਆਂ ਦਾ ਰਹੱਸਮਈ ਸੰਸਾਰ

## -ਬਲਦੇਵ ਸਿੰਘ 'ਸੜਕਨਾਮਾ'

ਜਿੰਦਰ ਵੀ ਕਦੇ ਕਦੇ ਕਸੂਤੀ ਸਥਿਤੀ ਵਿੱਚ ਫਸਾ ਦਿੰਦੈ। ਕੁਝ ਦਿਨ ਪਹਿਲਾਂ ਉਸ ਦਾ ਫੋਨ ਆਇਆ, "ਭਾ ਜੀ, ਏਸ ਉਮਰ 'ਚ ਸੁਫ਼ਨੇ ਕਿਸ ਤਰ੍ਹਾਂ ਦੇ ਆਉਂਦੇ ਨੇ ?"

"ਕਿਉਂ ਪੁੱਛਦੈਂ ?" ਮੈਂ ਪੁੱਛਿਆ।

"ਵੈਸੇ ਹੀ ਜਾਨਣਾ ਚਾਹੁੰਦਾ। 'ਸ਼ਬਦ' ਦਾ ਇੱਕ ਅੰਕ ਪਲੈਨ ਕਰ ਰਿਹੈਂ।"

ਮੈਂ ਸੋਚੀਂ ਪੈ ਗਿਆ।

ਉਸਨੇ ਫਿਰ ਕਿਹਾ, "ਅੱਠ ਦਸਾਂ ਦਿਨਾਂ ਦੇ ਸੁਫ਼ਨੇ ਲਿਖ ਭੇਜੋ...।"

ਜਿੰਦਰ ਪੂਰੇ ਅਧਿਕਾਰ ਨਾਲ ਮੈਨੂੰ ਕੋਈ ਵੀ ਕਾਰਜ ਸੌਂਪ ਦਿੰਦਾ ਹੈ। ਮੈਂ ਨਾਂਹ ਨਹੀਂ ਕਰ ਸਕਦਾ। ਉਂਜ ਉਸਦੇ ਫੋਨ ਤੋਂ ਬਾਅਦ ਮੈਂ ਸੋਚਣ ਲੱਗਾ, ਭਲਾ ਇਸ ਉਮਰ 'ਚ ਰੰਗ-ਬਰੰਗੇ ਸੁਫ਼ਨੇ ਤਾਂ ਆਉਣੋਂ ਰਹੇ। ਉਮਰ ਦੇ ਨਾਲ ਨਾਲ ਸੁਫ਼ਨਿਆਂ ਦੀ ਤਾਸੀਰ ਵੀ ਬਦਲ ਜਾਂਦੀ ਹੈ। ਪਰ ਵਾਅਦਾ ਕੀਤਾ ਹੈ। ਅੱਧੇ ਸੁਫ਼ਨੇ ਤਾਂ ਸਵੇਰੇ ਉੱਠਦਿਆਂ ਹੀ ਭੁੱਲ ਜਾਂਦੇ ਹਨ। ਕਈ ਵਾਰ ਉਸ ਵੇਲੇ ਜਾਗ ਖੁੱਲ੍ਹ ਜਾਂਦੀ ਹੈ ਜਦੋਂ ਸੁਫ਼ਨੇ ਵਿੱਚ ਅਚਾਨਕ ਕੋਈ ਭਿਆਨਕ ਗੱਲ ਵਾਪਰਨੀ ਹੁੰਦੀ ਹੈ। ਉਸੇ ਵੇਲੇ ਉੱਠ ਕੇ ਨੋਟ ਕੀਤਾ ਨਹੀਂ ਜਾ ਸਕਦਾ ਤੇ ਸਵੇਰੇ ਜਿਹਨ 'ਤੇ ਪੂਰਾ ਬੋਝ ਪਾਉਂਦਿਆਂ ਵੀ ਉਸ ਦਾ ਕੋਈ ਸੂਤਰ ਹੱਥ ਨਹੀਂ ਆਉਂਦਾ। ਉਂਜ ਉਸ ਦਿਨ ਤੋਂ ਹੀ ਮੈਂ ਜਿੰਨਾ ਕੁਝ ਵੀ ਯਾਦ ਰਹਿੰਦਾ ਨੋਟ ਕਰਨ ਲੱਗ ਪਿਆ।

ਤੇ ਪਿਛਲੇ ਕੁਝ ਦਿਨਾਂ ਵਿੱਚ ਆਏ ਸੁਫ਼ਨੇ ਮੇਰੀ ਸਮਝ ਤੋਂ ਤਾਂ ਬਾਹਰ ਹਨ, ਇਹਨਾਂ ਦਾ ਵਿਸ਼ਲੇਸ਼ਣ ਫਰਾਇਡ ਵਰਗਾ ਕੋਈ ਵਿਗਿਆਨੀ ਹੀ ਕਰ ਸਕਦਾ ਹੈ, ਜਿਸ ਨੂੰ ਚੁਲ੍ਹੇ ਵਿੱਚ ਬਲਦੀ ਅੱਗ ਵੱਲ ਗਹੁ ਨਾਲ ਝਾਕਣ ਵਿੱਚ ਵੀ ਸੈਕਸ ਦਿੱਸਦਾ ਹੈ।

ਖ਼ੈਰ ! ਆਓ ਕੁਝ ਸੁਫ਼ਨਿਆਂ ਦੇ ਵੇਰਵੇ ਦੇਖੀਏ :

..... ਓਪਰੀ ਥਾਂ ਹੈ, ਓਪਰਾ ਸ਼ਹਿਰ, ਆਲਾ ਦੁਆਲਾ ਵੀ ਓਪਰਾ। ਸੁੰਨ ਸਰਾਂ ਹੈ। ਇਹ ਵੀ ਪਤਾ ਨਹੀਂ ਲੱਗਦਾ, ਦਿਨ ਦਾ ਸਮਾਂ ਹੈ ਜਾਂ ਰਾਤ ਦਾ। ਉਂਜ ਸਭ ਕੁਝ ਨਜ਼ਰ ਆ ਰਿਹਾ ਹੈ। ਅਚਾਨਕ ਸੱਜੇ ਪਾਸਿਓਂ ਇੱਕ ਕੁੱਤਾ ਭੌਂਕਦਾ ਹੈ। ਅਗਲੀ ਗਲੀ 'ਚ ਹੋਰ ਕੁੱਤੇ ਹਨ ਤੇ ਅੱਗੇ ਹੋਰ ਖੜ੍ਹੇ ਹਨ। ਫਿਰ ਸਾਰੇ ਕੁੱਤੇ ਅਚਾਨਕ ਮੇਰੇ ਪਿੱਛੇ ਹਨ। ਮੈਂ ਤੇਜ਼ ਤੁਰਨ ਲੱਗਦਾ, ਦੌੜਨ ਲੱਗਦਾ ਹਾਂ, ਕੁੱਤੇ ਵੀ ਮੇਰੇ ਪਿੱਛੇ ਦੌੜਦੇ ਹਨ। ਕਿਸੇ ਪਾਸਿਓਂ ਦਬਕੇ ਦੀ ਆਵਾਜ਼ ਸੁਣਦੀ ਹੈ... 'ਖੜ੍ਹ ਜਾ।'

... ਮੈਂ ਖੜ੍ਹ ਜਾਂਦਾ ਹਾਂ। ਕੁੱਤੇ ਵੀ ਖੜ੍ਹ ਜਾਂਦੇ ਹਨ। ਮੈਂ ਤੁਰਦਾ ਹਾਂ ਕੁੱਤੇ ਫਿਰ ਮੇਰੇ ਪਿੱਛੇ ਤੁਰਨ ਲੱਗਦੇ ਹਨ। ਉਹ ਗਲੀ ਹੈ ਜਾਂ ਬਾਜ਼ਾਰ ਹੈ, ਕੀ ਹੈ, ਪਾਰ ਕਰਦਾ ਹਾਂ ਤਾਂ ਸਾਹਮਣੇ ਮੇਰੇ ਬਾਪੂ ਜੀ ਖੜ੍ਹੇ ਹਨ। ਬਾਪੂ ਜੀ ਅਤੇ ਬੇਜੀ ਨੂੰ ਸੰਸਾਰ ਤੋਂ ਗਿਆਂ ਪੰਦਰ੍ਹਾਂ ਤੋਂ ਵਧੇਰੇ ਵਰ੍ਹੇ ਹੋ ਗਏ ਹਨ। ਪਰ ਹਫਤੇ ਵਿੱਚ ਇੱਕ ਦੋ ਵਾਰ ਉਹ ਜ਼ਰੂਰ ਮੇਰੇ ਸੁਪਨੇ 'ਚ ਆਉਂਦੇ ਹਨ। ਕਦੇ ਕੋਈ ਕੰਮ ਕਰਦੇ ਦਿੱਸਦੇ ਹਨ, ਕਦੇ ਕਿਧਰੇ ਜਾ ਰਹੇ ਦਿੱਸਦੇ ਜਾਂ ਆ ਰਹੇ ਦਿੱਸਦੇ ਹਨ। ਕਦੇ ਮੈਨੂੰ ਝਿੜਕਦੇ ਹਨ... ਆਹ ਤੂੰ ਕੀ ਕਰੀ ਬੈਠੈਂ ਤੇ ਅੱਜ ਮੇਰੇ ਸਾਹਮਣੇ ਖੜ੍ਹੇ ਬਾਪੂ ਜੀ ਨੇ ਕਿਹਾ, "ਐਂ ਭੱਜ ਕੇ

ਬੱਚਜੇਂਗਾ ਤੂੰ ? ਨਾਸਾਂ ਤੇ ਮਾਰ ਇਹਨਾਂ ਦੇ।"

ਮੈਨੂੰ ਅਚਾਨਕ ਰੋੜਿਆਂ ਦਾ ਢੇਰ ਦਿੱਸਦਾ ਹੈ। ਮੈਂ ਰੋੜੇ ਚੁੱਕਣ ਲੱਗਦਾ ਹਾਂ ਤਾਂ ਪਤਾ ਨਹੀਂ ਕੁੱਤੇ ਕਿਧਰ ਅਲੋਪ ਹੋ ਗਏ, ਉਹਨਾਂ ਨੂੰ ਲੱਭਣ ਲਈ ਮੈਂ ਇੱਧਰ ਉੱਧਰ ਦੌੜਦਾ ਹਾਂ, ਦੌੜਦਿਆਂ ਧੁੰਨੀ ਦੇ ਹੇਠ ਦਰਦ ਹੋਣ ਲੱਗਦਾ ਹੈ। ਦਰਦ ਵਧਦਾ ਜਾਂਦਾ ਹੈ। ਮੈਂ ਆਸੇ ਪਾਸੇ ਵਿਹਲਾ ਥਾਂ ਲੱਭਦਾ ਹਾਂ, ਪਰ ਬਾਜ਼ਾਰ ਵਿੱਚ ਏਨੀ ਭੀੜ.... ਤੇ ਮੇਰੀ ਜਾਗ ਖੁੱਲ੍ਹ ਜਾਂਦੀ ਹੈ। ਬਹੁਤ ਤੇਜ਼ ਪੇਸ਼ਾਬ ਦੀ ਹਾਜਤ ਮਹਿਸੂਸ ਹੋ ਰਹੀ ਹੈ। ਉੱਠਕੇ ਵਾਸ਼ਰੂਮ ਜਾਂਦਾ ਹਾਂ...।

ਨੀਂਦ ਔਟਲ ਗਈ ਹੈ। ਸੁਪਨੇ ਬਾਰੇ ਸੋਚਣ ਲੱਗਦਾ ਹਾਂ।.... ਬਾਪੂ ਜੀ ਬਾਰੇ, ਮੇਰੇ ਮਗਰ ਲੱਗੇ ਕੁੱਤਿਆਂ ਬਾਰੇ।....

ਇੱਕ ਹੋਰ ਰਾਤ :

...... ਕੋਈ ਸਮਾਗਮ ਵੀ ਨਹੀਂ, ਕੋਈ ਟੂਰਿਸਟ ਪਲੇਸ ਵੀ ਨਹੀਂ, ਕੋਈ ਖੁੱਲ੍ਹੀ ਜਿਹੀ ਜਗ੍ਹਾ ਹੈ। ਉੱਥੇ ਇੱਕ ਬੈਂਚ ਪਿਆ ਹੈ। ਮੇਰੇ ਲਾਗੇ ਹੀ ਇੱਕ ਅਧਖੜ ਤਾਂ ਨਹੀਂ, ਜਵਾਨ ਵੀ ਨਹੀਂ ਔਰਤ ਬੈਠੀ ਹੈ। ਮੈਂ ਸੋਚੀਂ ਪਿਆ ਹਾਂ, ਜੇ ਇਸਨੂੰ ਜੱਫੀ 'ਚ ਲੈ ਕੇ ਚੁੰਮ ਲਵਾਂ, ਨਾਰਾਜ਼ ਤਾਂ ਨਹੀਂ ਹੋਊਗੀ ? ਖੁੱਲ੍ਹਾ ਜਿਹਾ ਥਾਂ ਪਤਾ ਨਹੀਂ ਕਿਵੇਂ ਕਮਰੇ ਵਿੱਚ ਤਬਦੀਲ ਹੋ ਗਿਆ। ਮੈਂ ਆਪਣੀ ਬਾਂਹ ਉਸਦੇ ਉਪਰੋਂ ਦੀ ਵਲਾਉਣ ਲੱਗਾ ਹੀ ਸਾਂ ਤਾਂ ਬੂਹਾ ਖੋਲ੍ਹ ਕੇ ਇੱਕ ਜਣਾ ਅੰਦਰ ਆ ਗਿਆ। ਓਪਰਾ, ਪਤਾ ਨਹੀਂ ਕੌਣ, ਪਰ ਸਾਨੂੰ ਵੇਖ ਕੇ ਉਹ ਔਰਤ ਮੇਰੇ ਵੱਲ ਹੈਰਾਨੀ ਨਾਲ ਝਾਕਦੀ ਹੈ ਤੇ ਨੇੜੇ ਹੋਣ ਲੱਗਦੀ ਹੈ। ਵੇਖਦਾ ਹਾਂ ਸਾਡੇ ਸਾਹਮਣੇ ਇੱਕ ਬੈੱਡ ਪਿਆ ਹੈ, ਪਹਿਲਾਂ ਇਹ ਕਿਉਂ ਨਹੀਂ ਦਿੱਸਿਆ, ਉਸ ਉੱਪਰ ਇੱਕ ਹੋਰ ਬੰਦਾ ਗੋਡਿਆਂ 'ਤੇ ਕੰਬਲ ਲਈ ਬੈਠਾ ਸਾਡੇ ਵੱਲ ਵੇਖ ਕੇ ਖਚਰਾ ਹੱਸ ਰਿਹਾ ਹੈ....

... ਇੱਥੇ ਅਚਾਨਕ ਮੇਰੀ ਜਾਗ ਖੁੱਲ੍ਹ ਜਾਂਦੀ ਹੈ।

ਹੁਣ ਅਜਿਹੇ ਸੁਫ਼ਨਿਆਂ ਦਾ ਕੀ ਪਤਾ ਲੱਗੇ। ਨਾ ਮੂੰਹ, ਨਾ ਸਿਰ, ਨਾ ਪੈਰ। ਮਨੋਵਿਗਿਆਨੀ ਆਖਦੇ ਹਨ, ਜੋ ਪੜ੍ਹਿਆ ਹੈ ਜਾਂ ਵੇਖਿਆ ਹੈ... ਉਹੀ ਕੁਝ ਸੁਫ਼ਨਿਆਂ 'ਚ ਦਿੱਸਦਾ ਹੈ। ਨਾ ਮੈਂ ਕੋਈ ਅਜਿਹਾ ਖੁੱਲ੍ਹਾ ਥਾਂ ਵੇਖਿਆ, ਨਾ ਕਦੇ ਅਜਿਹੀ ਔਰਤ ਦੇ ਇੰਨਾ ਨੇੜੇ ਹੋਇਆ.... ਫਿਰ ਸੁੱਤਿਆਂ ਦਿਮਾਗ ਕਿਹੜੀਆਂ ਵਾਦੀਆਂ 'ਚ ਘੁੰਮਦਾ ਰਹਿੰਦੈ ? ਮੈਂ ਬਾਕੀ ਦੀ ਰਾਤ ਔਰਤ ਦੀ ਪਛਾਣ ਕਰਨ ਦਾ ਯਤਨ ਕੀਤਾ, ਉਸ ਵਿੱਚ ਵੀ ਸਫਲ ਨਾ ਹੋਇਆ। ਫਿਰ ਇਹ ਕਿਹੜਾ ਰਹੱਸਤੰਤਰ ਹੈ, ਸਮਝ ਤੋਂ ਪਰ੍ਹੇ ਹੈ।

ਅਜਿਹੀ ਹੀ ਇੱਕ ਹੋਰ ਰਾਤ ;

ਮੇਰਾ ਬਾਬਾ ਇੰਦਰ ਸਿੰਘ ਪਿੰਡ ਆਇਆ ਹੈ। ਕੋਲ ਨਵਾਂ ਲਿਸ਼ਕਦਾ ਸਾਈਕਲ ਹੈ। ਕਾਲੀ ਪੱਗ, ਚਿੱਟਾ ਕੁੜਤਾ ਪਜਾਮਾ, ਉਪਰੋਂ ਦੀ ਗਾਤਰੇ ਵਾਲੀ ਛੋਟੀ ਕਿਰਪਾਨ, ਸਾਈਕਲ ਦੇ ਹੈਂਡਲ ਤੋਂ ਝੋਲਾ ਲਾਹ ਕੇ, ਉਹ ਮੇਰੇ ਵੱਲ ਵੇਖ ਕੇ ਹੱਸਦਾ ਹੈ।... ਮੈਂ ਉੱਠ ਕੇ ਪੈਰੀਂ ਹੱਥ ਲਾਉਣ ਲੱਗਦਾ ਹਾਂ ਤਾਂ ਪਤਾ ਨਹੀਂ ਕਿਹੜੇ ਕਾਲਜ ਵਿੱਚ ਤੁਰਿਆ ਫਿਰਦਾ ਹਾਂ। ਫਿਰ ਪਿੰਡ ਦੇ ਸਕੂਲ ਦੇ ਕਮਰਿਆਂ ਵਿੱਚੋਂ ਇੱਕ ਪ੍ਰੋਫੈਸਰ ਨੂੰ ਲੱਭਦਾ ਫਿਰਦਾ ਹਾਂ।......

– ਉਹ ਤਾਂ ਪਿੱਛੇ ਬੈਠੇ ਨੇ ਟਾਹਲੀਆਂ ਛਾਵੇਂ।' ਕੋਈ ਬਿਨਾਂ ਪੁੱਛਿਆਂ ਹੀ ਆ ਕੇ ਦੱਸਦਾ ਹੈ। ਮੈਂ ਪਿੱਛੇ ਲੱਭਣ ਜਾਂਦਾ ਹਾਂ ਤਾਂ ਸਾਹਮਣੇ ਵੱਡੇ ਪਹਾੜ ਦਿੱਸਦੇ ਹਨ। ਇੱਕ ਪਾਸੇ ਡੂੰਘੀ ਖੱਡ ਹੈ। ਹੇਠਾਂ ਵੇਖਣ ਲੱਗਦਾ ਹਾਂ ਤਾਂ ਅਚਾਨਕ ਡਰ ਜਾਂਦਾ ਹਾਂ... ਮੇਰੀ ਜਾਗ ਖੁੱਲ੍ਹ ਜਾਂਦੀ ਹੈ।



ਹੈਰਾਨ ਹਾਂ, ਇਹ ਸਭ ਕੀ ਹੈ ? ਬਾਬੇ ਦਾ ਸੁਫ਼ਨੇ 'ਚ ਆਉਣਾ, ਕਾਲਜ ਵਿੱਚ ਫਿਰਨਾ, ਪਿੰਡ ਦੇ ਸਕੂਲ ਵਿੱਚੋਂ ਪ੍ਰੋਫੈਸਰ ਲੱਭਣਾ ਤੇ ਫਿਰ ਪਹਾੜ, ਖਾਈ... ਕੋਈ ਸੂਤਰ ਇੱਕ ਦੂਸਰੇ ਨਾਲ ਮਿਲਦਾ ਨਹੀਂ।... ਸੁੱਤਿਆਂ ਪਿਆ, ਕਿੱਥੇ ਕਿੱਥੇ ਭਟਕਦਾ ਰਹਿੰਦਾ ਹੈ ਅਵਚੇਤਨ ?

ਇੱਕ ਹੋਰ ਰਾਤ :

.. ਇੱਕ ਨਿੱਕੀ ਜਿਹੀ ਕੁੜੀ ਹੈ, ਅੱਠ ਨੌਂ ਸਾਲਾਂ ਦੀ।.. ਸੁਫ਼ਨੇ ਵਿੱਚ ਮੇਰੀ ਧੀ ਜਾਂ ਭੈਣ ਲੱਗਦੀ ਹੈ।.... ਇੱਕ ਕਮਰੇ ਵਿੱਚ ਉਹ ਛੁਪ ਜਾਂਦੀ ਹੈ। ਮੈਂ ਨਾਲੇ ਰੋਂਦਾ ਹਾਂ, ਨਾਲੇ ਉਸ ਨੂੰ ਲੱਭ ਰਿਹਾ ਹਾਂ, ਆਵਾਜ਼ਾਂ ਦੇ ਰਿਹਾ ਹਾਂ। ਕਮਰੇ ਤੋਂ ਬਾਹਰ ਭੱਜਦਾ ਹੈ, ਸਾਹਮਣੇ ਠਾਠਾਂ ਮਾਰਦਾ ਸਮੁੰਦਰ ਹੈ। ਉਸ ਵਿੱਚ ਕੁੜੀ ਦੀ ਲਾਸ਼ ਤਰਦੀ ਦਿੱਸਦੀ ਹੈ। ਮੈਂ ਪਾਣੀ 'ਤੇ ਤੁਰਕੇ ਉਸ ਕੋਲ ਪਹੁੰਚਦਾ ਹਾਂ, ਵੇਖਣ ਲੱਗਦਾ ਹਾਂ ਤਾਂ ਉਸ ਕਮਰੇ ਵਿੱਚ ਅਖ਼ਬਾਰਾਂ ਦੇ ਢੇਰ ਹੇਠਾਂ ਉਹ ਆਕੜੀ ਪਈ ਹੈ। .... ਮੈਂ ਚੀਕਦਾ ਹਾਂ, ਪਰ ਗਲੇ ਵਿੱਚੋਂ ਆਵਾਜ਼ ਹੀ ਨਹੀਂ ਨਿਕਲਦੀ।... ਕਮਰੇ ਵਿੱਚੋਂ ਬਾਹਰ ਨਿਕਲਣਾ ਚਾਹੁੰਦਾ ਹਾਂ, ਤੁਰਦਾ ਹਾਂ, ਪਰ ਉੱਥੇ ਹੀ ਖੜ੍ਹਾ ਹਾਂ, ਭੱਜਣ ਲੱਗਦਾ ਤਾਂ ਖੜ੍ਹਾ ਖੜ੍ਹਾ ਹੀ ਭੱਜੀ ਜਾਂਦਾ ਹਾਂ।.. ਫਿਰ ਚੀਕਦਾ ਹਾਂ, ਆਵਾਜ਼ ਨਹੀਂ ਨਿਕਲਦੀ।

.... ਜਾਗ ਖੁੱਲ੍ਹ ਜਾਂਦੀ ਹੈ।

ਸਰੀਰ ਮੁੜਕੇ ਨਾਲ ਭਿੱਜਿਆ ਹੋਇਐ। ਸਵੇਰ ਤੱਕ ਨੀਂਦ ਨਹੀਂ ਆਉਂਦੀ। ਘਰ ਵਿੱਚ ਕਿਸੇ ਨੂੰ ਵੀ ਇਸ ਸੁਫ਼ਨੇ ਬਾਰੇ ਦੱਸਦਾ ਨਹੀਂ। ਉਹਨਾਂ ਨੇ ਤਰ੍ਹਾਂ ਤਰ੍ਹਾਂ ਦੇ ਅੰਦਾਜ਼ੇ ਲਾਉਣੇ ਹਨ ਤੇ ਫਿਰ ਸਵੇਰੇ ਕਿਸੇ ਧਾਰਮਿਕ ਸਥਾਨ ਵੱਲ ਭੱਜਣਾ ਹੈ। ਪਰ ਇਸ ਸੁਫ਼ਨੇ ਨਾਲ ਦੋ ਤਿੰਨ ਘੰਟੇ ਮਨ ਉਚਾਟ ਰਿਹਾ।

............

...... ਇੱਕ ਸ਼ਹਿਰ ਦਾ ਬਾਜ਼ਾਰ ਪਹਾੜ ਵਾਂਗ ਹੈ।.... ਉੱਪਰ ਉੱਪਰ ਹੋਰ ਉੱਪਰ ਮੈਂ ਚੜ੍ਹਦਾ ਜਾਂਦਾ ਹਾਂ। ਥੋੜ੍ਹੀ ਜਿਹੀ ਛਾਲ ਮਾਰਦਾ ਹਾਂ... ਮੇਰੇ ਪੈਰ ਜ਼ਮੀਨ ਤੋਂ ਚੱਕੇ ਜਾਂਦੇ ਹਨ, ਮੈਂ ਬਾਜ਼ਾਰ ਵਿੱਚ ਉੱਡਣ ਲੱਗਦਾ ਹਾਂ, ਕਦੇ ਦੁਕਾਨਾਂ ਉਪਰੋਂ ਦੀ, ਕਦੇ ਛੋਟੀਆਂ ਪਹਾੜੀਆਂ ਉੱਪਰੋਂ ਦੀ। ਹੈਰਾਨ ਹੁੰਦਾ ਹਾਂ, ਮੈਂ ਕਿਤੇ ਕੋਈ ਸੁਫ਼ਨਾ ਤਾਂ ਨਹੀਂ ਵੇਖ ਰਿਹਾ ? ਆਪਣੇ ਚੂੰਢੀ ਵੱਢ ਕੇ ਪਰਖਣ ਦੀ ਕੋਸ਼ਿਸ਼ ਕਰਦਾ ਹਾਂ, ਤਸੱਲੀ ਹੁੰਦੀ ਹੈ, ਮੈਂ ਜਾਗਦਾ ਹੀ ਹਾਂ। ਹੋਰ ਵੀ ਖੁਸ਼ ਹੋ ਜਾਂਦਾ ਹਾਂ... ਵਾਹ ! ਆਹ ਤਾਂ ਕਮਾਲ ਹੋ ਗਈ। ਮੈਂ ਖੇਤਾਂ ਉਪਰ ਦੀ, ਨਾਲਿਆਂ ਉੱਪਰੋਂ ਦੀ, ਨਦੀਆਂ ਉੱਪਰੋਂ ਦੀ ਉੱਡਦਾ ਜਾ ਰਿਹਾ ਹਾਂ। ਦੋਵੇਂ ਬਾਹਾਂ ਪੰਛੀ ਦੇ ਖੰਭਾਂ ਵਾਂਗ ਫੈਲਾਈਆਂ ਹੋਈਆਂ ਹਨ।

..... ਅਚਾਨਕ ਪਹਾੜੀ ਦੀ ਟੀਸੀ ਤੋਂ ਦੂਸਰੇ ਪਾਸੇ ਹੇਠਾਂ ਢਲਾਣ ਦਿੱਸਦੀ ਹੈ। ਇੱਥੇ ਕਿਸੇ ਸਟੇਡੀਅਮ ਵਾਂਗ ਪਲਾਸਟਿਕ ਦੀਆਂ ਰੰਗ-ਬਰੰਗੀਆਂ ਕੁਰਸੀਆਂ ਲੱਗੀਆਂ ਹੋਈਆਂ ਹਨ।.... ਮੈਂ ਬੱਚਿਆਂ ਵਾਂਗ ਕੁਰਸੀਆਂ ਉਪਰੋਂ ਦੀ ਫਿਸਲਦਾ ਜਾ ਰਿਹਾ ਹਾਂ ਤੇ ਫਿਰ ਧੜੱਮ ਕਰਕੇ ਹੇਠਾਂ ਡਿੱਗਦਾ ਹਾਂ.....

ਮੈਂ ਸੱਚਮੁੱਚ ਹੀ ਆਪਣੇ ਬੈੱਡ ਤੋਂ ਹੇਠਾਂ ਡਿੱਗਿਆ ਹਾਂ। ਅਚੰਭਿਤ ਹਾਂ... ਇਹ ਕੀ ? ਸ਼ਰਮਿੰਦਾ ਵੀ ਹੁੰਦਾ ਹਾਂ। ਪਤਨੀ ਜਾਗ ਪੈਂਦੀ ਹੈ... ਕੀ ਹੋਇਆ ?"

ਮੈਂ ਕੀ ਆਖਦਾ। ਉਸਨੇ ਪੁੱਛਿਆ– "ਹੇਠਾਂ ਕੀ ਕਰਦੇ ਐਂ ?"

–ਪਾਸਾ ਲੈਣ ਲੱਗਾ ਸੀ, ਹੇਠਾਂ ਡਿੱਗ ਪਿਆ ?" ਮੈਂ ਕੱਚਾ ਜਿਹਾ ਹੁੰਦਾ ਦੱਸਦਾ ਹਾਂ।

–ਐਨਾ ਵੀ ਨੀ ਪਤਾ ਲੱਗਾ, ਵਈ ਗਾਂਹ ਬੈੱਡ ਹੈ ਨੀ ?'

ਮੈਂ ਕੁਝ ਨਹੀਂ ਬੋਲਿਆ। ਮੈਂ ਤਾਂ ਉੱਡਿਆ ਫਿਰਦਾ ਸੀ।

ਪਤਨੀ ਦੀ ਬੁੜਬੁੜ ਸੁਣੀ, "ਜੁਆਕਾਂ ਨਾਲੋਂ ਵੀ ਮਾੜਾ ਹਾਲ ਐ।"

ਮੇਰੀ ਨੀਂਦ ਉੱਡ ਗਈ ਸੀ ਤੇ ਹੁਣ ਮੈਂ ਅੱਖਾਂ ਬੰਦ ਕਰੀ ਪਿਆ, ਕਦੇ ਪਹਾੜਾਂ ਉਪਰੋਂ ਦੀ ਉਡਣ ਤੇ ਫੇਰ ਕੁਰਸੀਆਂ ਤੋਂ ਫਿਸਲਣ ਕਰਕੇ ਧੜੰਮ ਡਿੱਗਣ ਦੇ ਅਰਥ ਲੱਭਦਾ ਲੱਭਦਾ ਪਤਾ ਨਹੀਂ ਫੇਰ ਕਦੋਂ ਸੌਂ ਗਿਆ।

ਤੇ ਇੱਕ ਹੋਰ ਰਾਤ :

..... ਬਾਹਰ ਗਲੀ ਵਿੱਚ ਹੋਕਾ ਸੁਣਦਾ ਹੈ.... ਪੀੜ੍ਹੀਆਂ ਠੁਕਰਾਲੋ, ਮੰਜੇ ਠੁਕਰਾਲੋ, ਮੰਜਿਆਂ ਦੀ ਕਾਣ ਕਢਾ ਲਓ।.... ਮੈਂ ਬੂਹਾ ਖੋਹਲਦਾ ਹਾਂ, ਬਾਹਰ ਗਿਆਨੀ ਜ਼ੈਲ ਸਿੰਘ ਮੋਢੇ 'ਤੇ ਸੰਦ ਚੁੱਕੀ ਫਿਰਦਾ ਹੈ। ਪਹਿਰਾਵਾ ਉਹੀ ਹੈ, ਚਿੱਟਾ ਸਫੈਦ ਕੋਟ, ਵਿੱਚ ਗੁਲਾਬ ਦਾ ਫੁੱਲ ਵੀ ਟੰਗਿਆ ਹੈ। ਮੈਂ ਹੈਰਾਨ ਹਾਂ, ਇਹਨੂੰ ਕੀ ਲੋੜ ਪੈ ਗਈ ? ਉਸ ਨਾਲ ਗੱਲ ਕਰਨ ਬਾਰੇ ਸੋਚ ਹੀ ਰਿਹਾ ਹਾਂ, ਦੂਸਰੇ ਪਾਸਿਓਂ ਨਰਿੰਦਰ ਭਾਈ ਮੋਦੀ ਲੰਮਾ ਚੋਲਾ ਪਾਈ ਤੁਰਿਆ ਆ ਰਿਹਾ ਹੈ, ਪਿੱਛੇ ਕੁਝ ਚੇਲੇ ਹਨ, ਉਹਨਾਂ ਦੇ ਵੀ ਚੋਲੇ ਪਾਏ ਹੋਏ ਹਨ। ਮੋਦੀ ਦੇ ਹੱਥ ਵਿੱਚ ਕਾਸਾ ਫੜਿਆ ਹੋਇਆ ਹੈ। ਹੈਰਾਨ ਹਾਂ, ਇਹ ਅਚਾਨਕ ਕੀ ਹੋ ਗਿਆ। ਗਿਆਨੀ ਜ਼ੈਲ ਸਿੰਘ ਪਤਾ ਨਹੀਂ ਕਿਹੜੀ ਗਲੀ ਮੁੜ ਗਿਆ, ਮੋਦੀ ਤੇ ਉਸਦੇ ਸਾਰੇ ਚੇਲੇ ਗਊਆਂ ਦਾ ਝੁੰਡ ਬਣ ਗਿਆ ਸਾਹਮਣੇ ਇੱਕ ਢੱਠਾ ਤੁਰਿਆ ਆਉਂਦਾ ਦਿੱਸਿਆ, ਫਿਰ ਉਸ ਦਾ ਮੂੰਹ ਬੰਦੇ ਦਾ ਬਣ ਗਿਆ।.....

ਫਿਰ ਸਾਰੀਆਂ ਗਊਆਂ ਸਾਹਮਣੇ ਘਰ ਦੀ ਛੱਤ ਉੱਪਰ ਦਿੱਸਦੀਆਂ ਹਨ। ਮੇਰੇ ਪਿੱਛੇ ਬੇਬੇ ਜੀ ਖੜ੍ਹੀ ਹੈ, ਇਹ ਕਿੱਧਰੋਂ ਆ ਗਈ ? ਬੇਬੇ ਨੇ ਕਿਹਾ, "ਕੋਠੇ ਤੇ ਗਾਵਾਂ ਕੀਹਨੇ ਚੜ੍ਹਾਤੀਆਂ, ਹੁਣ ਕਿਵੇਂ ਹੇਠਾਂ ਲਾਹੁਣਗੇ ?" ਮੈਂ ਬੇਬੇ ਜੀ ਨਾਲ ਕੋਈ ਗੱਲ ਕਰਨ ਲੱਗਦਾ ਹਾਂ ਤਾਂ ਆਵਾਜ਼ ਹੀ ਨਹੀਂ ਨਿਕਲਦੀ..... ਮੈਂ ਬਾਰ ਬਾਰ ਗਲਾ ਮਲਦਾ ਹਾਂ, ਬੇਬੇ ਜੀ ਦੀ ਥਾਂ ਪਤਨੀ ਖੜ੍ਹੀ ਹੈ ਪਾਣੀ ਦਾ ਗਲਾਸ ਲਈ।.... ਪਾਣੀ ਪੀਂਦਾ ਹਾਂ, ਪਰ ਗਲਾ ਤਾਂ ਉਵੇਂ ਦਾ ਉਵੇਂ ਖੁਸ਼ਕ ਹੈ!.....

ਜਾਗ ਖੁੱਲ੍ਹ ਜਾਂਦੀ ਹੈ। ਮੂੰਹ ਸੁੱਕਿਆ ਪਿਐ, ਬਹੁਤ ਜ਼ੋਰ ਦੀ ਪਿਆਸ ਲੱਗੀ ਹੈ। ਕਿਚਨ ਵਿੱਚ ਜਾਕੇ ਪਾਣੀ ਪੀ ਕੇ, ਫਿਰ ਬੈੱਡ 'ਤੇ ਆ ਪੈਂਦਾ ਹਾਂ। ਸੁਫ਼ਨੇ ਬਾਰੇ ਸੋਚਣ ਲੱਗਦਾ ਹਾਂ। ਬਾਕੀ ਦੀ ਰਾਤ ਨੀਂਦ ਨਹੀਂ ਆਉਂਦੀ।

ਜਦੋਂ ਆਪਣੀ ਲਾਸ਼ ਵੇਖੀ :

-ਮੇਰੇ ਚਾਰ ਚੁਫੇਰੇ ਸਾਰੇ ਰੋ ਰਹੇ ਹਨ। ਬਾਪੂ ਜੀ, ਬੇਬੇ ਜੀ, ਮੇਰੀ ਵੱਡੀ ਭੈਣ, ਭਰਾ ਸਾਰੇ ਹਨ। ਮੈਂ ਸੀੜ੍ਹੀ ਉੱਪਰ ਪਿਆ ਸਭ ਵੇਖ ਰਿਹਾ ਹਾਂ। ਹੱਥ ਹਿਲਾਉਂਦਾ ਹਾਂ ਤਾਂ ਹੱਥ ਨਹੀਂ ਹਿਲਦੇ। ਲੱਤਾਂ ਵੀ ਸੁੰਨ ਹਨ। ਉੱਠਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਉੱਠ ਨਹੀਂ ਸਕਦਾ। ਬੋਲ ਕੇ ਪੁੱਛਣਾ ਚਾਹੁੰਦਾ ਹਾਂ, ਕੀ ਹੋਇਆ ? ਕੁਝ ਵੀ ਨਹੀਂ ਕਰ ਸਕਦਾ।... ਉਂਜ ਗੱਲਾਂ ਮੈਨੂੰ ਸੁਣਦੀਆਂ ਹਨ। ਮੇਰੇ ਬਾਰੇ ਆਖ ਰਹੇ ਹਨ। ਇੱਕ ਪਾਸੇ ਕੁਝ ਲੇਖਕ ਦੋਸਤ ਵੀ ਖੜ੍ਹੇ ਦਿਸਦੇ ਹਨ ਤੇ ਉਹ ਮੇਰੀ ਲਾਸ਼ ਵੱਲ ਦੇਖਦੇ ਮਿੰਨਾ ਮਿੰਨਾ ਮੁਸਕਰਾ ਰਹੇ ਹਨ। ਅਚਾਨਕ ਮੈਂ ਉਠ ਕੇ ਤੁਰਨ ਲੱਗਦਾ ਹਾਂ, ਸਭਨਾਂ ਦੇ ਉਪਰੋਂ ਦੀ ਤੁਰ ਰਿਹਾ ਹਾਂ। ਮੇਰੇ ਵੱਲ ਕੋਈ ਵੀ ਨਹੀਂ ਵੇਖ ਰਿਹਾ। ਮੈਂ ਹੈਰਾਨ ਹੁੰਦਾ ਹਾਂ... .ਅਜੀਬ ਹੈ, ਇਹ ਮੇਰੇ ਨਾਲ ਗੱਲਾਂ ਕਿਉਂ ਨਹੀਂ ਕਰਦੇ ? ਪਰ ਮੈਂ ਤਾਂ ਸੀੜ੍ਹੀ ਉੱਪਰ ਵੀ ਪਿਆ ਹਾਂ, ਫਿਰ ਇਹ ਦੂਸਰਾ ਕੌਣ ਹੈ ? ਫਿਰ ਕੁਝ ਜਣੇ ਸੀੜ੍ਹੀ ਨੂੰ ਮੋਢਿਆਂ ਉੱਪਰ ਰੱਖ ਕੇ ਤੁਰਦੇ ਹਨ ਤਾਂ ਗਲੀ ਵਿੱਚ ਭਿਆਨਕ ਅੱਗ ਲੱਗੀ ਹੋਈ ਹੈ।

**ਦੇਖੋ ਬਾਕੀ ਪੰਨਾ ਨੰ. 103**



# ਯੇ ਮੇਰੇ ਸਪਨੇ ਯਹੀ ਤੋ ਹੈਂ ਅਪਨੇ/ ਜਗਦੀਪ ਸਿੱਧੂ

ਸੁਪਨਿਆਂ ਦਾ ਸੰਸਾਰ ਇਕ ਅਲੱਗ ਤਰ੍ਹਾਂ ਦਾ ਸੰਸਾਰ ਹੁੰਦਾ ਹੈ। ਛੋਟੇ ਬੱਚੇ ਦੀਆਂ ਸੁੱਤੇ ਪਏ ਦੀ ਮੁਸਕਾਨਾਂ ਜਾ ਰੋਣਾ ਸਾਬਿਤ ਕਰਦਾ ਹੈ ਕਿ ਬੱਚਾ ਪੈਦਾ ਹੁੰਦਾ ਹੀ ਸੁਪਨੇ ਦੇਖਣ ਲੱਗ ਜਾਂਦਾ ਹੈ। ਮਾਪੇ ਇਸ ਨੂੰ ਅਗਿਆਨਤਾ ਕਾਰਨ, ਇਹ ਵੀ ਕਹਿੰਦੇ ਨੇ ਕਿ ਵਿਧ ਮਾਤਾ ਕਿਸਮਤ ਲਿਖ ਰਹੀ ਹੈ।

ਜਾਗਦੀ ਅੱਖ ਦੇ ਸੁਪਨੇ ਦੇਖਣਾ ਕਲਪਨਾਸ਼ੀਲ ਹੋਣਾ ਹੁੰਦਾ ਹੈ। ਇਹ ਵੀ ਚੰਗੈ, ਇਸ ਤਰ੍ਹਾਂ ਦੇ ਸੁਪਨੇ ਜ਼ਰੂਰ ਦੇਖਣੇ ਚਾਹੀਦੇ ਹਨ। ਸੁੱਤੇ ਪਏ ਸੁਪਨੇ ਵੀ ਸਾਡੀਆਂ ਮਹੱਤਵਕਾਂਸ਼ਾਵਾਂ ਸਾਡੇ ਡਰ, ਲੋਭ, ਰੀਝਾਂ 'ਚੋਂ ਹੀ ਨਿਕਲਿਆ ਸੰਸਾਰ ਹੁੰਦਾ ਹੈ।

ਬਚਪਨ ਵਿਚ ਪਰਿੰਦੇ, ਜਾਨਵਰ ਪਾਲਣ ਦਾ ਬੜਾ ਸ਼ੌਕ ਸੀ ਮੈਨੂੰ। ਮੈਂ ਜਾਗਦੀ ਅੱਖ ਨਾਲ਼ ਉਹਨਾਂ ਨੂੰ ਘਰ ਲਿਆਉਣ, ਉਹਨਾਂ ਨੂੰ ਖਵਾਉਣ ਤੇ ਖੇਡਣ ਦੇ ਸੁਪਨੇ ਦੇਖਦਾ। ਮੇਰਾ ਪਿਤਾ ਇਹਨਾਂ ਨੂੰ ਘਰ ਲਿਆਉਣ ਦੇ ਸਖ਼ਤ ਖ਼ਿਲਾਫ਼ ਹੁੰਦਾ, ਇਸ ਵਿਚ ਮਾਂ ਦਾ ਮੇਰੇ ਹੱਕ ਵਿਚ ਹੋਣਾ ਵੀ ਕੋਈ ਬਹੁਤਾ ਫਾਇਦੇਮੰਦ ਨਹੀਂ ਸੀ। ਪਿਤਾ ਦੀ ਦਲੀਲ ਹੁੰਦੀ ਸੀ ਕਿ ,"ਤੂੰ ਸਾਰਾ ਦਿਨ ਤਾਂ ਆਹ ਡੰਡਿਆਂ (ਕ੍ਰਿਕਟ) ਜਿਹਾਂ ਨਾਲ਼ ਖੇਡਦਾ ਰਹਿਨਾਂ, ਫਿਰ ਇਹਨਾਂ ਨੂੰ ਕਿਹੜਾ ਸੰਭਾਲੂ, ਇਹ ਤੇਰਾ ਚਾਰ ਦਿਨ ਦਾ ਸ਼ੌਕ ਹੈ।" ਮੈਨੂੰ ਲੱਗਦਾ ਕਿ ਉਹਨਾਂ ਡੰਡਿਆਂ ਨੇ ਮੇਰੇ ਪਰਿੰਦੇ, ਜਾਨਵਰ ਭਜਾ ਦਿੱਤੇ। ਫੇਰ ਮੈਨੂੰ ਇਹਨਾਂ ਸਭ ਦੇ ਰਾਤੀ ਬਹੁਤ ਸੁਪਨੇ ਆਉਂਦੇ। ਮੇਰੀਆਂ ਅਧੂਰੀਆਂ ਖਾਹਿਸ਼ਾਂ ਜ਼ੋਰ ਮਾਰਦੀਆਂ। ਇਸ ਤਰ੍ਹਾਂ ਇਹ ਮੇਰੇ ਸੁਪਨਿਆਂ ਦੀ ਨੀਂਹ ਸਮਝ ਲਵੋ। ਫੇਰ ਵੱਡੇ ਹੋਣ ਦੇ ਨਾਲ਼-ਨਾਲ਼ ਇਹ ਉਡਾਰ ਹੋ ਗਏ।

ਮੇਰੇ ਹੁਣ ਦੇ ਸੁਪਨਿਆਂ ਦਾ ਸੰਸਾਰ ਵੀ ਮੇਰੇ ਮੌਜੂਦਾ ਜੀਵਨ ਨਾਲ਼ੋਂ ਕਿਸੇ ਤਰ੍ਹਾਂ ਵੀ ਅਲੱਗ ਨਹੀਂ ਹੈ। ਜਿੱਥੇ ਮੇਰਾ ਬਚਪਨ, ਮੇਰਾ ਹੁਣ ਪੂਰੀ ਤਰ੍ਹਾਂ ਰਲਗੱਡ ਹੋਇਆ ਪਿਆ ਹੈ। ਕਿਤੇ ਮੇਰੀ ਮਾਂ ਮੈਨੂੰ ਹਾਕਾਂ ਮਾਰ ਰਹੀ ਹੈ, 'ਵੇ ਆ ਜਾ, ਹੁਣ ਤਾਂ ਘਰੇ ਵੜਜਾ, ਆਥਣ ਹੋ ਗਿਆ।' ਕਿਤੇ ਮੈਂ ਬਾਟੀਆਂ ਨਾਲ਼ ਚਾਹ ਠੰਢੀ ਕਰਦਾ ਝੱਗੋ-ਝੱਗ ਕਰ ਰਿਹਾ ਹਾਂ। ਕਿਸੇ ਸੁਪਨੇ ਵਿਚ ਮੇਰਾ ਗੁਜ਼ਰ ਚੁੱਕਾ ਪਿਤਾ ਮੈਨੂੰ ਨਸੀਹਤਾਂ ਦੇ ਰਿਹਾ ਹੈ। ਕਦੇ-ਕਦੇ ਮੈਨੂੰ ਮੇਰੀਆਂ ਮਾਮੀਆਂ, ਮਾਸੀਆਂ, ਭਾਬੀਆਂ ਦਿੱਸਦੀਆਂ ਨੇ। ਵਿੱਚੇ ਹੀ ਮੇਰੀ ਵਿਛੜ ਚੁੱਕੀ ਮਹਿਬੂਬਾ ਘੁੰਮ ਰਹੀ ਹੈ।

ਫੁੱਟਬਾਲ ਖੇਡਣ ਦਾ ਬਹੁਤ ਸ਼ੌਂਕ ਸੀ। ਜ਼ਿੰਦਗੀ ਦਾ ਇਕ ਹਿੱਸਾ ਇਸ ਨੂੰ ਪਿਆਰਣ ਵਿਚ ਹੀ ਗੁਜ਼ਰਿਆ। ਨੈਸ਼ਨਲ ਪੱਧਰ ਤੱਕ ਖੇਡਿਆ। ਇਸ ਨਾਲ਼ ਜੁੜੀਆਂ ਕਿੰਨੀਆਂ ਖਾਹਿਸ਼ਾਂ ਅਧੂਰੀਆਂ ਰਹਿ ਗਈਆਂ। ਇਸ ਨੇ ਇਕ ਵਿਸ਼ਾਲ ਅਨੁਭਵ ਦਿੱਤਾ। ਇਸ ਨੇ ਜਿੱਤਣਾ, ਹਾਰਨਾ ਸਿਖਾਇਆ। ਆਪਸੀ ਸਾਂਝ, ਏਕੇ ਵਿਚ ਬਰਕਤ ਸਿਖਾਈ, ਤੇ ਸਭ ਤੋਂ ਕੀਮਤੀ ਚੀਜ਼ ਸਹੀ ਸਮੇ 'ਤੇ ਫੈਸਲਾ ਲੈਣਾ ਸਿਖਾਇਆ। ਇਹ ਪੈਰਾਂ ਨਾਲ਼ ਹੀ ਕੀਤਾ ਅਲੱਗ ਤਰ੍ਹਾਂ ਦਾ ਸਫ਼ਰ ਹੈ।

ਮੇਰੀ ਰਫ਼ਤਾਰ ਬਹੁਤ ਸੀ, ਫੁੱਟਬਾਲ ਖੇਡਣ ਵੇਲੇ ਜਾਂ ਦੌੜਣ ਵੇਲੇ ਮੈਂ ਸਭ ਨੂੰ ਪਿੱਛੇ ਛੱਡ ਜਾਂਦਾ ਸੀ।

ਦਿਨ ਨੂੰ ਕਿਸੇ ਬੱਚੇ ਨੂੰ ਜਾਂ ਕਿਸੇ ਚੜ੍ਹਦੀ ਉਮਰ ਦੇ ਮੁੰਡੇ ਨੂੰ ਗਰਾਊਂਡ ਵਿਚ ਟਰੈਕ ਦੇ ਚੱਕਰ ਲਾਉਂਦੇ ਜਾਂ ਕੋਈ ਖੇਡ ਖੇਡਦੇ ਦੇਖਦਾ ਹਾਂ ਤਾਂ ਉਹਨਾਂ ਹੀ ਇਕ ਦੋ ਰਾਤਾਂ ਵਿਚ ਮੈਨੂੰ ਇਹ ਸੁਪਨਾ ਜ਼ਰੂਰ ਆਉਂਦਾ ਹੈ। ਮੈਂ ਬਹੁਤ ਤੇਜ਼ ਦੌੜ ਰਿਹਾਂ। ਏਨਾ ਤੇਜ਼ ਕਿ ਪਹਾੜ, ਰੇਗਿਸਤਾਨ,

ਨਦੀਆਂ ਸਭ ਪਾਰ ਕਰ ਜਾਂਦਾ ਹਾਂ। ਵਿਹਲੇ ਸਮੇ ਕਦੀ ਇਸ ਸੁਪਨੇ ਬਾਰੇ ਸੋਚਦਾਂ ਕਿ ਸ਼ਾਇਦ ਮੇਰਾ ਹੁਣ ਓਨਾ ਨਾ ਭੱਜਣ, ਉਹੋ ਜਿਹਾ ਨਾ ਰਹਿਣ ਕਰਕੇ ਦੁੱਖ ਹੈ। ਜਿਹੜਾ ਮੈਨੂੰ ਇਸ ਤਰ੍ਹਾਂ ਨਜ਼ਰ ਆਉਂਦਾ ਹੈ।

ਕਦੇ-ਕਦੇ ਮੈਨੂੰ ਇਉਂ ਵੀ ਲੱਗਦੈ ਕਿ ਹੁਣ ਮੈਂ ਜੋ ਕਵਿਤਾ ਲਿਖਦਾ ਹਾਂ, ਉਸ ਵਿਚ ਮੈਨੂੰ ਨਦੀਆਂ, ਪਹਾੜਾਂ, ਸਮੁੰਦਰਾਂ, ਰੇਗਿਸਤਾਨਾਂ ਦੇ ਬਿੰਬ ਸਿਰਜਣੇ ਚੰਗੇ ਲੱਗਦੇ ਨੇ, ਉਹ ਇਸ ਕਰਕੇ ਤਾਂ ਨਹੀਂ ਕਿ ਮੇਰੀ ਉਡਾਰੀ ਅਧੂਰੀ ਰਹਿ ਗਈ ਹੈ।

ਕਦੇ ਵਿਹਲਾ ਬੈਠਾ ਇਹਨਾਂ ਸੁਪਨਿਆਂ ਦੀ ਤੰਦ ਖਿੱਚਣ ਲੱਗਦਾਂ ਤਾਂ ਦੁੱਖ ਤੇ ਖੁਸ਼ੀ ਦੇ ਰਲੇ-ਮਿਲੇ ਭਾਵਾਂ ਨਾਲ਼ ਭਰ ਜਾਂਦਾ ਹਾਂ।

ਇਸ ਤਰ੍ਹਾਂ ਇਹ ਹੀ ਇਹ ਦੋ ਸੁਪਨੇ ਮੈਨੂੰ ਅਕਸਰ ਆਉਂਦੇ ਨੇ। ਇਕ ਵਿਚ ਮੈਂ ਖੁਸ਼ੀ ਵਿਚ ਖੀਵਾ ਹੋ ਜਾਂਦਾ ਹਾਂ ਤੇ ਦੂਜੇ ਵਿਚ ਡੂੰਘੀ ਉਦਾਸੀ ਵਿਚ ਲਹਿ ਜਾਂਦਾ ਹਾਂ।

ਪਹਿਲੇ ਸੁਪਨੇ ਵਿਚ ਫੁੱਟਬਾਲ ਦਾ ਮੈਚ ਹੋ ਰਿਹਾ ਹੈ। ਮੈਂ ਖਿਡਾਰੀ ਦੇ ਤੌਰ 'ਤੇ ਹਿੱਸਾ ਲੈ ਰਿਹਾਂ। ਆਲਾ-ਦੁਆਲਾ ਦਰਸ਼ਕਾਂ ਨਾਲ਼ ਭਰਿਆ ਪਿਆ ਹੈ। ਸਾਰੇ ਖਿਡਾਰੀ ਮੈਦਾਨ ਵਿਚ ਪੁੱਜ ਚੁੱਕੇ ਹਨ। ਰੈਫਰੀ ਨੇ ਮੈਚ ਸ਼ੁਰੂ ਕਰਨ ਵਾਲੀ ਲੰਬੀ ਸੀਟੀ ਮਾਰੀ ਹੈ। ਸੀਟੀ ਨਾਲ਼ ਇਉਂ ਲੱਗਦਾ ਜਿਉਂ ਤੁਹਾਡੇ ਦਿਲ ਦੇ ਤਾਰਾਂ ਨੂੰ ਕਿਸੇ ਨੇ ਛੇੜਿਆ ਹੋਵੇ ਪਿਆਰ ਵਿਚ, ਝਰਨਾਹਟ ਜਿਹੀ ਉੱਠਦੀ ਹੈ। ਇਹ ਫੁੱਟਬਾਲ ਨਾਲ਼ ਪਿਆਰ ਦਾ ਸਬੂਤ ਹੈ। ਲੋਕਾਂ ਤੇ ਸਾਥੀ ਖਿਡਾਰੀਆਂ ਨੂੰ ਮੇਰੇ ਤੋਂ ਬਹੁਤ ਆਸਾਂ ਹਨ। ਉਹ ਮੇਰਾ ਹੌਸਲਾ ਵਧਾਉਂਦੇ ਹਨ। ਸਾਥੀ, ਫੁੱਟਬਾਲ ਵਿਰੋਧੀ ਖਿਡਾਰੀਆਂ ਤੋਂ ਖੋਹ ਕੇ ਮੈਨੂੰ ਦਿੰਦੇ ਹਨ। ਮੈਂ ਵਿਰੋਧੀ ਖਿਡਾਰੀਆਂ ਨਾਲ਼ ਸੰਘਰਸ਼ ਕਰਦਾ ਹਾਂ ਤੇ ਸਭ ਨੂੰ ਝਕਾਨੀ ਦੇ ਕੇ ਗੋਲ ਕਰ ਦਿੰਦਾ ਹਾਂ। ਮੈਂ ਖੁਸ਼ੀ ਦੇ ਮਾਰੇ ਚੀਕਦਾ ਹਾਂ। ਮੇਰੇ ਧਰਤੀ 'ਤੇ ਪੈਰ ਨਹੀਂ ਲੱਗ ਰਹੇ ਤੇ ਸਾਥੀ ਖਿਡਾਰੀ ਵੀ ਮੈਨੂੰ ਮੋਢਿਆਂ 'ਤੇ ਚੁੱਕ ਲੈਂਦੇ ਹਨ।

ਦੂਜੇ ਸੁਪਨੇ ਵਿਚ ਮੈਂ ਆਪਣੇ-ਆਪ ਨੂੰ ਘਿਰਿਆ ਮਹਿਸੂਸ ਕਰ ਰਿਹਾ ਹਾਂ। ਫੁੱਟਬਾਲ ਪ੍ਰਾਪਤ ਕਰਨ ਤੋਂ ਬਾਅਦ ਵਿਰੋਧੀ ਖਿਡਾਰੀ ਮੈਥੋਂ 'ਕੱਠੇ ਹੋ ਕੇ ਫੁੱਟਬਾਲ ਖੋਹਣ ਦੀ ਕੋਸ਼ਿਸ਼ ਕਰਦੇ ਹਨ। ਕੋਈ ਮੇਰੀ ਜਰਸੀ ਫੜਦਾ ਹੈ, ਕੋਈ ਮੈਨੂੰ ਧੱਕਾ ਮਾਰਦਾ ਹੈ। ਸਾਥੀ ਖਿਡਾਰੀ ਵੀ ਮੈਨੂੰ ਪਾਸ ਨਹੀਂ ਦਿੰਦੇ। ਖੇਡ ਦੇ ਵਿਚਕਾਰ ਮੀਂਹ ਪੈਣਾ ਸ਼ੁਰੂ ਹੋ ਜਾਂਦਾ ਹੈ ਤੇ ਖੇਡ ਜਾਰੀ ਰਹਿੰਦੀ ਹੈ, ਸਾਰੇ ਹੀ ਤਿਲਕ ਰਹੇ ਨੇ। ਮੈਥੋਂ ਗੋਲ ਪੋਸਟਾਂ ਦੇ ਸਾਹਮਣੇ ਹੋਣ ਦੇ ਬਾਵਜੂਦ ਗੋਲ ਨਹੀਂ ਹੋ ਰਿਹਾ। ਮੈਂ ਆਪਣੇ-ਆਪ ਨੂੰ ਬੇਬੱਸ ਮਹਿਸੂਸ ਕਰਦਾ ਹਾਂ। ਸਭ ਕੁਝ ਤਿਲਕਣਬਾਜੀ ਹੀ ਲੱਗਦਾ ਹੈ। ਇਹ ਮੈਨੂੰ ਆਪਣੀ ਜ਼ਿੰਦਗੀ ਦਾ ਤਾਣਾ-ਬਾਣਾ ਹੀ ਲੱਗਦਾ ਹੈ।

ਫੇਰ ਐਵੇਂ ਹੀ ਮੈਨੂੰ ਆਪਣੇ ਨਾਨਕਿਆਂ ਦੇ ਬੜੇ ਸੁਪਨੇ ਆਉਂਦੇ ਨੇ। ਨਾਨਕਿਆਂ ਨਾਲ ਬੜਾ ਤੇਹ ਸੀ ਮੇਰਾ। ਛੋਟਾ ਹੁੰਦਾ ਮੈਂ ਸਾਰੀਆਂ ਗਰਮੀਆਂ ਦੀ ਛੁੱਟੀਆਂ ਉਥੇ ਹੀ ਕੱਟਦਾ। ਗੁੜ ਵਾਲੀ ਘੁਲਾੜੀ 'ਤੇ ਜਾਣਾ, ਫਸਲਾਂ, ਖੇਤ, ਗੱਡਾ। ਪੇਂਡੂ ਜੀਵਨ ਦਾ ਅਨੁਭਵ ਮੈਨੂੰ ਉਥੋਂ ਹੀ ਮਿਲਿਆ। ਘਰਦਿਆਂ ਨਾਲ਼ ਹੀ ਨਹੀਂ, ਸਗੋਂ ਆਂਢ-ਗੁਆਂਢ ਦੀਆਂ ਘਰਾਂ 'ਚੋਂ ਲੱਗਦੀਆਂ ਮਾਸੀਆਂ, ਮਾਮੀਆਂ, ਭਾਬੀਆਂ ਨਾਲ਼ ਬੜਾ ਮੋਹ ਸੀ ਮੇਰਾ। ਜੋਗਾ (ਨਾਨਕਾ ਪਿੰਡ) ਸੁਨੱਖੀਆਂ ਔਰਤਾਂ ਕਰਕੇ ਵੀ ਮਸ਼ਹੂਰ ਹੈ। ਵਿਆਹੀਆਂ ਆਈਆਂ ਤ੍ਰੀਮਤਾਂ 'ਤੇ ਵੀ ਇਹਦਾ ਅਸਰ ਹੋ ਜਾਂਦਾ ਸੀ।

ਸੁਪਨੇ ਵਿਚ ਮੈਂ ਦੇਖਦਾਂ ਹਾਂ ਸਾਰੀਆਂ ਔਰਤਾਂ ਕੱਠੀਆਂ ਬੈਠੀਆਂ ਚਰਖਾ ਕੱਤ ਰਹੀਆਂ



ਹਨ। ਉਹਨਾਂ ਵਿਚ ਮਾਂ ਵੀ ਸ਼ਾਮਿਲ ਹੋ ਜਾਂਦੀ ਹੈ। ਮੈਂ ਸੱਤਾਂ ਅੱਠਾਂ ਸਾਲਾਂ ਦਾ ਉਥੇ ਹੀ ਚਰਖੇ ਵਾਂਗੂ ਘੁੰਮੀ ਜਾਨਾਂ। ਮੇਰੀ ਨਜ਼ਰ ਮਾਸੀਆਂ, ਮਾਮੀਆਂ ਦੇ ਚਿਹਰੇ ਤੋਂ ਹੱਟਦੀ ਨਹੀਂ। ਉਹਨਾਂ ਦਾ ਕਣਕ ਵੰਨਾ ਰੰਗ, ਤਿੱਖੇ ਨੈਣ-ਨਕਸ਼ ਬਹੁਤ ਭਾਉਂਦੇ ਨੇ ਮੈਨੂੰ, ਹੁਣ ਵੀ ਮੈਨੂੰ ਦੁਨੀਆ ਦੇ ਸੋਹਣੇ ਚਿਹਰਿਆਂ ਵਿਚੋਂ ਉਹੀ ਨਕਸ਼ ਦਿੱਸਦੇ ਨੇ।

ਕਦੀ-ਕਦੀ ਮਾਂ ਦਿੱਸਦੀ ਹੈ, ਆਪਣੇ ਅੱਗੜ-ਪਿੱਛੜ ਮਰੇ ਤਿੰਨਾ ਭਰਾਵਾਂ ਨੂੰ ਰੋਂਦੀ ਹੋਈ, ਮੇਰੇ ਸਮੇਤ ਕਿੰਨੇ ਲੋਕ ਉਸ ਨੂੰ ਵਰ੍ਹਾਉਂਦੇ ਹਨ। ਹੌਲ਼ੀ-ਹੌਲ਼ੀ ਮਾਂ ਦੇ ਕੱਤੇ ਗਲੋਟੇ ਮੈਨੂੰ ਚਿੱਟੀ ਚੁੰਨੀ ਵਿਚ ਬਦਲ ਗਏ ਲੱਗਦੇ ਨੇ।

ਪਿਤਾ ਨੂੰ ਗੁਜ਼ਰੇ ਵੀਹ ਸਾਲ ਤੋਂ ਉੱਪਰ ਹੋ ਗਏ ਨੇ। ਲੱਗਦਾ ਜਿਵੇਂ ਉਹ ਗਿਆ ਹੀ ਨਹੀਂ, ਹਰ ਗੱਲ ਵਿਚ ਉਹਦਾ ਦਖ਼ਲ ਹੈ, ਤਿੰਨ ਜਨਵਰੀ ਨੂੰ ਪੂਰਾ ਹੋਇਆ। 31 ਦਸੰਬਰ ਨੂੰ ਰਾਤੀਂ ਜਦ ਅਸੀਂ ਟੀ.ਵੀ 'ਤੇ ਨਵੇਂ ਸਾਲ ਦਾ ਪ੍ਰੋਗਰਾਮ ਦੇਖ ਕੇ ਸੁੱਤੇ ਸਾਂ, ਠੰਢ ਹੋਣ ਕਾਰਨ ਉਹਨੇ ਸਾਡੇ ਭਰਾਵਾਂ 'ਤੇ ਇਕ ਹੋਰ ਕੰਬਲ ਦਿੱਤਾ ਸੀ। ਤੇ ਦੋ ਦਿਨਾਂ ਬਾਅਦ ਅਸੀਂ ਉਸ ਉੱਪਰ ਖੱਫ਼ਨ ਦਿੱਤਾ।

ਉਹਦਾ ਇਕ ਸੁਪਨਾ ਅਜੇ ਵੀ ਮੈਨੂੰ ਆਉਂਦਾ ਹੈ। ਉਹ ਪੀਲਾ ਪਰਨਾ ਬੰਨ੍ਹੀ ਘਰ ਦੇ ਬਾਹਰ ਖੜ੍ਹਾ ਹੈ। ਘਰ ਦਾ ਰਖਵਾਲਾ ਸੀ ਉਹ। ਮੈਨੂੰ ਹਮੇਸ਼ਾਂ ਨਸੀਹਤਾਂ ਦਿੰਦਾ, 'ਖੇਡਣ-ਖੁਡਣ ਵਿਚ ਕੁਝ ਨਹੀਂ ਰੱਖਿਆ, ਕੁਝ ਨਹੀਂ ਮਿਲਣਾ ਇਸ 'ਚੋਂ। ਪੜ੍ਹਾਈ ਕਰਿਆ ਕਰ। ਹਿਸਾਬ 'ਚ ਕਮਜ਼ੋਰ ਹੈਂ ਤੂੰ।' ਦੇਖ ਪਾਪਾ, ਵੀਹ ਸਾਲ ਤਿੰਨ ਮਹੀਨੇ ਦਸ ਦਿਨ ਹੋ ਗਏ ਤੈਨੂੰ ਗਏ ਨੂੰ।

ਜਿਸ ਸਕੂਲ ਵਿਚ ਮੈਂ ਮੁੱਢਲੀ ਸਿੱਖਿਆ ਹਾਸਲ ਕੀਤੀ, ਉਹ ਸਕੂਲ ਸਾਡੇ ਘਰ ਦੇ ਬਿਲਕੁਲ ਸਾਹਮਣੇ ਸੀ। ਲਗਭਗ ਦਸ ਏਕੜ ਵਿਚ ਫ਼ੈਲਿਆ ਹੋਇਆ। ਮੈਂ ਕਿਤੇ ਵੀ ਜਾਵਾਂ, ਕਿਤੇ ਵੀ ਰਹਾਂ, ਉਹ ਮੇਰੇ ਨਾਲ਼ ਰਹਿੰਦਾ ਹੈ।

ਫੇਰ ਰਾਤ ਦੇ ਹਨੇਰੇ ਵਿਚ ਮੈਨੂੰ ਇਸ ਦਸ਼ਮੇਸ਼ ਸਕੂਲ ਦੇ ਸੁਪਨੇ ਆਉਂਦੇ ਨੇ, ਜਿਵੇਂ ਅਸੀਂ ਫੁੱਟਬਾਲ ਖੇਡ ਰਹੀਏ ਹੋਈਏ। ਗੋਲ ਹੋਣ ਵੇਲੇ, ਖੁਸ਼ੀ ਵਿਚ ਸਾਡੀਆਂ ਬਾਹਾਂ ਉੱਠਣ 'ਤੇ ਧੂੜ ਵੀ ਉੱਚਾ ਉੱਠ ਕੇ ਸਾਡਾ ਸਾਥ ਦੇ ਰਹੀ ਹੋਵੇ।

ਸਕੂਲ ਦਾ ਵੱਡਾ ਸਾਰਾ ਮੈਦਾਨ ਦੱਸਦਾ ਸੀ ਕਿ ਮੇਰੇ ਸਾਹਮਣੇ ਜਿੱਤਣ ਲਈ ਵਿਸ਼ਾਲ ਖੇਤਰ ਪਿਆ ਹੈ।

ਹੁਣ ਜਦ ਮਹੀਨਿਆਂ ਬਾਅਦ ਘਰ ਜਾਈਦੈ, ਉਸ ਵਿਚ ਹੋਰ ਉਸਾਰੀਆਂ ਹੋ ਗਈ ਹੁੰਦੀਆਂ ਹਨ। ਮੈਦਾਨ ਨਾ-ਮਾਤਰ ਰਹਿ ਗਿਆ ਹੈ। ਹੁਣ ਆਪਣੇ-ਆਪ ਨੂੰ ਫਸਿਆ, ਘੁੱਟਿਆ-ਘੁੱਟਿਆ ਮਹਿਸੂਸ ਕਰਦਾ ਹਾਂ।

ਇਕ ਅਰਸਾ ਪਹਿਲਾਂ ਵਿਛੜ ਚੁੱਕੀ ਮੇਰੀ ਮਹਿਬੂਬਾ ਦੇ ਸੁਪਨੇ ਮੈਨੂੰ ਅਕਸਰ ਕੁਝ ਦਿਨ ਹੀ ਜ਼ਿਆਦਾ ਆਉਂਦੇ ਨੇ। ਇਹ ਮਹੀਨੇ ਹਨ, ਜਨਵਰੀ ਤੋਂ ਲੈ ਕੇ ਅਪ੍ਰੈਲ ਤੱਕ, ਸ਼ਾਇਦ ਇਹ ਤਾਂ ਕਰਕੇ ਹੈ ਕਿ ਇਹ ਉਸ ਦੇ ਮਿਲਣ, ਵਿਛੜਣ ਦੇ ਦਿਨ ਸਨ।

ਇਕ ਸੁਪਨਾ ਆਉਂਦਾ ਹੈ ਕਿ ਉਹਦੀ ਮੰਗਣੀ ਹੋ ਰਹੀ ਹੈ। ਉਹ ਬਹਾਨੇ ਲਾਉਂਦੀ ਹੈ, ਇਹ ਵੀ ਕਹਿੰਦੀ ਹੈ, ਮੁੰਦਰੀ ਮੇਚ ਨਹੀਂ ਆ ਰਹੀ। ਮੈਂ ਸੋਚਦਾਂ, 'ਜੀਹਨੇ ਕਰਨੀ ਉਹਨਾਂ ਬਹਾਨੇ ਨਹੀਂ ਚੱਲਣ ਦੇਣੇ, ਕਿਸੇ ਨਾ ਕਿਸੇ ਉਂਗਲ ਵਿਚ ਉਹਨਾਂ ਫਸਾ ਹੀ ਦੇਣੀ ਹੈ। ਗੱਲ ਤਾਂ ਹੱਥ ਕਾਬੂ ਕਰਨ ਦੀ ਹੈ।'

ਫੇਰ ਮੈਂ ਉਸ ਨਾਲ਼ ਫੋਨ 'ਤੇ ਢੇਰ ਸਾਰੀਆਂ ਗੱਲਾਂ ਕਰਦਾ ਹਾਂ,ਫ਼ੇਰ ਵਿਚ ਜੇ ਕੋਈ ਹੋਰ

ਕੁੜੀ ਗੱਲਾਂ ਕਰਨ ਲੱਗ ਜਾਂਦੀ ਹੈ। ਪਹਿਲੀ ਦੀ ਵਿਚੇ ਹੀ ਬੜੀ ਤੀਬਰਤਾ ਨਾਲ਼ ਯਾਦ ਆਉਂਦੀ ਹੈ। ਦੋਵੇਂ ਰੱਲਗੱਡ ਜਿਹੀਆਂ ਹੋ ਜਾਂਦੀਆਂ ਹਨ। ਫੇਰ ਮੈਥੋਂ ਸਾਰਾ ਦਿਨ ਫੋਨ ਲਗਾਉਣ 'ਤੇ ਵੀ ਨਹੀਂ ਲੱਗਦਾ। ਕਿਤੇ ਟੈਲੀਫੋਨ ਵਾਲੀ ਤਾਰ ਖੰਭੇ ਤੋਂ ਟੁੱਟੀ ਨਜ਼ਰ ਆਂਉਂਦੀ ਹੈ ਤੇ ਕਦੇ ਮੇਰਾ ਫੋਨ ਹੀ ਪਿੱਛੋਂ ਡੈਡ ਨਜ਼ਰ ਆਉਂਦਾ ਹੈ। ਉਹਦੀ 'ਵਾਜ ਤਾਂ ਕੀ ਰਿੰਗ ਟੋਨ ਦਾ ਵੀ ਤਰਸੇਵਾਂ ਹੋ ਜਾਂਦਾ ਹੈ।

ਰਾਤ ਦੇ ਸੁਪਨੇ ਤੋਂ ਬਾਅਦ ਦੂਜੇ ਦਿਨ ਮੈਂ ਭਾਰੀ ਉਦਾਸੀ ਵਿਚੋਂ ਗੁਜ਼ਰਦਾ ਹਾਂ। ਚੀਜ਼ਾਂ ਹੱਥੋਂ ਛੁੱਟ-ਛੁੱਟ ਜਾਂਦੀਆਂ ਨੇ। ਦਫ਼ਤਰੋਂ ਆ ਕੇ ਆਨੀ-ਬਹਾਨੀ ਬਾਜ਼ਾਰ ਚਲਾ ਜਾਨਾਂ ਫੇਰ ਸੈਰ। ਐਂ ਭਲਾਂ ਕੋਈ ਪਿੱਛੇ ਕਿਵੇਂ ਛੁੱਟਦੈ।

ਹੁਣ ਜਦ ਮੈਂ ਮਾਨਸਾ ਛੱਡ ਕੇ ਚੰਡੀਗੜ੍ਹ ਵਾਲੇ ਇਲਾਕੇ ਵਿਚ ਵਸ ਗਿਆ ਹਾਂ। ਮੈਨੂੰ ਆਪਣੇ ਸ਼ਹਿਰ ਦੇ ਬਹੁਤ ਸੁਪਨੇ ਆਉਂਦੇ ਨੇ। ਉਹ ਗਲੀਆਂ ਦੇ ਨਾਂਅ ਮੈਨੂੰ ਅਜੇ ਵੀ ਚੇਤੇ ਨੇ, ਚੰਦ ਸਿੰਘ ਚਹਿਲ ਵਾਲੀ ਗਲੀ, ਲਾਭ ਸਿੰਘ ਵਾਲੀ ਗਲੀ, ਮਿੱਢੇ ਵਾਲੀ ਗਲੀ। ਇਨਸਾਨੀ ਨਾਂਅ ਵਾਲੀਆਂ ਇਹ ਗਲੀਆਂ, ਨਿਰੇ-ਪੁਰੇ ਇਨਸਾਨ ਹੀ ਸਨ। ਜਿਨ੍ਹਾਂ ਨੂੰ ਮਿਲੇ ਬਿਨਾਂ ਇਕ ਪਲ ਵੀ ਨਹੀਂ ਸੀ ਰਹਿ ਹੁੰਦਾ। ਜਿਵੇਂ ਚੰਗੇ ਇਨਸਾਨਾਂ ਨੂੰ ਮਿਲ ਕੇ ਕੋਈ 'ਰਾਹ' ਨਿਕਲ ਆਉਂਦਾ ਹੈ, ਇਵੇਂ ਹੀ ਕਿਸੇ ਵੀ ਗਲੀ ਵਿਚ ਜਾਵੋ, ਤੁਹਾਨੂੰ ਮੰਜ਼ਿਲ 'ਤੇ ਪਹੁੰਚਾਉਣ ਵਾਲਾ ਰਾਹ ਨਿਕਲ ਹੀ ਆਵੇਗਾ।

ਪਰ ਇਹਨਾਂ ਸੰਬੰਧੀ ਮੇਰੇ ਸੁਪਨੇ ਆਪਸ ਵਿਚ ਇਸ ਤਰ੍ਹਾਂ ਮਿਲ ਜਾਂਦੇ ਹਨ ਕਿ ਪਤਾ ਹੀ ਨਹੀਂ ਲੱਗਦਾ, ਸਭ ਕੁਝ ਰਲਗੱਡ ਹੋ ਜਾਂਦਾ ਜੁੜ ਜਾਂਦਾ, ਚੇਨ ਵਾਂਗ, ਇਹਨਾਂ ਗਲੀਆਂ ਵਾਂਗ। ਇਕ ਸੁਪਨੇ ਵਿਚ ਮੈਨੂੰ ਦਿੱਸਦਾ ਹੈ ਕਿ ਅਸੀਂ ਗਲੀ ਵਿਚ ਫੜਣ-ਫੜਾਈ ਖੇਡ ਰਹੇ ਹਾਂ, ਪਰ ਵਿਚ ਜੇ ਕੁਝ ਮੁੰਡੇ ਲੁਕ ਜਾਂਦੇ ਹਨ, ਪਰਲੇ ਬੰਨੇ ਬਾਂਦਰ ਕਿੱਲੇ ਵਾਲਾ ਜੁੱਤੀਆਂ ਦਾ ਢੇਰ ਪਿਆ ਹੈ। ਇਸ ਤਰ੍ਹਾਂ ਉਲਝੇ ਹੋਏ ਸੁਪਨੇ ਮੈਨੂੰ ਅਕਸਰ ਆਉਂਦੇ ਨੇ।

ਕੁਝ ਵੀ ਹੈ, ਮੇਰੇ ਸੁਪਨਿਆਂ ਨਾਲ਼ ਮੇਰੀ ਹੁਣ ਦੀ ਜਾਂ ਗੁਜ਼ਰ ਚੁੱਕੇ ਜੀਵਨ ਦੀ ਕੋਈ ਤੰਦ ਜ਼ਰੂਰ ਜੁੜੀ ਹੋਈ ਹੈ। ਮੈਂ ਸੋਚਦਾਂ ਕਿ ਜੇ ਇਹ ਵੀ ਨਾ ਹੋਣ ਤਾਂ ਜ਼ਿੰਦਗੀ ਕਿੰਨੀ ਅਧੂਰੀ ਤੇ ਖ਼ਾਲੀ-ਖ਼ਾਲੀ ਲੱਗੇਗੀ। ਇਸ ਲਈ ਲੇਖ ਦਾ ਨਾਂਅ ਵੀ ਮੈਂ ਇਸ ਤਰ੍ਹਾਂ ਦਾ ਹੀ, ਪੁਰਾਣੀ ਹਿੰਦੀ ਫਿਲਮ ਦੇ ਗੀਤ ਦੀ ਇਸ ਸਤਰ 'ਤੇ ਹੀ ਰੱਖਿਆ ਹੈ, 'ਯੇ ਮੇਰੇ ਸਪਨੇ ਯਹੀ ਤੋਂ ਹੈਂ ਅਪਨੇ।'

-8283826876

---


## ਪਹਿਲਾ ਪਿਆਰ ਅਤੇ ਹੋਰ ਲੇਖ

ਬਰਜਿੰਦਰ ਸਿੰਘ ਸਿੱਧੂ

ਗੋਰਕੀ ਪਬਲਿਸ਼ਰਜ਼, ਲੁਧਿਆਣਾ




**ਯਾਤਰਾ**

# ਇੰਸਬਰੁੱਕ/ਅਨੁਰਾਧਾ ਬੇਨੀਵਾਲ

### ਪੇਸ਼ਕਸ਼ ਸ਼ੈਲੀ

ਇੰਸਰਬਰੁੱਕ ਜਾ ਰਹੀ ਸੀ। ਪਤਾ ਨਹੀਂ ਕਿਉਂ! ਤੇ ਪਤਾ ਕਿਵੇਂ ਨਹੀਂ? ਪਰਾਗ ਦੇ ਉਨ੍ਹਾਂ ਤਮੀਜ਼ਦਾਰ ਸ਼ਰਾਬੀਆਂ ਦੀ ਸਲਾਹ ਤੋਂ ਹੀ ਤਾਂ ਜਾ ਰਹੀ ਸੀ। ਜਿਸਨੂੰ ਵੀ ਦੱਸਿਆ, ਉਹ ਹੈਰਾਨ ਹੋਇਆ- 'ਇੰਸਬਰੁੱਕ ਕਿਉਂ? ਵਿਆਨਾ ਕਿਉਂ ਨਹੀਂ।' ਮੈਂ ਵੀ ਮਨ ਹੀ ਮਨ ਵਿੱਚ ਕਈ ਵਾਰ ਪਰੇਸ਼ਾਨ ਹੋਈ ਕਿ ਇੰਸਬਰੁੱਕ ਕਿਉਂ? ਖ਼ੈਰ ਹੁਣ ਤਾਂ ਮੈਂ ਰਾਹ ਵਿੱਚ ਸੀ। ਪਰ ਐਨਾ ਸੌਖਾ ਨਹੀਂ ਇੰਸਬਰੁੱਕ ਪਹੁੰਚਣਾ। ਲਿਫ਼ਟ ਤਾਂ ਸਿਰਫ਼ ਮਿਊਨਿਕ ਤੱਕ ਮਿਲੀ ਸੀ। ਹੁਣ ਇਸ ਤੋਂ ਅੱਗੇ ਬੱਸ ਜਾਂ ਟ੍ਰੇਨ ਦੀ ਟਿਕਟ ਬੁਕਿੰਗ ਜਾਂ ਉੱਧਰ ਜਾਣ ਵਾਲੇ ਕਿਸੀ ਸੱਜਣ ਦੀ ਗੱਡੀ ਵਿੱਚ ਲਿਫ਼ਟ ਦਾ ਜੁਗਾੜ ਹੁਣੇ-ਹੁਣੇ ਹੀ ਕਰਨਾ ਸੀ। ਮੈਂ ਆਪਣੀ ਬੇਨਤੀ ਇੰਟਰਨੈੱਟ 'ਤੇ ਪਾਈ ਕਿ ਕੋਈ ਮਿਊਨਿਕ ਤੋਂ ਇੰਸਬਰੁੱਕ ਜਾਂਦਾ ਹੈ ਤਾਂ ਮੈਨੂੰ ਨਾਲ ਲੈ ਚੱਲੋ। ਇਸ ਦੌਰਾਨ ਮੈਂ ਮਿਊਨਿਕ ਰੇਲਵੇ ਸਟੇਸ਼ਨ ਦੇ ਬਾਹਰ ਇੱਕ ਕੈਫ਼ੇ ਵਿੱਚ ਬੈਠ ਗਈ ਕਿ ਕਿਸੇ ਤੋਂ ਲਿਫ਼ਟ ਨਾ ਮਿਲੀ ਤਾਂ ਟ੍ਰੇਨ ਫੜ੍ਹਲੂੰਗੀ।

ਸਵੇਰੇ ਚਾਰ ਵਜੇ ਦੀ ਉੱਠੀ ਸੀ। ਰਾਤ ਮੁਸ਼ਕਿਲ ਨਾਲ ਦੋ ਘੰਟੇ ਸੁੱਤੀ ਸੀ ਤੇ ਦਿਨ ਵਿੱਚ ਸੱਤ ਘੰਟਿਆਂ ਦਾ ਸਫ਼ਰ ਕੀਤਾ ਸੀ, ਇਸ ਲਈ ਥਕਾਵਟ ਬਹੁਤ ਸੀ। ਇਸ ਕੈਫ਼ੇ ਵਿੱਚ ਮੈਂ ਆਪਣਾ ਫ਼ੋਨ ਚਾਰਜ 'ਤੇ ਲਾ ਦਿੱਤਾ। ਇੱਥੇ ਵਾਈ-ਫ਼ਾਈ ਫ੍ਰੀ ਸੀ ਤੇ ਟੋਆਲਿਟ ਵੀ ਸੀ। ਇਸ ਥਾਂ ਰੁਕ ਕੇ ਮੈਨੂੰ ਜਾਣ ਲਈ ਤਾਕਤ ਇਕੱਠੀ ਕਰਨੀ ਸੀ। ਮੈਂ ਕੌਫ਼ੀ, ਕੇਕ ਤੇ ਇੱਕ ਸੈਂਡਵਿਚ ਆਰਡਰ ਕੀਤਾ। ਪਤਾ ਨਹੀਂ ਕਿਉਂ ਮੈਨੂੰ ਲੱਗਿਆ ਕਿ ਕੈਫੇ ਵਾਲੇ ਮੁੰਡੇ ਨੇ ਮੇਰੇ ਤੋਂ ਅੱਧੇ ਹੀ ਪੈਸੇ ਲਏ। ਕਾਊਂਟਰ ਤੇ ਦੋ ਮੁੰਡੇ ਖੜ੍ਹੇ ਸੀ ਤੇ ਦੋਨੋਂ ਹੀ ਬਹੁਤ ਫ੍ਰੈਂਡਲੀ ਸਨ। ਉਹ ਮੈਨੂੰ ਮੇਰੀ ਯਾਤਰਾ ਦੇ ਬਾਰੇ ਵਿੱਚ ਕਾਫ਼ੀ ਸਵਾਲ ਕਰਦੇ ਰਹੇ ਤੇ ਮੈਂ 'ਜਿੰਨੀ ਦੇਰ ਆਰਾਮ ਕਰਨਾ ਚਾਹਾਂ, ਕਰ ਲਵਾਂ'- ਦਾ ਸੱਦਾ ਵੀ ਦੇ ਦਿੱਤਾ। ਮੈਂ ਹੱਥ ਮੂੰਹ ਧੋਤਾ, ਬਰੱਸ਼ ਕੀਤਾ ਤੇ ਨਾਸ਼ਤਾ ਕਰਕੇ, ਗੱਡੀ ਵਾਲਿਆਂ ਦੇ ਜਵਾਬ ਦੀ ਉਡੀਕ ਕਰਨ ਲੱਗ ਪਈ। ਸ਼ਹਿਰ ਦਿਆਲੂ ਹੁੰਦੇ ਜਾ ਰਹੇ ਸੀ।

ਇੱਕ ਗੱਡੀ ਮਿਲੀ ਜੋ ਨਿਕਲਣ ਵਾਲੀ ਸੀ ਸ਼ਾਮ ਪੰਜ ਵਜੇ, ਫ੍ਰਾਟਮੈਨਿੰਗ ਨਾਮ ਦੀ ਇੱਕ ਜਗ੍ਹਾ ਹੈ- ਉੱਥੋਂ। ਮੈਂ ਕੈਫ਼ੇ ਵਾਲੇ ਦੋਸਤਾਂ ਤੋਂ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਇੱਥੋਂ ਅੱਧਾ ਘੰਟਾ ਦੂਰ ਹੈ ਤੇ ਨੇੜੇ ਹੀ ਬਾਇਰਨ ਮਿਊਨਿਕ ਦਾ ਸਟੇਡੀਅਮ ਵੀ ਹੈ। ਮੈਨੂੰ ਉਂਜ ਤਾਂ ਫੁੱਟਬਾਲ ਬਾਰੇ ਕੋਈ ਜ਼ਿਆਦਾ ਜਾਣਕਾਰੀ ਨਹੀਂ ਹੈ, ਪਰ ਜਰਮਨੀ ਨੂੰ ਫੀਫਾ ਵਿੱਚ ਖੇਡਦੇ ਹੋਏ ਦੇਖ ਕੇ ਇਸ ਖੇਡ ਨਾਲ ਪਿਆਰ ਜ਼ਰੂਰ ਹੋ ਜਾਂਦਾ ਹੈ। ਤੇ ਤੁਸੀਂ ਮੰਨੋ ਜਾਂ ਨਾ ਮੰਨੋ, ਬਾਇਰਨ ਮਿਊਨਿਕ ਮੇਰੀ ਫੇਵਰੇਟ ਫੁੱਟਬਾਲ ਟੀਮ ਹੈ ! ਇਸ ਤੋਂ ਇਲਾਵਾ ਕੁਝ ਖ਼ਾਸ ਮੈਨੂੰ ਉਂਝ ਵੀ ਦਿਸ ਨਹੀਂ ਰਿਹਾ ਸੀ ਇਸ ਸ਼ਹਿਰ ਵਿੱਚ। ਕਿਸੇ ਵੀ ਕੰਕਰੀਟ ਦੇ ਵੱਡੇ ਸ਼ਹਿਰ ਵਰਗਾ ਤੇਜ਼ ਸ਼ਹਿਰ ਸੀ। ਥਾਂ-ਥਾਂ ਤੇ ਔਡੀ, ਮਰਸਡੀਜ਼ ਬੀ-ਐਮ-ਡਬਲਿਊ ਦੀਆਂ ਇਮਾਰਤਾਂ ਸਨ। ਜਿਵੇਂ ਸਿੰਗਾਪੁਰ ਜਾਂ ਲੰਡਨ ਵਿੱਚ ਬੈਂਕਾਂ ਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਹੁੰਦੀਆਂ ਨੇ, ਇੱਥੇ ਉਹਨਾਂ ਲਗਜ਼ਰੀ ਗੱਡੀਆਂ ਦੀਆਂ ਸਨ।

ਮੇਰੀ ਦਿਲਚਸਪੀ ਨਾ ਗੱਡੀਆਂ ਵਿੱਚ ਹੈ ਤੇ ਨਾ ਉੱਚੀਆਂ ਇਮਾਰਤਾਂ ਵਿੱਚ। ਸੋਚਿਆ, ਚੱਲੋ, ਸਟੇਡੀਅਮ ਵੇਖਿਆ ਜਾਵੇ। ਹੁਣ ਤਾਂ ਦੋ ਵੱਜੇ ਸਨ। ਮੈਂ ਇੱਕ ਘੰਟੇ ਵਿੱਚ ਫ੍ਰਾੱਟਮੈਨਿੰਗ ਦੇ ਲਈ ਨਿਕਲ ਪਈ। ਫੋਨ ਦੀ ਬੈਟਰੀ ਵੀ ਚਾਰਜ ਹੋ ਗਈ ਤੇ ਮੈਂ ਵੀ ! ਫ੍ਰਾੱਟਮੈਨਿੰਗ ਸਟੇਸ਼ਨ ਤੋਂ

ਵੀਹ ਮਿੰਟ ਦਾ ਪੈਦਲ ਰਾਹ ਹੈ ਸਟੇਡੀਅਮ ਦਾ। ਕਿਤੇ ਬੈਗ ਰੱਖਣ ਦੀ ਥਾਂ ਨਹੀਂ ਸੀ, ਇਸ ਲਈ ਮੈਂ ਬੈਗ ਟੰਗ ਕੇ ਸਟੇਡੀਅਮ ਵੱਲ ਤੁਰ ਪਈ। ਹੁਣ ਸਿਰਫ਼ ਇੱਕ ਘੰਟਾ ਸੀ, ਵਾਪਿਸ ਵੀ ਆਉਣਾ ਸੀ। ਮੈਂ ਭੱਜਣ ਲੱਗੀ। ਦੂਜੇ ਲੋਕ ਵੀ ਆਪਣੇ ਬੱਚਿਆਂ ਦੇ ਨਾਲ ਸਟੇਡੀਅਮ ਵੇਖਣ ਆਏ ਸਨ। ਮੈਨੂੰ ਵੇਖ ਕੇ ਸ਼ਾਇਦ ਉਹ ਇਹ ਸੋਚ ਰਹੇ ਹੋਣਗੇ ਕਿ ਮੈਂ ਆਰਮੀ ਟਰੇਨਿੰਗ ਕਰ ਰਹੀ ਹਾਂ। ਵੱਡਾ ਸਾਰਾ ਹਰਾ ਪਿੱਠੂ ਬੈਗ ਟੰਗ ਕੇ ਭੱਜ ਜੋ ਰਹੀ ਸੀ ! ਸਟੇਡੀਅਮ ਦੇ ਅੰਦਰ ਜਾਣ ਦੀ ਟਿਕਟ ਸੀ। ਮੈਂ ਟਿਕਟ-ਘਰ ਤੱਕ ਪਹੁੰਚੀ, ਜਾਲ਼ੀ ਦੀ ਵਾੜ ਵਿੱਚੋਂ ਫੁੱਟਬਾਲ ਫੀਲਡ ਦੀ ਫੋਟੋ ਖਿੱਚੀ ਤੇ ਵਾਪਿਸ ਭੱਜ ਆਈ। ਬੱਸ, ਐਨਾ ਹੀ ਟਾਇਮ ਸੀ ਮੇਰੇ ਕੋਲ਼ !

ਠੀਕ ਪੰਜ ਵਜੇ ਤੈਅ ਟਿਕਾਣੇ 'ਤੇ ਪਹੁੰਚ ਗਈ। ਸ਼ਾਇਦ ਉਹ ਬਰਲਿਨ ਦਾ ਬਾਈਪਾਸ ਹੋਵੇਗਾ ਜਾਂ ਆਸਟਰੀਆ ਜਾਣ ਵਾਲਾ ਮੋੜ। ਬਹੁਤ ਸਾਰੀਆਂ ਗੱਡੀਆਂ ਹੋਰ ਵੀ ਖੜ੍ਹੀਆਂ ਸਨ ਤੇ ਹੋਰ ਕੁਝ ਲੋਕ ਮੇਰੇ ਹੀ ਵਾਂਗੂੰ ਆਪਣੀ ਲਿਫ਼ਟ ਦੀ ਉਡੀਕ ਕਰ ਰਹੇ ਸਨ। ਇਹ ਟੈਕਸੀ ਸਟੈਂਡ ਨਹੀਂ ਸੀ। ਇੱਥੇ ਨਿੱਜੀ ਵਾਹਨਾਂ ਵਾਲੇ, ਕੁਝ ਯੂਰੋ ਦੇ ਬਦਲੇ ਰਾਹਗੀਰਾਂ ਨੂੰ ਲਿਫ਼ਟ ਦਿੰਦੇ ਸਨ। ਇਕੱਲੇ ਡਰਾਈਵਰ ਨੂੰ ਸਾਥ ਮਿਲ ਜਾਂਦਾ ਹੈ ਅਤੇ ਤੇਲ ਦੇ ਥੋੜ੍ਹੇ ਪੈਸੇ ਵੱਖਰੇ ਨਿਕਲ ਆਉਂਦੇ ਹਨ।

ਸਾਨੂੰ ਭਾਰਤਵਾਸੀਆਂ ਨੂੰ ਕੰਜੂਸ ਸਮਝਿਆ ਜਾਂਦਾ ਹੈ, ਪਰ ਅਸੀਂ ਕਦੇ ਅਜਿਹੀ ਸਮਝ ਵਾਲੀ ਗੱਲ ਨਹੀਂ ਕਰਦੇ। ਵੱਡੀਆਂ ਏ.ਸੀ. ਗੱਡੀਆਂ ਵਿੱਚ ਇਕੱਲੇ ਸਫ਼ਰ ਕਰਦੇ ਹਾਂ ਅਤੇ ਡਰਾਈਵਰ ਨੂੰ ਨੌਕਰੀ 'ਤੇ ਰੱਖਣ ਸਮੇਂ ਆਪਣੀ ਕੰਜੂਸੀ ਦਾ ਸਬੂਤ ਦਿੰਦੇ ਹਾਂ। ਖ਼ੈਰ, ਸਕਿਊਰਟੀ ਦਾ ਵੀ ਸਵਾਲ ਹੈ। ਪਰ ਇਸ ਤਰ੍ਹਾਂ ਯਕੀਨ ਕਰਨਾ ਬਹੁਤ ਸੌਖਾ ਲੱਗਦਾ ਹੈ। ਜਿਸ ਸਮਾਜ ਵਿੱਚ ਇਨਸਾਨ ਦੂਜੇ ਇਨਸਾਨ ਉੱਪਰ ਭਰੋਸਾ ਕਰ ਸਕੇ, ਉੱਥੇ ਜਿਊਣਾ ਸਹਿਜ ਹੋ ਜਾਂਦਾ ਹੈ।

ਮੈਂ ਪੰਦਰ੍ਹਾਂ-ਵੀਹ ਮਿੰਟ ਤੱਕ ਉਡੀਕ ਕਰਦੀ ਰਹੀ, ਪਰ ਮੇਰੀ ਗੱਡੀ ਦਾ ਕਿਤੇ ਕੋਈ ਪਤਾ ਨਹੀਂ ਸੀ। ਉਹ ਸ਼ਾਇਦ ਕਿਤੋਂ ਹੋਰ ਆ ਰਹੀ ਸੀ ਅਤੇ ਬਰਲਿਨ ਕਰੌਸ ਕਰਦੇ ਹੋਏ ਇੰਸਬਰੁੱਕ ਜਾ ਰਹੀ ਸੀ। ਮੈਂ ਗੱਡੀ ਵਾਲੇ ਨੂੰ ਮੈਸੇਜ ਭੇਜਿਆ ਕਿ ਮੈਂ ਉਸਦੀ ਉਡੀਕ ਕਰ ਰਹੀ ਹਾਂ; ਨੇੜੇ ਹੀ ਇੱਕ ਕੈਫ਼ੇ ਹੈ, ਉੱਥੇ ਉਸਨੂੰ ਮਿਲਾਂਗੀ। ਪਰੰਤੂ ਮੈਸੇਜ਼ ਦਾ ਕੋਈ ਜਵਾਬ ਨਹੀਂ ਆਇਆ, ਇਸ ਲਈ ਮੈਂ ਉੱਥੇ ਹੀ ਬੈਠੀ ਰਹੀ। ਕਿਤੇ ਗੱਡੀ ਆਵੇ ਤੇ ਮੈਨੂੰ ਨਾ ਦੇਖਕੇ ਚਲਦੀ ਬਣੇ ! ਫਿਰ ਤਾਂ ਵਾਪਸ ਮਿਊਨਿਕ ਵਿੱਚ ਟਿਕਾਣਾ ਭਾਲਣਾ ਪਵੇਗਾ।

ਇੱਕ ਗੱਡੀ ਮੇਰੇ ਕੋਲ਼ ਆ ਕੇ ਰੁਕ ਗਈ। ਉਸ ਵਿੱਚ ਇੱਕ ਹੀ ਡਰਾਈਵਰ ਹੈ। ਅਸੀਂ ਦੋਵੇਂ ਇੱਕ ਦੂਜੇ ਨੂੰ "ਹੈਲੋ" ਕਹਿੰਦੇ ਹਾਂ। ਇੰਸਬਰੁੱਕ-ਮੈਂ ਕਹਿੰਦੀ ਹਾਂ। ਇੰਸਬਰੁਕ-ਉਹ ਕਹਿੰਦਾ ਹੈ। ਮੈਂ ਆਪਣਾ ਬੈਗ ਉਸਦੀ ਡਿੱਗੀ ਵਿੱਚ ਰੱਖਣ ਹੀ ਲੱਗੀ ਸੀ ਕਿ ਉਹ ਮੈਨੂੰ ਕਿਸੇ ਹੋਰ ਨਾਮ ਨਾਲ ਬੁਲਾਉਂਦਾ ਹੈ। ਮਤਲਬ, ਇਹ ਕਿਸੇ ਹੋਰ ਲਈ ਆਇਆ ਹੈ। ਮੇਰੇ ਹੀ ਵਾਂਗ ਕੋਈ ਹੋਰ ਕੁੜੀ ਇੰਸਬਰੁੱਕ ਜਾ ਰਹੀ ਹੋਵੇਗੀ। ਪਰ ਮੇਰੀ ਗੱਡੀ ਲੇਟ ਅਤੇ ਇਸਦੀ ਸਵਾਰੀ ਵੀ ਕੁੜੀ ਹੈ।

ਇੱਕ ਵਾਰ ਤਾਂ ਲੱਗਿਆ ਕਿ ਇਸਦੇ ਨਾਲ ਹੀ ਚਲੀ ਜਾਵਾਂ। ਫਿਰ ਲੱਗਿਆ ਕਿ ਮੇਰੀ ਗੱਡੀ ਆਈ ਅਤੇ ਉਸਨੂੰ ਮੈਂ ਨਾ ਮਿਲੀ ਤਾਂ ? ਫਿਰ ਉਸਦਾ ਵਿਸ਼ਵਾਸ ਨਹੀਂ ਟੁੱਟ ਜਾਵੇਗਾ ? ਫਿਰ ਕੀ ਪਤਾ ਉਹ ਕਿਸੇ ਹੋਰ ਯਾਤਰੀ ਨੂੰ ਬਿਨਾਂ ਅਡਵਾਂਸ ਪੈਸੇ ਦੇ ਲਿਫ਼ਟ ਦੇਵੇ ਜਾਂ ਨਾ ਦੇਵੇ। ਮੇਰੇ ਵਰਗੇ ਲੋਕ ਜਿਨ੍ਹਾਂ ਦਾ ਅਕਾਊਂਟ ਦੂਜੇ ਦੇਸ਼ਾਂ ਵਿੱਚ ਹੈ, ਕਰੰਸੀ ਦੂਜੀ ਹੈ, ਕੋਲ ਸੇਫ ਇੰਟਰਨੈੱਟ ਨਹੀਂ ਹੈ, ਜੋ ਕੈਫ਼ੇ ਵਿੱਚ ਫ੍ਰੀ ਵਾਈ-ਫ਼ਾਈ ਭਾਲ਼ਦੇ ਫਿਰਦੇ ਹਨ, ਉਨ੍ਹਾਂ ਲਈ ਮੁਸ਼ਕਿਲ ਨਹੀਂ ਹੋ



ਜਾਵੇਗੀ ਕੀ ਇਸ ਤਰ੍ਹਾਂ ? ਅੱਜ ਤਾਂ ਮੇਰੇ ਲਈ ਸੌਖਾ ਹੋ ਜਾਵੇਗਾ, ਪਰ ਅੱਗੇ ਹੋਰਾਂ ਲਈ ਤਾਂ ਮੁਸ਼ਕਿਲ ਹੋ ਸਕਦੀ ਹੈ !

ਮੈਂ ਦੁਬਾਰਾ ਆਪਣਾ ਬੈਗ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਫਿਰ ਤੋਂ ਆਉਂਦੀਆਂ ਗੱਡੀਆਂ ਨੂੰ ਦੇਖਣ ਲੱਗੀ। ਦਸ ਮਿੰਟ ਹੋਰ ਉਡੀਕ ਕਰਨ ਤੋਂ ਬਾਅਦ ਮੇਰੀ ਗੱਡੀ ਵੀ ਆ ਗਈ। ਦਸ ਮਿੰਟਾਂ ਵਿੱਚ ਕਿੰਨੇ ਵਿਸ਼ਵਾਸ ਬਣ ਸਕਦੇ ਹਨ ਅਤੇ ਕਿੰਨੇ ਟੁੱਟ ਸਕਦੇ ਹਨ ... ਖ਼ੈਰ !

ਮੇਰੀ ਗੱਡੀ ਵਾਲਾ ਚੌਵੀ-ਪੱਚੀ ਸਾਲਾਂ ਦਾ ਹੈ। ਇੰਸਬਰੁੱਕ ਦੀ ਇੱਕ ਯੂਨੀਵਰਸਿਟੀ ਤੋਂ ਪਾਸ ਆਊਟ ਹੈ। ਆਪਣੀ ਗਰਲਫ੍ਰੈਂਡ ਨੂੰ ਮਿਲਣ ਜਾ ਰਿਹਾ ਹੈ। ਉਹ ਉਸਦੀ ਜੂਨੀਅਰ ਸੀ ਅਤੇ ਹੁਣ ਵੀ ਉੱਥੇ ਹੀ ਪੜ੍ਹਦੀ ਹੈ। ਉਹ ਦੱਸਦਾ ਹੈ ਕਿ ਉਹ ਸਵੇਰ ਤੋਂ ਡਰਾਇਵ ਕਰ ਰਿਹਾ ਹੈ, ਇਸ ਲਈ ਕੈਫ਼ੇ ਵਿੱਚ ਫਰੈਸ਼ ਹੋਕੇ ਚੱਲੇਗਾ, ਦਸ ਮਿੰਟ ਵਿੱਚ। ਮੈਨੂੰ ਵੀ ਥੋੜ੍ਹੀ ਭੁੱਖ ਲੱਗ ਆਈ ਸੀ। ਕੈਫ਼ੇ ਵਿੱਚ ਖਾਣ ਵਾਲਾ ਜ਼ਿਆਦਾ ਸਾਮਾਨ ਨਹੀਂ ਹੈ, ਇਸ ਲਈ ਮੈਂ ਚਾਹ ਅਤੇ ਬਟਰ ਪ੍ਰੇਟਜ਼ੇਲ ਲੈਂਦੀ ਹਾਂ। ਪ੍ਰੇਟਜ਼ੇਲ ਇੱਥੇ ਬਹੁਤ ਪ੍ਰਸਿੱਧ ਹੈ। ਇਹ ਇੱਕ ਤਰ੍ਹਾਂ ਦਾ ਵੱਡਾ ਸਾਰਾ, ਸੁੱਕੀ ਜਲੇਬੀ ਵਾਂਗ ਦਿੱਖਣ ਵਾਲਾ ਬਰੈੱਡ ਹੈ। ਨਮਕੀਨ ਹੁੰਦਾ ਹੈ ਅਤੇ ਭੁੱਖੇ ਢਿੱਡ ਦੇ ਲਈ ਕਾਫ਼ੀ ਹੁੰਦਾ ਹੈ। ਸਸਤਾ ਵੀ ਹੈ ਤਾਂ ਰਾਹ ਜਾਂਦੇ ਲੋਕਾਂ ਨੂੰ ਇੱਥੇ ਜ਼ਿਆਦਾ ਖਾਂਦੇ ਦੇਖਿਆ ਜਾ ਸਕਦਾ ਹੈ।

ਮੈਨੂੰ ਉਸਦਾ ਨਾਂ ਯਾਦ ਨਹੀਂ ਆ ਰਿਹਾ, ਇਸ ਲਈ ਮੈਂ ਉਸਨੂੰ ਨਿਰਾਲਾ ਬੁਲਾਵਾਂਗੀ। ਜਦੋਂ ਨਿਰਾਲਾ ਦੇ ਨਾਲ ਗੱਡੀ ਵਿੱਚ ਬੈਠ ਗਈ, ਉਦੋਂ ਉਸਨੇ ਮੈਨੂੰ ਆਪਣੀ ਦਾਦੀ ਦੇ ਹੱਥਾਂ ਦਾ ਬਣਿਆ ਸੇਬ ਦਾ ਪੈਨ ਕੇਕ ਦਿੱਤਾ। ਵਾਹ, ਘਰ ਦਾ ਬਣਿਆ ਕੁਝ ! ਲੱਗਦਾ ਹੈ, ਵਰ੍ਹੇ ਹੋ ਗਏ ਮਿਲੇ ... ਮੈਨੂੰ ਅਜੀਬ ਖ਼ੁਸ਼ੀ ਹੋਈ ਉਸ ਸਮੇਂ !

ਨਿਰਾਲਾ ਨਾਮ ਮੈਂ ਉਂਝ ਹੀ ਨਹੀਂ ਚੁਣਿਆ ਹੈ, ਪੂਰੇ ਤਿੰਨ ਘੰਟਿਆਂ ਦੇ ਉਸ ਹਮਸਫ਼ਰ ਦੇ ਲਈ। ਉਹ ਸੱਚਮੁੱਚ ਅਜਿਹਾ ਹੀ ਸੀ ! ਨਿਰਾਲਾ ਨੇ ਰਸਤੇ ਵਿੱਚ ਦੱਸਿਆ ਕਿ ਉਹ ਕੋ-ਆਪ੍ਰੇਟਿਵ ਲਿਵਿੰਗ ਵਿੱਚ ਰਹਿਣਾ ਚਾਹੁੰਦਾ ਹੈ। ਉਹ ਕੀ ਹੈ ? ਜਿਵੇਂ ਕੋ-ਆਪ੍ਰੇਟਿਵ ਸਟੋਰ ਹੁੰਦੇ ਹਨ ? ਇੱਕ ਸੀ ਸਾਡੀ ਦਿੱਲੀ ਯੂਨੀਵਰਸਿਟੀ ਵਿੱਚ। ਉੱਥੇ ਸਮਾਨ ਸ਼ਾਇਦ ਬਾਹਰ ਤੋਂ ਸਸਤਾ ਮਿਲਦਾ ਸੀ, ਮੈਨੂੰ ਬਸ ਇੰਨੀ ਹੀ ਜਾਣਕਾਰੀ ਹੈ। ਨਿਰਾਲਾ ਮੈਨੂੰ ਇੱਕ ਹਜ਼ਾਰ ਪੰਨਿਆਂ ਦੀ ਕਿਤਾਬ ਫੜ੍ਹਾ ਦਿੰਦਾ ਹੈ- ਪੜ੍ਹ ਲਵੋ, ਇਸ ਵਿੱਚ ਸਭ ਲਿਖਿਆ ਹੈ।

ਕਿਤਾਬ ਦੇ ਬੈਕ ਕਵਰ ਤੇ ਵਰਲਡ ਮੈਪ ਬਣਿਆ ਸੀ ਅਤੇ ਉਸ ਮੈਪ ਉੱਤੇ ਹਰੇ ਗੋਲੇ ਬਣੇ ਸੀ, ਉਸ ਥਾਂ ਉੱਤੇ ਜਿੱਥੇ-ਜਿੱਥੇ ਲੋਕ ਕੋ-ਆਪ੍ਰੇਟਿਵ ਲਿਵਿੰਗ ਵਿੱਚ ਰਹਿੰਦੇ ਸਨ।ਉਦਾਹਰਣ ਵਜੋਂ ਸਮਝ ਲਵੋ ਕਿ ਇੱਕ ਨਵੀਂ ਰਿਵਾਇਤ ਹੈ ਜਾਂ ਕੋਈ ਨਵਾਂ ਧਰਮ ਹੀ ਹੈ। ਉਂਝ ਤਾਂ ਧਰਮ ਦੀ ਇੰਨੀ ਮਿੱਟੀ ਪਲੀਤ ਹੋ ਗਈ ਹੈ ਕਿ ਕਿਸੇ ਚੰਗੀ ਚੀਜ਼ ਦੇ ਲਈ ਉਸਨੂੰ ਉਦਾਹਰਣ ਬਣਾਉਂਦੇ ਸਮੇਂ ਹੁਣ ਝਿਜਕ ਹੁੰਦੀ ਹੈ। ਰਹਿਣ ਦਿੰਦੇ ਹਾਂ। ਆਪਾਂ ਇਸ ਤਰ੍ਹਾਂ ਸਮਝਦੇ ਹਾਂ, ਇਹ ਲੋਕ ਹਿੱਪੀਆਂ ਦੀ ਤਰ੍ਹਾਂ ਸ਼ਹਿਰ ਤੋਂ ਬਾਹਰ ਰਹਿੰਦੇ ਹਨ, ਪਰ ਉਹਨਾਂ ਵਾਂਗ ਚੱਲਦੇ ਫਿਰਦੇ ਨਹੀਂ ਰਹਿੰਦੇ। ਜਿਵੇਂ ਸ਼ਹਿਰਾਂ ਵਿੱਚ ਲੋਕ ਇੱਕ ਦੂਜੇ ਤੋਂ ਦੂਰ ਹੋ ਗਏ ਹਨ, ਇੱਕ ਬਿਲਡਿੰਗ ਵਿੱਚ ਇੱਕ ਗੁਆਂਢੀ ਆਪਣੇ ਦੂਸਰੇ ਗੁਆਂਢੀ ਨੂੰ ਨਹੀਂ ਜਾਣਦਾ, ਉੱਥੇ ਅਜਿਹਾ ਕੁਝ ਨਹੀਂ ਹੈ। ਉਹ ਲੋਕ ਆਪਸ ਵਿੱਚ ਲਗਾਤਾਰ ਸੰਪਰਕ ਅਤੇ ਵਾਰਤਾਲਾਪ ਵਿੱਚ ਰਹਿੰਦੇ ਹਨ ਅਤੇ ਮਿਲ-ਜੁਲ ਕੇ ਰਹਿੰਦੇ ਹਨ। ਇੱਕ ਤਰ੍ਹਾਂ ਨਾਲ ਕਮਿਊਨ ਵੀ ਕਹਿ ਸਕਦੇ ਹਾਂ। ਆਪਣੀ ਬਿਜਲੀ ਬਣਾਉਂਦੇ ਹਨ ਅਤੇ ਆਪਣਾ ਹੀ ਖਾਣਾ। ਆਪਣਾ ਹੀ ਸਕੂਲ ਅਤੇ ਆਪਣਾ ਹੀ ਰੁਜ਼ਗਾਰ। ਡਾਕਟਰਾਂ ਤੋਂ ਦੂਰ, ਬੈਂਕਾਂ ਤੋਂ ਦੂਰ,

ਗੱਡੀਆਂ ਤੋਂ ਦੂਰ, ਗਿਰਜਾਘਰਾਂ ਤੋਂ ਦੂਰ, ਪ੍ਰਦੂਸ਼ਣ ਤੋਂ ਦੂਰ, ਸਮਾਜ ਦੇ ਨਿਯਮਾਂ ਤੋਂ ਦੂਰ, ਧਰਮ ਤੋਂ ਦੂਰ, ਕੁਦਰਤ ਦੇ ਕੋਲ਼। ਇਹ ਬਹੁਤ ਪੜ੍ਹੇ-ਲਿਖੇ ਲੋਕ ਆਪਣਾ ਨਵਾਂ ਆਦਿਵਾਸੀ ਸਮਾਜ ਬਣਾਉਂਦੇ ਹਨ !

ਬੇਹੱਦ ਰੌਚਕ ਆਈਡੀਆ ਸੀ। ਪਰ ਪਤਾ ਨਹੀਂ ਕਿਉਂ ਮੈਨੂੰ ਇਕਦਮ ਕੱਟਿਆ ਹੋਇਆ ਜਿਹਾ ਲੱਗਿਆ। ਮੈਂ ਇੱਥੇ ਰਹਿਣਾ ਹੈ-ਇਮਾਰਤਾਂ ਅਤੇ ਕਾਰਖ਼ਾਨਿਆਂ ਦੇ ਵਿੱਚ, ਇੱਥੋਂ ਦੇ ਲੋਕਾਂ ਦੇ ਵਿੱਚ ਅਤੇ ਇੱਥੇ ਹੀ ਸੰਵਾਦ ਪੈਦਾ ਕਰਨ ਦੀ ਕੋਸ਼ਿਸ਼ ਕਰਨੀ ਹੈ। ਜੋ ਵੱਖ ਵੱਸਣ ਦੀ ਗੱਲ ਸੋਚਦੇ ਹਨ, ਜੇਕਰ ਸਾਰੇ ਵੱਖ ਜਾ ਕੇ ਵੱਸ ਗਏ ਫਿਰ ਤਾਂ ਦੁਨੀਆ ਬਿਲਕੁਲ ਹੀ ਨੀਰਸ ਹੋ ਜਾਵੇਗੀ। ਇੱਕ ਪਾਸੇ ਕਮਿਊਨ ਜਾਂ ਕੋ-ਆਪ੍ਰੇਟਿਵ ਵਾਲੇ ਆਪਸ ਵਿੱਚ ਮਿਲ-ਜੁਲ ਕੇ ਰਹਿਣ ਵਾਲੇ ਲੋਕ ਹੋਣਗੇ, ਦੂਜੇ ਪਾਸੇ ਕਾਰਖ਼ਾਨਿਆਂ-ਦਫ਼ਤਰਾਂ ਵਿੱਚ ਵੱਖੋ-ਵੱਖਰੇ ਲੋਕ। ਇਨ੍ਹਾਂ ਲੋਕਾਂ ਨਾਲ ਰਹਿਣਾ ਵੀ ਚੰਗਾ ਲੱਗਦਾ ਹੈ, ਵੱਖ ਨਹੀਂ। ਮੈਂ ਕਾਫ਼ੀ ਦੇਰ ਤੱਕ ਕਿਤਾਬ ਨੂੰ ਪੜ੍ਹਦੀ ਰਹੀ ਅਤੇ ਨਿਰਾਲਾ ਦੀਆਂ ਗੱਲਾਂ ਸੁਣਦੀ ਰਹੀ।

ਨਿਰਾਲਾ ਆਪਣੀ ਗਰਲਫ੍ਰੈਂਡ ਨਾਲ ਟੈਂਟ ਵਿੱਚ ਰਹਿਣ ਵਾਲਾ ਸੀ। ਉਸਦੀ ਗੱਡੀ ਵਿੱਚ ਕੈਂਪਿੰਗ ਦੇ ਬਾਕੀ ਸਮਾਨ ਤੋਂ ਇਲਾਵਾ ਇੱਕ ਛੋਟਾ ਜਿਹਾ ਸਟੋਵ ਅਤੇ ਖਾਣ-ਪੀਣ ਦੀਆਂ ਚੀਜ਼ਾਂ ਵੀ ਸੀ। ਉਹ ਲੋਕ ਯੂਨੀਵਰਸਿਟੀ ਦੇ ਕੋਲ਼ ਕਿਸੇ ਪਹਾੜੀ ਉੱਤੇ ਟੈਂਟ ਲਗਾਉਣਗੇ। ਮੇਰਾ ਵੀ ਅਜੇ ਤੱਕ ਰਹਿਣ ਦਾ ਕੋਈ ਜੁਗਾੜ ਨਹੀਂ ਹੋਇਆ ਹੈ। ਮਨ-ਹੀ-ਮਨ ਮੈਂ ਵੀ ਕੈਂਪਿੰਗ ਕਰਨ ਦੀ ਸੋਚਣ ਲੱਗੀ। ਧਿਆਨ ਵਿੱਚ ਆਉਂਦਾ ਹੈ ਕਿ ਇਹਨਾਂ ਦਾ ਟੈਂਟ ਤਾਂ ਦੋ ਜਣਿਆਂ ਲਈ ਹੈ ਅਤੇ ਫਿਰ ਇਹਨਾਂ ਨਾਲ ਕਬਾਬ 'ਚ ਹੱਡੀ ਕਿਉਂ ਬਣਨਾ! ਹਾਲਾਂ ਕਿ ਮੈਂ ਵੀ ਕਿਸੇ ਪਹਾੜੀ ਉੱਪਰ ਸੌਂ ਸਕਦੀ ਹਾਂ। ਨਿਰਾਲਾ ਨੂੰ ਜਦੋਂ ਮੈਂ ਆਪਣਾ ਪਲਾਨ ਦੱਸਦੀ ਹਾਂ ਤਾਂ ਉਹ ਉਤਸ਼ਾਹਿਤ ਹੁੰਦਾ ਹੈ ਅਤੇ ਮੇਰੇ ਪਲਾਨ ਨੂੰ ਸਪੋਰਟ ਕਰਦਾ ਹੈ।

ਸ਼ਾਮ ਹੋ ਚੱਲੀ ਹੈ। ਰਹਿਣ ਦੀ ਜੋ ਚਿੰਤਾ ਸੀ, ਉਹ ਮਿਟ ਗਈ। ਰਾਹ ਵਿੱਚ ਮੈਂ ਬਹੁਤ ਸਾਰੀਆਂ ਫੋਟੋਆਂ ਖਿੱਚੀਆਂ ਅਤੇ ਵੀਡੀਓ ਬਣਾਉਂਦੀ ਜਾਂਦੀ ਹਾਂ। ਹੁਣ ਤੱਕ ਮੇਰੇ ਕਮਰੇ ਵਿੱਚ ਬਹੁਤ ਸਾਰਾ ਸਮਾਨ ਜਮ੍ਹਾਂ ਹੋ ਚੁੱਕਿਆ ਹੈ। ਮੈਨੂੰ ਜ਼ਰੂਰ ਕਿਸੇ ਪੈੱਨ ਡਰਾਇਵ ਜਾਂ ਹਾਰਡ ਡਿਸਕ ਵਿੱਚ ਇਹ ਸਭ ਪਾ ਲੈਣਾ ਚਾਹੀਦਾ ਹੈ। ਜੇ ਕਿਤੇ ਸੰਯੋਗ ਨਾਲ ਕੈਮਰਾ ਇੱਧਰ-ਉੱਧਰ ਹੋ ਗਿਆ ਤਾਂ ਲੈਣੇ ਦੇ ਦੇਣੇ ਪੈ ਜਾਣਗੇ। ਵੈਸੇ ਹਰੇਕ ਬੈਕ-ਪੈਕਰ ਦੇ ਕੋਲ਼ ਕੈਮਰਾ ਗੁੰਮ ਹੋਣ ਵਾਲੀ ਕਹਾਣੀ ਜ਼ਰੂਰ ਹੁੰਦੀ ਹੈ। ਹਰੇਕ ਨੂੰ ਕੈਮਰੇ ਦਾ ਦੁੱਖ ਘੱਟ ਅਤੇ ਉਸ ਵਿੱਚ ਕੈਦ ਢੇਰ ਸਾਰੀਆਂ ਯਾਦਾਂ ਦੇ ਗੁੰਮ ਹੋਣ ਦਾ ਅਫ਼ਸੋਸ ਜ਼ਿਆਦਾ ਹੁੰਦਾ ਹੈ। ਕਿੰਨਾ ਦੁੱਖ ਹੁੰਦਾ ਹੋਵੇਗਾ ਨਾ, ਮੈਂ ਏਸੇ ਖ਼ਿਆਲ ਵਿੱਚ ਖੋ ਗਈ !

ਅਸੀਂ ਯੂਨੀਵਰਸਿਟੀ ਪਹੁੰਚ ਗਏ। ਇੰਸਬਰੁੱਕ ਤੋਂ ਵੀਹ ਮਿੰਟ ਦੂਰ ਇੱਕ ਪਹਾੜੀ ਦੀ ਚੜ੍ਹਾਈ ਉੱਪਰ ਬਣੀ ਹੈ ਇਹ ਯੂਨੀਵਰਸਿਟੀ। ਸ਼ਾਨਦਾਰ ਜਗ੍ਹਾ ਉੱਪਰ ਬਣੀ ਇਸ ਯੂਨੀਵਰਸਿਟੀ ਤੋਂ ਸਮਾਜ ਵਿਗਿਆਨ ਦਾ ਇੱਕ ਕੋਰਸ 'ਸ਼ਕਫਕ ਅਦ ਙਰਘ;ਜਫਵ ਛਵਚਦਜਕਤ' ਵੀ ਹੈ। ਬਹੁਤ ਦਿਲਚਸਪ ਲੱਗਿਆ ਮੈਨੂੰ ! ਪਹੁੰਚਣ ਤੇ ਲੱਗਿਆ, ਇੱਥੇ ਤਾਂ ਰਾਤ ਦਾ ਇੰਤਜ਼ਾਮ ਹੋ ਹੀ ਜਾਏਗਾ। ਨਿਰਾਲਾ ਦੇ ਸਵਾਗਤ ਵਿੱਚ ਬਹੁਤ ਸਾਰੇ ਦੋਸਤ ਆਏ, ਉਸਦੀ ਗਰਲਫ੍ਰੈਂਡ ਤਾਂ ਖ਼ੁਸ਼ੀ ਵਿੱਚ ਰੋ ਹੀ ਪਈ। ਕਾਫ਼ੀ ਚੜ੍ਹਾਈ ਲੱਗਦੀ ਹੈ, ਇੱਥੇ ਨਿਰਾਲਾ ਸਾਹਿਬ ਦੀ ! ਹੁਣ ਨਿਰਾਲਾ ਨੇ ਮੈਨੂੰ ਯੂਨੀਵਰਸਿਟੀ ਦੇ ਵਿਦਿਆਰਥੀਆਂ ਹਵਾਲੇ ਕਰ ਦਿੱਤਾ ਅਤੇ ਆਪ ਟੈਂਟ ਲਗਾਉਣ ਚਲਾ



ਗਿਆ।

ਮੀਂਹ ਦਾ ਮੌਸਮ ਹੋ ਗਿਆ ਸੀ। ਜਦੋਂ ਮੈਂ ਦੱਸਿਆ ਕਿ ਮੈਂ ਬਾਹਰ ਸੌਣ ਦਾ ਪਲਾਨ ਬਣਾ ਰਹੀ ਹਾਂ ਤਾਂ ਸਾਰੇ ਇਕੱਠੇ ਬੋਲੇ, 'ਰਾਤ ਨੂੰ ਮੀਂਹ ਜ਼ਰੂਰ ਪਵੇਗਾ!' ਮੇਰੇ ਕੋਲ ਤਾਂ ਟੈਂਟ ਵੀ ਨਹੀਂ ਹੈ। ਮੈਂ ਮਨ-ਹੀ-ਮਨ ਸੋਚ ਰਹੀ ਸੀ ਕਿ ਕੋਈ ਆਪਣੇ ਹੋਸਟਲ ਰੂਮ ਵਿੱਚ ਸੱਦਾ ਦੇ ਦੇਵੇ ਤਾਂ ਕਿੰਨਾ ਚੰਗਾ ਰਹੇ। ਪਰ ਕਿਸੇ ਹੋਰ ਦੇ ਮਨ 'ਚ ਇਹ ਖ਼ਿਆਲ ਨਹੀਂ ਆਇਆ ਸ਼ਾਇਦ। ਅਸੀਂ ਕਾਫ਼ੀ ਦੇਰ ਤੱਕ ਗਾਰਡਨ 'ਚ ਬੈਠੇ ਗੱਲਾਂ ਕਰਦੇ ਰਹੇ। ਅਜੇ ਤੱਕ ਮੈਨੂੰ ਪਤਾ ਨਹੀਂ ਹੈ ਟਿਕਾਣੇ ਦਾ, ਪਰ ਇੰਨੇ ਸਾਰੇ ਲੋਕ ਹਨ, ਹੋਸਟਲ ਹੈ, ਪਹਾੜੀ ਹੈ ਤਾਂ ਉਮੀਦ ਜ਼ਰੂਰ ਹੈ। ਹੁਣ ਹਨ੍ਹੇਰਾ ਹੋ ਰਿਹਾ ਸੀ ਤੇ ਮੀਂਹ ਦੀਆਂ ਕਣੀਆਂ ਵੀ ਡਿੱਗ ਰਹੀਆਂ ਸਨ। ਸਾਰੇ ਅੰਦਰ ਨੂੰ ਚੱਲਣ ਲੱਗੇ। ਜਾਂਦੇ-ਜਾਂਦੇ ਕਿਸੇ ਨੇ ਮੈਨੂੰ ਵੀ ਅੰਦਰ ਬੁਲਾ ਲਿਆ। ਚਲੋ, ਇੱਕ ਕਦਮ ਹੋਰ ਟਿਕਾਣੇ ਵੱਲ ਤਾਂ ਵਧੇ। ਕੁਝ ਹੋਰ ਨਹੀਂ ਤਾਂ ਇਸ ਹੋਸਟਲ ਦੇ ਬਾਹਰ ਦੇ ਪੜਛੱਤੇ ਦੇ ਥੱਲੇ ਤਾਂ ਸੌਂ ਹੀ ਜਾਵਾਂਗੀ। ਕੋਈ ਨਾ ਕੋਈ ਤਾਂ ਸਰਹਾਣਾ-ਰਜਾਈ ਦੇ ਹੀ ਦੇਵੇਗਾ।

ਅੰਦਰ ਪਹੁੰਚੇ ਤਾਂ ਇਕਦਮ ਫਾਈਵ ਸਟਾਰ ਹੋਟਲ ਵਰਗਾ ਮਾਹੌਲ ਸੀ ! ਰਿਸੈਪਸ਼ਨ ਸੀ, ਵਿਜ਼ਿਟਰਸ ਵਾਸਤੇ ਵਧੀਆ ਸੋਫ਼ੇ ਲੱਗੇ ਸਨ, ਟੇਬਲ ਉੱਤੇ ਪਾਣੀ ਰੱਖਿਆ ਸੀ, ਕੰਧਾਂ ਉੱਪਰ ਸੈਲਫ਼ਾਂ ਵਿੱਚ ਕਿਤਾਬਾਂ ਸੱਜੀਆਂ ਸਨ, ਵਧੀਆ ਕਾਰਪੈਟ ਵਿਛਿਆ ਸੀ ਅਤੇ ਵਾਈ-ਫ਼ਾਈ ਫ੍ਰੀ ਸੀ ! ਵਿਦਿਆਰਥੀਆਂ ਦੀ ਚਹਿਲ-ਕਦਮੀ ਜਾਰੀ ਰਹੀ। ਕੱਲ ਕੋਈ ਅਲੈਮੁਨਾਈ ਮੀਟ ਸੀ ਤਾਂ ਬਾਹਰ ਤੋਂ ਇੱਥੋਂ ਦੇ ਪੁਰਾਣੇ ਵਿਦਿਆਰਥੀ ਇੱਥੇ ਆ ਰਹੇ ਸਨ। ਉਹ ਸਾਰੇ ਚੌਵੀ-ਪੱਚੀ ਸਾਲਾਂ ਤੋਂ ਲੈ ਕੇ ਤੀਹ-ਪੈਂਤੀ ਸਾਲ ਤੱਕ ਦੀ ਉਮਰ ਦੇ ਸਨ। ਉਦੋਂ ਹੀ ਇੱਕ ਬਹੁਤ ਸੋਹਣਾ ਭਾਰਤੀ ਨੈਣ-ਨਕਸ਼ਾਂ ਵਾਲਾ ਚਿਹਰਾ ਮੇਰੇ ਸਾਹਮਣੇ ਆਉਂਦਾ ਹੈ। ਉਹ ਮੇਰੇ ਵੱਲ ਹੀ ਆ ਜਾਂਦੀ ਹੈ ਤੇ ਕਹਿੰਦੀ ਹੈ, "ਮੈਂ ਹੀਲਾ ਨਜ਼ੀਬੁੱਲਾਹ, ਤੇ ਤੁਸੀਂ?" ਇੱਥੇ ਅਜਿਹਾ ਸਵਾਲ ਹਿੰਦੀ ਵਿੱਚ ! ਮੈਂ ਕੁਝ ਦੇਰ ਹੱਕੀ-ਬੱਕੀ ਉਸਨੂੰ ਦੇਖਦੀ ਰਹੀ। ਮੈਂ ਉਸਨੂੰ ਆਪਣਾ ਹਾਲ ਦੱਸਦੀ ਹਾਂ ਅਤੇ ਉਹ ਦੱਸਦੀ ਹੈ ਕਿ ਉਸਨੇ ਜਾਮੀਆ ਤੋਂ ਪੜ੍ਹਾਈ ਖ਼ਤਮ ਕੀਤੀ, ਕੁਝ ਸਾਲ ਸਵਿਟਜ਼ਰਲੈਂਡ ਵਿੱਚ ਕੰਮ ਕੀਤਾ ਅਤੇ ਹੁਣ ਇੱਥੇ ਮਾਸਟਰਸ ਕਰ ਰਹੀ ਹੈ। ਉਸ ਨੇ ਮੈਨੂੰ ਚਾਹ ਆਫ਼ਰ ਕੀਤੀ ਅਤੇ ਅਸੀਂ ਇਸੇ ਤਰ੍ਹਾਂ ਕਾਫ਼ੀ ਦੇਰ ਤੱਕ ਹਿੰਦੀ 'ਚ ਗੱਲਾਂ ਕਰਦੇ ਰਹੇ। ਕਿਹੋ ਜਿਹਾ ਇਤਫ਼ਾਕ ਸੀ? ਇੰਸਬਰੁੱਕ ਦੀ ਇੱਕ ਯੂਨੀਵਰਸਿਟੀ ਜਿਸਦਾ ਨਾਮ ਹੀ ਮੈਨੂੰ ਅੱਜ ਪਹਿਲੀ ਵਾਰ ਪਤਾ ਲੱਗਿਆ ਸੀ, ਉਸ ਯੂਨੀਵਰਸਿਟੀ ਵਿੱਚ ਮੈਂ ਚਾਹ ਪੀਂਦੇ ਹੋਏ, ਜਾਮੀਆ ਦੀ ਐਲੂਮਨੀ ਨਾਲ ਹਿੰਦੀ 'ਚ ਗੱਲਬਾਤ ਕਰ ਰਹੀ ਹਾਂ ! ਹੁਣ ਰਹਿਣ ਦੀ ਦਿੱਕਤ ਨਹੀਂ ਹੋਵੇਗੀ, ਮੈਂ ਮਨ-ਹੀ-ਮਨ ਆਪਣੇ ਟਿਕਾਣੇ ਬਾਰੇ ਵੀ ਸੋਚਦੀ ਰਹਿੰਦੀ ਹਾਂ। ਹਾਲਾਂਕਿ ਉਸਨੇ ਮੈਨੂੰ ਰਹਿਣ ਦਾ ਆਫ਼ਰ ਨਹੀਂ ਦਿੱਤਾ ਹੈ, ਪਰ ਉਸਦੇ ਨਾਲ ਹੋਣ ਨਾਲ ਹੁਣ ਮੈਨੂੰ ਕੁਝ ਯਕੀਨ ਜਿਹਾ ਹੈ। ਫਿਰ ਹੀਲਾ ਵੀ ਆਪਣੇ ਦੋਸਤਾਂ ਨਾਲ ਰੁੱਝ ਜਾਂਦੀ ਹੈ ਅਤੇ ਮੈਂ ਸੋਚਦੀ ਹਾਂ, ਆਖ਼ਿਰ ਮੈਨੂੰ ਆਪਣੇ ਟਿਕਾਣੇ ਜਾਂ ਬਿਸਤਰ ਦੇ ਵਾਸਤੇ ਕਿਸੇ ਤੋਂ ਸਿੱਧਾ-ਸਿੱਧਾ ਪੁੱਛ ਹੀ ਲੈਣਾ ਚਾਹੀਦਾ ਹੈ। ਅਜੇ ਮੈਂ ਅਜਿਹਾ ਸੋਚ ਹੀ ਰਹੀ ਹੁੰਦੀ ਹਾਂ ਕਿ, ਉਸੇ ਵਕਤ ਮੇਰੇ ਫ਼ੋਨ ਉੱਪਰ ਇੰਸਬਰੁੱਕ ਸ਼ਹਿਰ ਦੇ ਇੱਕ ਮੇਜ਼ਬਾਨ ਦਾ ਮੈਸੇਜ਼ ਆਉਂਦਾ ਹੈ। ਖ਼ੁਸ਼ੀ ਇਹੀ ਕਿ ਉਹ ਕੁੜੀ ਹੈ ! ਉਹ ਮੈਨੂੰ ਆਪਣੇ ਘਰ ਦਾ ਪਤਾ ਭੇਜਦੀ ਹੈ ਅਤੇ ਮੈਂ ਕਦੋਂ ਤੱਕ ਆਵਾਂਗੀ, ਪੁੱਛਦੀ ਹੈ। ਉਹ ਇੰਨੀ ਆਤਮੀਅਤਾ ਨਾਲ ਪੁੱਛਦੀ ਹੈ ਕਿ ਮੇਰਾ ਜਾਣ ਦਾ ਪੂਰਾ-ਪੂਰਾ ਮਨ ਬਣ ਜਾਂਦਾ ਹੈ। ਉਂਝ ਵੀ ਇੱਥੇ ਅਜੇ ਤੱਕ ਕੁਝ ਵੀ ਪੱਕਾ ਨਹੀਂ ਹੋਇਆ ਹੈ। ਮੈਂ ਅਲਵਿਦਾ ਬੋਲ ਕੇ ਨਿਕਲ ਜਾਂਦੀ ਹਾਂ। ਕੱਲ ਫਿਰ

ਆਉਣ ਬਾਰੇ ਕਹਿ ਕੇ। ਮੈਂ ਆਉਣਾ ਨਹੀਂ ਸੀ, ਫਿਰ ਵੀ ਪਤਾ ਨਹੀਂ ਕਿਉਂ ਬੋਲ ਦਿੰਦੀ ਹਾਂ ....

ਹੁਣ ਮੈਂ ਪਹਾੜੀ ਤੋਂ ਥੱਲੇ ਉਤਰਨਾ ਸੀ। ਹਨ੍ਹੇਰਾ ਹੋ ਚੁੱਕਿਆ ਸੀ ਤੇ ਮੀਂਹ ਵੀ ਸ਼ੁਰੂ ਹੋ ਚੁੱਕਿਆ ਸੀ। ਕਿਵੇਂ ਉਤਰਨਾ ਹੈ, ਕਿੱਥੋਂ ਬੱਸ ਜਾਏਗੀ, ਕਦੋਂ ਜਾਏਗੀ, ਇਸਦੀ ਜਾਣਕਾਰੀ ਮੈਨੂੰ ਨਹੀਂ ਸੀ। ਪਰ ਬੱਸ ਜਾਏਗੀ, ਇਹ ਪਤਾ ਸੀ। ਪਹਾੜੀ ਹੈ ਤਾਂ ਥੱਲੇ ਉਤਰਨ ਦਾ ਰਾਹ ਇੱਕ ਹੀ ਹੋਵੇਗਾ, ਇਹ ਸੋਚ ਕੇ ਅੱਗੇ ਦੀ ਮੈਨੂੰ ਫ਼ਿਕਰ ਨਹੀਂ ਸੀ। ਉਸੇ ਸਮੇਂ ਪਿੱਛੇ ਤੋਂ ਇੱਕ ਗੱਡੀ ਆਉਂਦੀ ਦਿਖਾਈ ਦਿੰਦੀ ਹੈ। ਥੱਲੇ ਆ ਰਹੀ ਹੈ ਅਤੇ ਥੱਲੇ ਹੈ ਸ਼ਹਿਰ, ਉੱਥੇ ਮੇਜ਼ਬਾਨ ਦੇ ਘਰ ਵੀ ਪਹੁੰਚ ਜਾਵਾਂਗੀ। ਮੈਂ ਹੱਥ ਵਧਾ ਕੇ ਲਿਫ਼ਟ ਮੰਗੀ ਅਤੇ ਗੱਡੀ ਰੁਕ ਗਈ। ਵੱਡੀ ਗੱਡੀ ਲੱਗਦੀ ਹੈ। ਅੰਦਰ ਦੇਖਕੇ ਲੱਗਦਾ ਹੈ, ਜਨਾਬ ਗੋਲਫ-ਵੋਲਫ ਖੇਡ ਕੇ ਆ ਰਹੇ ਹਨ। 'ਮੈਨੂੰ ਸ਼ਹਿਰ ਛੱਡ ਦੇਵੋਂਗੇ' ਮੈਂ ਪੁੱਛਿਆ ਤਾਂ ਉਹ ਝੱਟ ਮੰਨ ਗਏ। ਚਲੋ, ਇਹ ਵਧੀਆ ਹੋਇਆ, ਬੱਸ ਦਾ ਇੰਤਜ਼ਾਰ ਨਹੀਂ ਕਰਨਾ ਪਿਆ।

ਇੱਕ ਗੱਲ ਸਾਫ਼ ਹੈ, ਇਸ ਸ਼ਹਿਰ ਦਾ ਮੈਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਆਈਡੀਆ ਨਹੀਂ ਸੀ। ਮੈਂ ਆਈ ਵੀ ਬੱਸ ਜਾਂ ਟਰੇਨ ਤੋਂ ਨਹੀਂ ਸੀ ! ਨਿਰਾਲਾ ਗੱਡੀ ਵਿੱਚ ਮੈਨੂੰ ਸਿੱਧਾ ਯੂਨੀਵਰਸਿਟੀ ਲੈ ਗਿਆ ਸੀ। ਮੈਨੂੰ ਸ਼ਹਿਰ ਦਾ ਬਸ ਅੱਡਾ, ਰੇਲਵੇ ਸਟੇਸ਼ਨ ਜਾਂ ਸਿਟੀ ਸੈਂਟਰ ਕੁਝ ਨਹੀਂ ਪਤਾ ਸੀ। ਟੈਕਸੀ, ਆਟੋ, ਟ੍ਰਾਮ, ਮੈਟਰੋ ਕੀ ਚਲਦਾ ਹੈ ਇੱਥੇਇਹ ਵੀ ਨਹੀਂ ਪਤਾ। ਇਹ ਸ਼ਹਿਰ ਦਿੱਲੀ ਜਾਂ ਮੁੰਬਈ ਵਰਗਾ ਵੱਡਾ ਵੀ ਨਹੀਂ ਸੀ ਕਿ ਭੀੜ ਵਿੱਚ ਕਿਸੇ ਨੂੰ ਵੀ ਪੁੱਛ ਲਵੋ। ਇਹ ਸ਼ਹਿਰ ਤਾਂ ਆਪਣੇ ਸਿੱਕਮ ਦੇ ਪੇਲਿੰਗ ਪਿੰਡ ਵਰਗਾ ਸੀ। ਹਨ੍ਹੇਰਾ ਹੁੰਦੇ ਹੀ ਸੌਂ ਜਾਣ ਵਾਲੇ ਅਤੇ ਭੂਗੋਲ ਵੀ ਅਜਿਹਾ ਹੀ ਸੀ- ਪਹਾੜ, ਘਾਟੀ, ਜੰਗਲ, ਫਿਰ ਪਹਾੜ। ਮੈਂ ਯੂਨੀਵਰਸਿਟੀ ਤੋਂ ਨਿਕਲ ਤਾਂ ਆਈ ਸੀ, ਪਰ ਅੱਗੇ ਕਿਵੇਂ ਜਾਵਾਂਗੀ- ਇਸਦਾ ਮੈਨੂੰ ਕੋਈ ਆਈਡੀਆ ਨਹੀਂ ਸੀ। ਗੱਡੀ ਸ਼ਹਿਰ ਆ ਗਈ ਤਾਂ ਜਨਾਬ ਨੇ ਪੁੱਛਿਆ ਕਿੱਥੇ ਉਤਾਰਾਂ ਤੁਹਾਨੂੰ। ਮੈਂ ਕਿਹਾ, ਜਿੱਥੋਂ ਮੈਨੂੰ ਕੋਈ ਸਾਧਨ ਮਿਲ ਜਾਵੇ। ਉਨ੍ਹਾਂ ਨੇ ਪੁੱਛਿਆ ਕਿ ਮੈਂ ਕਿੱਥੇ ਜਾ ਰਹੀ ਹਾਂ। ਮੈਂ ਆਪਣੇ ਫ਼ੋਨ ਤੇ ਲਿਖਿਆ ਪਤਾ ਦਿਖਾ ਦਿੱਤਾ। 'ਉਏ, ਮੈਂ ਵੀ ਉਸੇ ਸਾਈਡ ਜਾ ਰਿਹਾ ਹਾਂ !' ਇਕਦਮ ਮੈਨੂੰ ਯਕੀਨ ਨਹੀਂ ਹੋਇਆ ਤੇ ਥੋੜ੍ਹੀ ਝਿਜਕ ਵੀ ਹੋਈ।

ਜਦੋਂ ਤੱਕ ਪਹਾੜੀ ਤੋਂ ਥੱਲੇ ਉਤਰ ਰਹੇ ਸੀ, ਸਭ ਠੀਕ ਸੀ, ਕਿਉਂਕਿ ਰਾਹ ਇੱਕ ਹੀ ਸੀ, ਪਰ ਹੁਣ ਇਹ ਕੋਈ ਵੀ ਰਾਹ ਲੈ ਲਵੇ, ਮੈਨੂੰ ਉਸਦੀ ਜਾਣਕਾਰੀ ਨਹੀਂ ਸੀ। ਇਸ ਤੋਂ ਪਹਿਲਾਂ ਕਿ ਮੈਂ ਅੱਗੇ ਕੁਝ ਕਹਿੰਦੀ, ਜਨਾਬ ਨੇ ਮੇਰਾ ਪਤਾ ਆਪਣੀ ਗੱਡੀ ਦੇ ਜੀ.ਪੀ.ਐੱਸ. ਵਿੱਚ ਭਰ ਲਿਆ। ਮੈਨੂੰ ਰਾਹਤ ਮਿਲੀ ਕਿ ਹੁਣ ਤਾਂ ਗੱਡੀ ਦੱਸੇਗੀ ਕਿ ਕਿੱਥੇ ਜਾਣਾ ਹੈ। ਇਹ ਵੀ ਸਹੀ, ਅੱਜ ਆਦਮੀ ਤੋਂ ਜ਼ਿਆਦਾ ਗੱਡੀ ਉੱਤੇ ਯਕੀਨ ਕਰਨਾ ਪਿਆ ਮੈਨੂੰ !

ਨੀਨਾ ਨਾਮ ਸੀ ਮੇਰੀ ਮੇਜ਼ਬਾਨ ਦਾ। ਆਪਣੇ ਬੁਆਏਫ੍ਰੈਂਡ ਨਾਲ ਦੋ ਕਮਰਿਆਂ ਦੇ ਬਹੁਤ ਸੋਹਣੇ ਘਰ ਵਿੱਚ ਰਹਿੰਦੀ ਹੈ। ਮੇਰਾ ਬੈੱਡ ਲੱਗਿਆ ਹੋਇਆ ਸੀ, ਨਾਲ ਹੀ ਇੱਕ ਧੋਤਾ ਹੋਇਆ ਤੌਲੀਆ ਰੱਖਿਆ ਸੀ। ਮੇਰੇ ਮੰਗਣ 'ਤੇ ਮੈਨੂੰ ਇੱਕ ਲੈਪਟਾੱਪ ਦੇ ਦਿੱਤਾ ਗਿਆ। ਮੈਨੂੰ ਰਸੋਈ ਦਿਖਾਈ ਗਈ ਅਤੇ ਕਿਹਾ ਗਿਆ ਕਿ ਮੈਂ ਜਦੋਂ ਚਾਹਾਂ ਚਾਹ ਜਾਂ ਕੌਫ਼ੀ ਬਣਾ ਸਕਦੀ ਹਾਂ। ਜੇਕਰ ਮੈਂ ਸਵੇਰੇ ਜਲਦੀ ਉੱਠਦੀ ਹਾਂ ਤਾਂ ਆਪਣਾ ਬ੍ਰੇਕਫਾਸਟ ਖ਼ੁਦ ਬਣਾ ਸਕਦੀ ਹਾਂ। ਹੇ ਰੱਬਾ, ਇਹ ਕਿਹੋ ਜਿਹਾ ਰਹਿਮ ਹੈ ਤੇਰਾ! ਕਿੱਥੇ ਮੈਂ ਯੂਨੀਵਰਸਿਟੀ ਹੋਸਟਲ ਦੇ ਪੜਛੱਤੇ ਦੇ ਥੱਲੇ ਸੌਣ ਦੀ ਸੋਚ ਰਹੀ ਸੀ, ਕਿੱਥੇ ਇਸ ਘਰ ਦੇ ਇੱਕ ਵੱਖ ਕਮਰੇ ਵਿੱਚ ਲੱਗੇ ਇੱਕ ਵੱਖ ਬਿਸਤਰ 'ਤੇ ਪਹੁੰਚ



ਗਈ ਅਤੇ ਨਾਲ ਚਾਹ ਵੀ ! ਜ਼ਰੂਰ ਕੁਝ ਚੰਗਾ ਕੀਤਾ ਹੋਵੇਗਾ ਮੈਂ ਪਿਛਲੇ ਜਨਮ ਵਿੱਚ !

ਨੀਨਾ ਦੀ ਅੰਗਰੇਜ਼ੀ ਕਾਫ਼ੀ ਚੰਗੀ ਸੀ, ਪਰ ਉਸਦਾ ਬਆਏਫ੍ਰੈਂਡ ਬਹੁਤ ਮੁਸ਼ਕਿਲ ਨਾਲ ਆਪਣੀ ਗੱਲ ਅੰਗਰੇਜ਼ੀ ਵਿੱਚ ਕਹਿ ਪਾਉਂਦਾ ਸੀ। ਸ਼ਾਇਦ ਇਸੇ ਕਰਕੇ ਮੈਨੂੰ ਉਸਦਾ ਨਾਮ ਵੀ ਚੰਗੀ ਤਰ੍ਹਾਂ ਯਾਦ ਨਹੀਂ। ਅਸੀਂ ਕੁਝ ਦੇਰ ਇੱਧਰ-ਉੱਧਰ ਦੀਆਂ ਗੱਲਾਂ ਕਰਦੇ ਰਹੇ। ਉਨ੍ਹਾਂ ਨੂੰ ਮੇਰੇ ਪੂਰੇ ਸਫ਼ਰ ਦੌਰਾਨ ਇਵੇਂ ਅਣਜਾਣ ਘਰਾਂ ਵਿੱਚ ਰੁਕਣ ਤੇ ਹੈਰਾਨੀ ਹੋਈ। ਨੀਨਾ ਨੇ ਪੁੱਛਿਆ, ਕੀ ਮੈਨੂੰ ਕਦੀ ਡਰ ਨਹੀਂ ਲੱਗਦਾ, ਕੀ ਮੈਨੂੰ ਕਦੇ ਕੋਈ ਗ਼ਲਤ ਵਿਅਕਤੀ ਨਹੀਂ ਮਿਲਿਆ ? ਮੈਂ ਕਿਹਾ ਕਿ ਹੁਣ ਤਾਂ ਤੁਹਾਡੇ ਸਾਹਮਣੇ ਸਹੀ ਸਲਾਮਤ ਹਾਂ। ਅੱਗੇ ਦਾ ਪਤਾ ਕੱਲ ਲੱਗੇਗਾ। ਉਹ ਦੋਵੇਂ ਸੌਣ ਚਲੇ ਗਏ। ਮੈਂ ਗੈਸ ਸਟੋਵ ਤੇ ਚਾਹ ਰੱਖ ਕੇ ਨਹਾਉਣ ਚਲੀ ਗਈ। ਚੰਗੀ ਤਰ੍ਹਾਂ ਨਹਾ ਕੇ ਆਈ ਤੇ ਚਾਹ ਲੈ ਕੇ ਲੈਪਟੌਪ ਨਾਲ ਆਪਣੀ ਪੈਨ ਡਰਾਈਵ ਵਿੱਚ ਫੋਟੋ ਡਾਊਨਲੋਡ ਕਰਨ ਬੈਠ ਗਈ। ਪਰ ਮੇਰਾ ਕੈਮਰਾ ਕਿੱਥੇ ਹੈ।

ਕੈਮਰਾ ਮੇਰੇ ਕੋਲ ਨਹੀਂ ਸੀ। ਮੈਂ ਹਰ, ਜਗ੍ਹਾ ਦੇਖਿਆ। ਬੈਗ ਨੂੰ ਪੂਰਾ ਉਲਟਾ-ਪੁਲਟਾ ਕੇ ਦੇਖਿਆ ਕੈਮਰਾ ਨਹੀਂ ਸੀ। ਮੇਰਾ ਤਾਂ ਜਿਵੇਂ ਸਾਹ ਘੁੱਟਣ ਲੱਗਿਆ। ਮੇਰੇ ਸਾਰੇ ਦੇ ਸਾਰੇ ਫੋਟੋ, ਸਾਰੇ-ਦੇ-ਸਾਰੇ ਵੀਡੀਓ, ਪੇਰਿਸ, ਬ੍ਰਸਲਜ਼, ਐੱਮਸਟਰਡਮ, ਬਰਲਿਨ, ਪਰਾਗ, ਬਰਾਤਿਸਲਾਵਾ, ਬੁੱਢਾਪੇਸਟ-ਉੱਥੇ ਮਿਲੇ ਢੇਰ ਸਾਰੇ ਲੋਕਾਂ ਦੇ ਫੋਟੋ! ਮੇਰੀ ਸੈਲਫ ਪੋਰਟਰੇਟਸ! ਸਾਰਾ ਕੁਝ ਤਾਂ! ਹੁਣ ਕੀ ? ਸਾਹ ਵਾਰ-ਵਾਰ ਘੁਟ ਰਿਹਾ ਸੀ। ਫਿਰ ਤੋਂ ਬੈਗ ਖ਼ਾਲੀ ਕਰ ਕੇ ਦੇਖਿਆ। ਫਿਰ ਦਿਮਾਗ਼ ਨੂੰ ਫਲੈਸ਼ਬੈਕ ਕੀਤਾ। ਗੱਡੀ ਵਿੱਚ ਤਾਂ ਨਹੀਂ ਰਹਿ ਗਿਆ ? ਬੈਗ ਵਿੱਚ ਸੀ ਅਤੇ ਬੈਗ ਮੈਂ ਖੋਲ੍ਹਿਆ ਨਹੀਂ। ਫਿਰ ਕਿੱਥੇ ? ਨਿਰਾਲਾ ਦੀ ਗੱਡੀ ਵਿੱਚ ? ਪਰ ਯੂਨੀਵਰਸਿਟੀ ਵਿੱਚ ਤਾਂ ਸ਼ਾਇਦ ਮੇਰੇ ਕੋਲ਼ ਕੈਮਰਾ ਸੀ... ਕਿ ਨਹੀਂ ਸੀ ? ਹੁਣ ਆਪਣੀ ਯਾਦਦਾਸ਼ਤ ਉੱਤੇ ਵੀ ਰਹਿ-ਰਹਿ ਕੇ ਸ਼ੱਕ ਹੋ ਰਿਹਾ ਸੀ। ਘਟਨਾਵਾਂ ਨੂੰ ਇੱਕ ਹੀ ਕਰਮ ਵਿੱਚ ਰਹਿ-ਰਹਿ ਕੇ ਸੋਚਦੇ ਰਹੋ ਤਾਂ ਉਸੇ ਉੱਪਰ ਯਕੀਨ ਹੋਣ ਲੱਗਦਾ ਹੈ। ਫਿਰ ਜਦੋਂ ਦੂਸਰੀ ਤਰ੍ਹਾਂ ਸੋਚੋ ਤਾਂ ਉਸ ਉੱਪਰ ਵੀ ਉਨਾਂ ਹੀ ਯਕੀਨ ਹੋਣ ਲੱਗਦਾ ਹੈ। ਫਿਰ ਦੋਨਾਂ 'ਤੇ ਹੀ ਸ਼ੱਕ ਹੁੰਦਾ ਹੈ।

ਥੋੜ੍ਹੀ ਦੇਰ ਲਈ ਕਿਸੇ ਪਾਗ਼ਲ ਦੀ ਤਰ੍ਹਾਂ ਆਪਣੇ ਦਿਮਾਗ਼ ਵਿੱਚ ਪਿੱਛੇ ਮੁੜ-ਮੁੜ ਕੇ ਸੋਚਦੀ ਰਹੀ। ਪਰ ਸੋਚਣ ਨਾਲ ਕੈਮਰਾ ਥੋੜ੍ਹੇ ਹੀ ਸਾਹਮਣੇ ਆ ਜਾਂਦਾ ! ਉਸੇ ਵਕਤ ਨਿਰਾਲਾ ਨੂੰ ਫੋਨ ਕਰਨ ਦਾ ਖ਼ਿਆਲ ਆਇਆ। ਪਰ ਰਾਤ ਬਹੁਤ ਹੋ ਚੁੱਕੀ ਸੀ ਅਤੇ ਉਹ ਤਾਂ ਬਾਹਰ ਕੈਂਪਿੰਗ ਕਰ ਰਿਹਾ ਸੀ। ਮੈਥੋਂ ਫਿਰ ਵੀ ਨਹੀਂ ਰਿਹਾ ਗਿਆ ਅਤੇ ਮੈਂ ਫ਼ੋਨ ਮਿਲਾ ਲਿਆ। ਚੁੱਕਣਾ ਥੋੜ੍ਹੇ ਸੀ ਉਸਨੇ ਉਸ ਸਮੇਂ ਫੋਨ, ਨਹੀਂ ਚੁੱਕਿਆ।

ਹੁਣ ਹੀਲਾ ਦੀ ਯਾਦ ਆਈ, ਪਰ ਉਸਦਾ ਨੰਬਰ ਤਾਂ ਲੈਤਾ ਹੀ ਨਹੀਂ। ਫ਼ੇਸਬੁੱਕ 'ਤੇ ਭਾਲਦੀ ਹਾਂ। ਪਰ ਪੂਰਾ ਨਾਂ ਪਤਾ ਨਹੀਂ। ਗੂਗਲ ਤੇ ਹੀਲਾ ਅਤੇ ਜਾਮੀਆ ਅਤੇ ਇੰਸਬਰੁੱਕ ਯੂਨੀਵਰਸਿਟੀ ਸਾਰਾ ਲਿਖਕੇ ਸਰਚ ਕਰਦੀ ਹਾਂ। ਕਿਸੇ ਤਰ੍ਹਾਂ ਲਿੰਕਡਿਨ 'ਤੇ ਪੂਰਾ ਨਾਮ ਮਿਲਦਾ ਹੈ। ਹੁਣ ਫ਼ੇਸਬੁੱਕ ਤੇ ਭਾਲਦੀ ਹਾਂ, ਇਹ ਰਹੀ; ਪਰ ਫ੍ਰੈਂਡ ਰਿਕੁਐਸਟ ਦਾ ਤਾਂ ਆਪਸ਼ਨ ਹੀ ਬੰਦ ਹੈ। ਹੁਣ ? ਮੈਸੇਜ ਲਿਖਦੀ ਹਾਂ। ਪਰ ਉਹ ਵੀ ਅੰਦਰ ਫੋਲਡਰ ਵਿੱਚ ਜਾਂਦਾ ਹੈ। ਇੰਨਬਾਕਸ ਵਿੱਚ ਜਾਣ ਦੇ ਪੈਸੇ ਮੰਗਦਾ ਹੈ। ਸ਼ਾਇਦ ਇੱਕ ਯੂਰੋ। ਮੈਂ ਉਹ ਵੀ ਬੈਂਕ ਟਰਾਂਸਫ਼ਰ ਕਰਦੀ ਹਾਂ, ਤਾਂ ਕਿ ਹੀਲਾ ਜਲਦੀ ਤੋਂ ਜਲਦੀ ਮੇਰਾ ਮੈਸੇਜ਼ ਪੜ੍ਹ ਲਵੇ।

ਹੋਰ ਕੀ ਕਰ ਸਕਦੀ ਸੀ ? ਕੈਮਰਾ ਅਤੇ ਫੋਟੋ ਗੁੰਮ ਹੋਣ ਤੋਂ ਜ਼ਿਆਦਾ ਮੈਨੂੰ ਹੁਣ ਆਪਣੇ

ਦੁੱਖ ਤੋਂ ਪਰੇਸ਼ਾਨੀ ਹੋ ਰਹੀ ਹੈ ! ਮੈਨੂੰ ਪਰੇਸ਼ਾਨੀ ਇਸ ਲਈ ਹੋ ਰਹੀ ਹੈ ਕਿ ਮੈਨੂੰ ਇੰਨਾ ਦੁੱਖ ਕਿਉਂ ਹੋ ਰਿਹਾ ਹੈ ! ਇੰਨਾ ਸੁੰਦਰ ਘਰ ਅਤੇ ਬਿਸਤਰੇ ਦਾ ਸਾਰਾ ਚਾਅ ਜਾਂਦਾ ਰਿਹਾ। ਬਸ ਇਹੀ ਖੁਸ਼ੀ ਸੀ ਮੇਰੀ ? ਇੱਕ ਨਿਰਜਿੰਦ ਕੈਮਰਾ ਅਤੇ ਉਸ ਵਿੱਚ ਪਈਆਂ ਨਿਰਜਿੰਦ ਤਸਵੀਰਾਂ ਨੇ ਮੇਰੀ ਸਾਰੀ ਖੁਸ਼ੀ ਖੋਹ ਲਈ ? ਸਾਡੀਆਂ ਚੀਜ਼ਾਂ ਕੀ ਸਾਡੀ ਖੁਸ਼ੀ ਨਾਲੋਂ ਜ਼ਿਆਦਾ ਜ਼ਰੂਰੀ ਹਨ ? ਜੇਕਰ ਨਹੀਂ ਤਾਂ ਸਾਨੂੰ ਚੀਜ਼ਾਂ ਇੰਨੀਆਂ ਦੁਖੀ ਕਿਉਂ ਕਰ ਜਾਂਦੀਆਂ ਹਨ ? ਸਾਹ ਤੱਕ ਰੋਕ ਦਿੱਤੇ ਸੀ ਮੇਰੇ ਇਸ ਚੀਜ਼ ਨੇ ! ਬਸ, ਇਹੀ ਹੈ ਮੇਰੀ ਸਾਧਨਾ ? ਬਸ, ਇਹੀ ਹੈ ਮੇਰਾ ਵਿਸ਼ਵਾਸ ? ਮੈਂ ਹੌਲ਼ੀ-ਹੌਲ਼ੀ ਆਪਣੇ ਸਾਹਾਂ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਨ ਲੱਗੀ। ਇੱਕ ਵੱਡਾ ਲੰਮਾ ਗਹਿਰਾ ਸਾਹ ... ਦੂਜਾ ਵੱਡਾ ਲੰਮਾ ਗਹਿਰਾ ਸਾਹ ... ਤੀਜੀ ਵੱਡੀ ਲੰਮੀ ਸਾਹ ... ਬਸ, ਇਹੀ ਹੈ ਜ਼ਿੰਦਗੀ ਜੋ ਨੱਕ ਤੋਂ ਆ-ਜਾ ਰਹੀ ਹੈ। ਬਸ, ਇਹੀ ਹੈ ਜੋ ਕੀਮਤੀ ਹੈ। ਇਸ ਜ਼ਿੰਦਗੀ ਨੂੰ ਕੁਝ ਤਸਵੀਰਾਂ ਤੇ ਕੈਮਰਾ ਡਾਵਾਂ-ਡੋਲ ਕਰ ਗਈਆਂ ! ਹੁਣ ਮੈਂ ਮੁਸਕਰਾਉਣ ਲੱਗੀ ਸੀ। ਖ਼ੁਦ ਨੂੰ ਕਿਹਾ- ਕੱਲ ਨਵਾਂ ਲੈ ਲੈਣਾ। ਹੁਣ ਥੋੜ੍ਹਾ ਸਾਹ ਲੈ ਲਾ। ਆਖ਼ਿਰ ਤੂੰ ਕਿਵੇਂ ਬੈਕ-ਪੈਕਰ ਕਹਿਲਾਵੇਂਗੀ, ਜਿਸਦੇ ਕੋਲ਼ ਕੈਮਰਾ ਗੁੰਮ ਹੋ ਜਾਣ ਵਾਲੀ ਕਹਾਣੀ ਹੀ ਨਹੀਂ ਹੈ। ਸ਼ੁਕਰ ਮਨਾ ਕਿ ਤੂੰ ਹੈ।

ਸੋਚਿਆ ਸਵੇਰੇ ਜ਼ਰੂਰ ਕੁਝ ਚੰਗਾ ਹੋਵੇਗਾ !

ਸਵੇਰੇ ਅਰਾਮ ਨਾਲ ਉੱਠੀ ਅਤੇ ਨੀਨਾ ਨੂੰ ਆਪਣੇ ਗੁਆਚੇ ਹੋਏ ਕੈਮਰੇ ਬਾਰੇ ਦੱਸਿਆ। "ਹੁਣ ਤਾਂ ਮਿਲਣਾ ਮੁਸ਼ਕਿਲ ਹੈ," ਉਸਨੇ ਕਿਹਾ। ਪਰ ਮੈਨੂੰ ਜ਼ਿਆਦਾ ਪਰੇਸ਼ਾਨ ਨਾ ਦੇਖ ਉਹ ਥੋੜ੍ਹੀ ਪਰੇਸ਼ਾਨ ਹੋ ਜਾਂਦੀ ਹੈ। ਉਸਨੇ ਮੈਨੂੰ ਦੱਸਿਆ ਕਿ ਉਸਦੀ ਇੱਕ ਪਸੰਦੀਦਾ ਜੈਕਟ ਵੀ ਪਰਸੋਂ ਹੀ ਇੱਕ ਮਾਲ ਵਿੱਚ ਗੁਆਚ ਗਈ ਅਤੇ ਵਾਪਸ ਮਿਲਣ ਦੇ ਕੋਈ ਆਸਾਰ ਨਜ਼ਰ ਨਹੀਂ ਆਉਂਦੇ। ਮੈਂ ਉਸਨੂੰ ਕਹਿੰਦੀ ਹਾਂ ਕਿ, "ਪਤਾ ਨਹੀਂ ਕਿਉਂ ਲੱਗਦਾ ਹੈ ਕਿ ਮੇਰਾ ਕੈਮਰਾ ਮਿਲ ਜਾਏਗਾ।" ਉਹ ਹੱਸਦੀ ਹੈ ਅਤੇ ਕਹਿੰਦੀ ਹੈ ਕਿ ਕਾਸ਼, ਉਸਦੀ ਜੈਕਟ ਵੀ ਮਿਲ ਜਾਵੇ।

ਮੈਂ ਚਾਹ ਪੀ ਕੇ ਸਿੱਧੀ ਯੂਨੀਵਰਸਿਟੀ ਵੱਲ ਨਿਕਲਦੀ ਹਾਂ। ਅਜੇ ਤੱਕ ਮੇਰੇ ਮੈਸੇਜ਼ ਦਾ ਕੋਈ ਜਵਾਬ ਨਹੀਂ ਆਇਆ ਸੀ। ਮੈਨੂੰ ਜਲਦੀ ਯੂਨੀਵਰਸਿਟੀ ਪਹੁੰਚ ਜਾਣਾ ਚਾਹੀਦਾ ਹੈ। ਕੀ ਪਤਾ ਬਾਹਰ ਗਾਰਡਨ ਵਿੱਚ ਜਿੱਥੇ ਬੈਠੇ ਸੀ, ਉੱਥੇ ਰੱਖਿਆ ਹੋਵੇ ਜਾਂ ਬਾਹਰ ਛੱਜੇ ਦੇ ਥੱਲੇ ਜਾਂ ਅੰਦਰ ਰਿਸੈਪਸ਼ਨ ਵਿੱਚ, ਜਾ ਨਿਰਾਲਾ ਦੀ ਕਾਰ ਵਿੱਚ। ਮੈਂ ਕੈਮਰਾ ਭਾਲਣ ਜਾ ਰਹੀ ਸੀ, ਪਰ ਹੁਣ ਮੇਰਾ ਸਾਹ ਨਹੀਂ ਰੁਕ ਰਿਹਾ ਸੀ। ਮੈਨੂੰ ਪਤਾ ਸੀ ਕਿ ਮਿਲ ਜਾਵੇਗਾ, ਪਰ ਨਹੀਂ ਤਾਂ ਮੈਂ ਅੱਜ ਹੀ ਨਵਾਂ ਖਰੀਦਣ ਲਈ ਤਿਆਰ ਸੀ। ਅਜੇ ਲੱਗਭਗ ਪੰਜ ਮਿੰਟ ਹੀ ਚੱਲੀ ਸੀ ਕਿ ਫੋਨ 'ਤੇ ਮੈਸੇਜ਼ ਦੀ ਘੰਟੀ ਵੱਜੀ। ਜਿਵੇਂ ਮੈਨੂੰ ਪਤਾ ਸੀ ਕਿ ਕਿਸਦਾ ਸੀ ਅਤੇ ਕਿਸ ਬਾਰੇ ਸੀ- "ਣਕਗ 'ਅਚ, ਖਰਚਗ ਫ਼ਠਕ.ਗ ਜਤ ਤਕਿ ਮਜਵੀ ਠਕ, ਖਰਚ ਫ਼ਅ ਫਰ;;ਕਫਵ ਜਵ ਮੀਕਅ ਖਰਚ ਫਰਠਕ ਲ਼ਫਾ ਵਰਅਜਪੀਵ੍ .ਜ;"

ਬੱਲੇ !!! ਮੈਂ ਗਲ਼ੀ ਵਿੱਚ ਨੱਚਣ ਲੱਗੀ ! ਹੁਣ ਮੈਂ ਵਾਪਿਸ ਘਰ ਦੇ ਵੱਲ ਮੁੜ ਜਾਂਦੀ ਹਾਂ। ਹੁਣ ਕੀ ਜਲਦੀ ਹੈ ? ਆਰਾਮ ਨਾਲ ਲੈ ਲਵਾਂਗੀ।

ਨੀਨਾ ਨੂੰ ਛੁੱਟੀ ਸੀ ਅਤੇ ਉਸਨੇ ਮੈਨੂੰ ਆਪਣੀ ਮਾਂ ਦੇ ਘਰ ਚੱਲਣ ਦਾ ਸੱਦਾ ਦਿੱਤਾ। ਉਸਦੀ ਮਾਂ ਇਕੱਲੀ ਇੱਕ ਪਹਾੜੀ ਉੱਪਰ ਰਹਿੰਦੀ ਹੈ ਅਤੇ ਨੀਨਾ ਛੁੱਟੀ ਵਿੱਚ ਉਸਨੂੰ ਮਿਲਣ ਜਾਂਦੀ ਹੈ। "ਕਿਉਂ ਨਹੀਂ, ਚੱਲੋ," ਮੈਂ ਕਿਹਾ। ਉਸਨੇ ਦੱਸਿਆ ਕਿ ਉਸਨੇ ਆਪਣੀ ਮਾਂ ਨੂੰ ਮੇਰੇ ਬਾਰੇ ਦੱਸਿਆ, ਪਰ ਉਹ ਇਸ ਤਰ੍ਹਾਂ ਇੱਕ ਅਜਨਬੀ ਨੂੰ ਘਰ ਵਿੱਚ ਰੁਕਣ ਦੇ ਖ਼ਿਆਲ ਨਾਲ ਖੁਸ਼



ਨਹੀਂ ਹੈ। ਲੱਗਦਾ ਹੈ, ਉਨ੍ਹਾਂ ਵਿੱਚ ਬਹਿਸ ਵੀ ਹੋਈ ਹੈ। ਉਹ ਕਹਿੰਦੀ ਹੈ- ਪੁਰਾਣੇ ਲੋਕ ਇੱਕ-ਦੂਜੇ ਉੱਪਰ ਜ਼ਿਆਦਾ ਵਿਸ਼ਵਾਸ ਕਰਦੇ ਸਨ, ਕਹਿੰਦੇ ਤਾਂ ਇਹੀ ਨੇ ਨਾ ? ਪਰ ਮੇਰੀ ਮਾਂ ਉਲਟ ਹੀ ਹੈ ! ਮੈਂ ਸੋਚਦੀ ਹਾਂ ਕਿ ਕੀ ਸੱਚਮੁੱਚ ਪੁਰਾਣੇ ਜ਼ਮਾਨੇ ਦੇ ਲੋਕ ਇੱਕ-ਦੂਜੇ ਉੱਪਰ ਜ਼ਿਆਦਾ ਵਿਸ਼ਵਾਸ ਕਰਦੇ ਸਨ ? ਵਿਸ਼ਵਾਸ ਕਰਦੇ ਹੋਣਗੇ, ਪਰ ਮੈਨੂੰ ਪਤਾ ਨਹੀਂ ਪੁਰਾਣੇ ਲੋਕ ਆਪਣੇ ਵਿੱਚ ਘੁਟੇ ਹੋਏ ਲੱਗਦੇ ਨੇ। ਉਹ ਦੂਜਿਆਂ ਦੁਆਰਾ ਜੱਜ ਕੀਤੇ ਜਾਣ ਤੋਂ ਡਰਦੇ ਹਨ। ਆਪਣਾ ਦੁੱਖ ਆਪਣੇ ਅੰਦਰ ਰੱਖਦੇ ਹਨ। ਪਰਿਵਾਰ ਦੀ ਗੱਲ ਪਰਿਵਾਰ ਵਿੱਚ ਰਹੇ ਹਨ। ਇਸ ਗੱਲ ਤੇ ਯਕੀਨ ਰੱਖਦੇ ਹਨ ਅਸੀਂ ਨਵੇਂ ਲੋਕ ? ਸੌਰੀ, ਵਿੱਚ ਦੇ ਲੋਕ ਕਿਉਂਕਿ ਨਵੇਂ ਲੋਕ ਤਾਂ ਹੁਣ ਕੋਈ ਹੋਰ ਨੇ ! ਆਪਾਂ ਤਾਂ ਸਾਰੇ ਕਹਿ ਦਿੰਦੇ ਹਾਂ, ਫ਼ੇਸਬੁੱਕ 'ਤੇ ਲਿਖ ਦਿੰਦੇ ਹਾਂ। ਮੈਂ ਤਾਂ ਜਦੋਂ ਤੱਕ ਆਪਣੀਆਂ ਪਰੇਸ਼ਾਨੀਆਂ ਦਾ ਢੋਲ ਨਾ ਵਜਾ ਲਵਾਂ ਚੈਨ ਨਹੀਂ ਮਿਲਦਾ। ਫਿਰ ਜੋ ਹਮਦਰਦੀਆਂ ਮਿਲਦੀਆਂ ਹਨ, ਉਹਨਾਂ ਬਾਰੇ ਇਹ ਕਿਉਂ ਸੋਚਣਾ ਕਿ ਉਹ ਅਸਲੀ ਨੇ ਜਾਂ ਨਕਲੀ ! ਤੁਹਾਨੂੰ ਤਾਂ ਮਿਲੀ ਨਹੀਂ ਤਾਂ ਲੈ ਲਵੋ। ਮੈਨੂੰ ਆਪਣੇ ਦੁੱਖ ਚੀਕਾਂ ਮਾਰ ਕੇ ਕਹਿ ਦੇਣ 'ਤੇ ਹੀ ਸ਼ਾਂਤੀ ਮਿਲਦੀ ਹੈ। ਮੇਰੇ ਦੁੱਖ ਮੈਨੂੰ ਮੇਰੀਆਂ ਗ਼ਲਤੀਆਂ ਦਾ ਨਤੀਜਾ ਨਹੀਂ ਲੱਗਦੇ। ਤੇ ਜੇ ਹੋਣ ਤਾਂ ਵੀ ਉਹਨਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੀ ਹਾਂ। ਇਹ ਨਹੀਂ ਕਿ 'ਦੂਜੇ ਕੀ ਕਹਿਣਗੇ' ...। ਕਦੇ-ਕਦੇ ਦੂਜਿਆਂ ਦੀ ਪਰਵਾਹ ਹੁੰਦੀ ਹੈ। ਪਰ ਹੁਣ ਹੌਲ਼ੀ-ਹੌਲ਼ੀ ਘਟ ਰਹੀ ਹੈ।

ਮੈਂ ਇਸਦੀ ਵੀ ਪਰਵਾਹ ਨਹੀਂ ਕਰਦੀ ਕਿ ਸਾਹਮਣੇ ਵਾਲਾ ਸੱਚੀ-ਮੁੱਚੀ ਮੇਰੇ ਦੁੱਖ ਨਾਲ ਦੁਖੀ ਹੈ ਕਿ ਨਹੀਂ। ਕਿਉਂ ਹੋਵੇ ਕੋਈ ਤੁਹਾਡੇ ਦੁੱਖ ਵਿੱਚ ਦੁਖੀ ? ਤੁਹਾਡੀ ਖੁਸ਼ੀ 'ਚ ਖੁਸ਼ ? ਤੁਹਾਡੀ ਖੁਸ਼ੀ ਤੁਹਾਡੇ ਅੰਦਰੋਂ ਹੀ ਨਿਕਲੇਗੀ ਤੇ ਦੁੱਖ ਵੀ ਤੁਹਾਡੇ ਅੰਦਰੋਂ ਹੀ ਨਿਕਲੇਗਾ। ਲੋਕ ਕਹਿੰਦੇ ਨੇ ਕਿ ਸੱਚੇ ਦੋਸਤ ਉਹੀ ਹੁੰਦੇ ਨੇ ਜੋ ਤੁਹਾਡੇ ਦੁੱਖ 'ਚ ਦੁਖੀ ਹੁੰਦੇ ਹੋਣ। ਮੈਨੂੰ ਨਹੀਂ ਲੱਗਦਾ। ਕਿਸੇ ਦੀ ਨੌਕਰੀ ਛੁੱਟ ਜਾਵੇ, ਕਿਸੇ ਦਾ ਪੈਰ ਟੁੱਟ ਜਾਵੇ, ਉਸ ਵਿੱਚ ਦੁੱਖ ਦਿਖਾਉਣਾ, ਕਿੱਥੇ ਮੁਸ਼ਕਿਲ ਹੈ ? ਅਸਲ ਗੱਲ ਤਾਂ ਉਦੋਂ ਹੈ ਜਦੋਂ ਕੋਈ ਤੁਹਾਡੀ ਖੁਸ਼ੀ ਵਿੱਚ ਸ਼ਾਮਿਲ ਹੋਵੇ ! ਤੁਹਾਡੀ ਲਾਟਰੀ ਲੱਗ ਜਾਵੇ, ਪਰਮੋਸ਼ਨ ਹੋ ਜਾਵੇ ਤੇ ਤੁਹਾਡੇ ਦੋਸਤ ਖੁਸ਼ ਹੋ ਜਾਣ ! ਨਹੀਂ, ਮੈਂ ਨਹੀਂ ਹੋ ਸਕਦੀ। ਕੋਈ ਨਵਾਂ ਬੰਗਲਾ ਬਣਾ ਲਵੇ ਮੈਨੂੰ ਫਰਕ ਨਹੀਂ ਪੈਂਦਾ; ਪਰ ਕੋਈ ਮੈਥੋਂ ਜ਼ਿਆਦਾ ਘੁੰਮ ਲਵੇ, ਮੈਂ ਚਾਹ ਕੇ ਵੀ ਇਸ ਲਈ ਖੁਸ਼ ਨਹੀਂ ਹੋ ਸਕਦੀ। ਜਲਨ ਮੇਰੇ ਮਨ ਦਾ ਸਭ ਤੋਂ ਪ੍ਰਭਾਵਸ਼ਾਲੀ ਭਾਵ ਹੈ। ਜਿਹੜੇ ਕੰਮ ਨੂੰ ਮੈਂ ਕਰਨਾ ਚਾਹਾਂ, ਕੋਈ ਹੋਰ ਉਸਨੂੰ ਮੇਰੇ ਤੋਂ ਪਹਿਲਾਂ ਕਰ ਲਵੇ, ਚੰਗਾ ਕਰ ਲਵੇ ਤਾਂ ਮੈਂ ਖੁਸ਼ ਨਹੀਂ ਹੋ ਸਕਦੀ। ਪਤਾ ਨਹੀਂ ਸਹੀ ਹੈ ਜਾਂ ਗ਼ਲਤ ? ਅਤੇ ਕੌਣ ਕਰੇਗਾ ਸਹੀ-ਗ਼ਲਤ ਦਾ ਫੈਸਲਾ ? ਪਰ ਕਈ ਵਾਰ ਆਪਣੀ ਖੁਸ਼ੀ 'ਤੇ ਆਪਣੇ ਦੁੱਖ ਦੂਜਿਆਂ ਨਾਲ ਵੀ ਜੁੜ ਜਾਂਦੇ ਹਨ। ਜਿਵੇਂ ਕੋਈ ਕਦੇ-ਕਦੇ ਇੰਨਾ ਮਹੱਤਵਪੂਰਨ ਬਣ ਜਾਂਦਾ ਹੈ ਕਿ ਉਹ ਖੁਸ਼ ਤਾਂ ਤੁਸੀਂ ਖੁਸ਼ ਅਤੇ ਜੇ ਉਹ ਦੁਖੀ ਤਾਂ ਤੁਸੀਂ ਦੁਖੀ। ਉਹ ਅੱਜ ਹੱਸ ਕੇ ਬੋਲ ਪਿਆ ਤਾਂ ਤੁਸੀਂ ਸੱਤਵੇਂ ਆਸਮਾਨ 'ਤੇ, ਅੱਜ ਉਸਨੇ ਹੱਸ ਕੇ ਗੱਲ ਨਾ ਕੀਤੀ ਤਾਂ ਉਦਾਸ ! ਅੱਜ ਤੋਂ ਛੇ-ਸਾਢੇ ਛੇ ਸਾਲ ਪਹਿਲਾਂ ਜਦੋਂ ਮੈਂ ਪੂਨੇ ਵਿੱਚ ਰਹਿ ਰਹੀ ਸੀ, ਉਦੋਂ ਅਖ਼ਿਲ ਵੀ ਮੇਰੇ ਲਈ ਮੇਰਾ ਸੁੱਖ ਤੇ ਦੁੱਖ ਬਣ ਗਿਆ ਸੀ। ਪਤਾ ਨਹੀਂ ਕਿਉਂ ਅਖ਼ਿਲ ਦਾ ਨਾਮ ਐਨੀ ਦੇਰ ਤੋਂ ਕਿਉਂ ਆਇਆ ਜ਼ਿਕਰ ਵਿੱਚ ? ਮੈਂ ਤਾਂ ਸ਼ੁਰੂਆਤ ਹੀ ਉਸ ਤੋਂ ਕਰਨੀ ਚਾਹੁੰਦੀ ਸੀ। ਉਸੇ ਤੋਂ ਤਾਂ ਸ਼ੁਰੂਆਤ ਹੋਈ ਸੀ ਇਕੱਲੇ ਬੈਗ ਟੰਗ ਕੇ ਮੇਰੇ ਬਾਹਰ ਨਿਕਲ ਜਾਣ ਦੀ। ਜਦੋਂ ਉਸਦਾ ਮੂਡ ਮੇਰਾ ਮੂਡ ਬਣਨ ਲੱਗ ਗਿਆ ਸੀ, ਉਦੋਂ ਦੀ ਗੱਲ ਹੈ। ਇੱਕ ਦਿਨ ਮੈਂ ਬਹੁਤ ਖੁਸ਼ ਸੀ, ਦਫ਼ਤਰ ਤੋਂ ਆਉਂਦੇ ਹੀ ਅਖਿਲ

ਨੂੰ ਫ਼ੋਨ ਕੀਤਾ। ਉਸਦਾ ਦਿਨ ਸ਼ਾਇਦ ਚੰਗਾ ਨਹੀਂ ਬੀਤਿਆ ਸੀ ਤਾਂ ਉਹ ਖਿਝਿਆ ਹੋਇਆ ਸੀ। ਨਤੀਜਾ ਇਹ ਹੋਇਆ ਕਿ ਮੇਰਾ ਚੰਗਾ ਮੂਡ ਇਕਦਮ ਫੁੱਸ ਹੋ ਗਿਆ। ਉਸ ਦਿਨ ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ ਮੇਰੀ ਖ਼ੁਸ਼ੀ ਮੇਰੀ ਹੈ ਜਾਂ ਕਿਸੇ ਹੋਰ ਦੀ ?

ਉਸ ਇੱਕ ਇਨਸਾਨ 'ਤੇ ਇੰਨਾ ਨਿਰਭਰ ਹੋ ਜਾਣਾ ਕਿ ਖ਼ੁਦ ਦੀ ਕੋਈ ਭਾਵਨਾ ਹੀ ਨਾ ਰਹੇ ! ਉਸਦੇ ਦਿੱਤੇ ਫੁੱਲਾਂ ਦੇ ਗ਼ੁਲਦਸਤੇ ਦੀ ਬਸ ਉਡੀਕ ਰਹੇ ਅਤੇ ਅੰਦਰ-ਹੀ-ਅੰਦਰ ਤੁਸੀਂ ਮੰਨਦੇ ਰਹੋ ਕਿ ਕਾਸ਼, ਅੱਜ ਉਸਦਾ ਮੂਡ ਚੰਗਾ ਹੋਵੇ ! ਮੇਰੀਆਂ ਖ਼ੁਸ਼ੀਆਂ ਕਿਸੇ ਇਨਸਾਨ ਉੱਤੇ ਇੰਨੀਆਂ ਨਿਰਭਰ ਹੋ ਗਈਆਂ ਸਨ ਕਿ ਮੈਂ ਰਹਿ-ਰਹਿ ਕੇ ਡਰਨ ਲੱਗੀ ਸੀ। ਮੈਂ ਆਪਣੀ ਖ਼ੁਸ਼ੀ ਦੇ ਨਾਲ-ਨਾਲ ਉਸਦੀ ਖ਼ੁਸ਼ੀ ਦੀ ਵੀ ਉਡੀਕ ਕਰਨ ਲੱਗੀ ਤੇ ਅਜਿਹਾ ਨਹੀਂ ਕਿ ਮੈਂ ਦੁਖੀ ਸੀ। ਪਰ ਉਹ ਦੁੱਖ ਵੀ ਜੋ ਸੀ, ਉਹ ਵੀ ਉਸ ਉੱਪਰ ਨਿਰਭਰ ਸੀ। ਉਹ ਵੀ ਮੇਰਾ ਨਹੀਂ ਸੀ। ਮੇਰੀ ਖ਼ੁਸ਼ੀ ਤੇ ਮੇਰਾ ਦੁੱਖ-ਦੋਵੇਂ ਜਿਵੇਂ ਉਧਾਰ ਦੇ ਸਨ। ਉਹ ਪਤਾ ਨਹੀਂ ਗਹਿਰਾ ਪਿਆਰ ਸੀ ਜਾਂ ਗਹਿਰੀ ਆਦਤ ਪਰ ਉਹ ਹੁਣ ਮੇਰੀ ਬਰਦਾਸ਼ਤ ਤੋਂ ਬਾਹਰ ਹੋਣ ਲੱਗੀ ਸੀ।

ਮੈਂ ਦਫ਼ਤਰ ਤੋਂ ਅਸਤੀਫ਼ਾ ਦਿੱਤਾ ਅਤੇ ਪੱਚੀ ਹਜ਼ਾਰ ਦੀ ਬੈਂਕ ਬੱਚਤ ਦੇ ਨਾਲ ਆਪਣਾ ਬੈਗ ਮੋਢੇ 'ਤੇ ਟੰਗ ਅਤੇ ਬਿਨਾਂ ਕਿਸੇ ਰਿਜ਼ਰਵੇਸ਼ਨ ਦੇ ਹੀ ਨਿਕਲ ਆਈ। ਬੱਸ ਲੈ ਕੇ ਅਹਿਮਦਾਬਾਦ ਪਹੁੰਚੀ ਅਤੇ ਉੱਥੋਂ ਰੇਲ ਗੱਡੀ 'ਤੇ ਜੈਸਲਮੇਰ। ਮੈਂ ਇਕੱਲੀ ਇੱਕ ਮਹੀਨੇ ਤੱਕ ਰਾਜਸਥਾਨ ਘੁੰਮਦੀ ਰਹੀ। ਮੈਂ ਉੱਥੋਂ ਇਕੱਲੀ ਘੁੰਮਅੱਕੜ ਨਹੀਂ ਸੀ। ਆਪਣੇ ਹੀ ਵਰਗੇ ਪਤਾ ਨਹੀਂ ਕਿੰਨੇ ਹੋਰ ਇਕੱਲੇ ਘੁੰਮਦੇ ਮੁੰਡੇ-ਕੁੜੀਆਂ ਨਾਲ ਮੈਂ ਉੱਥੇ ਮਿਲੀ। ਪਰ ਭਾਰਤ ਵਿੱਚ ਹੁੰਦੇ ਵੀ ਮੈਨੂੰ ਇੱਕ ਵੀ ਭਾਰਤੀ ਬੈਕ-ਪੈਕਰ ਉੱਥੇ ਨਹੀਂ ਮਿਲਿਆ ਜੋ ਵੀ ਸਨ ਉਹ ਸਾਰੇ ਦੇ ਸਾਰੇ ਇਕੱਲੇ ਫਿਰਦੇ ਫਰੰਗੀ ! ਘਰ ਖ਼ਰੀਦਣ ਦੇ ਆਈਡੀਏ ਨੂੰ ਛੱਡ ਕੇ ਦੁਨੀਆ ਘੁੰਮਣ ਨਿਕਲੀ ਬ੍ਰਾਜ਼ੀਲ ਦੀ ਇੱਕ ਡਾਕਟਰ, ਰੇਗਿਸਤਾਨ ਦੇ ਪਿਆਰ ਵਿੱਚ ਪਾਗ਼ਲ ਇੱਕ ਜਰਮਨ ਕੁੜੀ, ਦੁਨੀਆ ਭਰ ਵਿੱਚ ਸਾਈਕਲ ਚਲਾਉਂਦਾ ਇੱਕ ਅੱਧਖੜ ਜੋੜਾ, ਮੈਟਲ ਦੀ ਜਵੈਲਰੀ ਬਣਾਉਂਦਾ ਵੇਚਦਾ ਇੱਕ ਬ੍ਰਾਜ਼ੀਲੀਅਨ ਹਿੱਪੀ, ਲੰਬੀ ਅਨਪੇਡ ਛੁੱਟੀ ਲੈ ਕੇ ਘੁੰਮਦਾ ਇੱਕ ਅਮਰੀਕਨ ਪ੍ਰਾਇਮਰੀ ਟੀਚਰ-ਜੀਵਨ ਦੇ ਹਰ ਪੜਾਵ ਚੋਂ ਨਿਕਲੇ ਲੋਕ !

ਮੈਂ ਇਕੱਲੀ ਸੀ ਤੇ ਆਪਣੇ-ਆਪ ਦੇ ਨਾਲ ਸੀ। ਮੈਂ ਆਪਣਾ ਰਾਹ ਭਾਲ਼ਿਆ, ਆਪਣੇ ਰਹਿਣ ਦੇ ਟਿਕਾਣੇ ਭਾਲ਼ੇ, ਆਪਣੀਆਂ ਮੰਜ਼ਿਲਾਂ, ਆਪਣੇ ਸਾਥੀ ਤੇ ਆਪਣੀ ਤਨਹਾਈ, ਆਪਣੀ ਖ਼ੁਸ਼ੀ ਤੇ ਆਪਣੇ ਗ਼ਮ ਵੀ- ਸਭ ਕੁਝ ਭਾਲ਼ਿਆ। ਜੈਸਲਮੇਰ ਤੋਂ ਕੁਲਧਰਾ ਪਿੰਡ ਤੱਕ ਸਾਇਕਲ ਚਲਾਉਂਦੇ ਸਮੇਂ ਜਿਵੇਂ ਮੇਰਾ ਦਿਲ ਨੱਚ ਰਿਹਾ ਸੀ। ਮੈਂ ਰੇਤ ਦੇ ਟਿੱਬਿਆਂ ਉੱਪਰ ਬਣੇ ਰੋਡ ਉੱਪਰ ਸਾਇਕਲ ਚਲਾ ਰਹੀ ਸੀ ਇਕੱਲੀ, ਇਕਦਮ ਇਕੱਲੀ, ਤੇ ਖ਼ੁਸ਼ ਸੀ ! ਉਹ ਖ਼ੁਸ਼ੀ ਕਿਸੇ ਹੋਰ 'ਤੇ ਨਿਰਭਰ ਨਹੀਂ ਸੀ। ਉਹ ਬਸ ਮੇਰੀ ਸੀ। ਖ਼ੁਸ਼ੀ ਹੁਣ ਮੈਨੂੰ ਆਪਣੇ ਅੰਦਰ ਮਿਲ ਗਈ ਸੀ। ਮੈਂ ਪੂਰੇ ਇੱਕ ਸਾਲ ਵੀ ਘੁੰਮ ਸਕਦੀ ਸੀ ਤੇ ਪੂਰੀ ਉਮਰ ਵੀ।

ਵਾਪਸ ਮੁੜ ਕੇ ਮੈਂ ਆਪਣੇ ਤੋਂ ਖ਼ੁਸ਼ ਤੇ ਇੱਕ ਦਲੇਰ ਕੁੜੀ ਸੀ। ਮੈਂ ਖ਼ੁਦ ਵਿੱਚ ਖ਼ੁਸ਼ ਸੀ ਅਤੇ ਜਦੋਂ ਤੁਸੀਂ ਆਪਣੀ ਖ਼ੁਸ਼ੀ ਖ਼ੁਦ ਵਿੱਚ ਭਾਲ ਲੈਂਦੇ ਹੋ ਤਾਂ ਦੂਜੇ 'ਤੇ ਬੋਝ ਨਹੀਂ, ਉਸਦੇ ਸਾਥੀ ਹੁੰਦੇ ਹੋ। ਦੂਜਾ ਵੀ ਖ਼ੁਸ਼ ਅਤੇ ਦੁੱਖ ਦਾ ਕਾਰਨ ਨਾ ਹੋ ਕੇ ਰਾਹ ਦਾ ਇੱਕ ਹਮਸਫ਼ਰ ਹੁੰਦਾ ਹੈ। ਤੁਸੀਂ ਇੱਕ-ਦੂਜੇ ਦੇ ਲਈ ਬਿਕਰਮ ਅਤੇ ਬੇਤਾਲ ਨਹੀਂ ਹੁੰਦੇ। ਇੱਕ-ਦੂਜੇ ਤੋਂ ਖ਼ੁਸ਼ੀ ਨਿਚੋੜਨ ਦੇ ਲਈ ਨਾਲ ਨਹੀਂ ਹੁੰਦੇ। ਇੱਕ-ਦੂਜੇ ਦੀ ਖ਼ੁਸ਼ੀ ਸਾਂਝੀ ਕਰਨ, ਵਧਾਉਣ ਦੇ ਲਈ ਨਾਲ ਹੁੰਦੇ ਹੋ। ਦੋਨਾਂ ਨੂੰ



ਆਪਣੀ-ਆਪਣੀ ਖ਼ੁਸ਼ੀ ਨਾਲ ਨੱਕੋ-ਨੱਕ ਭਰੇ ਰਹਿਣਾ ਹੁੰਦਾ ਹੈ, ਉਦੋਂ ਹੀ ਪਿਆਰ, ਪਿਆਰ ਰਹਿੰਦਾ ਹੈ, ਨਹੀਂ ਤਾਂ ਉਹ ਸਿਰਫ਼ ਜ਼ਰੂਰਤ ਹੁੰਦੀ ਹੈ। ਅੱਜ ਛੇ ਸਾਲ ਬਾਅਦ ਵੀ ਅਖਿਲ ਅਤੇ ਮੈਂ ਨਾਲ ਹੀ ਹਾਂ। ਸ਼ਾਇਦ ਇਸੇ ਲਈ ਕਿ ਅਸੀਂ ਦੋਨੋਂ ਆਪਣੀਆਂ-ਆਪਣੀਆਂ ਖ਼ੁਸ਼ੀਆਂ ਭਾਲਣਾ ਸਿੱਖ ਗਏ ਹਾਂ।

ਹਾਂ, ਤਾਂ ਮੈਂ ਕਹਿ ਰਹੀ ਸੀ ਕਿ ਨੀਨਾ ਦੀ ਮਾਂ ਉਸ ਤੋਂ ਖ਼ੁਸ਼ ਨਹੀਂ ਸੀ, ਪਰ ਨੀਨਾ ਨੂੰ ਉਸ ਤੋਂ ਜ਼ਿਆਦਾ ਫ਼ਰਕ ਪੈਂਦਾ ਦਿਖਾਈ ਨਹੀਂ ਦਿੰਦਾ। ਤਾਂਹੀ ਉਹ ਵੱਖੋ-ਵੱਖਰੀਆਂ ਰਹਿੰਦੀਆਂ ਸਨ। ਵਿਚਾਰ ਨਾ ਮਿਲ ਰਹੇ ਹੋਣ ਤਾਂ ਸਿਰਫ਼ ਕਿਰਾਇਆ ਵੰਡਣ ਜਾਂ ਬਚਾਉਣ ਦੇ ਲਈ ਨਾਲ-ਨਾਲ ਨਹੀਂ ਰਹਿਣਾ ਚਾਹੀਦਾ।

ਉਸਦੀ ਮਾਂ ਨੇ ਤਾਂ ਸਾਨੂੰ ਬੁਲਾਉਣ ਤੋਂ ਇਨਕਾਰ ਕਰ ਦਿੱਤਾ, ਪਰ ਨੀਨਾ ਮੈਨੂੰ ਪੂਰਾ ਦਿਨ ਸ਼ਹਿਰ ਦਿਖਾਉਂਦੀ ਰਹੀ। ਉਹ ਮੈਨੂੰ ਆਪਣੇ ਪਸੰਦੀਦਾ ਕੈਫ਼ੇ ਵਿੱਚ ਲੈ ਕੇ ਗਈ। ਉਹ ਤੀਹ ਸਾਲਾਂ ਤੋਂ ਇਸ ਸ਼ਹਿਰ ਵਿੱਚ ਹੈ ਤਾਂ ਇਸਦੀ ਗਲ਼ੀ-ਗਲ਼ੀ ਤੋਂ ਵਾਕਿਫ਼ ਹੈ। ਕਦੇ-ਕਦੇ ਮੈਨੂੰ ਸਾੜਾ ਹੁੰਦਾ ਹੈ ਅਜਿਹੇ ਲੋਕਾਂ ਤੋਂ। ਮੈਂ ਸ਼ਹਿਰ ਬਦਲਦੀ ਰਹਿੰਦੀ ਹਾਂ, ਸ਼ਾਇਦ ਇਸ ਲਈ ਇੰਨੀ ਜਾਣ-ਪਹਿਚਾਣ ਨਹੀਂ ਰਹਿੰਦੀ। ਜਦੋਂ ਤੱਕ ਕੁਝ ਹੁੰਦੀ ਹੈ ਤਾਂ ਦੂਜੇ ਸ਼ਹਿਰ ਚਲੀ ਜਾਂਦੀ ਹਾਂ। ਨੀਨਾ ਨੂੰ ਅਜਿਹਾ ਨਹੀਂ ਲੱਗਦਾ, ਉਹ ਵੱਖ-ਵੱਖ ਸ਼ਹਿਰਾਂ ਵਿੱਚ ਜਾਣਾ ਚਾਹੁੰਦੀ ਹੈ। ਉਹ ਵੀ ਠੀਕ ਹੈ। ਜਦੋਂ ਮੈਂ ਦਸ ਸਾਲ ਪੂਨੇ ਵਿੱਚ ਰਹੀ ਤਾਂ ਉੱਥੋਂ ਜਾਣ ਤੋਂ ਇਲਾਵਾ ਹੋਰ ਕੁਝ ਨਹੀਂ ਸੋਚਦੀ ਸੀ। ਕਿਤੇ ਵੀ, ਬਸ ਉੱਥੋਂ ਦੂਰ। ਸਾਰਿਆਂ ਦਾ ਆਪਣਾ-ਆਪਣਾ ਸੁਭਾਅ ਹੁੰਦਾ ਹੈ। ਮੇਰਾ ਤਾਂ ਬਦਲਦਾ ਰਹਿੰਦਾ ਹੈ।

ਸ਼ਾਮ ਨੂੰ ਮੈਂ ਯੂਨੀਵਰਸਿਟੀ ਜਾ ਕੇ ਆਪਣਾ ਕੈਮਰਾ ਲੈ ਆਈ ਅਤੇ ਘਰ ਜਾਂਦੇ ਸਮੇਂ ਇੰਡੀਅਨ ਡਿਨਰ ਬਨਾਉਣ ਦਾ ਸਮਾਨ ਵੀ। ਕਈ ਮਸਾਲੇ ਨੀਨਾ ਦੇ ਘਰ ਵਿੱਚ ਸੀ, ਤੇ ਕੁਝ ਮੈਨੂੰ ਬਾਹਰ ਮਿਲ ਗਏ। ਡਿਨਰ ਅਸੀਂ ਦੋਨਾਂ ਨੇ ਮਿਲ ਕੇ ਬਣਾਇਆ ਅਤੇ ਉਸਦਾ ਬੁਆਏਫ੍ਰੈਂਡ ਜਨਾਬ ਬਾਲਕੋਨੀ ਵਿੱਚ ਮੈਗਜ਼ੀਨ ਪੜ੍ਹਦਾ ਰਿਹਾ। ਭਾਰਤੀ ਘਰਾਂ ਵਿੱਚ ਤਾਂ ਇਹ ਗੱਲ ਆਮ ਦਿਖਦੀ ਹੈ। ਲੰਡਨ ਵਿੱਚ ਵੀ ਕਿਸੇ ਭਾਰਤੀ ਘਰ ਵਿੱਚ ਜਾਓ, ਰਸੋਈ 'ਚ ਕੰਮ ਕਰਦੀਆਂ ਔਰਤਾਂ ਹੀ ਮਿਲਣਗੀਆਂ ਚਾਹੇ ਨੌਂਕਰੀ ਕਰਨ ਮੀਆਂ ਬੀਬੀ ਦੋਨੋਂ ਹੀ ਜਾਂਦੇ ਹੋਣ ! ਇੱਥੇ ਨੀਨਾ ਦੇ ਜਨਾਬ ਜਦੋਂ ਬਾਲਕੋਨੀ ਵਿੱਚ ਬੈਠੇ ਤਾਂ ਮੈਨੂੰ ਥੋੜ੍ਹਾ ਅਜੀਬ ਲੱਗਿਆ। ਸੋਚਿਆ ਕਿ ਸ਼ਾਇਦ ਇੰਨ੍ਹਾ ਨੂੰ ਅੰਗਰੇਜ਼ੀ ਨਹੀਂ ਆਉਂਦੀ, ਇਸ ਲਈ ਇਕੱਲੇ ਉੱਥੇ ਬੈਠੇ ਹੋਏ ਹਨ। ਪਰ ਖਾਣੇ ਤੋਂ ਬਾਅਦ ਜਦੋਂ ਜਨਾਬ ਨੇ ਸਾਰੇ ਬਰਤਨ ਆਪ ਹੀ ਸਾਫ਼ ਕਰ ਦਿੱਤੇ ਤਾਂ ਮਨ ਕੁਝ ਹਲਕਾ ਹੋਇਆ।

## ਕਹਾਣੀ ਦੇ ਅੰਗ-ਸੰਗ

ਜਿੰਦਰ

ਨਵਯੁਗ ਪਬਲਿਸ਼ਰਜ਼, ਦਿੱਲੀ

## ਜਿਉਣਾ ਸੱਚ ਬਾਕੀ ਝੂਠ / ਜਤਿੰਦਰ ਹਾਂਸ

ਨਵਯੁਗ ਪਬਲਿਸ਼ਰਜ਼, ਪੰਨੇ :128, ਮੁੱਲ : 250/-

**—ਡਾ. ਜਸਵਿੰਦਰ ਕੌਰ ਬਿੰਦਰਾ**

ਜਤਿੰਦਰ ਹਾਂਸ ਦੇ ਨਵੀਨ ਕਹਾਣੀ ਸੰਗ੍ਰਹਿ 'ਜਿਉਣਾ ਸੱਚ ਬਾਕੀ ਝੂਠ' ਕੇਵਲ ਪੁਸਤਕ ਦਾ ਸਿਰਲੇਖ ਨਹੀਂ ਜਾਪਦਾ, ਸਾਰੀਆਂ ਕਹਾਣੀਆਂ ਅੰਦਰਲਾ ਥੀਮ ਵੀ ਪ੍ਰਤੀਤ ਹੁੰਦਾ ਹੈ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਤੇ ਪਾਤਰ ਨਿਮਨ ਮੱਧ ਸ਼੍ਰੇਣੀ ਦੇ ਆਲੇ-ਦੁਆਲੇ ਘੁੰਮਦੇ ਹਨ। ਪਰ ਇਨ੍ਹਾਂ ਸਾਧਾਰਣ ਸਥਿਤੀਆਂ ਤੇ ਵਿਅਕਤੀਆਂ ਵਿੱਚੋਂ ਉਹ ਕਿਵੇਂ ਉਨ੍ਹਾਂ ਦੇ ਅੰਤਰਮਨਾਂ ਨੂੰ ਸੁੰਘ ਕੇ, ਉਨ੍ਹਾਂ ਅੰਦਰ ਵਿਚਰਦੇ ਸੂਖਮ ਭਾਵਾਂ ਨੂੰ ਫੜ ਕੇ, ਆਪਣੀ ਕਹਾਣੀ ਬੁਣਤਰ ਨਾਲ ਐਨੀ ਸਹਿਜਤਾ ਨਾਲ ਬਿਆਨ ਕਰਦਾ ਹੈ ਕਿ ਕਈ ਵਾਰ ਇਸ ਗੱਲ ਦਾ ਵੀ ਅਚੰਭਾ ਹੋਣ ਲੱਗਦਾ ਹੈ ਕਿ ਆਪਣੇ ਨੇੜੇ-ਦੂਰ ਹਰ ਵੇਲੇ ਅਸੀਂ ਬੰਦਿਆਂ ਨਾਲ ਹੀ ਵਰਤਦੇ, ਉਨ੍ਹਾਂ ਕੋਲ ਹੀ ਵਿਚਰਦੇ ਹਾਂ, ਫਿਰ ਵੀ ਉਸ ਦੀਆਂ ਪਰਤਾਂ ਹੇਠ ਕੀ-ਕੀ ਲੁਕਿਆ ਪਿਆ ਹੈ, ਆਮ ਬੰਦਾ ਉਸ ਨੂੰ ਜਾਣ ਵੀ ਲਵੇ ਤਾਂ ਆਸਾਨੀ ਨਾਲ ਉਸ ਨੂੰ ਨਾ ਸਮਝ ਸਕਦਾ ਹੈ ਤੇ ਨਾ ਹੀ ਕਿਸੇ ਹੋਰ ਨੂੰ ਸਮਝਾ ਸਕਦਾ ਹੈ। ਪਰ ਇਹ ਕੰਮ ਬਖੂਬੀ ਲੇਖਕ ਕਰ ਸਕਦਾ ਹੈ, ਜੋ ਬੰਦੇ ਦੇ ਧੁਰ ਅੰਦਰ ਲੁਕੇ-ਦਬੇ ਬੈਠੇ ਭਾਵਾਂ-ਵਿਕਾਰਾਂ ਨੂੰ ਕਿਹੜੇ ਹੀਲੇ ਲੱਭ ਲੈਂਦਾ ਹੈ। ਕਿਹੜੀ ਸੰਨ੍ਹ ਮਾਰ ਕੇ, ਦੁਨੀਆ ਤੋਂ ਛੁਪਾਈਆਂ ਗੱਲਾਂ ਨੂੰ ਬਾਹਰ ਕੱਢ ਲਿਆਉਂਦਾ ਹੈ। ਜਤਿੰਦਰ ਹਾਂਸ ਵੀ ਅਜਿਹਾ ਸੁਨੱਖਾ ਰਚੈਤਾ ਹੈ, ਜਿਸ ਕੋਲ ਕਲਮ ਦਾ ਇਹ ਹੁਨਰ ਹੈ।

'ਬਾਕੀ ਸਭ ਝੂਠ ਹੈ' ਕਹਾਣੀ ਪਿਉ-ਪੁੱਤਰ ਦੇ ਰਿਸ਼ਤੇ ਦੀ ਹੀ ਕਹਾਣੀ ਨਹੀਂ, ਇਹ ਦੋ ਪੀੜ੍ਹੀਆਂ ਦੀ ਕਹਾਣੀ ਵੀ ਹੈ। ਇਹ ਸਿਰੜੀ ਤੇ ਦਲੇਰੀ ਨਾਲ ਹਰ ਸਥਿਤੀ ਵਿੱਚ ਪੂਰਾ ਖਰਾ ਉਤਰਨ ਵਾਲੇ ਬਾਪ ਤੇ ਆਪਣੇ ਪੱਖ ਵਿੱਚ ਨਾ ਪੈਂਦੇ ਮੌਕੇ ਤੋਂ ਘਬਰਾਉਣ, ਹੌਸਲਾ ਛੱਡ ਦੇਣ ਤੇ ਹੀਨ ਭਾਵਨਾ ਦੇ ਸ਼ਿਕਾਰ ਹੋਏ ਪੁੱਤਰ ਦੀ ਕਹਾਣੀ ਹੈ। ਆਜ਼ਾਦੀ ਤੋਂ ਬਾਦ ਵਾਲੀਆਂ ਪੀੜ੍ਹੀਆਂ ਨੇ ਬਹੁਤ ਮਿਹਨਤ ਕੀਤੀ ਤੇ ਆਪਣੇ ਬੱਚਿਆਂ ਨੂੰ ਚੰਗੀ ਜ਼ਿੰਦਗੀ ਦੇਣ ਦਾ ਉਪਰਾਲਾ ਕੀਤਾ। ਪਰ ਕਿਤੇ-ਕਿਤੇ ਉਨ੍ਹਾਂ ਨੂੰ ਬਹੁਤੇ ਸੁਖ-ਸਹੂਲਤਾਂ ਦੇਣ ਦੇ ਚੱਕਰ ਵਿੱਚ ਮਾਪਿਆਂ ਨੇ ਉਨ੍ਹਾਂ ਲਈ 'ਅਫ਼ਸਰੀ' ਨੂੰ ਵੱਡਾ ਤਮਗਾ ਸਮਝਣ ਕਾਰਣ ਉਨ੍ਹਾਂ ਨੂੰ ਸਰੀਰਕ ਮਿਹਨਤ ਤੋਂ ਹੀਣਾ ਕਰ ਦਿੱਤਾ। ਜਿਸ ਜੁੱਸੇ ਨੇ ਮਿਹਨਤ ਕਰਨ ਨਾਲ ਤਗੜਾ ਤੇ ਮਜ਼ਬੂਤ ਹੋਣਾ ਸੀ, ਉਹ ਢਿੱਲਾ ਪੈ ਗਿਆ। ਜਿਸ ਦੇ ਸਦਕੇ ਮਾਨਸਿਕ ਪੱਧਰ ਉੱਤੇ ਵੀ ਉਹ ਕਮਜ਼ੋਰ ਹੋ ਗਿਆ। ਪੁੱਤਰ ਨੇ ਨਵਾਂ ਟਰੈਕਟਰ ਲੈਣ ਦੇ ਚੱਕਰ ਵਿੱਚ ਬਾਪ ਸਾਹਮਣੇ ਫਹੁੜਾ ਘੁੰਮਾ ਕੇ ਉਸ ਦਾ ਸਿਰ ਪਾੜ ਦਿੱਤਾ ਤੇ ਆਪ ਵੀ ਕੀਟਨਾਸ਼ਕ ਦਵਾਈ ਪੀ ਕੇ ਮਰਨ ਦੀ ਕੋਸ਼ਿਸ਼ ਕੀਤੀ। ਉਹੀ ਬਾਪ ਪੁੱਤਰ ਨੂੰ ਥਾਣੇ ਤੋਂ ਛੁੜਾ ਕੇ ਵੀ ਲਿਆਇਆ ਤੇ ਆਪਣੇ 'ਕਾਮੇ ਪੁੱਤਰ ਟਰੈਕਟਰ' ਨੂੰ ਵੀ ਵਾਪਸ ਲੈ ਆਇਆ। ਕਹਾਣੀ ਦਾ ਅੰਦਾਜ਼ ਦਿਲਚਸਪ ਹੈ ਤੇ ਬਾਪ ਵੱਲੋਂ 'ਗੁਰੂ ਮਾਰਾਜ' ਖੋਲ੍ਹ ਲੈਣ ਦੀ ਗੱਲ ਬੰਦੇ ਦੀ ਪਰਮਾਤਮਾ ਦੇ ਹਰ ਭਾਣੇ ਨੂੰ ਮਿੱਠਾ ਕਰਕੇ ਮੰਨਣ ਵੱਲ ਇਸ਼ਾਰਾ ਕਰਦੀ ਹੈ। ਰੁੱਖੀ-ਮਿੱਸੀ ਖਾਣ ਨੂੰ ਬਾਪ ਰਾਜਯੋਗ ਤੁੱਲ ਸਮਝਦਾ ਹੈ, ਜਦਕਿ ਪੁੱਤਰ ਅੱਗੇ ਮੋਟਰਸਾਈਕਲ ਤੇ ਅਫਸਰੀ ਘੁੰਮਦੀ ਹੈ।

'ਲੁਤਰੋ' ਕਹਾਣੀ ਔਲਾਦ ਵੱਲੋਂ ਬੁਢਾਪੇ ਵਿੱਚ ਮਾਪਿਆਂ ਨੂੰ ਇੱਕਲੇ ਛੱਡ ਕੇ ਬਾਹਰ ਵਿਦੇਸਾਂ ਵਿੱਚ ਵਸ ਜਾਣ ਦੀ ਕਹਾਣੀ ਹੈ। ਬੁੱਢੀ ਮਾਂ ਕੋਲ ਪਿੰਡ ਵਿੱਚ ਰਹਿੰਦਿਆਂ ਸਾਰੀਆਂ ਸੁਖ-



ਸਹੂਲਤਾਂ ਹਨ, ਬੁਢਾਪੇ ਵਿੱਚ ਉਸ ਨੂੰ ਕੋਈ ਤਕਲੀਫ਼ ਨਾ ਹੋਵੇ, ਇਸ ਕਰਕੇ ਹਰ ਤਰ੍ਹਾਂ ਦੇ ਕੰਮ ਕਰਨ ਵਾਲੀ ਨੂੰ ਰੱਖਿਆ ਜਾਂਦਾ ਹੈ। ਹਫ਼ਤੇ ਵਿੱਚ ਇੱਕ ਵਾਰ ਪੁੱਤਰ ਮਾਂ ਨੂੰ ਫੋਨ ਕਰਕੇ ਉਸ ਦਾ ਹਾਲ-ਚਾਲ ਪੁੱਛ ਲੈਂਦਾ ਹੈ। ਦੁਨਿਆਵੀਂ ਸੁਖਾਂ ਨੂੰ ਪੈਸਿਆਂ ਨਾਲ ਜ਼ਰੂਰ ਮੁਹੱਈਆ ਕਰਵਾਇਆ ਜਾ ਸਕਦਾ ਹੈ, ਪਰ ਅੱਜ ਦੇ ਮਸ਼ੀਨੀ ਬੰਦੇ ਨੂੰ ਇਸ ਗੱਲ ਦੀ ਸਮਝ ਨਹੀਂ ਲੱਗਦੀ ਕਿ ਇਸ ਨਾਲ ਹੀ ਜੀਵਨ ਦੀ ਪ੍ਰਾਪਤੀ ਨਹੀਂ ਜੋ ਜਾਂਦੀ। ਮਾਂ ਬਿਸਤਰ ਨਾਲ ਬਿਸਤਰ ਹੋਈ, ਕੰਮ ਕਰਨ ਵਾਲੀ ਨੂੰ ਗਾਲ੍ਹਾਂ ਕੱਢਦੀ ਤੇ ਬੁਰਾ-ਭਲਾ ਕਹਿੰਦੀ ਹੈ, ਜਦਕਿ ਉਹ ਇਹ ਭੁੱਲ ਜਾਂਦੀ ਹੈ ਕਿ ਉਸ ਦੀ ਅਸਲ ਸੇਵਾ ਉਹੀ ਕਰ ਰਹੀ ਹੈ, ਜਿਸ ਨੂੰ ਉਹ 'ਲੁਤਰੋ' ਕਹਿ ਕੇ ਭੰਡਦੀ ਹੈ। ਦੂਜੇ ਪਾਸੇ ਲੁਤਰੋ ਛੁੱਟੜ ਹੋਣ ਤੇ ਵੀ ਹਰ ਦੁੱਖ, ਪਰੇਸ਼ਾਨੀ ਨੂੰ ਭੁੱਲਾ ਕੇ ਜ਼ਿੰਦਗੀ ਜੀਉਂਦੀ ਤੇ ਬੁੱਢੀ ਦੀਆਂ ਗੱਲਾਂ ਤੇ ਗਾਲ੍ਹਾਂ ਦਾ ਬੁਰਾ ਨਹੀਂ ਮਨਾਉਂਦੀ। ਦੋਵਾਂ ਨੂੰ ਇੱਕ-ਦੂਜੇ ਦੀ ਲੋੜ ਹੈ, ਪਰ ਇਸ ਗੱਲ ਦਾ ਅਹਿਸਾਸ ਬੁੱਢੀ ਨੂੰ ਘੱਟ ਹੁੰਦਾ ਹੈ। ਦੁਨਿਆਵੀਂ ਤੇ ਭੋਗ ਵਿਲਾਸ ਦੀ ਹਰ ਸ਼ੈ ਪ੍ਰਾਪਤ ਹੋਣ ਵਾਲੀ ਤੇ ਰੱਜ ਕੇ ਸੁਹਣੀ ਰਾਜਵੀਰ ਨੂੰ ਇਸ ਗੱਲ ਦੀ ਕਮੀ ਮਹਿਸੂਸ ਹੁੰਦੀ ਹੈ ਕਿ ਉਸ ਅੰਦਰ ਕੋਈ ਘਾਟ ਨਹੀਂ।

'ਰਸ-ਰੰਗ' ਕਹਾਣੀ ਵਿਚਲਾ ਪਾਤਰ ਆਪਣੀ ਵਿਆਹੁਤਾ ਇਸਤਰੀ ਨਾਲ ਪਹਿਲੀ ਰਾਤ ਹੀ ਸਰੀਰਕ ਪੱਧਰ ਦੀ ਸਾਂਝ ਨਾਲੋਂ ਕੋਮਲ ਭਾਵਨਾਵਾਂ ਨਾਲ ਜੁੜਨ ਦਾ ਪ੍ਰਯੋਗ ਕਰਦਾ ਹੈ ਤੇ ਉਹ ਉਸ ਦਾ ਘਰ ਹੀ ਛੱਡ ਕੇ ਚਲੀ ਜਾਂਦੀ ਹੈ। ਲੋਕ ਸਮਝਦੇ ਹਨ ਕਿ ਇਸਨੂੰ ਬੀਵੀ ਨੂੰ ਸਾਂਭਣ ਦਾ ਢੰਗ ਨਹੀਂ ਆਉਂਦਾ। ਉਸ ਦੀ ਬਾਪ ਦੀ ਹਮਜੋਲੀ ਜੈਲੋ ਨੂੰ ਗੱਲਾਂ ਤੇ ਢੰਗ ਨਾਲ ਇਸ ਗੱਲ ਨੂੰ ਅਜ਼ਮਾ ਲੈਂਦੀ ਹੈ ਕਿ ਮੁੰਡੇ ਵਿੱਚ ਕੋਈ ਨੁਕਸ ਨਹੀਂ। ਪਰ ਫਿਰ ਵੀ ਉਹ ਛੜਾ ਹੀ ਰਹਿ ਜਾਂਦਾ ਹੈ। ਉਸ ਨੂੰ ਸਾਰੀ ਉਮਰ ਇਸ ਗੱਲ ਦਾ ਝੋਰਾ ਰਹਿੰਦਾ ਹੈ ਕਿ ਉਸ ਦੀ ਬਾਪ ਦੀ ਮੌਤ ਮਗਰੋਂ ਵੀ ਉਸ ਨੂੰ ਹਰ ਪਲ ਯਾਦ ਕਰਨ ਵਾਲੀ ਤੇ ਉਸ ਦੀ ਹਰ ਰਮਜ਼ ਪਛਾਨਣ ਵਾਲੀਆਂ ਔਰਤਾਂ ਦੀ ਗਿਣਤੀ ਐਨੀ ਘੱਟ ਕਿਉਂ ਹੈ ? ਉਸ ਨੂੰ ਕਿਉਂ ਕੋਈ ਇਹੋ ਜਿਹੀ ਤੀਵੀਂ ਨਹੀਂ ਮਿਲ ਸਕੀ। ਆਮ ਰਵਾਇਤ ਅਨੁਸਾਰ ਬੱਚੇ ਪੈਦਾ ਕਰਨੇ ਤੇ ਉਨ੍ਹਾਂ ਦੀ ਪਾਲਣਾ ਕਰਨਾ ਹੀ ਜ਼ਿੰਦਗੀ ਹੈ, ਪਰ ਇਸ ਵਿੱਚੋਂ ਬਹੁਤੇ ਪਤੀ-ਪਤਨੀ ਦੇ ਸੰਬੰਧ ਕਦੇ ਵੀ ਸੁਖਾਲੇ ਨਹੀਂ ਰਹਿੰਦੇ। ਉਹ ਕਦੇ ਇੱਕ-ਦੂਜੇ ਨੂੰ ਆਪਣਾ ਜੀਵਨ ਸਾਥੀ ਸਮਝ ਹੀ ਨਹੀਂ ਪਾਉਂਦੇ, ਜਿਸ ਕਾਰਣ ਉਨ੍ਹਾਂ ਵਿੱਚ ਦਿਲਾਂ ਦੀ ਸਾਂਝ ਕਦੇ ਉਪਜਦੀ ਹੀ ਨਹੀਂ। ਔਰਤ ਦਾ 'ਗਹਿਣੇ' ਪ੍ਰਤੀ ਪ੍ਰੇਮ ਕਦੇ ਵੱਡੀ ਹਸਰਤ ਬਣ ਉਸ ਦੇ ਮਨ ਵਿੱਚ ਗੰਢ ਬੰਨ ਕੇ ਵੀ ਬੈਠ ਜਾਂਦਾ ਹੈ, ਜਿਸ ਦੇ ਤਹਿਤ ਇਸ ਕਹਾਣੀ ਦੀ ਮੈਂ ਪਾਤਰ ਨੂੰ ਇਹ ਲੱਗਦਾ ਹੈ ਕਿ, ਜੇ ਅੱਜ ਉਸ ਦੀ ਨਨਾਣ ਦੇ ਆਦਮੀ ਦੀ ਮੌਤ ਵੇਲੇ ਪੇਕਿਆਂ ਵੱਲੋਂ ਸੋਨੇ ਦੀਆਂ ਵਾਲ਼ੀਆਂ ਪੁਆਈਆਂ ਜਾ ਰਹੀਆਂ ਹਨ ਤਾਂਕਿ ਕੱਲ੍ਹ ਨੂੰ 'ਹੈਪੀ' ਦੀ ਮੌਤ ਤੇ ਉਸ ਦੇ ਪੇਕੇ ਵੀ ਉਸ ਨੂੰ ਵਾਲ਼ੀਆਂ ਪਾਉਣਗੇ। ਉਫ਼ ! ਬੰਦੇ ਦੇ ਅੰਦਰ ਦੀ ਸੱਧਰ ਕਿੱਥੇ ਸੱਪ ਵਾਂਗ ਕੁੰਡਲੀ ਮਾਰ ਕੇ ਬੈਠੀ ਹੈ, ਜਿੱਥੇ ਉਸ ਦੀ ਸੋਚਣ ਦੀ ਸ਼ਕਤੀ ਹੀ ਗਵਾਚ ਗਈ।

ਕੁੱਲ ਮਿਲਾ ਕੇ, ਜਤਿੰਦਰ ਹਾਂਸ ਦੀਆਂ ਇਹ ਸਮੁੱਚੀਆਂ ਕਹਾਣੀਆਂ ਉਸ ਦੇ ਕਹਾਣੀ ਪੜਾਅ ਵਿੱਚ ਅਗਲੇਰਾ ਵਾਧਾ ਹੀ ਕਰਦੀਆਂ ਹਨ। ਉਹ ਕਿਤੇ ਵੀ ਭਾਸ਼ਾ ਨੂੰ ਓਪਰਾ ਤੇ ਕੌੜਾ ਨਹੀਂ ਹੋਣ ਦੇਂਦਾ ਪਰ ਘਟਨਾਵਾਂ ਤੇ ਸੰਵਾਦਾਂ ਰਾਹੀਂ ਜੋ ਵੀ ਪਾਤਰ ਸਾਹਮਣੇ ਆਉਂਦਾ ਹੈ, ਉਹ ਕਿਸੇ ਨਾ ਕਿਸੇ ਕੰਦਰ ਨੂੰ ਖੋਲ੍ਹ ਕੇ ਆਪਣੇ ਅੰਦਰ ਝਾਤੀ ਮਾਰਨ ਦੇ ਮੌਕਾ ਜ਼ਰੂਰ ਪਾਠਕ ਨੂੰ ਦੇ ਜਾਂਦਾ ਹੈ। ਜ਼ਿੰਦਗੀ ਦੀਆਂ ਸੱਚਾਈਆਂ ਸਦੈਵ ਕੌੜੀਆਂ ਹੀ ਹੁੰਦੀਆਂ ਹਨ, ਜਿਨ੍ਹਾਂ ਨੂੰ ਆਲੇ-ਭੋਲੇ ਜਿੰਦੂ, ਰਸ-ਰੰਗ, ਵਿਸ਼ਵ ਸੁੰਦਰੀ ਤੇ ਗਹਿਣੇ ਕਹਾਣੀਆਂ ਦੇ ਪਾਤਰ ਉਤਨੀ ਹੀ ਮਾਸੂਮੀਅਤ ਨਾਲ ਸਮਝ ਨਹੀਂ ਸਕਦੇ, ਪਰ ਜਾਣੇ-ਅਨਜਾਣੇ ਆਪਣੇ ਵਿਹਾਰ ਨਾਲ ਉਸ ਦਾ ਪ੍ਰਗਟਾਵਾ ਕਰ ਜਾਂਦੇ ਹਨ।

## ਬਲ਼ਦੀ ਰੁੱਤ: ਭੋਲਾ ਸਿੰਘ ਸੰਘੇੜਾ

### -ਡਾ. ਪਰਗਟ ਸਿੰਘ ਟਿਵਾਣਾ

ਭੋਲਾ ਸਿੰਘ ਸੰਘੇੜਾ ਪੰਜਾਬੀ ਦਾ ਘੱਟ ਚਰਚਿਤ ਪਰ ਪਾਏਦਾਰ ਕਹਾਣੀਆਂ ਲਿਖਣ ਵਾਲਾ ਕਹਾਣੀਕਾਰ ਹੈ। ਉਹ ਹੁਣ ਤੱਕ ਚਾਰ ਕਹਾਣੀ ਸੰਗ੍ਰਹਿ, 'ਜੰਗਲੀ ਗੁਲਾਬ' ਰੇਖਾ ਚਿੱਤਰਾਂ ਦੀ ਪੁਸਤਕ ਤੋਂ ਇਲਾਵਾ ਅਨੁਵਾਦ ਅਤੇ ਸੰਪਾਦਨਾ ਦੇ ਖੇਤਰ 'ਚ ਵੀ ਗੁਣਾਤਮਕ ਕਾਰਜ ਕਰ ਚੁੱਕਿਆ ਹੈ। ਭੋਲਾ ਸਿੰਘ ਸੰਘੇੜਾ ਦੀਆਂ ਸਾਹਿਤਕ ਕਿਰਤਾਂ ਦਾ ਆਧਾਰ ਉਸਦਾ ਵਿਸ਼ਾਲ ਅਨੁਭਵ ਤੇ ਸਮਾਜਕ ਵਰਤਾਰਿਆਂ ਦੀ ਗਹਿਨ ਸਮਝ ਬਣਦਾ ਹੈ। ਅਨੁਭਵ ਤੇ ਸਮਝ ਦੇ ਸੁਮੇਲ ਨੂੰ ਆਪਣੀ ਵਿਲੱਖਣ ਸਿਰਜਣ ਪ੍ਰਕ੍ਰਿਆ ਰਾਹੀਂ ਸਾਣ ਤੇ ਲਾਉਂਦਿਆਂ ਇਸ ਤਰ੍ਹਾਂ ਗਲਪ ਸਿਰਜਦਾ ਹੈ ਕਿ ਪਾਠਕ ਨੂੰ ਉਸਦੀ ਸਾਹਿਤਕ ਕਿਰਤ ਪੜ੍ਹਦਿਆਂ ਆਪਣੀ ਹੱਡ-ਬੀਤੀ ਜਾਂ ਨੇੜੇ ਦੇ ਵਿਅਕਤੀ ਦੀ ਕਹਾਣੀ ਮਹਿਸੂਸ ਹੁੰਦੀ ਹੈ। 'ਬਲ਼ਦੀ ਰੁੱਤ' ਉਸਦਾ ਪਲੇਠਾ ਨਾਵਲ ਹੈ। ਲੇਖਕ ਨਾਵਲ ਦੇ ਸ਼ੁਰੂ ਵਿੱਚ ਹੀ ਇਸ ਰਚਨਾ ਦੇ 'ਬੀਜ' ਤੇ ਇਸਦੇ ਕੇਂਦਰੀ ਪਾਤਰ ਨਾਲ ਆਪਣੀ ਸਾਂਝ ਬਾਰੇ ਕਾਫੀ ਕੁੱਝ ਦੱਸ ਦਿੰਦਾ ਹੈ। ਇਹ ਨਾਵਲ ਔਰਤ ਦੀ ਉਸ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਦਾ ਹੈ ਜਿੱਥੇ ਉਹ ਮਰਦ ਪ੍ਰਧਾਨ ਸਮਾਜ ਦੀਆਂ ਵਲਗਣਾਂ ਵਿੱਚ ਜਿਊਂਦੀ ਅਨੇਕਾਂ ਦੁੱਖ, ਦਰਦ, ਸੰਤਾਪ ਭੋਗਦੀ, ਹਲਾਤਾਂ ਨਾਲ ਸਮਝੌਤੇ ਕਰਦੀ, ਜਦੋਂ ਜਹਿਦ ਕਰਦੀ ਜ਼ਿੰਦਗੀ ਬਸ਼ਰ ਕਰਦੀ ਹੈ।

ਨਾਵਲ ਦੀ ਸ਼ਰਨਜੀਤ ਪਾਤਰ ਨੂੰ ਉਸਦਾ ਪਿਤਾ ਘਰ ਦੀ ਮਾੜੀ ਆਰਥਿਕ ਸਥਿਤੀ ਕਾਰਨ ਪੈਂਤੀ ਕਿੱਲਿਆਂ ਦੇ ਮਾਲਕ ਉਜਾਗਰ ਸਿੰਘ ਨਾਲ ਵਿਆਹ ਦਿੰਦਾ ਹੈ ਜਿਸ ਦੀ ਪਹਿਲੀ ਪਤਨੀ ਅਮਰੋ ਬਿਮਾਰੀ ਦੀ ਝੰਮੀ ਮੰਜੇ ਉੱਪਰ ਪਈ ਪਰਿਵਾਰ ਵੱਲੋਂ ਤ੍ਰਿਸਕਾਰੀ ਹੁੰਦੀ ਹੈ। ਨੈਤਿਕ ਕਦਰਾਂ-ਕੀਮਤਾਂ ਦੀ ਧਾਰਨੀ ਸ਼ਰਨਜੀਤ ਘਰ ਵਿੱਚ ਤ੍ਰਿਸਕਾਰਤ ਅਮਰੋਂ ਨੂੰ ਦਵਾਈ ਦਵਾਕੇ ਤੰਦਰੁਸਤ ਹੋਣ 'ਚ ਮੱਦਦ ਕਰਦੀ ਹੈ। ਪਰ ਬਾਅਦ ਵਿੱਚ ਅਮਰੋ ਦੇ ਘਰ ਲੜਕੇ ਦਾ ਪੈਦਾ ਹੋਣਾ ਤੇ ਸ਼ਰਨਜੀਤ ਦੇ ਘਰ ਦੋ ਧੀਆਂ/ਲੜਕੀਆਂ ਦਾ ਜਨਮ ਲੈਣਾ ਹੀ ਸ਼ਰਨਜੀਤ ਨੂੰ ਘਰ ਵਿੱਚ ਹੀ ਹਾਸ਼ੀਏ ਤੇ ਧੱਕ ਦਿੰਦਾ ਹੈ। ਉਜਾਗਰ ਸਿੰਘ ਸ਼ਰਨਜੀਤ ਤੋਂ ਅਲੱਗ ਅਮਰੋਂ ਨਾਲ ਰਹਿਣ ਲੱਗਦਾ ਹੈ ਪਰ ਸ਼ਰਨਜੀਤ ਦਾ ਅਜ਼ਾਦ ਜ਼ਿੰਦਗੀ ਜਿਉਣਾ ਵੀ ਉਸਦੀ ਮਰਦ ਹਾਉਮੈ ਨੂੰ ਗਵਾਰਾ ਨਹੀਂ ਖਾਂਦਾ। ਅਜਿਹੇ ਹਲਾਤਾਂ 'ਚ ਸ਼ਰਨਜੀਤ ਆਪਣੇ ਵਰਗੇ ਹਲਾਤਾਂ ਦੇ ਝੰਮੇ/ਸਤਾਏ ਮਲਕੀਤ ਸਿੰਘ ਨਾਲ ਵਿਆਹ ਕਰਵਾਉਣ ਦਾ ਦ੍ਰਿੜ ਨਿਸ਼ਚਾ ਕਰ ਰੂੜੀਵਾਦੀ ਸਮਾਜਕ ਵਲਗਣਾ ਤੋੜਦੀ ਹੈ। ਮਲਕੀਤ ਜ਼ਿੰਦਗੀ ਦੇ ਸਫਰ 'ਚ ਤਾਂ ਸ਼ਰਨਜੀਤ ਦਾ ਸਾਥ ਦਿੰਦਾ ਹੈ ਪਰ ਧੀ ਗੁਰਨੀਤ ਨੂੰ ਕੈਨੇਡਾ ਰਹਿੰਦੇ ਦਹਾਜੂ ਨਾਲ ਵਿਆਹੁਣ ਲਈ ਤਿਆਰ ਹੋ ਜਾਂਦਾ ਹੈ।

ਨਾਵਲ ਦਾ ਕੈਨਵਸ ਸ਼ਰਨਜੀਤ ਦੇ ਬਚਪਨ, ਆਰਥਿਕ ਤੰਗੀ, ਅਨਜੋੜ ਵਿਆਹ, ਨਵੇਂ ਆਪੂ ਸਿਰਜੇ ਰਿਸ਼ਤੇ ਅਤੇ ਧੀਆਂ ਦੇ ਨਵੇਂ ਪਿਉ (ਮਲਕੀਤ ਸਿੰਘ) ਦੁਆਰਾ ਧੀ ਦਾ ਦਹਾਜੂ ਨਾਲ ਰਿਸ਼ਤਾ ਕਰਨ ਤੱਕ ਦੇ ਕਾਲ-ਖੰਡ ਤੱਕ ਫੈਲਿਆ ਹੋਇਆ ਹੈ। ਇਸ ਪੂਰੇ ਸਮੇਂ ਦੌਰਾਨ ਔਰਤ ਦੀ ਹਾਸ਼ੀਆਗਤ ਸਥਿਤੀ ਦੇ ਵਿਭਿੰਨ ਵੇਰਵੇ ਉਸਰਦੇ ਹਨ। ਨਾਵਲਕਾਰ ਤ੍ਰਾਸਦਿਕ ਸਥਿਤੀਆਂ ਦੀ ਪੇਸ਼ਕਾਰੀ ਤੱਕ ਸੀਮਤ ਰਹਿਣ ਦੀ ਬਜਾਏ ਬਦਲ



ਰਹੇ ਸਮਾਜ ਵਿੱਚ ਔਰਤ ਦੀ ਬਦਲ ਰਹੀ ਸੋਚ ਜੋ ਹਲਾਤਾਂ ਨਾਲ ਸਮਝੌਤਾ ਕਰਨ ਦੀ ਬਜਾਏ ਟਕਰਾਉਣ ਦਾ ਮਾਦਾ ਰੱਖਦੀ ਹੈ, ਉਸ ਨੂੰ ਬਾਖੂਬੀ ਪੇਸ਼ ਕਰਦਾ ਹੈ। ਮਲਵਈ ਮੁਹਾਵਰੇ ਅਤੇ ਕਥਾ-ਰਸ ਨਾਲ ਲਵਰੇਜ਼ ਇਹ ਨਾਵਲ ਇੱਕੋ ਬੈਠਕ 'ਚ ਪੜ੍ਹਨ ਵਾਲਾ ਨਾਵਲ ਹੈ। ਨਾਵਲ ਭਾਵੇਂ ਅੱਜ ਤੋਂ ਕਈ ਦਹਾਕਿਆਂ ਪਹਿਲਾਂ ਦੇ ਸਮੇਂ-ਸਥਾਨ ਵਿੱਚ ਉਸਰਦਾ ਹੈ ਪਰ ਇਸ ਨਾਵਲ ਵਿਚਲਾ ਘਟਨਾ ਕ੍ਰਮ ਬਦਲਵੇਂ ਸਰੂਪ 'ਚ ਅਜੋਕੇ ਸਮਾਜ ਵਿੱਚ ਵੀ ਦੇਖਣ ਨੂੰ ਮਿਲ ਰਹੇ ਹਨ। ਇਸ ਕਰਕੇ ਇਹ ਰਚਨਾ ਕਿਸੇ ਖਾਸ ਖਿੱਤੇ, ਸਮੇਂ ਸਥਾਨ ਤੋਂ ਪਾਰ ਵਿਚਰਦੀ ਇੱਕ ਔਰਤ ਦੀ ਕਹਾਣੀ ਤੇ ਮਰਦਾਵੀਂ ਸੋਚ ਦੇ ਨਵੇਂ ਪਹਿਲੂਆਂ ਨੂੰ ਉਜਾਗਰ ਕਰਦੀ ਸਸ਼ਕਤ ਗਾਲਪਨਿਕ ਰਚਨਾ ਹੋ ਨਿਬੜਦੀ ਹੈ।

ਮੋਬਾ: 94638-74394

---

## ਅੱਕਾਂ ਦੀ ਕਵਿਤਾ/ਗੁਰਪ੍ਰੀਤ

ਦਰਸ਼ਨ ਬੁੱਟਰ ਪੰਜਾਬੀ ਦਾ ਉੱਘਾ ਕਵੀ ਹੈ ਜਿਸ ਦੀਆਂ ਹੁਣ ਤੱਕ ਅੱਠ ਕਾਵਿ-ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ । 'ਔੜ ਦੇ ਬੱਦਲ' ਉਹਨੇ ਆਪਣਾ ਕਾਵਿ-ਸਫਰ ਸ਼ੁਰੂ ਕੀਤਾ । 'ਸ਼ਬਦ ਸ਼ਹਿਰ ਤੇ ਰੇਤ' ਨਾਲ਼ ਚਰਚਾ ਵਿਚ ਆ ਗਿਆ । 'ਮਹਾਂ ਕੰਬਣੀ' ਨੇ ਸਾਹਿਤ ਅਕਾਦਮੀ ਦਾ ਅਵਾਰਡ ਜਿੱਤਿਆ । ਬੁੱਟਰ ਦੀ ਕਵਿਤਾ ਉਹਦੇ ਆਪਣੇ ਸੁਭਾਅ ਜਿਹੀ ਸਹਿਜ ਤੇ ਨਿਮਰ ਹੈ । ਉਹਦੇ ਸਜਣ-ਫਬਣ ਵਾਂਗ ਹੀ ਸਜੀ ਹੋਈ । ਨਵੀਂ ਕਿਤਾਬ 'ਅੱਕਾਂ ਦੀ ਕਵਿਤਾ' ਵਿਚ ਉਹ ਪਿੰਡ ਪਰਤ ਗਿਆ ਹੈ ਤੇ ਬਕੌਲ ਕਵੀ ਉਹਦੀ ਇਸ ਪੁਸਤਕ ਵਿਚਲੀਆਂ ਨਜ਼ਮਾਂ ਵਿਚ ਦੋਧੇ ਦਾਣਿਆਂ ਦੀ ਕੁਰਲਾਹਟ ਹੈ । ਉਹਨੇ ਕਣਕਾਂ ਦੀ ਕਾਂਗਿਆਰੀ 'ਤੇ ਇਤਰਾਜ਼ ਕੀਤਾ ਹੈ । ਨਰਮੇਂ ਦੀਆਂ ਫੁੱਟੀਆਂ ਦੇ ਗਲ ਫੰਧੇ ਤੱਕੇ ਨੇ ।ਗੰਨਿਆਂ ਵਿਚ ਰਸ ਨਹੀਂ, ਸਲਫਾਸ ਭਰਦੀ ਮਹਿਸੂਸ ਕੀਤੀ ਹੈ ।ਅੱਕੋ ਦਾਈ ਦੇ ਵੈਣ ਹਨ, ਹੋਰ ਵੀ ਕਿੰਨਾ ਕੁੱਝ ਹੈ, ਜੋ ਪਿੰਡ ਦੇ ਮੱਥੇ 'ਤੇ ਖੰਡਰ ਦੀ ਹੋਣੀ ਖਰੋਚ ਰਿਹਾ ਹੈ ।ਅੱਠਵੀਂ ਕਿਤਾਬ ਦੀ ਇਹ ਖ਼ੂਬਸੂਰਤੀ ਹੈ ਕਿ ਇਹਦੀ ਭੂਮਿਕਾ ਖੁਦ ਕਵੀ ਨੇ ਲਿਖੀ ਹੈ ਤੇ ਕਵੀ ਆਖਦਾ ਹੈ, "ਪਿਆਰੇ ਪਾਠਕੋ ! ਅਸਲ ਵਿਚ ਇਹ ਨਜ਼ਮਾਂ ਮਿੱਟੀ ਦੀਆਂ ਉਦਾਸ ਬਾਤਾਂ ਨੇ ਜੋ ਹੁੰਗਾਰਾ ਮੰਗਦੀਆਂ ਨੇ, ਅਰਥ ਵਿਸਥਾਰ ਨਹੀਂ ।" ਇਹੀ ਗੱਲ ਇਸ ਕਵਿਤਾ ਦੀ ਕੁੰਜੀ ਹੈ , ਸਗੋਂ ਸਮੁੱਚੀ ਕਵਿਤਾ ਦੀ ਕੁੰਜੀ ਹੈ । ਅਸੀਂ ਅਰਥ ਵਿਸਥਾਰ 'ਚ ਪੈ ਕੇ ਕਵਿਤਾ ਦੀ ਰੂਹ ਵਲੂੰਧਰ ਦਿੰਦੇ ਹਾਂ । ਕਵਿਤਾ ਤਾਂ ਹੁੰਗਾਰੇ ਨਾਲ਼ ਅੱਗੇ ਤੁਰਦੀ ਹੈ ਤੇ ਇਹ ਹੁੰਗਾਰਾ ਪਾਠਕ ਕੋਲੋਂ ਗੁਆਚਦਾ ਜਾ ਰਿਹਾ ਹੈ । ਦਰਸ਼ਨ ਬੁੱਟਰ ਦੀ ਇਹ ਖ਼ੂਬੀ ਹੈ ਕਿ ਉਹ ਆਪਣੀ ਹਰ ਕਿਤਾਬ ਵਿੱਚ ਵੱਖਰਾ ਹੈ । ਇਹੋ ਵੱਖਰਤਾ ਉਸ ਦਾ ਕਾਵਿ-ਸਫਰ ਹੈ । ਪਿੰਡ ਦੀ ਇਹ ਨਵੀਂ ਕਵਿਤਾ ਜਿੱਥੇ ਬਹੁਤ ਸਾਰੇ ਅਜਿਹੇ ਪਾਤਰਾਂ ਦੀ ਸ਼ਨਾਖਤ ਕਰਦੀ ਹੈ ਜੀਹਦੇ ਆਸਰੇ ਕਦੇ ਪੂਰਾ ਪਿੰਡ ਘੁੱਗ ਵਸਦਾ ਹੁੰਦਾ ਸੀ । ਹੁਣ ਮਖੌਟਿਆਂ 'ਚ ਲੁਕਿਆ ਹਰ ਚਿਹਰਾ ਦੇਖਣਾ ਅਸਾਨ ਨਹੀਂ ਹੈ । ਬੁੱਟਰ ਦਾ ਉਹ ਪਿੰਡ ਵੀ ਕਿਧਰੇ ਗੁੰਮ-ਗੁਆਚ ਗਿਆ ਹੈ ਜਿਸ ਵਿਚ ਉਸਦਾ ਬਚਪਨ ਬੀਤਿਆ ਹੈ । ਪਰ ਕਵਿਤਾ ਹੀ ਉਸ ਦੀ ਸ਼ਨਾਖਤ ਹੈ, ਇਸੇ ਲਈ 'ਸ਼ਨਾਖਤ' ਕਵਿਤਾ ਕਮਾਲ ਦੀ ਹੋ ਜਾਦੀ ਹੈ ।ਦਰਸ਼ਨ ਬੁੱਟਰ ਦੀ ਇਹ ਕਿਤਾਬ ਵੀ ਆਪਣੀਆਂ ਪਹਿਲੀਆਂ ਕਿਤਾਬਾਂ ਦੀ ਤਰ੍ਹਾਂ ਬਹੁਤ ਸਾਰੇ ਨਵੇਂ ਪਾਠਕ ਆਪਣੇ ਨਾਲ਼ ਜੋੜੇਗੀ । 'ਅੱਕਾਂ ਦੀ ਕਵਿਤਾ' ਦਰਅਸਲ ਬੰਦੇ ਉਸ ਮਨ ਦੀ ਕਵਿਤਾ ਹੈ ਜਿਸ ਦਾ ਕੌੜਾਪਣ ਮਿਠਾਸ ਦੀ ਤਲਾਸ਼ ਵਿਚ ਹੈ ।

---

ਹਰਜੀਤ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਅਰਨਾ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ 67, Hillside Road, Southall, Middlesex , England. UB1 2PE ਤੋਂ ਜਾਰੀ ਕੀਤਾ।